ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 28
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Thursday, 29 January, 2026) ਵੀਰਵਾਰ, 29 ਜਨਵਰੀ, 2026, 16 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


### ਰਾਜਪਾਲ ਵੱਲੋਂ 16ਵੀਂ ਪੰਜਾਬ ਵਿਧਾਨ ਸਭਾ ਦੇ 11ਵੇਂ ਵਿਸ਼ੇਸ਼ ਸੈਸ਼ਨ ਦਾ ਉਠਾਣ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਦੇ ਰਾਜਪਾਲ ਦੁਆਰਾ 28 ਜਨਵਰੀ, 2026 ਨੂੰ ਪੰਜਾਬ ਵਿਧਾਨ ਸਭਾ, ਜਿਸ ਦੀ ਮਿਤੀ 30 ਦਸੰਬਰ, 2025 ਦੀ ਬੈਠਕ ਅਣਮਿਥੇ ਸਮੇਂ ਲਈ ਸਥਗਿਤ ਕਰ ਦਿੱਤੀ ਗਈ ਸੀ, ਦਾ ਉਠਾਣ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੀ ਬੀਤੇ ਵਰ੍ਹੇ 30 ਦਸੰਬਰ ਨੂੰ ਹੋਏ ਇਜਲਾਸ ਦੌਰਾਨ ਸਰਕਾਰ ਵੱਲੋਂ ਕਈ ਫ਼ੈਸਲਿਆਂ 'ਤੇ ਮੋਹਰ ਲਗਾਈ ਗਈ ਸੀ।









*ਮੁੱਖ ਮੰਤਰੀ ਵੱਲੋਂ ਪਿੰਡ ਢੁੱਡੀਕੇ 'ਚ ਲਾਲਾ ਲਾਜਪਤ ਰਾਏ ਨੂੰ ਸ਼ਰਧਾਂਜਲੀ ਭੇਟ*

## ਮੈਂ ਅਗਲੇ ਸਾਲ ਲਾਲਾ ਜੀ ਦੇ ਜਨਮ ਦਿਨ 'ਤੇ ਵਾਪਸ ਆਵਾਂਗਾ; ਉਦੋਂ ਤੱਕ ਸਾਰੇ ਵਿਕਾਸ ਕਾਰਜ ਮੁਕੰਮਲ ਹੋ ਜਾਣਗੇ: ਮਾਨ

**ਚੜ੍ਹਦੀਕਲਾ ਬਿਊਰੋ**

ਮੋਗਾ, 28 ਜਨਵਰੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਐਲਾਨ ਕੀਤਾ ਕਿ ਲਾਲਾ ਲਾਜਪਤ ਰਾਏ ਦੇ ਜਨਮ ਸਥਾਨ ਢੁੱਡੀਕੇ ਨੂੰ ਪੂਰਨ ਤੌਰ ਉੱਤੇ ਮਾਡਲ ਪਿੰਡ ਵਿੱਚ ਬਦਲਿਆ ਜਾਵੇਗਾ, ਜਿਸ ਵਿੱਚ ਸੀਵਰੇਜ, ਟੋਭੇ, ਖੇਡ ਮੈਦਾਨ ਸਮੇਤ ਹੋਰ ਸਾਰੇ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਇਆ ਜਾਵੇਗਾ। 71ਵੇਂ ਲਾਲਾ ਲਾਜਪਤ ਰਾਏ ਜਨਮ ਦਿਵਸ ਖੇਡ ਮੇਲੇ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਖੁਦ ਲਈ ਯੋਜਨਾਵਾਂ ਬਣਾਉਣ ਤੱਕ ਸੀਮਤ ਸਨ ਜਦੋਂ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਇੱਕ ਸਾਲ ਦੇ ਅੰਦਰ ਜ਼ਮੀਨੀ ਪੱਧਰ 'ਤੇ ਕੰਮ ਕੀਤੇ ਗਏ ਹਨ।




ਭਗਵੰਤ ਸਿੰਘ ਮਾਨ ਨੇ ਵਾਅਦਾ ਕੀਤਾ ਕਿ ਉਹ ਲਾਲਾ ਜੀ ਦੇ ਅਗਲੇ ਜਨਮ ਦਿਵਸ 'ਤੇ ਇਹਨਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਉੱਤੇ ਵਾਪਸ ਆਉਣਗੇ। ਸਾਰੇ ਸੁਰੱਖਿਆ ਪ੍ਰੋਟੋਕੋਲ ਨੂੰ ਪਾਸੇ ਰੱਖ ਕੇ, ਲੋਕਾਂ ਨਾਲ ਆਪਣੀ ਸਾਂਝ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਪਿੰਡ ਵਾਸੀਆਂ ਨਾਲ ਮਿਲ ਕੇ ਪੇਂਡੂ ਖੇਡ ਮੇਲੇ ਦੌਰਾਨ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੀ ਯਾਦ ਵਿੱਚ ਕਰਵਾਏ ਕਬੱਡੀ ਅਤੇ ਹਾਕੀ ਟੂਰਨਾਮੈਂਟ ਦਾ ਆਨੰਦ ਮਾਣਿਆ।

(ਬਾਕੀ ਸਫਾ 2 'ਤੇ)

# ਰਾਸ਼ਟਰਪਤੀ ਦੇ ਭਾਸ਼ਣ ਨਾਲ ਬਜਟ ਸੈਸ਼ਨ ਦੀ ਸ਼ੁਰੂਆਤ

## ਮੁਰਮੂ ਨੇ ਭਾਸ਼ਣ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਦਾ ਕੀਤਾ ਜ਼ਿਕਰ

**ਅੰਮ੍ਰਿਤਪਾਲ ਸਿੰਘ**

ਨਵੀਂ ਦਿੱਲੀ, 28 ਜਨਵਰੀ :18ਵੀਂ ਲੋਕ ਸਭਾ ਦਾ ਬਜਟ ਸੈਸ਼ਨ ਅੱਜ ਬੁੱਧਵਾਰ ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੇ ਲੋਕ ਸਭਾ ਅਤੇ ਰਾਜ ਸਭਾ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਨਾਲ ਸ਼ੁਰੂ ਹੋਇਆ। ਰਾਸ਼ਟਰਪਤੀ ਨੇ ਕਿਹਾ ਕਿ ਸਰਕਾਰ ਦੇਸ਼ ਵਿੱਚ ਸਮਾਜਿਕ ਨਿਆਂ ਲਈ ਵਚਨਬੱਧ ਹੈ ਅਤੇ ਭ੍ਰਿਸ਼ਟਾਚਾਰ ਅਤੇ ਘੁਟਾਲਿਆਂ ਨਾਲ ਨਜਿੱਠਣ ਵਿੱਚ ਸਫਲ ਰਹੀ ਹੈ। ਰਾਸ਼ਟਰਪਤੀ ਨੇ ਆਪਣੇ ਭਾਸ਼ਣ ਦੌਰਾਨ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ 'ਤੇ ਬੋਲਦਿਆਂ ਕਿਹਾ ਕਿ ਲੋਕ ਸਭਾ 'ਚ ਇਸ 'ਤੇ ਵਿਸ਼ੇਸ਼ ਚਰਚਾ ਕੀਤੀ ਗਈ। ਆਪਣੇ ਸੰਬੋਧਨ ਵਿਚ ਰਾਸ਼ਟਰਪਤੀ ਨੇ 350ਵੇਂ ਸ਼ਹੀਦੀ ਦਿਵਸ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਉਨ੍ਹਾਂ ਅੱਗੇ ਕਿਹਾ



ਕਿ ਮੈਂ ਸੰਸਦ ਦੇ ਇਸ ਸੈਸ਼ਨ ਨੂੰ ਸੰਬੋਧਨ ਕਰਕੇ ਬਹੁਤ ਖੁਸ਼ ਹਾਂ। ਪਿਛਲਾ ਸਾਲ ਭਾਰਤ ਦੀ ਤੇਜ਼ ਪ੍ਰਗਤੀ ਅਤੇ ਵਿਰਾਸਤ ਦੇ ਤਿਉਹਾਰ ਵਜੋਂ ਯਾਦਗਾਰੀ ਰਿਹਾ। ਮੁਰਮੂ ਨੇ ਕਿਹਾ, 'ਪਿਛਲੇ 10-11 ਸਾਲਾਂ ਵਿੱਚ ਭਾਰਤ ਨੇ ਹਰ ਖੇਤਰ ਵਿੱਚ ਆਪਣੀ ਨੀਂਹ ਮਜ਼ਬੂਤ ਕੀਤੀ ਹੈ। ਇਹ 2047 ਤੱਕ ਵਿਕਸਤ ਭਾਰਤ ਪ੍ਰਾਪਤ ਕਰਨ ਦੇ ਟੀਚੇ ਲਈ ਇੱਕ ਮਜ਼ਬੂਤ ਨੀਂਹ ਹੈ।' ਸਰਕਾਰ ਦੇ ਤੀਜੇ ਕਾਰਜਕਾਲ ਵਿੱਚ ਗਰੀਬਾਂ ਨੂੰ ਸਸ਼ਕਤ ਬਣਾਉਣ ਦੀ ਮੁਹਿੰਮ ਤੇਜ਼ ਹੋ (ਬਾਕੀ ਸਫਾ 2 'ਤੇ)

### ਰਾਸ਼ਟਰਪਤੀ ਦੇ ਪ੍ਰੇਰਨਾਦਾਇਕ ਭਾਸ਼ਣ ਨਾਲ ਸ਼ੁਰੂ ਹੋਇਆ ਬਜਟ ਸੈਸ਼ਨ : ਮੋਦੀ

ਨਵੀਂ ਦਿੱਲੀ, 28 ਜਨਵਰੀ (ਅੰਮ੍ਰਿਤਪਾਲ ਸਿੰਘ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸੰਸਦ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਵਿੱਚ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਰਾਸ਼ਟਰਪਤੀ ਦੇ ਸੰਬੋਧਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਇਸਨੂੰ ਵਿਆਪਕ ਅਤੇ ਜਾਣਕਾਰੀ ਭਰਪੂਰ ਦੱਸਿਆ। ਮੋਦੀ ਨੇ ਕਿਹਾ ਕਿ ਭਾਸ਼ਣ ਨੇ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਦੀ ਸ਼ਾਨਦਾਰ ਤਰੱਕੀ ਨੂੰ ਉਜਾਗਰ ਕੀਤਾ ਅਤੇ ਭਵਿੱਖ ਲਈ ਇੱਕ ਸਪੱਸ਼ਟ ਰਸਤਾ ਤਿਆਰ ਕੀਤਾ।ਮੋਦੀ ਨੇ ਕਿਹਾ ਕਿ ਅੱਜ ਦਾ ਭਾਸ਼ਣ ਇੱਕ ਵਿਕਸਤ ਭਾਰਤ ਦੇ (ਬਾਕੀ ਸਫਾ 2 'ਤੇ)

### ਖੋਖਲੇ ਵਾਅਦਿਆਂ ਵਾਲਾ ਸੀ ਰਾਸ਼ਟਰਪਤੀ ਦਾ ਭਾਸ਼ਣ: ਕਾਂਗਰਸ

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.):ਕਾਂਗਰਸ ਪਾਰਟੀ ਨੇ ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਵੱਲੋਂ ਕੀਤੇ ਗਏ ਸੰਬੋਧਨ ਦੀ ਤਿੱਖੀ ਆਲੋਚਨਾ ਕੀਤੀ ਹੈ। ਕਾਂਗਰਸ ਨੇ ਇਸ ਭਾਸ਼ਣ ਨੂੰ 'ਖੋਖਲੇ ਵਾਅਦਿਆਂ' ਨਾਲ ਭਰਿਆ ਕਰਾਰ ਦਿੱਤਾ ਹੈ। ਕਾਂਗਰਸ ਦੇ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਇਸ ਭਾਸ਼ਣ ਵਿੱਚ ਕੁਝ ਵੀ ਨਵਾਂ ਨਹੀਂ ਸੀ ਅਤੇ ਸਰਕਾਰ ਨੇ ਸਿਰਫ ਆਪਣੇ ਪੁਰਾਣੇ ਖੋਖਲੇ ਵਾਅਦਿਆਂ ਨੂੰ ਹੀ ਦੁਹਰਾਇਆ ਹੈ। ਕਾਂਗਰਸ ਸੰਸਦ ਮੈਂਬਰ (ਬਾਕੀ ਸਫਾ 2 'ਤੇ)

### ਸੋਨੇ-ਚਾਂਦੀ ਦੀ ਕੀਮਤ ਨੇ ਬਣਾਇਆ ਨਵਾਂ ਰਿਕਾਰਡ

**ਚਾਂਦੀ 'ਚ 15 ਹਜ਼ਾਰ ਦੀ ਤੇਜ਼ੀ, ਸੋਨਾ ਵੀ 5000 ਰੁ. ਵਧਿਆ**

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.):ਕੌਮਾਂਤਰੀ ਬਾਜ਼ਾਰਾਂ 'ਚ ਮਜ਼ਬੂਤ ਖਰੀਦਦਾਰੀ ਦੇ ਰੁਝਾਨ ਦੇ ਮੱਦੇਨਜ਼ਰ ਦੇਸ਼ ਦੀ ਰਾਜਧਾਨੀ 'ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਗਿਰਾਵਟ ਆਉਣ ਦੇ ਕੋਈ ਸੰਕੇਤ ਨਹੀਂ ਮਿਲ ਰਹੇ ਹਨ। ਬਾਜ਼ਾਰਾਂ ਮੁਤਾਬਕ ਚਾਂਦੀ ਦੀ ਕੀਮਤ ਲਗਾਤਾਰ ਤੀਜੇ ਦਿਨ 15,000 ਰੁਪਏ ਜਾਂ 4.05 ਫੀਸਦੀ ਦੇ ਵਾਧੇ ਨਾਲ 3,85,000 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਸੱਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਈ। ਸਰਾਫਾ ਬਾਜ਼ਾਰਾਂ 'ਚ 99.9 ਫੀਸਦੀ ਸ਼ੁੱਧਤਾ ਵਾਲਾ ਸੋਨਾ ਵੀ 5,000 ਰੁਪਏ ਜਾਂ 3 ਫੀਸਦੀ ਵਧ ਕੇ (ਬਾਕੀ ਸਫਾ 2 'ਤੇ)

## ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਤਾਪਮਾਨ ਵਿੱਚ ਗਿਰਾਵਟ ਦਰਜ

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 28 ਜਨਵਰੀ:ਪੰਜਾਬ ਵਿਚ ਇਕ ਵਾਰ ਫਿਰ ਤੋਂ ਸੀਤ ਲਹਿਰ ਦਾ ਕਹਿਰ ਵੇਖਣ ਨੂੰ ਮਿਲੇਗਾ। ਦਰਅਸਲ ਬੀਤੇ ਦਿਨੀਂ ਸੂਬੇ 'ਚ ਕਈ ਥਾਂਵਾਂ 'ਤੇ ਭਾਰੀ ਗੜ੍ਹੇਮਾਰੀ, ਮੀਂਹ ਅਤੇ ਚੱਲੀਆਂ ਤੇਜ਼ ਠੰਡੀਆਂ ਹਵਾਵਾਂ ਕਾਰਨ ਮੁੜ ਮੌਸਮ ਨੇ ਕਰਵਟ ਲਈ ਹੈ, ਜਿਸ ਕਾਰਨ ਵੱਖ-ਵੱਖ ਹਿੱਸਿਆਂ 'ਚ ਤਾਪਮਾਨ 'ਚ ਗਿਰਾਵਟ ਦਰਜ ਕੀਤੀ ਗਈ ਹੈ। ਉਥੇ ਹੀ ਅਗਲੇ ਦਿਨਾਂ ਲਈ ਮੌਸਮ ਵਿਭਾਗ ਨੇ ਤਾਜ਼ਾ ਅਪਡੇਟ ਸਾਂਝੀ ਕੀਤੀ ਹੈ। ਮੌਸਮ ਵਿਭਾਗ ਵੱਲੋਂ ਅੱਜ ਤੋਂ ਲੈ ਕੇ 1 ਫਰਵਰੀ ਤੱਕ ਯਾਨੀ 5 ਦਿਨਾਂ ਦੀ ਤਾਜ਼ਾ ਜਾਣਕਾਰੀ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਪੰਜਾਬ ਵਿਚ 31 ਜਨਵਰੀ ਨੂੰ ਫਿਰ ਮੌਸਮ ਵਿਚ ਬਦਲਾਅ ਵੇਖਣ ਨੂੰ ਮਿਲੇਗਾ ਅਤੇ 1 ਫਰਵਰੀ ਨੂੰ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਉਥੇ ਹੀ ਮੌਸਮ ਵਿਭਾਗ ਵੱਲੋਂ ਵੀ ਅਗਲੇ ਤਿੰਨ ਦਿਨਾਂ ਲਈ ਸੂਬੇ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 30 ਜਨਵਰੀ ਤੱਕ ਸੰਘਣੀ ਧੁੰਦ ਅਤੇ ਸੀਤ ਲਹਿਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚੰਡੀਗੜ੍ਹ ਮੌਸਮ ਵਿਭਾਗ ਅਨੁਸਾਰ 28, 29 ਅਤੇ 30 ਜਨਵਰੀ ਤਕ ਸੂਬੇ ਵਿਚ ਸੰਘਣੀ ਧੁੰਦ ਰਹੇਗੀ। 31 ਜਨਵਰੀ ਅਤੇ 1 ਫਰਵਰੀ ਨੂੰ ਵੱਖ-ਵੱਖ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ, ਜਦਕਿ 2 ਫਰਵਰੀ ਨੂੰ ਸੂਬੇ ਦੇ ਕੁਝ ਇਲਾਕਿਆਂ ਵਿੱਚ ਵੀ ਮੀਂਹ ਪੈਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਦੱਸਿਆ ਗਿਆ ਹੈ ਕਿ ਅਗਲੇ ਦੋ ਦਿਨਾਂ ਵਿੱਚ (ਬਾਕੀ ਸਫਾ 2 'ਤੇ)

**ਮੌਸਮ ਵਿਭਾਗ ਵੱਲੋਂ 1 ਫਰਵਰੀ ਨੂੰ ਬਾਰਿਸ਼ ਦੀ ਭਵਿੱਖਬਾਣੀ**

## ਜਹਾਜ਼ ਹਾਦਸੇ 'ਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਸਣੇ 5 ਦੀ ਮੌਤ



**ਚੜ੍ਹਦੀਕਲਾ ਬਿਊਰੋ**

ਮੁੰਬਈ, 28 ਜਨਵਰੀ: ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦਾ ਜਹਾਜ਼ ਬੁੱਧਵਾਰ ਨੂੰ ਕ੍ਰੈਸ਼ ਹੋ ਗਿਆ। ਇਸ ਹਾਦਸੇ ਵਿੱਚ ਉਨ੍ਹਾਂ ਦੀ ਮੌਤ ਹੋਣ ਦੀ ਖ਼ਬਰ ਹੈ। ਇਹ ਹਾਦਸਾ ਬਾਰਾਮਤੀ ਵਿੱਚ ਲੈਂਡਿੰਗ ਕਰਦੇ ਸਮੇਂ ਵਾਪਰਿਆ। ਘਟਨਾ ਵਾਲੀ ਥਾਂ ਤੋਂ ਪ੍ਰਾਪਤ ਤਸਵੀਰਾਂ ਸਾਹਮਣੇ ਆਈਆਂ ਹਨ, ਜਿਸ ਤੋਂ ਪਤਾ ਲੱਗ ਰਿਹਾ ਹੈ ਕਿ ਹਾਦਸਾ ਇੱਕ ਖੇਤ ਵਿੱਚ ਵਾਪਰਿਆ ਜਹਾਜ਼ ਵਿੱਚੋਂ ਧੂੰਏਂ ਦਾ ਗੁਬਾਰ ਉੱਠ ਰਿਹਾ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਉਪ ਮੁੱਖ ਮੰਤਰੀ ਪਵਾਰ ਵੀ ਹਾਦਸੇ ਵਾਲੇ ਜਹਾਜ਼ ਵਿੱਚ ਸਵਾਰ ਸਨ। ਇੱਕ ਨਿਊਜ਼ ਏਜੰਸੀ ਨੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਹਾਦਸੇ ਵਿੱਚ ਹੁਣ ਤੱਕ ਤਿੰਨ ਲੋਕਾਂ ਦੀ ਮੌਤ ਦੀ ਖ਼ਬਰ ਹੈ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ 5 ਲੋਕਾਂ ਦੀ ਮੌਤ ਹੋ ਗਈ ਹੈ। ਰਿਪੋਰਟਾਂ ਮੁਤਾਬਕ ਉਪ ਮੁੱਖ ਮੰਤਰੀ ਪਵਾਰ ਇੱਕ (ਬਾਕੀ ਸਫਾ 2 'ਤੇ)

### ਅਜੀਤ ਪਵਾਰ ਦਾ ਸੰਸਕਾਰ ਅੱਜ

ਮੁੰਬਈ, 28 ਜਨਵਰੀ (ਚ.ਨ.ਸ.):ਮਹਾਰਾਸ਼ਟਰ ਦੇ ਉੱਪ ਮੁੱਖ ਮੰਤਰੀ ਅਤੇ ਐਨਸੀਪੀ ਨੇਤਾ ਅਜੀਤ ਪਵਾਰ ਦਾ ਬੁੱਧਵਾਰ ਨੂੰ ਜਹਾਜ਼ ਹਾਦਸੇ 'ਚ ਦੇਹਾਂਤ ਹੋ ਗਿਆ।

ਉਨ੍ਹਾਂ ਦਾ ਅੰਤਿਮ ਸੰਸਕਾਰ ਭਲਕੇ ਯਾਨੀ ਵੀਰਵਾਰ ਸਵੇਰੇ 11 ਵਜੇ ਹੋਵੇਗਾ। ਅਜੀਤ ਪਵਾਰ ਦੇ ਅੰਤਿਮ ਸੰਸਕਾਰ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਸ਼ਾਮਲ ਹੋ ਸਕਦੇ ਹਨ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉੱਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਪਹਿਲਾਂ ਹੀ ਬਾਰਾਮਤੀ ਪਹੁੰਚ ਚੁੱਕੇ ਹਨ। ਕਿਹਾ ਜਾ ਰਿਹਾ ਹੈ ਕਿ ਇਸ ਮੌਕੇ ਪ੍ਰਧਾਨ ਮੰਤਰੀ ਵੀ ਬਾਰਾਮਤੀ ਜਾ ਸਕਦੇ ਹਨ।

## ਮਾਨ ਦੀ ਵੀਡੀਓ ਮਾਮਲੇ 'ਚ ਵੱਡੀ ਕਾਰਵਾਈ, ਸਕੱਤਰੇਤ ਨੇ 3 ਫੋਰੈਂਸਿਕ ਲੈਬਾਂ ਨੂੰ ਭੇਜੀ ਵੀਡੀਓ

**ਬਬਲੂ ਮਹਾਜਨ**

ਅੰਮ੍ਰਿਤਸਰ, 28 ਜਨਵਰੀ:ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਸਕੱਤਰੇਤ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਹਿ ਕੇ ਸ਼ਿਕਾਇਤ ਵਿਚ ਦਿੱਤੀ ਗਈ ਇਤਰਾਜ਼ਯੋਗ ਵੀਡੀਓ ਦੀ ਫੋਰੈਂਸਿਕ ਜਾਂਚ ਲਈ 3 ਲੈਬਾਂ ਨੂੰ ਭੇਜਿਆ ਗਿਆ ਹੈ, ਜਿਸ ਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਸੂਤਰਾਂ ਆਨੁਸਾਰ ਇਸ ਦਰਮਿਆਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਲੈਬ ਦੱਸਣ ਬਾਰੇ ਸਕੱਤਰੇਤ ਵੱਲੋਂ ਉਨ੍ਹਾਂ ਦੇ ਦਫਤਰ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਇਹ ਵੀ ਪਤਾ ਲੱਗਾ ਹੈ ਕਿ ਇਸ ਸਬੰਧੀ ਮੁੱਖ ਮੰਤਰੀ ਦੇ ਨਾਮ 2 ਲੈਬ ਦੱਸਣ ਬਾਰੇ ਜਥੇਦਾਰ ਦੇ ਆਦੇਸ਼ 'ਤੇ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵੱਲੋਂ ਪੱਤਰ ਲਿਖਿਆ ਗਿਆ, ਜਿਸ ਨੂੰ ਭੇਜਣ ਦੀਆਂ ਤਿਆਰੀਆਂ ਹਨ। ਇਥੇ ਇਹ ਵੀ ਦਸਣਯੋਗ ਹੈ ਕਿ ਇਸ ਵੀਡੀਓ ਅਤੇ ਹੋਰ ਕਈ ਸ਼ਿਕਾਇਤਾਂ ਦੇ ਮਾਮਲੇ ਵਿਚ 15 ਜਨਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਿਮਾਣੇ ਸਿੱਖ ਵੱਜੋਂ ਜਥੇਦਾਰ ਦੇ ਆਦੇਸ਼ 'ਤੇ (ਬਾਕੀ ਸਫਾ 2 'ਤੇ)




### ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਬੇਅਦਬੀ ਮਾਮਲੇ 'ਚ ਮੁਲਜ਼ਮ ਦਾ 3 ਦਿਨਾਂ ਪੁਲਿਸ ਰਿਮਾਂਡ

ਅੰਮ੍ਰਿਤਸਰ, 28 ਜਨਵਰੀ (ਬਬਲੂ ਮਹਾਜਨ): ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿਚ ਵੁਜੂ ਕਰਨ ਤੇ ਕੁਰਲੀ ਕਰਨ ਵਾਲੇ ਮੁਸਲਿਮ ਨੌਜਵਾਨ ਸੁਬਹਾਨ ਰੰਗਰੀਜ਼ ਜਿਸ ਨੂੰ ਬੀਤੇ ਕਲ੍ਹ ਅੰਮ੍ਰਿਤਸਰ ਪੁਲਿਸ ਨੇ ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਤੋਂ ਹਿਰਾਸਤ ਵਿਚ ਲਿਆ ਸੀ, ਨੂੰ ਮਾਨਯੋਗ ਡਿਊਟੀ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤਾ।ਮਾਨਯੋਗ ਡਿਊਟੀ ਮੈਜਿਸਟ੍ਰੇਟ ਨੇ ਸੁਬਹਾਨ ਰੰਗਰੀਜ਼ ਪਾਸੋਂ ਵਧੇਰੇ ਪੁੱਛਗਿਛ ਲਈ 31 ਜਨਵਰੀ ਤਕ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਸੁਬਹਾਨ ਰੰਗਰੀਜ਼ ਬੀਤੇ ਦਿਨੀਂ ਆਪਣੇ ਸਾਥੀਆਂ ਸਮੇਤ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਆਇਆ ਸੀ ਤੇ ਉਥੇ ਉਸ ਨੇ ਸਰੋਵਰ ਦੀ ਬੇਅਦਬੀ ਕੀਤੀ ਸੀ।ਉਸ ਨੇ (ਬਾਕੀ ਸਫਾ 2 'ਤੇ)

## ਪਰਲਜ਼ ਗਰੁੱਪ ਧੋਖਾਧੜੀ ਕੇਸ ਵਿੱਚ ਈ.ਡੀ. ਵੱਲੋਂ 1,986 ਕਰੋੜ ਦੀਆਂ ਜਾਇਦਾਦਾਂ ਜ਼ਬਤ

**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 28 ਜਨਵਰੀ :ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਪਰਲਜ਼ ਐਗਰੋਟੈਕ ਕਾਰਪੋਰੇਸ਼ਨ ਲਿਮਟਿਡ (ਪੀ.ਏ.ਸੀ.ਐਲ.) ਵੱਲੋਂ ਸ਼ੁਰੂ ਕੀਤੀ ਗਈ ਰੀਅਲ ਅਸਟੇਟ ਨਿਵੇਸ਼ ਯੋਜਨਾ ਦੇ ਨਾਂ 'ਤੇ ਕੀਤੀ ਗਈ 48,000 ਕਰੋੜ ਰੁਪਏ ਦੀ ਧੋਖਾਧੜੀ ਦੇ ਮਾਮਲੇ 'ਚ ਲੁਧਿਆਣਾ ਅਤੇ ਜੈਪੁਰ 'ਚ ਸਥਿਤ 1,986 ਕਰੋੜ ਰੁਪਏ ਮੁੱਲ ਦੀਆਂ 37 ਅਚੱਲ ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਜਾਂਚ ਏਜੰਸੀ ਵਲੋਂ ਜ਼ਬਤ ਕੀਤੀਆਂ ਗਈਆਂ 37 ਜਾਇਦਾਦਾਂ ਕੰਪਨੀ ਵਲੋਂ ਨਿਵੇਸ਼ਕਾਂ ਤੋਂ ਇਕੱਠੇ ਕੀਤੇ ਗਏ ਫੰਡ ਨਾਲ ਪ੍ਰਾਪਤ ਕੀਤੀਆਂ ਗਈਆਂ ਸਨ, ਅਤੇ ਇਸ ਤਰ੍ਹਾਂ ਇਹ 'ਅਪਰਾਧ ਦੀ ਆਮਦਨੀ' ਹੇਠ ਆਉਂਦੀਆਂ ਹਨ। ਇਸ ਦੇ ਨਾਲ ਹੀ ਈ.ਡੀ. ਨੇ ਹੁਣ ਤਕ ਫਰਮ ਦੀ ਲਗਭਗ 7,589 ਕਰੋੜ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਜ਼ਬਤ ਕਰ ਲਈ ਹੈ, ਜਿਸ ਵਿਚ ਭਾਰਤ ਅਤੇ ਵਿਦੇਸ਼ਾਂ ਵਿਚ ਸਥਿਤ ਜਾਇਦਾਦਾਂ ਵੀ ਸ਼ਾਮਲ ਹਨ। ਈ.ਡੀ. ਦੇ ਅਧਿਕਾਰੀਆਂ ਮੁਤਾਬਕ ਮੁਲਜ਼ਮ ਇਕਾਈ ਅਤੇ ਵਿਅਕਤੀਆਂ ਨੇ ਖੇਤੀਬਾੜੀ ਜ਼ਮੀਨ ਦੀ ਵਿਕਰੀ ਅਤੇ ਵਿਕਾਸ ਦੀ ਦੇ ਨਾਂ ਉਤੇ ਦੇਸ਼ ਭਰ ਦੇ ਲੱਖਾਂ ਨਿਵੇਸ਼ਕਾਂ ਤੋਂ ਧੋਖਾਧੜੀ ਨਾਲ 60,000 ਕਰੋੜ ਰੁਪਏ ਤੋਂ ਵੱਧ ਦੀ ਰਕਮ ਇਕੱਠੀ ਕੀਤੀ ਸੀ। ਨਿਵੇਸ਼ਕਾਂ ਨੂੰ ਨਕਦ ਡਾਊਨ ਪੇਮੈਂਟ ਅਤੇ ਕਿਸ਼ਤ ਭੁਗਤਾਨ ਯੋਜਨਾਵਾਂ ਨਾਲ ਨਿਵੇਸ਼ ਕਰਨ ਦਾ ਲਾਲਚ ਦਿਤਾ ਗਿਆ ਸੀ (ਬਾਕੀ ਸਫਾ 2 'ਤੇ)




### ਪੁਲਿਸ ਵੱਲੋਂ ਸੁਰੱਖਿਆ ਹਟਾਏ ਜਾਣ ਤੋਂ ਬਾਅਦ ਦੁਕਾਨਦਾਰ ਨੂੰ ਮਾਰੀਆਂ ਗੋਲ਼ੀਆਂ

ਡੇਰਾ ਬਾਬਾ ਨਾਨਕ, 28 ਜਨਵਰੀ (ਚ.ਨ.ਸ.):ਕੌਮਾਂਤਰੀ ਸੀਮਾ ਨਾਲ ਲੱਗਦੇ ਨਗਰ ਡੇਰਾ ਬਾਬਾ ਨਾਨਕ 'ਚ ਬੁੱਧਵਾਰ ਸਵੇਰੇ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਮਾਰ ਕੇ ਇੱਕ ਮੈਡੀਕਲ ਸਟੋਰ ਮਾਲਕ ਦੀ ਹੱਤਿਆ ਕਰ ਦਿੱਤੀ ਹੈ। ਬੇਦੀ ਮੈਡੀਕਲ ਸਟੋਰ ਮਾਲਕ ਰਣਦੀਪ ਸਿੰਘ ਬੇਦੀ ਤੋਂ ਕਰੀਬ ਪੰਜ ਮਹੀਨੇ ਪਹਿਲਾ 50 ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ ਗਈ ਸੀ, ਉਸ ਸਮੇਂ ਗੈਂਗਸਟਰਾਂ ਵੱਲੋਂ ਉਸ ਦੇ ਪੱਟ ਵਿੱਚ ਗੋਲੀ ਮਾਰੀ ਦਿੱਤੀ ਸੀ। ਥਾਣਾ ਡੇਰਾ ਬਾਬਾ ਨਾਨਕ ਪੁਲਿਸ ਨੇ (ਬਾਕੀ ਸਫਾ 2 'ਤੇ)



*ਰਾਣਾ ਬਲਾਚੌਰੀਆ ਕਤਲ ਮਾਮਲਾ*

## ਡੀ.ਜੀ.ਪੀ. ਗੌਰਵ ਯਾਦਵ ਦੀ ਹਾਈਕੋਰਟ 'ਚ ਹੋਈ ਪੇਸ਼ੀ, ਪੁੱਛੇ ਗਏ ਸਵਾਲ

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 28 ਜਨਵਰੀ: ਡੀ.ਜੀ.ਪੀ. ਗੌਰਵ ਯਾਦਵ ਦੀ ਅੱਜ ਹਾਈ ਕੋਰਟ 'ਚ ਪੇਸ਼ੀ ਹੋਈ। ਮੋਹਾਲੀ ਵਿਚ ਰਾਣਾ ਬਲਾਚੌਰੀਆ ਕਤਲਕਾਂਡ ਮਾਮਲੇ ਵਿਚ ਡੀ.ਜੀ.ਪੀ. ਗੌਰਵ ਯਾਦਵ ਦੀ ਕੋਰਟ ਵਿਚ ਪੇਸ਼ੀ ਹੋਈ ਹੈ। ਇਸ ਦੌਰਾਨ ਸਪੈਸ਼ਲ ਡੀ.ਜੀ.ਪੀ. (ਲਾਅ ਐਂਡ ਆਰਡਰ), ਐੱਸ.ਐੱਸ.ਪੀ. ਮੋਹਾਲੀ, ਡੀ.ਆਈ.ਜੀ. ਰੋਪੜ ਰੇਂਜ ਤੇ ਏਜੀਟੀਐੱਫ ਚੀਫ ਵੀ ਅਦਾਲਤ ਵਿਚ ਹਾਜ਼ਰ ਰਹੇ। ਡੀ.ਜੀ.ਪੀ. ਪੰਜਾਬ ਨੇ ਹਾਈਕੋਰਟ ਵਿਚ ਦੱਸਿਆ ਕਿ 'ਆਪ੍ਰੇਸ਼ਨ ਪ੍ਰਹਾਰ' ਸ਼ੁਰੂ ਕੀਤਾ ਗਿਆ ਹੈ ਜਿਸ ਤਹਿਤ ਲਗਭਗ 3000 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ 'ਤੇ ਹਾਈਕੋਰਟ ਨੇ ਸਖਤ ਟਿੱਪਣੀ ਕਰਦੇ ਹੋਏ ਸਵਾਲ ਕੀਤਾ ਕਿ ਇਹ ਆਪ੍ਰੇਸ਼ਨ 2-3 ਸਾਲ ਪਹਿਲਾਂ ਕਿਉਂ ਨਹੀਂ ਸ਼ੁਰੂ ਕੀਤਾ ਗਿਆ। ਅਦਾਲਤ ਨੇ ਕਿਹਾ ਕਿ ਹਾਈਕੋਰਟ ਨੇ ਹੁਕਮ ਜਾਰੀ ਹੋਣ ਦੇ ਬਾਅਦ ਹੀ ਅਜਿਹੇ ਆਪ੍ਰੇਸ਼ਨ ਕਿਉਂ ਸ਼ੁਰੂ ਕੀਤੇ ਜਾਂਦੇ ਹਨ ਤਾਂ ਇਹ ਵੀ ਸਪੱਸ਼ਟ ਕੀਤਾ ਕਿ ਆਪ੍ਰੇਸ਼ਨ ਦੌਰਾਨ ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਗ੍ਰਿਫਤਾਰ ਨਾ (ਬਾਕੀ ਸਫਾ 2 'ਤੇ)



### ਮੋਹਾਲੀ ਦੇ ਐਸ.ਐਸ.ਪੀ. ਦਫ਼ਤਰ ਬਾਹਰ ਵਿਅਕਤੀ ਦਾ ਗੋਲ਼ੀਆਂ ਮਾਰ ਕੇ ਕਤਲ

ਮੋਹਾਲੀ, 28 ਜਨਵਰੀ (ਚ.ਨ.ਸ.): ਮੋਹਾਲੀ ਦੇ ਐਸ.ਐਸ.ਪੀ. ਦਫ਼ਤਰ ਦੇ ਬਾਹਰ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਰੁੜਕੀ ਦੇ ਰਹਿਣ ਵਾਲੇ ਗੁਰਵਿੰਦਰ ਵਜੋਂ ਮ੍ਰਿਤਕ ਦੀ ਪਛਾਣ ਹੋਈ ਹੈ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਫਾਇਰਿੰਗ ਦੀ ਸੂਚਨਾ ਮਿਲਦੇ ਹੀ ਥਾਣਾ ਸੋਹਾਣਾ ਦੀ ਪੁਲਿਸ ਅਤੇ ਉੱਚ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚ ਗਏ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਸਾਰੇ ਗੇਟ ਬੰਦ (ਬਾਕੀ ਸਫਾ 2 'ਤੇ)



# ਪੰਜਾਬ ਦੇ ਸਾਬਕਾ ਮੰਤਰੀ ਤੇ ਕਾਂਗਰਸੀ ਆਗੂ ਸੁੰਦਰ ਸ਼ਾਮ ਅਰੋੜਾ ਦੀ ਰਿਹਾਇਸ਼ 'ਤੇ ਈ.ਡੀ. ਵੱਲੋਂ ਛਾਪਾ




ਹੁਸ਼ਿਆਰਪੁਰ, 28 ਜਨਵਰੀ (ਚ.ਨ.ਸ.) : ਸਾਬਕਾ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਸੁੰਦਰ ਸ਼ਾਮ ਅਰੋੜਾ ਦੀਆਂ ਇਕ ਵਾਰ ਫਿਰ ਮੁਸ਼ਕਿਲਾਂ ਵਧੀਆਂ ਹਨ। ਅੱਜ ਸਵੇਰੇ ਹੁਸ਼ਿਆਰਪੁਰ ਵਿਖੇ ਸੁੰਦਰ ਸ਼ਾਮ ਅਰੋੜਾ ਦੀ ਰਿਹਾਇਸ਼ 'ਤੇ ਈ.ਡੀ. ਅਤੇ ਇਨਕਮ ਟੈਕਸ ਵਿਭਾਗ ਵੱਲੋਂ ਛਾਪੇਮਾਰੀ ਕੀਤੀ ਗਈ। ਜਾਣਕਾਰੀ ਮੁਤਾਬਕ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਰਿਹਾਇਸ਼ 'ਤੇ ਦਬਿਸ਼ ਦੇ ਕੇ ਦਸਤਾਵੇਜ਼ਾਂ ਅਤੇ ਜ਼ਰੂਰੀ ਸਬੂਤਾਂ ਦੀ ਤਲਾਸ਼ ਕੀਤੀ ਜਾ ਰਹੀ ਹੈ।

ਸੁੰਦਰ ਸ਼ਾਮ ਅਰੋੜਾ ਵਿਰੁੱਧ ਜਾਂਚ ਬਾਰੇ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ ਪਰ ਵਿਭਾਗ ਦੇ ਅਧਿਕਾਰੀ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਜਾਣਕਾਰੀ ਮੁਤਾਬਕ ਅੱਜ ਸਵੇਰੇ ਈ.ਡੀ. ਦੇ ਅਧਿਕਾਰੀ ਭਾਰੀ ਸੁਰੱਖਿਆ ਬਲਾਂ ਦੇ ਨਾਲ ਸੁੰਦਰ ਸ਼ਾਮ ਅਰੋੜਾ ਦੇ ਘਰ ਪਹੁੰਚੇ। ਅਚਾਨਕ ਹੋਈ ਇਸ ਕਾਰਵਾਈ ਨਾਲ ਇਲਾਕੇ ਵਿਚ ਹੜਕੰਪ ਮਚ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਟੀਮ ਦੇ ਨਾਲ ਆਏ ਅਧਿਕਾਰੀਆਂ ਨੇ ਘਰ ਦੇ ਸਾਰੇ ਪ੍ਰਵੇਸ਼ ਦੁਆਰਾਂ ਨੂੰ ਬੰਦ ਕਰ ਦਿੱਤਾ ਹੈ ਅਤੇ ਕਿਸੇ ਨੂੰ ਵੀ ਅੰਦਰ ਜਾਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ। ਮੋਬਾਇਲ ਫੋਨ ਅਤੇ ਹੋਰ ਇਲੈਕਟ ?ਰਾਨਿਕ ਯੰਤਰ ਵੀ ਜ਼ਬਤ ਕਰ ਲਏ ਗਏ ਹਨ ਅਤੇ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਉਹ ਪਹਿਲਾਂ ਹੀ ਡਬਲ ਕਰਪਸ਼ਨ ਮਾਮਲੇ 'ਚ ਫਸੇ ਹੋਏ ਹਨ। ਉਨ੍ਹਾਂ 'ਤੇ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਵਿੱਚ ਕਥਿਤ ਬੇਨਿਯਮੀਆਂ ਅਤੇ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਹੈ। ਉਨ੍ਹਾਂ ਨੂੰ ਪਹਿਲਾਂ ਵਿਜੀਲੈਂਸ ਵਿਭਾਗ ਦੁਆਰਾ ਗਿ ?ਰਫਤਾਰ ਕੀਤਾ ਗਿਆ ਸੀ। ਹੁਣ ਮਾਮਲੇ ਵਿੱਚ ਈ. ਡੀ. ਦੀ ਐਂਟਰੀ ਨੇ ਇਹ ਸੰਕੇਤ ਦਿੱਤਾ ਹੈ ਕਿ ਜਾਂਚ ਦਾ ਦਾਇਰਾ ਵਧ ਗਿਆ ਹੈ ਅਤੇ ਇਸ ਵਿੱਚ ਮਨੀ ਲਾਂਡਰਿੰਗ ਵੀ ਸ਼ਾਮਲ ਹੈ।

# ਯੂ.ਜੀ.ਸੀ. ਨਿਯਮਾਂ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਕਰੇਗੀ ਸੁਪਰੀਮ ਕੋਰਟ

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.) : ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਦੇ ਹਾਲ ਹੀ ਵਿੱਚ ਨੋਟੀਫਾਈ ਕੀਤੇ ਗਏ ਨਿਯਮਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਇਹ ਨਿਯਮ ਜਾਤੀ ਅਧਾਰਤ ਵਿਤਕਰੇ ਦੀ ਗੈਰ-ਸਮੂਹਿਕ ਪਰਿਭਾਸ਼ਾ ਅਪਣਾਉਂਦੇ ਹਨ ਅਤੇ ਕੁਝ ਸ਼੍ਰੇਣੀਆਂ ਨੂੰ ਸੰਸਥਾਗਤ ਸੁਰੱਖਿਆ ਤੋਂ ਬਾਹਰ ਰੱਖਦੇ ਹਨ।ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਇੱਕ ਵਕੀਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਜਿਸ ਵਿੱਚ ਪਟੀਸ਼ਨ 'ਤੇ ਤੁਰੰਤ ਸੁਣਵਾਈ ਦੀ ਮੰਗ ਕੀਤੀ ਗਈ ਸੀ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ 'ਰਾਹੁਲ ਦੀਵਾਨ ਅਤੇ ਹੋਰ ਬਨਾਮ ਯੂਨੀਅਨ' ਮਾਮਲੇ ਵਿੱਚ ਜਨਰਲ ਵਰਗ ਵਿਰੁੱਧ ਵਿਤਕਰੇ ਦੀ ਸੰਭਾਵਨਾ ਹੈ, ਜਿਸ 'ਤੇ ਸੀਜੇਆਈ ਨੇ ਭਰੋਸਾ ਦਿੱਤਾ ਕਿ ਤਰੁੱਟੀਆਂ ਦੂਰ ਹੋਣ ਤੋਂ ਬਾਅਦ ਇਸ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ।ਜ਼ਿਕਰਯੋਗ ਹੈ ਕਿ 13 ਜਨਵਰੀ ਨੂੰ ਨੋਟੀਫਾਈ ਕੀਤੇ ਗਏ 'ਯੂਜੀਸੀ (ਉੱਚ ਵਿਦਿਅਕ ਸੰਸਥਾਵਾਂ ਵਿੱਚ ਇਕੁਇਟੀ ਦੀ ਪ੍ਰੋਮੋਸ਼ਨ) ਨਿਯਮ, 2026' ਤਹਿਤ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਲਈ ਵਿਤਕਰੇ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ 'ਇਕੁਇਟੀ ਕਮੇਟੀਆਂ' ਬਣਾਉਣਾ ਲਾਜ਼ਮੀ ਕੀਤਾ ਗਿਆ ਹੈ। ਪਟੀਸ਼ਨ ਵਿੱਚ ਇਨ੍ਹਾਂ ਨਿਯਮਾਂ ਦੀ ਇਸ ਆਧਾਰ 'ਤੇ ਨਿਖੇਧੀ ਕੀਤੀ ਗਈ ਹੈ ਕਿ ਜਾਤੀ-ਅਧਾਰਤ ਵਿਤਕਰੇ ਨੂੰ ਸਿਰਫ਼ ਐੱਸ ਸੀ, ਐੱਸ ਟੀ ਅਤੇ ਓ ਬੀ ਸੀ ਤੱਕ ਸੀਮਤ ਰੱਖ ਕੇ ਜਨਰਲ ਸ਼੍ਰੇਣੀ ਦੇ ਵਿਅਕਤੀਆਂ ਨੂੰ ਸੰਸਥਾਗਤ ਸੁਰੱਖਿਆ ਤੋਂ ਵਾਂਝਾ ਕਰ ਦਿੱਤਾ ਗਿਆ ਹੈ, ਜਦਕਿ ਇਨ੍ਹਾਂ ਨਿਯਮਾਂ ਵਿਰੁੱਧ ਵੱਖ-ਵੱਖ ਥਾਵਾਂ 'ਤੇ ਵਿਦਿਆਰਥੀ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 333ਵੇਂ ਦਿਨ 1.1 ਕਿਲੋ ਹੈਰੋਇਨ ਸਮੇਤ 73 ਨਸ਼ਾ ਤਸਕਰ ਕਾਬੂ

## ਨਸ਼ਾ ਛੁਡਾਉਣ ਸਬੰਧੀ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ 28 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ

ਚੰਡੀਗੜ੍ਹ, 28 ਜਨਵਰੀ (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ 333ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 275 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 49 ਐਫਆਈਆਰਜ਼ ਦਰਜ ਕਰਕੇ 73 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 333 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 46,770 ਹੋ ਗਈ ਹੈ।

ਇਨ੍ਹਾਂ ਛਾਪਿਆਂ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.1 ਕਿਲੋ ਹੈਰੋਇਨ, 205 ਨਸ਼ੀਲੀਆਂ ਗੋਲੀਆਂ ਅਤੇ 46,440 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਇਸ ਆਪ੍ਰੇਸ਼ਨ ਦੌਰਾਨ 68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 700 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 275 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 274 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ।ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 28 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਦੋਰਾਹਾ ਤੇ ਧੂਰੀ 'ਚ ਰੇਲਵੇ ਓਵਰ ਬ੍ਰਿਜ ਦੇ ਨਿਰਮਾਣ ਨੂੰ ਮਿਲੀ ਮਨਜ਼ੂਰੀ

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.) : ਦੋਰਾਹਾ ਤੇ ਧੂਰੀ ਵਿਖੇ ਰੇਲਵੇ ਓਵਰ ਬ੍ਰਿਜ ਨੂੰ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਹੁਣ ਕੁਝ ਹੀ ਘੰਟਿਆਂ ਵਿਚ ਚੰਡੀਗੜ੍ਹ, ਰੋਪੜ ਤੇ ਆਨੰਦਪੁਰ ਸਾਹਿਬ ਵਿਖੇ ਪਹੁੰਚਿਆ ਜਾ ਸਕੇਗਾ।

ਮੰਤਰੀ ਬਿੱਟੂ ਨੇ ਦੱਸਿਆ ਕਿ ਦੋਰਾਹਾ ਓਵਰ ਬ੍ਰਿਜ ਦਾ ਕੰਮ ਸ਼ੁਰੂ ਕੀਤਾ ਜਾ ਚੁੱਕਿਆ ਹੈ। ਲਗਭਗ 124 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਦੋਵੇਂ ਬ੍ਰਿਜ ਕੀਤੇ ਜਾਣਗੇ। ਇਹ ਜਾਣਕਾਰੀ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਦਿੱਤੀ ਗਈ ਹੈ। ਮੰਤਰੀ ਬਿੱਟੂ ਨੇ ਦੱਸਿਆ ਕਿ ਇਨ੍ਹਾਂ ਪ੍ਰੋਜੈਕਟਾਂ ਸਬੰਧੀ ਸਾਰੀਆਂ ਕਾਗਜ਼ੀ ਕਾਰਵਾਈਆਂ ਪੂਰੀਆਂ ਕਰ ਲਈਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਰੇਲਵੇ ਪੁਲਾਂ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਰੋਜ਼ਾਨਾ ਆਉਣ-ਜਾਣ ਵਿੱਚ ਪੇਸ਼ ਆਉਂਦੀਆਂ ਵੱਡੀਆਂ ਦਿੱਕਤਾਂ ਅਤੇ ਟ੍ਰੈਫਿਕ ਜਾਮ ਤੋਂ ਸਥਾਈ ਨਿਜਾਤ ਮਿਲੇਗੀ।

ਕੇਂਦਰੀ ਮੰਤਰੀ ਬਿੱਟੂ ਨੇ ਦੱਸਿਆ ਕਿ ਇਨ੍ਹਾਂ ਰੇਲਵੇ ਬਿਜਾਂ ਦੇ ਬਣਨ ਨਾਲ ਇਕ ਪਾਸੇ ਜਿਥੇ ਸਮੇਂ ਦੀ ਬਚਤ ਹੋਵੇਗੀ ਨਾਲ ਹੀ ਇਲਾਕੇ ਦੇ ਵਿਕਾਸ ਵਿਚ ਵੀ ਮਦਦ ਮਿਲੇਗੀ।

# 1100 ਕਰੋੜ ਦੇ ਕੌਮਾਂਤਰੀ ਸਾਈਬਰ ਘੁਟਾਲੇ ਦਾ ਪਰਦਾਫਾਸ਼; ਇੱਕ ਗ੍ਰਿਫ਼ਤਾਰ

## ਲੁਧਿਆਣਾ ਦਾ ਰਹਿਣ ਵਾਲਾ ਸੰਦੀਪ ਭੱਟ ਗ੍ਰਿਫ਼ਤਾਰ; ਕੰਬੋਡੀਆ ਅਤੇ ਵੀਅਤਨਾਮ ਤੋਂ ਚੱਲ ਰਿਹਾ ਸੀ ਰੈਕੇਟ

ਸ੍ਰੀਗੰਗਾਨਗਰ, 28 ਜਨਵਰੀ (ਚ.ਨ.ਸ.) : ਰਾਜਸਥਾਨ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ 1,100 ਕਰੋੜ ਰੁਪਏ ਦੇ ਵਿਸ਼ਾਲ ਸਾਈਬਰ ਅਪਰਾਧ ਰੈਕੇਟ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ ਲੁਧਿਆਣਾ ਦੇ ਸੰਦੀਪ ਭੱਟ ਸਮੇਤ ਛੇ ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਪੂਰੇ ਖੇਡ ਦੇ ਮਾਸਟਰਮਾਈਂਡ ਚਾਰ ਮਲੇਸ਼ੀਅਨ ਨਾਗਰਿਕ ਹਨ, ਜੋ ਕੰਬੋਡੀਆ ਵਿੱਚ ਬੈਠ ਕੇ ਚੀਨੀ ਗੈਂਗਾਂ ਦੀ ਮਦਦ ਨਾਲ ਕਾਲ ਸੈਂਟਰ ਚਲਾ ਰਹੇ ਸਨ।

ਇਹ ਗੈਂਗ ਬੇਰੁਜ਼ਗਾਰ ਭਾਰਤੀ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਉੱਥੇ ਬੁਲਾਉਂਦੇ ਸਨ ਅਤੇ ਫਿਰ ਉਨ੍ਹਾਂ ਦੇ ਦਸਤਾਵੇਜ਼ ਜ਼ਬਤ ਕਰਕੇ ਉਨ੍ਹਾਂ ਨੂੰ ਭਾਰਤੀ ਨਾਗਰਿਕਾਂ ਨਾਲ ਠੱਗੀ ਮਾਰਨ ਲਈ ਮਜਬੂਰ ਕਰਦੇ ਸਨ। ਪੁਲਿਸ ਨੇ ਇਸ ਰੈਕੇਟ ਨਾਲ ਜੁੜੇ 5,000 ਤੋਂ ਵੱਧ ਫਰਜ਼ੀ ਸਿਮ ਕਾਰਡ ਅਤੇ ਵਟਸਐਪ ਅਕਾਊਂਟ ਬਲਾਕ ਕਰ ਦਿੱਤੇ ਹਨ।ਇਸ ਘੁਟਾਲੇ ਦਾ ਖੁਲਾਸਾ ਉਦੋਂ ਹੋਇਆ ਜਦੋਂ ਜੋਧਪੁਰ ਪੁਲਿਸ ਨੇ ਇੱਕ ਸਿਮ ਕਾਰਡ ਰਾਹੀਂ ਤੇਲੰਗਾਨਾ ਦੇ ਇੱਕ ਵਿਅਕਤੀ ਨਾਲ ਹੋਈ 8.9 ਕਰੋੜ ਰੁਪਏ ਦੀ ਠੱਗੀ ਦੀ ਜਾਂਚ ਸ਼ੁਰੂ ਕੀਤੀ। ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ ਦੀ ਟਰੈਕਿੰਗ ਅਨੁਸਾਰ, ਸਤੰਬਰ ਤੋਂ ਨਵੰਬਰ 2025 ਦਰਮਿਆਨ ਕੰਬੋਡੀਆ ਵਿੱਚ ਲਗਭਗ 36,000 ਭਾਰਤੀ ਸਿਮ ਕਾਰਡ ਸਰਗਰਮ ਸਨ, ਜਿਨ੍ਹਾਂ ਰਾਹੀਂ ਦੇਸ਼ ਦੇ 32 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਡਾਰਕ ਵੈੱਬ ਰਾਹੀਂ ਮਲੇਸ਼ੀਅਨ ਨਾਗਰਿਕਾਂ ਨੂੰ ਫਰਜ਼ੀ ਸਿਮ ਕਾਰਡ ਸਪਲਾਈ ਕਰਦੇ ਸਨ। ਪੁਲਿਸ ਹੁਣ ਇਸ ਮਾਮਲੇ ਵਿੱਚ ਹੋਰ ਕੜੀਆਂ ਜੋੜ ਰਹੀ ਹੈ ਤਾਂ ਜੋ ਵਿਦੇਸ਼ਾਂ ਵਿੱਚ ਬੈਠੇ ਮਾਸਟਰਮਾਈਂਡਾਂ ਤੱਕ ਪਹੁੰਚਿਆ ਜਾ ਸਕੇ।



# ਇਜ਼ਰਾਈਲ ਜਾਣਗੇ ਮੋਦੀ ! ਰਾਜਦੂਤ ਅਜ਼ਰ ਨੇ ਦਿੱਤਾ ਸੱਦਾ

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.) : ਭਾਰਤ ਵਿੱਚ ਇਜ਼ਰਾਈਲ ਦੇ ਰਾਜਦੂਤ ਰੂਵੇਨ ਅਜ਼ਰ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਜ਼ਰਾਈਲ ਆਉਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰੇ ਲਈ ਤਿਆਰੀਆਂ ਚੱਲ ਰਹੀਆਂ ਹਨ ਅਤੇ ਜਲਦੀ ਹੀ ਅਧਿਕਾਰਤ ਤਾਰੀਖਾਂ ਦਾ ਐਲਾਨ ਕੀਤਾ ਜਾਵੇਗਾ।

ਰਾਜਦੂਤ ਅਜ਼ਰ ਨੇ ਦੱਸਿਆ ਕਿ ਸਾਲ 2025 ਭਾਰਤ-ਇਜ਼ਰਾਈਲ ਸਬੰਧਾਂ ਲਈ ਬਹੁਤ ਮਹੱਤਵਪੂਰਨ ਰਿਹਾ ਹੈ, ਜਿਸ ਵਿੱਚ ਦੁਵੱਲੇ ਨਿਵੇਸ਼ ਸੰਧੀਆਂ ਅਤੇ ਸੁਰੱਖਿਆ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਹਨ। ਦੋਵੇਂ ਦੇਸ਼ ਹੁਣ ਮੁਕਤ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਵੱਲ ਵਧ ਰਹੇ ਹਨ।

ਨਵੀਂ ਦਿੱਲੀ ਵਿੱਚ 'ਅੰਤਰਰਾਸ਼ਟਰੀ ਹੋਲੋਕਾਸਟ ਯਾਦਗਾਰੀ ਦਿਵਸ' ਮੌਕੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅੱਤਵਾਦ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਅਕਤੂਬਰ 2023 ਦੇ ਹਮਾਸ ਹਮਲੇ ਅਤੇ ਅਪ੍ਰੈਲ 2025 ਵਿੱਚ ਪਹਿਲਗਾਮ (ਜੰਮੂ-ਕਸ਼ਮੀਰ) ਵਿੱਚ ਹੋਏ ਅੱਤਵਾਦੀ ਹਮਲੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਭਾਰਤ ਅੱਤਵਾਦ ਵਿਰੁੱਧ ਲੜਾਈ ਵਿੱਚ ਇਜ਼ਰਾਈਲ ਦੇ ਨਾਲ ਖੜ੍ਹਾ ਹੈ।

# ਪਹਿਲੇ ਸਫ਼ੇ ਦੀ ਬਾਕੀ

### ਰਾਸ਼ਟਰਪਤੀ ਦੇ ਭਾਸ਼ਣ ਨਾਲ ਬਜਟ

ਗਈ ਹੈ। ਰਾਸ਼ਟਰਪਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਸੱਚੇ ਸਮਾਜਿਕ ਨਿਆਂ ਲਈ ਵਚਨਬੱਧ ਹੈ ਅਤੇ ਨਤੀਜੇ ਵਜੋਂ ਇੱਕ ਦਹਾਕੇ ਵਿੱਚ 25 ਕਰੋੜ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਗਿਆ ਹੈ। ਮੁਰਮੂ ਨੇ ਦੱਸਿਆ ਕਿ 2014 ਤੱਕ ਸਿਰਫ਼ 25 ਕਰੋੜ ਲੋਕਾਂ ਨੂੰ ਸਮਾਜਿਕ ਸੁਰੱਖਿਆ ਦਾ ਲਾਭ ਮਿਲ ਰਿਹਾ ਸੀ ਪਰ ਅੱਜ 95 ਕਰੋੜ ਲੋਕਾਂ ਨੂੰ ਸਮਾਜਿਕ ਸੁਰੱਖਿਆ ਦਾ ਘੇਰਾ ਮਿਲ ਗਿਆ ਹੈ। ਸਰਕਾਰ ਭ੍ਰਿਸ਼ਟਾਚਾਰ ਅਤੇ ਘੁਟਾਲੇ-ਮੁਕਤ ਪ੍ਰਸ਼ਾਸਨ ਪ੍ਰਦਾਨ ਕਰਨ ਵਿੱਚ ਸਫਲ ਰਹੀ ਹੈ, ਜਿਸ ਕਾਰਨ ਭਾਰਤ ਦੇ ਵਿਕਾਸ 'ਤੇ ਇੱਕ-ਇੱਕ ਪੈਸਾ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ ਦੇ ਮੌਕੇ 'ਤੇ ਪਿਛਲੇ ਸੈਸ਼ਨ ਵਿੱਚ ਸੰਸਦ ਦੇ ਦੋਵਾਂ ਸਦਨਾਂ ਵਿੱਚ ਇੱਕ ਵਿਸ਼ੇਸ਼ ਚਰਚਾ ਹੋਈ ਸੀ।ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 'ਵਿਕਸਤ ਭਾਰਤ - ਜੀ ਰਾਮ ਜੀ ਐਕਟ' ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਕਾਨੂੰਨ ਪੇਂਡੂ ਵਿਕਾਸ ਨੂੰ ਨਵੀਂ ਗਤੀ ਦੇਵੇਗਾ ਅਤੇ ਭ੍ਰਿਸ਼ਟਾਚਾਰ ਅਤੇ ਲੀਕੇਜ ਨੂੰ ਰੋਕਣ ਵਿੱਚ ਸਹਾਇਤਾ ਕਰੇਗਾ। ਸੰਸਦ ਦੇ ਬਜਟ ਸੈਸ਼ਨ ਦੇ ਪਹਿਲੇ ਦਿਨ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਐਕਟ ਕਿਸਾਨਾਂ, ਪਸ਼ੂ ਪਾਲਕਾਂ ਅਤੇ ਮਛੇਰਿਆਂ ਦੇ ਵਿਕਾਸ ਲਈ ਨਵੀਆਂ ਸਹੂਲਤਾਂ ਪੈਦਾ ਕਰੇਗਾ। ਰਾਸ਼ਟਰਪਤੀ ਨੇ ਜਿਵੇਂ ਹੀ 'ਵਿਕਸਤ ਭਾਰਤ-ਜੀ ਰਾਮ ਜੀ ਐਕਟ' ਦਾ ਜ਼ਿਕਰ ਕੀਤਾ, ਵਿਰੋਧੀ ਧਿਰ ਦੇ ਮੈਂਬਰਾਂ ਨੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਕਾਨੂੰਨ ਨੂੰ ਵਾਪਸ ਲੈਣ ਦੀ ਮੰਗ ਕੀਤੀ। ਵਿਰੋਧੀ ਧਿਰ ਦੇ ਮੈਂਬਰਾਂ ਦੇ ਹੰਗਾਮੇ ਵਿਚਕਾਰ ਰਾਸ਼ਟਰਪਤੀ ਨੇ ਕਿਹਾ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਅਤੇ ਵਿਕਾਸ ਲਈ ਜੀ ਰਾਮ ਜੀ ਕਾਨੂੰਨ ਬਣਾਇਆ ਗਿਆ ਹੈ। ਇਸ ਨਵੇਂ ਸੁਧਾਰ ਨਾਲ ਪਿੰਡ ਵਿਚ 125 ਦਿਨਾਂ ਦਾ ਰੁਜ਼ਗਾਰ ਮਿਲਗਾ। ਭ੍ਰਿਸ਼ਟਾਚਾਰ ਅਤੇ ਲੀਕੇਜ 'ਤੇ ਰੋਕ ਲਗਾਉਣੀ ਪਵੇਗੀ। ਮੁਰਮੂ ਨੇ ਕਿਹਾ ਕਿ ਇਹ ਯੋਜਨਾ ਪਿੰਡ ਦੇ ਵਿਕਾਸ ਨੂੰ ਨਵੀਂ ਗਤੀ ਦੇਵੇਗੀ ਅਤੇ ਕਿਸਾਨਾਂ, ਪਸ਼ੂ ਪਾਲਣ ਅਤੇ ਮਛੇਰਿਆਂ ਦੇ ਵਿਕਾਸ ਲਈ ਨਵੀਆਂ ਸਹੂਲਤਾਂ ਵਿਕਸਤ ਕੀਤੀਆਂ ਜਾਣਗੀਆਂ। ਬਜਟ ਸੈਸ਼ਨ 28 ਜਨਵਰੀ ਤੋਂ 2 ਅਪ੍ਰੈਲ ਤੱਕ ਚੱਲੇਗਾ ਅਤੇ ਇਹ ਦੋ ਹਿੱਸਿਆਂ ਵਿੱਚ ਹੋਵੇਗਾ। ਜਿਸ ਦਾ ਪਹਿਲਾ ਹਿੱਸਾ 28 ਜਨਵਰੀ ਤੋਂ 13 ਫਰਵਰੀ ਤੱਕ ਅਤੇ ਦੂਜਾ ਹਿੱਸਾ 9 ਮਾਰਚ ਤੋਂ 2 ਅਪ੍ਰੈਲ ਤੱਕ। ਇਸ ਸਮੇਂ ਦੌਰਾਨ ਕੁੱਲ 30 ਬੈਠਕਾਂ ਹੋਣਗੀਆਂ। 28 ਜਨਵਰੀ ਅਤੇ 1 ਫਰਵਰੀ ਨੂੰ ਕੋਈ ਜ਼ੀਰੋ ਆਵਰ ਨਹੀਂ ਹੋਵੇਗਾ ਅਤੇ ਇਸ ਦਿਨ ਆਮ ਬਜਟ ਪੇਸ਼ ਕੀਤਾ ਜਾਵੇਗਾ।


**ਜਨਤਕ ਸੂਚਨਾ**

**ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ (ਅਸਟੇਟ ਅਫਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ) ਯੂ.ਟੀ., ਚੰਡੀਗੜ੍ਹ**




ਵਿਸ਼ਾ:- ਲੜੀ ਨੰਬਰ 3839, ਕਿਤਾਬ ਨੰਬਰ 1, ਭਾਗ ਨੰਬਰ ਪੰਨਾ ਨੰਬਰ :: ਮਿਤੀ 01/10/2015 'ਤੇ ਰਜਿਸਟਰਡ ਵਿਕਰੀ ਡੀਡ ਦੇ ਆਧਾਰ 'ਤੇ 14.66% ਹਿੱਸੇ ਦੀ ਹੱਦ ਤੱਕ ਵਪਾਰਕ ਐਸ.ਸੀ.ਓ. 7, ਸੈਕਟਰ 27-ਸੀ, ਚੰਡੀਗੜ੍ਹ ਵਿੱਚ ਮਾਲਕੀ ਦੇ ਤਬਾਦਲੇ ਸੰਬੰਧੀ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਅਨੁਜ ਖੰਨਾ, ਵਪਾਰਕ ਐਸ.ਸੀ.ਓ. 7, ਸੈਕਟਰ 27-ਸੀ, ਚੰਡੀਗੜ੍ਹ ਦੇ 14.66% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।

ਸ਼੍ਰੀ/ਸ਼੍ਰੀਮਤੀ ਜੋਗਿੰਦਰ ਕੁਮਾਰ ਨਾਗਪਾਲ, ਅਸ਼ੋਕ ਕੁਮਾਰ ਕੁਕਰੇਜਾ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ। ਉਪਰੋਕਤ ਜਾਇਦਾਦ ਦੇ ਮਾਲਕ ਅਨੁਜ ਖੰਨਾ ਨੇ 14.66% ਹਿੱਸੇ ਦੀ ਹੱਦ ਤੱਕ ਜੋਗਿੰਦਰ ਕੁਮਾਰ ਨਾਗਪਾਲ, ਅਸ਼ੋਕ ਕੁਮਾਰ ਕੁਕਰੇਜਾ ਦੇ ਹੱਕ ਵਿੱਚ 01/10/2015 ਨੂੰ 14.66% ਹਿੱਸੇ ਦੀ ਹੱਦ ਤੱਕ ਵਿਕਰੀ ਡੀਡ ਕੀਤੀ ਸੀ ਅਤੇ ਇਸਨੂੰ ਸੀਨੀਅਰ ਨੰਬਰ 3839, ਕਿਤਾਬ ਨੰਬਰ 1, ਭਾਗ ਨੰ. ਪੰਨਾ ਨੰ. ਮਿਤੀ 01/10/2015 ਨੂੰ ਸਬ-ਰਜਿਸਟਰਾਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਰਜਿਸਟਰ ਕੀਤਾ ਗਿਆ ਹੈ। ਹੁਣ ਜੋਗਿੰਦਰ ਕੁਮਾਰ ਨਾਗਪਾਲ, ਅਸ਼ੋਕ ਕੁਮਾਰ ਕੁਕਰੇਜਾ ਨੇ ਮਿਤੀ 01/10/2015 ਨੂੰ ਵਿਕਰੀ ਡੀਡ ਦੇ ਆਧਾਰ 'ਤੇ ਉਪਰੋਕਤ ਜਾਇਦਾਦ ਦੇ 14.66% ਹਿੱਸੇ ਨੂੰ ਆਪਣੇ/ਆਪਣੇ ਹੱਕ ਵਿੱਚ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ ?ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਦੇ ਨਾਲ) ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ ?ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਰਾਜੀਵ ਤਿਵਾੜੀ,
ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ


### ਰਾਸ਼ਟਰਪਤੀ ਦੇ ਪ੍ਰੇਰਨਾਦਾਇਕ ਭਾਸ਼ਣ ਨਾਲ ਸ਼ੁਰੂ ਹੋਇਆ ਬਜਟ ਸੈਸ਼ਨ : ਮੋਦੀ

ਨਿਰਮਾਣ 'ਤੇ ਵਿਸ਼ੇਸ਼ ਧਿਆਨ ਨੂੰ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ, ਇੱਕ ਮਜ਼ਬੂਤ ? ?ਅਤੇ ਸਵੈ-ਨਿਰਭਰ ਰਾਸ਼ਟਰ ਬਣਾਉਣ ਦੀ ਸਾਡੀ ਸਾਂਝੀ ਇੱਛਾ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸੁਧਾਰ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਨਵੀਨਤਾ ਅਤੇ ਚੰਗੇ ਸ਼ਾਸਨ ਨੂੰ ਤਰਜੀਹ ਦੇਣ ਲਈ ਸਾਡੀ ਸਮੂਹਿਕ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ। ਐਕਸ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਨੇ ਲਿਖਿਆ:

'ਸੰਸਦ ਦਾ ਬਜਟ ਸੈਸ਼ਨ ਅੱਜ ਰਾਸ਼ਟਰਪਤੀ ਦੇ ਦੋਵਾਂ ਸਦਨਾਂ ਨੂੰ ਦਿੱਤੇ ਪ੍ਰੇਰਨਾਦਾਇਕ ਭਾਸ਼ਣ ਨਾਲ ਸ਼ੁਰੂ ਹੋਇਆ। ਇਹ ਭਾਸ਼ਣ ਸਾਡੀਆਂ ਸੰਸਦੀ ਪਰੰਪਰਾਵਾਂ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਇਹ ਨਾ ਸਿਰਫ਼ ਨੀਤੀ ਦਿਸ਼ਾ ਨੂੰ ਸਪਸ਼ਟ ਕਰਦਾ ਹੈ ਬਲਕਿ ਆਉਣ ਵਾਲੇ ਮਹੀਨਿਆਂ ਵਿੱਚ ਸਾਡੇ ਦੇਸ਼ ਦੇ ਵਿਕਾਸ ਨੂੰ ਆਕਾਰ ਦੇਣ ਵਾਲੇ ਸਮੂਹਿਕ ਸੰਕਲਪ ਨੂੰ ਵੀ ਉਜਾਗਰ ਕਰਦਾ ਹੈ।

ਅੱਜ ਦਾ ਭਾਸ਼ਣ ਵਿਆਪਕ ਅਤੇ ਜਾਣਕਾਰੀ ਭਰਪੂਰ ਸੀ। ਇਸਨੇ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਦੀ ਸ਼ਾਨਦਾਰ ਪ੍ਰਗਤੀ ਨੂੰ ਦਰਸਾਇਆ ਅਤੇ ਭਵਿੱਖ ਲਈ ਇੱਕ ਸਪੱਸ਼ਟ ਰਸਤਾ ਤਿਆਰ ਕੀਤਾ। ਇੱਕ ਵਿਕਸਤ ਭਾਰਤ ਬਣਾਉਣ 'ਤੇ ਜ਼ੋਰ ਨੇ ਇੱਕ ਮਜ਼ਬੂਤਅਤੇ ਸਵੈ-ਨਿਰਭਰ ਰਾਸ਼ਟਰ ਬਣਾਉਣ ਦੀ ਸਾਡੀ ਸਮੂਹਿਕ ਇੱਛਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਸੰਬੋਧਨ ਵਿੱਚ ਵੱਖ-ਵੱਖ ਪਹਿਲੂਆਂ ਨੂੰ ਸ਼ਾਮਲ ਕੀਤਾ ਗਿਆ, ਖਾਸ ਤੌਰ 'ਤੇ ਕਿਸਾਨਾਂ, ਨੌਜਵਾਨਾਂ, ਗਰੀਬਾਂ ਅਤੇ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਉੱਚਾ ਚੁੱਕਣ ਲਈ ਚੱਲ ਰਹੇ ਯਤਨਾਂ ਨੂੰ ਉਜਾਗਰ ਕੀਤਾ। ਇਸਨੇ ਸੁਧਾਰ ਪ੍ਰਕਿਰਿਆ ਨੂੰ ਤੇਜ਼ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ ਅਤੇ ਚੰਗੇ ਸ਼ਾਸਨ 'ਤੇ ਧਿਆਨ ਕੇਂਦਰਿਤ ਰੱਖਣ ਲਈ ਸਾਡੀ ਸਮੂਹਿਕ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।'

### ਖੋਖਲੇ ਵਾਅਦਿਆਂ ਵਾਲਾ ਸੀ ਰਾਸ਼ਟਰਪਤੀ

ਮਨੀਸ਼ ਤਿਵਾਰੀ ਨੇ ਟਿੱਪਣੀ ਕੀਤੀ ਕਿ ਰਾਸ਼ਟਰਪਤੀ ਇਸ ਭਾਸ਼ਣ ਰਾਹੀਂ ਸਿਰਫ ਸਰਕਾਰ ਦੀ ਬੁਲਾਰਾ ਵਜੋਂ ਕੰਮ ਕਰ ਰਹੇ ਹਨ ਕਿਉਂਕਿ ਇਹ ਭਾਸ਼ਣ ਕੈਬਨਿਟ ਦੁਆਰਾ ਤਿਆਰ ਅਤੇ ਪ੍ਰਵਾਨਿਤ ਹੁੰਦਾ ਹੈ। ਉਨ੍ਹਾਂ ਅਨੁਸਾਰ ਇਸ ਵਿੱਚ ਕੋਈ ਦੂਰਅੰਦੇਸ਼ੀ ਨਹੀਂ ਸੀ, ਸਿਰਫ ਪ੍ਰਾਪਤੀਆਂ ਦੀ ਸੂਚੀ ਸੀ। ਜਦੋਂ ਰਾਸ਼ਟਰਪਤੀ ਨੇ 'ਵਿਕਸਿਤ ਭਾਰਤ-ਜੀ ਰਾਮ ਜੀ' ਐਕਟ ਦਾ ਜ਼ਿਕਰ ਕੀਤਾ, ਤਾਂ ਵਿਰੋਧੀ ਧਿਰ ਨੇ ਸਦਨ ਵਿੱਚ ਹੰਗਾਮਾ ਕੀਤਾ। ਵੇਣੂਗੋਪਾਲ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਇਸ ਕਾਨੂੰਨ ਨੂੰ ਵਾਪਸ ਲੈਣ ਲਈ ਪਹਿਲਾਂ ਹੀ ਅੰਦੋਲਨ ਕਰ ਰਹੀ ਹੈ। ਇਹ ਪ੍ਰਤੀਕਿਰਿਆ ਅਜਿਹੇ ਸਮੇਂ ਆਈ ਹੈ ਜਦੋਂ ਰਾਸ਼ਟਰਪਤੀ ਨੇ ਆਪਣੇ ਭਾਸ਼ਣ ਵਿੱਚ ਭਾਰਤ ਦੀਆਂ ਪੁਲਾੜ ਪ੍ਰਾਪਤੀਆਂ ਅਤੇ ਹੋਰ ਸਰਕਾਰੀ ਯੋਜਨਾਵਾਂ ਦਾ ਜ਼ਿਕਰ ਕੀਤਾ ਸੀ। ਪਿਛਲੇ ਘਟਨਾਕ੍ਰਮ ਅਨੁਸਾਰ, ਦੇਸ਼ ਪਹਿਲਾਂ ਹੀ ਮਹਾਰਾਸ਼ਟਰ ਵਿੱਚ ਹੋਏ ਜਹਾਜ਼ ਹਾਦਸੇ ਕਾਰਨ ਸੋਗ ਵਿੱਚ ਹੈ।

### ਮੈਂ ਅਗਲੇ ਸਾਲ ਲਾਲਾ ਜੀ ਦੇ ਜਨਮ ਦਿਨ 'ਤੇ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਨਾਲ ਸੈਲਫੀ ਲੈਂਦੇ ਹੋਏ ਅਤੇ ਬਜ਼ੁਰਗਾਂ ਤੋਂ ਆਸ਼ੀਰਵਾਦ ਲੈਂਦੇ ਹੋਏ ਕਿਹਾ, "ਮੈਂ ਇੱਕ ਆਮ ਵਿਅਕਤੀ ਹਾਂ ਅਤੇ ਆਪਣੇ ਭਰਾਵਾਂ ਤੇ ਬਜ਼ੁਰਗਾਂ ਨਾਲ ਇਸ ਪੇਂਡੂ ਖੇਡ ਮੇਲੇ ਨੂੰ ਦੇਖਣ ਲਈ ਆਇਆ ਹਾਂ, ਜੋ ਸਾਡੀ ਰੂਹ ਦਾ ਹਿੱਸਾ ਹੈ ਅਤੇ ਮੈਨੂੰ ਆਪਣੇ ਲੋਕਾਂ ਨਾਲ ਮਿਲ ਕੇ ਬਹੁਤ ਖੁਸ਼ੀ ਮਿਲਦੀ ਹੈ।"

ਇਸ ਦੌਰਾਨ ਰੋਮਾਂਚਕ ਕਬੱਡੀ ਮੈਚ ਦੇਖਣ ਲਈ ਪਹੁੰਚੇ ਦਰਸ਼ਕਾਂ ਨੂੰ ਮਿਲਦਿਆਂ ਮੁੱਖ ਮੰਤਰੀ ਨੇ ਆਪਣੇ ਸੁਰੱਖਿਆ ਪ੍ਰੋਟੋਕੋਲ ਨੂੰ ਇਕ ਪਾਸੇ ਰੱਖ ਕੇ ਖਿਡਾਰੀਆਂ ਨਾਲ ਨਿੱਜੀ ਤੌਰ 'ਤੇ ਹੱਥ ਮਿਲਾਇਆ ਜੋ ਲੋਕਾਂ ਨਾਲ ਉਨ੍ਹਾਂ ਦੀ ਡੂੰਘੀ ਸਾਂਝ ਨੂੰ ਦਰਸਾਉਂਦਾ ਹੈ। ਇਸ ਮੌਕੇ ਭੀੜ ਨੇ ਜ਼ੋਰਦਾਰ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ।

ਉਨ੍ਹਾਂ ਕਿਹਾ, 'ਇਹ ਸਮਾਗਮ ਪੰਜਾਬ ਦੇ ਪ੍ਰਸਿੱਧ ਆਜ਼ਾਦੀ ਘੁਲਾਟੀਏ, ਲਾਲਾ ਲਾਜਪਤ ਰਾਏ ਦੇ ਜਨਮ ਦਿਵਸ ਦੀ ਯਾਦ ਵਿੱਚ ਕਰਵਾਏ ਟੂਰਨਾਮੈਂਟ ਦਾ ਹਿੱਸਾ ਹੈ।' ਉਨ੍ਹਾਂ ਕਿਹਾ ਕਿ ÷ਭਾਰਤੀ ਆਜ਼ਾਦੀ ਸੰਗਰਾਮ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਮਹਾਨ ਰਾਸ਼ਟਰਵਾਦੀ ਦੀ ਵਿਰਾਸਤ ਨੌਜਵਾਨਾਂ ਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।÷

ਰਵਾਇਤੀ ਲੋਕ ਸੰਗੀਤ ਅਤੇ ਜਸ਼ਨਾਂ ਦਰਮਿਆਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ "ਪੰਜਾਬ ਦੀਆਂ ਦੇਸੀ ਖੇਡਾਂ ਨੂੰ ਹੋਰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ।" ਉਨ੍ਹਾਂ ਕਿਹਾ ਕਿ "ਕਬੱਡੀ, ਬੈਲ ਗੱਡੀਆਂ ਦੀ ਦੌੜ ਅਤੇ ਹੋਰ ਰਵਾਇਤੀ ਖੇਡਾਂ ਸਿਰਫ਼ ਖੇਡਾਂ ਹੀ ਨਹੀਂ ਹਨ ਸਗੋਂ ਸਾਡੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹਨ।" ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਖੇਡਾਂ ਪੰਜਾਬੀਆਂ ਦੀ ਭਾਵਨਾ, ਤਾਕਤ ਅਤੇ ਏਕਤਾ ਨੂੰ ਦਰਸਾਉਂਦੀਆਂ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੀਆਂ ਆਈਆਂ ਹਨ।

ਖੇਡਾਂ ਨੂੰ ਹੁਲਾਰਾ ਦੇਣ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਖੇਡ ਖੇਤਰ ਵਿੱਚ ਪੰਜਾਬ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਇਹ ਰਵਾਇਤੀ ਖੇਡਾਂ ਇੱਕ ਵਾਰ ਫਿਰ ਪ੍ਰਫੁੱਲਤ ਹੋਣ ਅਤੇ ਸਾਡੇ ਪਿੰਡਾਂ ਨੌਜਵਾਨਾਂ ਨੂੰ ਚਮਕਣ ਲਈ ਪਲੇਟਫਾਰਮ ਪ੍ਰਦਾਨ ਕਰਨ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਕਿਲਾ ਰਾਏਪੁਰ ਵਿਖੇ ਹੋਣ ਵਾਲੇ ਵੱਕਾਰੀ ਮਿੰਨੀ ਓਲੰਪਿਕ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦਿਆਂ ਕਿਹਾ ਕਿ ਇਹ ਖੇਡਾਂ 31 ਜਨਵਰੀ ਤੋਂ ਸ਼ੁਰੂ ਹੋਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਕਿ 16 ਸਾਲਾਂ ਬਾਅਦ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਹੋਣਾ ਆਕਰਸ਼ਣ ਦਾ ਮੁੱਖ ਕੇਂਦਰ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਹ ਸਾਡੀਆਂ ਅਮੀਰ ਪਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਅਤੇ ਪੰਜਾਬ ਦੀ ਖੇਡ ਵਿਰਾਸਤ ਨੂੰ ਮਨਾਉਣ ਦਾ ਸੁਨਹਿਰੀ ਮੌਕਾ ਹੋਵੇਗਾ। ਉਨ੍ਹਾਂ ਐਲਾਨ ਕੀਤਾ ਕਿ ਪਿੰਡ ਢੁੱਡੀਕੇ ਦੀ ਪੰਚਾਇਤ ਵੱਲੋਂ ਉਠਾਈਆਂ ਗਈਆਂ ਸਾਰੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ ਨਵੀਂ ਸੀਵਰੇਜ ਲਾਈਨ ਵਿਛਾਉਣਾ, ਪਿੰਡ ਦੇ ਛੱਪੜ ਦਾ ਨਵੀਨੀਕਰਨ, ਇੱਕ ਆਧੁਨਿਕ ਖੇਡ ਮੈਦਾਨ ਦਾ ਵਿਕਾਸ ਅਤੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹੋਰ ਬੁਨਿਆਦੀ ਢਾਂਚਾ ਪ੍ਰਾਜੈਕਟ ਸ਼ਾਮਲ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਸਭ ਤੋਂ ਵੱਡੇ ਸਿਹਤ ਸੁਧਾਰ ਪ੍ਰੋਗਰਾਮ ਵਜੋਂ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਪੰਜਾਬ ਭਰ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਹਰ ਪੰਜਾਬੀ ਪਰਿਵਾਰ ਨੂੰ ਹੁਣ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮਿਲੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਇੱਕ ਪਰਿਵਾਰ 5 ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ, ਜਿਸ ਨੂੰ ਹੁਣ ਵਧਾ ਕੇ 10 ਲੱਖ ਰੁਪਏ ਕਰ ਦਿੱਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਬਣਾਈ ਗਈ ਇਸ ਮਹੱਤਵਪੂਰਨ ਯੋਜਨਾ ਤੋਂ ਲਗਭਗ 65 ਲੱਖ ਪਰਿਵਾਰਾਂ ਨੂੰ ਲਾਭ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਆਜ਼ਾਦੀ ਦੇ 70 ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਪੰਜਾਬ ਆਪਣੀ ਖੁਦ ਦੀ ਰਾਜਧਾਨੀ ਅਤੇ ਹਾਈ ਕੋਰਟ ਤੋਂ ਵਾਂਝਾ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਸੂਬਾ ਸਰਕਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਮੁੜ ਹਾਸਲ ਕਰਨ ਲਈ ਸਖ਼ਤ ਯਤਨ ਕਰ ਰਹੀ ਹੈ ਅਤੇ ਕਰਦੀ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਦੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਜਹਾਜ਼ ਹਾਦਸੇ ਵਿੱਚ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੈਂ ਦੁਖੀ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਦਿਲੀ ਹਮਦਰਦੀ ਸਾਂਝੀ ਕਰਦਾ ਹਾਂ। ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਸਦੀਵੀ ਸ਼ਾਂਤੀ ਦੇਵੇ ਅਤੇ ਪਰਿਵਾਰ ਨੂੰ ਇਸ ਘਾਟੇ ਨੂੰ ਸਹਿਣ ਕਰਨ ਦਾ ਬਲ ਬਖ਼ਸ਼ੇ।

ਮੁੱਖ ਮੰਤਰੀ ਦੇ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਦਵਿੰਦਰ ਸਿੰਘ ਲਾਡੀ ਢੋਸ, ਅੰਮ੍ਰਿਤਪਾਲ ਸਿੰਘ ਸੁਖਾਨੰਦ, ਅਮਨਦੀਪ ਕੌਰ ਅਤੇ ਹੋਰ ਵੀ ਮੌਜੂਦ ਸਨ।

### ਸੋਨੇ-ਚਾਂਦੀ ਦੀ ਕੀਮਤ ਨੇ ਬਣਾਇਆ

1,71,000 ਰੁਪਏ ਪ੍ਰਤੀ 10 ਗ੍ਰਾਮ ਉਤੇ ਪਹੁੰਚ ਗਿਆ।ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ - ਕਮੋਡਿਟੀਜ਼ ਸੌਮਿਲ ਗਾਂਧੀ ਨੇ ਕਿਹਾ, "ਸੋਨੇ ਅਤੇ ਚਾਂਦੀ ਦੀ ਕੀਮਤ ਵਿਚ ਇਕ ਮਜ਼ਬੂਤ ਅਤੇ ਨਿਰੰਤਰ ਵਾਧਾ ਜਾਰੀ ਹੈ, ਜਿਸ ਨਾਲ ਤੇਜੜੀਆਂ ਨੂੰ ਕੀਮਤਾਂ ਨੂੰ ਵਧਾਉਣ ਲਈ ਲਗਭਗ ਹਰ ਰੋਜ਼ ਨਵੇਂ ਉਤਪ੍ਰੇਰਕ ਮਿਲ ਰਹੇ ਹਨ।" ਉਨ੍ਹਾਂ ਕਿਹਾ ਕਿ ਇਸ ਰੁਝਾਨ ਨੂੰ ਮੁੱਖ ਤੌਰ ਉਤੇ ਭੂ-ਸਿਆਸੀ ਤਣਾਅ ਅਤੇ ਵਪਾਰ ਨਾਲ ਸਬੰਧਤ ਨਿਰੰਤਰ ਅਨਿਸ਼ਚਿਤਤਾਵਾਂ ਦਾ ਸਮਰਥਨ ਮਿਲਿਆ ਹੈ, ਜਿਸ ਨੇ ਕੀਮਤੀ ਧਾਤਾਂ ਦੀ ਸੁਰੱਖਿਅਤ ਪਨਾਹਗਾਹ ਦੀ ਮੰਗ ਨੂੰ ਵਧਾ ਦਿਤਾ ਹੈ।

### ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਬੇਅਦਬੀ

ਆਪਣੇ ਇੰਸਟਾਗ੍ਰਾਮ ਪੇਜ਼ ਦ ਜਿੰਮ ਲਵਰ ਤੇ ਮੁਸਲਿਮ ਸ਼ੇਰ ਤੇ ਜਨਤਕ ਕੀਤੀ ਸੀ।ਜਿਸ ਤੋ ਬਾਅਦ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਇਸ ਦੇ ਖਿਲਾਫ ਅੰਮ੍ਰਿਤਸਰ ਦੇ ਥਾਨਾ ਈ ਡਵੀਜਨ ਵਿਖੇ ਐਫ ਆਈ ਆਰ ਨੰਬਰ 012 ਧਾਰਾ 298 ਦੇ ਤਹਿਤ ਮਾਮਲਾ ਦਰਜ ਕੀਤਾ ਸੀ। ਸੁਬਹਾਨ ਰੰਗਰੀਜ਼ ਨੇ ਵੀਡੀਓ ਵਿਚ ਸ੍ਰੀ ਦਰਬਾਰ ਸਾਹਿਬ ਪਲਾਜਾ ਵਿਚ ਖੜਾ ਹੋ ਕੇ ਕਿਹਾ ਸੀ ਕਿ ਇਥੇ ਹਰ ਕਿਸੇ ਨੇ ਪੱਗ ਬੰਨੀ ਹੋਈ ਹੈ ਤੇ ਮੈ ਟੋਪੀ ਪਾ ਕੇ ਸ੍ਰੀ ਦਰਬਾਰ ਸਾਹਿਬ ਗਿਆ ਸੀ ਮੈਨੂੰ ਕਿਸੇ ਨੇ ਵੀ ਰੋਕ ਕੇ ਮੇਰੀ ਟੋਪੀ ਬਾਰੇ ਨਹੀ ਪੁਛਿਆ।

### ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ

ਘੱਟੋ-ਘੱਟ ਤਾਪਮਾਨ 3 ਤੋਂ 5 ਡਿਗਰੀ ਸੈਲਸੀਅਸ ਤੱਕ ਡਿੱਗ ਸਕਦਾ ਹੈ। ਮੌਸਮ ਵਿਭਾਗ ਵੱਲੋਂ ਦਿੱਤੀ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ 1 ਫਰਵਰੀ ਨੂੰ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ, ਪਟਿਆਲਾ, ਨਵਾਂਸ਼ਹਿਰ, ਕਪੂਰਥਲਾ, ਜਲੰਧਰ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਬਾਰਿਸ਼ ਦੇ ਨਾਲ-ਨਾਲ ਬਿਜਲੀ ਚਮਕਣ ਅਤੇ ਹਨ੍ਹੇਰੀ-ਤੂਫ਼ਾਨ ਦੀ ਭਵਿੱਖਬਾਣੀ ਕੀਤੀ ਗਈ ਹੈ। ਪੰਜਾਬ 'ਚ ਮੀਂਹ ਅਤੇ ਗੜੇਮਾਰੀ ਕਾਰਨ ਵੱਧ ਤੋਂ ਵੱਧ ਤਾਪਮਾਨ 3.1 ਡਿਗਰੀ ਘੱਟ ਗਿਆ ਹੈ। ਤਾਪਮਾਨ ਹੁਣ ਆਮ ਨਾਲੋਂ ਲਗਭਗ 4.9 ਡਿਗਰੀ ਘੱਟ ਹੈ, ਜਿਸ ਨਾਲ ਠੰਡ ਹੋਰ ਵੀ ਤੇਜ਼ ਹੋ ਗਈ ਹੈ। ਬਠਿੰਡਾ ਵਿੱਚ ਵੱਧ ਤੋਂ ਵੱਧ ਤਾਪਮਾਨ 18 ਡਿਗਰੀ ਦਰਜ ਕੀਤਾ ਗਿਆ, ਜਦਕਿ ਲੁਧਿਆਣਾ ਵਿੱਚ ਸਭ ਤੋਂ ਘੱਟ ਤਾਪਮਾਨ 7.7 ਡਿਗਰੀ ਦਰਜ ਕੀਤਾ ਗਿਆ।

### ਜਹਾਜ਼ ਹਾਦਸੇ 'ਚ ਮਹਾਰਾਸ਼ਟਰ ਦੇ ਉਪ

ਸਮਾਗਮ ਵਿੱਚ ਸ਼ਾਮਲ ਹੋਣ ਲਈ ਬਾਰਾਮਤੀ ਜਾ ਰਹੇ ਸਨ। ਬਾਰਾਮਤੀ ਨੂੰ ਪਵਾਰ ਪਰਿਵਾਰ ਦਾ ਚੋਣ ਗੜ੍ਹ ਮੰਨਿਆ ਜਾਂਦਾ ਹੈ ਅਤੇ ਉਹ ਇਸ ਹਲਕੇ ਤੋਂ ਵਿਧਾਇਕ ਵੀ ਸਨ। ਉਨ੍ਹਾਂ ਨੇ 2025 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਭਤੀਜੇ ਯੁਗੇਂਦਰ ਪਵਾਰ ਨੂੰ ਹਰਾਇਆ ਸੀ। ਜਹਾਜ਼ ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਸਥਾਨਕ ਲੋਕ ਸਹਾਇਤਾ ਲਈ ਪਹੁੰਚ ਗਏ ਹਨ। ਜਾਣਕਾਰੀ ਮੁਤਾਬਕ ਪਵਾਰ ਮਹਾਰਾਸ਼ਟਰ ਪੰਚਾਇਤ ਚੋਣਾਂ ਲਈ ਬਾਰਾਮਤੀ ਵਿਚ 4 ਸਭਾਵਾਂ ਨੂੰ ਸੰਬੋਧਤ ਕਰਨ ਜਾ ਰਹੇ ਸਨ। ਉਹ ਮੁੰਬਈ ਤੋਂ ਚਾਰਡਰਡ ਪਲੇਨ ਵਿਚ ਬਾਰਾਮਤੀ ਗਏ ਸਨ। ਉਥੇ ਲੈਂਡਿੰਗ ਦੌਰਾਨ ਪਲੇਨ ਰਨਵੇ ਤੋਂ ਫਿਸਲ ਗਿਆ। ਹੁਣ ਤੱਕ ਦੀ ਜਾਣਕਾਰੀ ਮੁਤਾਬਕ ਜਹਾਜ਼ ਵਿੱਚ ਅਜੀਤ ਵਪਾਰ ਨਾਲ ਉਨ੍ਹਾਂ ਦੇ ਪੀਏ, ਸੁਰੱਖਿਆ ਕਰਮਚਾਰੀ ਅਤੇ ਫਲਾਈਟ ਸਟਾਫ ਸਮੇਤ ਪੰਜ ਲੋਕਾਂ ਦੀ ਜਾਨ ਚਲੀ ਗਈ ਹੈ।

ਪਵਾਰ ਦਾ ਜਹਾਜ਼ ਹਾਦਸਾਗ੍ਰਸਤ ਹੋਣ ਤੋਂ ਬਾਅਦ ਹੋਏ ਜ਼ਬਰਦਸਤ ਧਮਾਕੇ: ਚਸ਼ਮਦੀਦਾਂ ਅਨੁਸਾਰ, ਜਹਾਜ਼ ਹਵਾ ਵਿੱਚ ਹੀ ਅਸੰਤੁਲਿਤ ਦਿਖਾਈ ਦੇ ਰਿਹਾ ਸੀ ਅਤੇ ਜਿਵੇਂ ਹੀ ਇਹ ਰਨਵੇਅ ਨੇੜੇ ਪਹੁੰਚਿਆ, ਜ਼ੋਰਦਾਰ ਧਮਾਕੇ ਨਾਲ ਜ਼ਮੀਨ 'ਤੇ ਜਾ ਡਿੱਗਿਆ। ਇਕ ਮਹਿਲਾ ਚਸ਼ਮਦੀਦ ਨੇ ਦੱਸਿਆ ਕਿ ਜਹਾਜ਼ ਨੇ ਹਵਾਈ ਅੱਡੇ ਦੇ ਉੱਪਰ ਚੱਕਰ ਲਗਾਇਆ, ਪਰ ਲੈਂਡਿੰਗ ਵੇਲੇ ਇਹ ਟੇਢਾ ਹੋ ਕੇ ਜ਼ਮੀਨ ਨਾਲ ਟਕਰਾ ਗਿਆ, ਜਿਸ ਤੋਂ ਬਾਅਦ ਲਗਾਤਾਰ ਚਾਰ-ਪੰਜ ਧਮਾਕੇ ਹੋਏ ਅਤੇ ਹਰ ਪਾਸੇ ਅੱਗ ਦੀਆਂ ਲਪਟਾਂ ਫੈਲ ਗਈਆਂ। ਫਲਾਈਟ ਰਡਾਰ ਅਨੁਸਾਰ, ਇਸ ਜਹਾਜ਼ ਨੇ ਸਵੇਰੇ 8:10 ਵਜੇ ਮੁੰਬਈ ਤੋਂ ਉਡਾਣ ਭਰੀ ਸੀ ਅਤੇ 8:45 ਵਜੇ ਇਸ ਦਾ ਰਡਾਰ ਨਾਲੋਂ ਸੰਪਰਕ ਟੁੱਟ ਗਿਆ, ਜਦਕਿ 8:50 ਵਜੇ ਇਹ ਹਾਦਸਾ ਵਾਪਰਿਆ। ਅਜੀਤ ਪਵਾਰ 5 ਫਰਵਰੀ ਨੂੰ ਹੋਣ ਵਾਲੀਆਂ ਜ਼ਿਲ੍ਹਾ ਪਰਿਸ਼ਦ ਚੋਣਾਂ ਦੇ ਪ੍ਰਚਾਰ ਲਈ ਮੁੰਬਈ ਤੋਂ ਬਾਰਾਮਤੀ ਜਾ ਰਹੇ ਸਨ। ਐੱਸਪੀ ਸੰਦੀਪ ਸਿੰਘ ਗਿੱਲ ਨੇ ਦੱਸਿਆ ਕਿ ਹਾਦਸੇ ਤੋਂ ਤੁਰੰਤ ਬਾਅਦ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਗਏ ਸਨ ਅਤੇ ਲਾਸ਼ਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ, ਜਦਕਿ ਪੁਲਿਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਜਾਂਚ ਵਿੱਚ ਜੁਟੀਆਂ ਹੋਈਆਂ ਹਨ।

### ਮਾਨ ਦੀ ਵੀਡੀਓ ਮਾਮਲੇ 'ਚ ਵੱਡੀ

ਸਕੱਤਰੇਤ ਵਿਖੇ ਪਹੁੰਚ ਕੇ ਨਿਮਰਤਾ ਨਾਲ ਆਪਣਾ ਪੱਖ ਰੱਖਿਆ ਸੀ ਅਤੇ ਇਸ ਵੀਡੀਓ ਨੂੰ ਵੀ ਨਕਲੀ ਏਆਈ ਦੀ ਤਕਨੀਕ ਰਾਹੀਂ ਬਣਾਉਂਣ ਸਬੰਧੀ ਜਥੇਦਾਰ ਨੂੰ ਕਿਹਾ ਸੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਮੁੱਖ ਮੰਤਰੀ ਮਾਨ ਨੂੰ ਇਸ ਵੀਡੀਓ ਦਾ ਸਹੀ ਸੱਚ ਸੰਗਤਾਂ ਅੱਗੇ ਲਿਆਉਂਣ ਲਈ ਇਸ ਦੀ ਫੌਰੈਂਸਿਕ ਜਾਂਚ ਲਈ 2 ਲੈਬਾਂ ਸੁਝਾਉਂਣ ਲਈ ਵੀ ਕਿਹਾ ਸੀ, ਜਿਸ ਲਈ ਮੁੱਖ ਮੰਤਰੀ ਦੇ ਦਫਤਰ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵੱਲੋਂ ਸੰਪਰਕ ਕੀਤਾ ਜਾ ਰਿਹਾ ਹੈ। ਇਸ ਦਰਮਿਆਨ ਸ਼ਿਕਾਇਤ ਕਰਨ ਵਾਲੇ ਵਿਅਕਤੀ ਵੱਲੋਂ ਸਕੱਤਰੇਤ ਨੂੰ ਵਿਦੇਸ਼ ਦੀ ਫੋਰੈਂਸਿਕ ਜਾਂਚ ਦੀ ਜੋ ਰਿਪੋਰਟ ਭੇਜੀ ਗਈ ਹੈ, ਉਸ ਦੀ ਪੁਸ਼ਟੀ ਲਈ ਵੀ ਸਕੱਤਰੇਤ ਵੱਲੋਂ ਸਬੰਧਤ ਲੈਬ ਨੂੰ ਇਕ ਪੱਤਰ ਲਿਖ ਕੇ ਇਸ ਦੀ ਅਧਿਕਾਰਤ ਜਾਣਕਾਰੀ ਮੰਗਣ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ।

### ਪਰਲਜ਼ ਗਰੁੱਪ ਧੋਖਾਧੜੀ ਕੇਸ ਵਿੱਚ

ਅਤੇ ਉਨ੍ਹਾਂ ਨੂੰ ਸਮਝੌਤੇ, ਪਾਵਰ ਆਫ਼ ਅਟਾਰਨੀ ਅਤੇ ਹੋਰ ਸਾਧਨਾਂ ਸਮੇਤ ਗੁਮਰਾਹਕੁੰਨ ਦਸਤਾਵੇਜ਼ਾਂ ਉਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਸੀ। ਏਜੰਸੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ਿਆਦਾਤਰ ਮਾਮਲਿਆਂ 'ਚ ਕੋਈ ਜ਼ਮੀਨ ਨਹੀਂ ਦਿਤੀ ਗਈ ਅਤੇ ਲਗਭਗ 48,000 ਕਰੋੜ ਰੁਪਏ ਨਿਵੇਸ਼ਕਾਂ ਨੂੰ ਅਦਾ ਨਹੀਂ ਕੀਤੇ ਗਏ। ਇਸ ਯੋਜਨਾ ਵਿਚ ਧੋਖਾਧੜੀ ਨੂੰ ਲੁਕਾਉਣ ਅਤੇ ਗੈਰਕਾਨੂੰਨੀ ਲਾਭ ਪੈਦਾ ਕਰਨ ਲਈ ਕਈ ਫਰੰਟ ਇਕਾਈਆਂ ਅਤੇ ਰਿਵਰਸ ਸੇਲ ਲੈਣ-ਦੇਣ ਦੀ ਵਰਤੋਂ ਸ਼ਾਮਲ ਸੀ। ਪੀ.ਏ.ਸੀ.ਐਲ. ਅਤੇ ਇਸ ਦੇ ਸਹਿਯੋਗੀਆਂ ਵਲੋਂ ਵੱਡੇ ਪੱਧਰ ਉਤੇ ਵਿੱਤੀ ਧੋਖਾਧੜੀ ਦੀ ਜਾਂਚ ਤੋਂ ਬਾਅਦ ਅਚੱਲ ਜਾਇਦਾਦ ਦੀ ਕੁਰਕੀ ਕੀਤੀ ਗਈ। ਕੇਂਦਰੀ ਜਾਂਚ ਬਿਊਰੋ ਨੇ ਭਾਰਤੀ ਦੰਡਾਵਲੀ ਦੀ ਧਾਰਾ 120-ਬੀ ਅਤੇ 420 ਤਹਿਤ ਧੋਖਾਧੜੀ ਅਤੇ ਅਪਰਾਧਕ ਸਾਜ਼ਸ਼ ਨਾਲ ਸਬੰਧਤ ਕੇਸ ਦਰਜ ਕੀਤਾ ਸੀ। ਜਾਂਚ ਵਿਚ ਪਾਇਆ ਗਿਆ ਕਿ ਬੇਸ਼ੱਕ ਨਿਵੇਸ਼ਕਾਂ ਤੋਂ ਇਕੱਠੇ ਕੀਤੇ ਗਏ ਫੰਡ ਵੱਖ-ਵੱਖ ਸਬੰਧਤ ਅਤੇ ਗੈਰ-ਸਬੰਧਤ ਸੰਸਥਾਵਾਂ ਰਾਹੀਂ ਭੇਜੇ ਗਏ ਸਨ ਅਤੇ ਆਖਰਕਾਰ ਮਰਹੂਮ ਨਿਰਮਲ ਸਿੰਘ ਭੰਗੂ, ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਸਹਿਯੋਗੀਆਂ ਅਤੇ ਮੈਸਰਜ਼ ਪੀ.ਏ.ਸੀ.ਐਲ. ਦੀਆਂ ਸਬੰਧਤ ਸੰਸਥਾਵਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕੀਤੇ ਗਏ ਸਨ। ਬਾਅਦ ਵਿਚ ਇਨ੍ਹਾਂ ਫੰਡਾਂ ਦੀ ਵਰਤੋਂ ਉਨ੍ਹਾਂ ਦੇ ਨਾਮ ਉਤੇ ਅਚੱਲ ਜਾਇਦਾਦਾਂ ਦੀ ਪ੍ਰਾਪਤੀ ਲਈ ਕੀਤੀ ਗਈ।

### ਪੁਲਿਸ ਵੱਲੋਂ ਸੁਰੱਖਿਆ ਹਟਾਏ ਜਾਣ ਤੋਂ ਬਾਅਦ

ਰਣਦੀਪ ਸਿੰਘ ਬੇਦੀ ਨੂੰ ਗੰਨਮੈਨ ਵੀ ਦਿੱਤੇ ਸਨ। ਪਰ ਕੁਝ ਦਿਨਾਂ ਤੋਂ ਉਸ ਦੇ ਗੰਨਮੈਨ ਹਟਾਏ ਜਾਣ ਦੀ ਜਾਣਕਾਰੀ ਮਿਲੀ ਹੈ। ਜਾਣਕਾਰੀ ਅਨੁਸਾਰ ਰਣਦੀਪ ਸਿੰਘ ਬੇਦੀ ਜਦੋਂ ਜੌੜੀਆਂ ਬਜ਼ਾਰ ਸਥਿਤ ਆਪਣੀ ਦੁਕਾਨ ਖੋਲ ਰਹੇ ਸਨ ਤਾਂ ਹਮਲਾਵਰਾਂ ਨੇ ਗੋਲੀਆ ਮਾਰਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਘਟਨਾ ਸਥਾਨ 'ਤੇ ਚੱਲੇ ਚਾਰ ਖੋਲ ਬਰਾਮਦ ਕੀਤੇ ਹਨ। ਡੀ.ਐੱਸ.ਪੀ. ਜੋਗਾ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਮੁਲਾਜ਼ਮਾਂ ਨੂੰ ਜਲਦ ਕਾਬੂ ਕਰਨ ਕੀਤੇ ਜਾਣ ਬਾਰੇ ਕਿਹਾ। ਦੱਸਣਯੋਗ ਹੈ ਕਿ ਕਰੀਬ ਛੇ-ਸੱਤ ਮਹੀਨੇ ਪਹਿਲਾਂ ਇੱਥੋਂ ਦੇ ਇੱਕ ਕਰਿਆਨਾ ਸਟੋਰ ਮਾਲਕ ਦੀ ਵੀ ਗੈਂਗਸਟਰਾ ਵੱਲੋਂ ਫਿਰੌਤੀ ਲਈ ਗੋਲੀਆਂ ਚਲਾ ਕੇ ਹੱਤਿਆ ਕੀਤੀ ਗਈ ਸੀ। ਉਸ ਦੀ ਵੀ ਕਰੀਬ ਤਿੰਨ ਦਿਨ ਪਹਿਲਾਂ ਸੁਰੱਖਿਆ ਹਟਾਈ ਗਈ ਸੀ। ਘਟਨਾ ਤੋਂ ਬਾਅਦ ਪੁਲਿਸ ਨੇ ਬੇਦੀ ਮੈਡੀਕਲ ਸਟੋਰ ਮਾਲਕ ਨੂੰ ਗੰਨਮੈਨ ਦਿੱਤੇ ਸਨ, ਪਰ ਕੁਝ ਦਿਨ ਪਹਿਲਾਂ ਹੀ ਵਾਪਸ ਲੈ ਲਏ ਗਏ ਸਨ।

### ਡੀ.ਜੀ.ਪੀ. ਗੌਰਵ ਯਾਦਵ ਦੀ ਹਾਈਕੋਰਟ

ਕੀਤਾ ਜਾਵੇ। ਇਸ ਤੋਂ ਇਲਾਵਾ ਪੰਜਾਬ 'ਚ ਬਦਮਾਸ਼ਾਂ ਦੇ ਫੈਲ ਰਹੇ ਗੈਂਗਸਟਰ ਬਾਰੇ ਵੀ ਯਾਦਵ ਨੂੰ ਸਵਾਲ ਕੀਤੇ ਗਏ ਹਨ। ਕੋਰਟ ਨੇ ਕਿਹਾ ਕਿ ਰੋਜ਼ ਕਤਲ ਹੋ ਰਹੇ ਹਨ, ਸੈਂਕੜੇ ਜਾਂ ਹਜ਼ਾਰਾਂ ਦੀ ਭੀੜ ਵਿਚ ਦੋ ਲੋਕ ਆਉਂਦੇ ਹਨ ਤੇ ਕਤਲ ਕਰਕੇ ਫਰਾਰ ਹੋ ਜਾਂਦੇ ਹਨ ਤੇ ਪੁਲਿਸ ਉਨ੍ਹਾਂ ਨੂੰ ਫੜ ਤੱਕ ਨਹੀਂ ਪਾਉਂਦੀ। ਨਾਮੀ ਬਦਮਾਸ਼ ਦੀ ਜੇਲ੍ਹ 'ਚ ਹੋਈ ਇੰਟਰਵਿਊ ਨੂੰ ਲੈ ਕੇ ਕਲਾਸ ਲਗਾਈ ਗਈ। ਡੀ.ਜੀ.ਪੀ. ਨੇ ਦਲੀਲ ਦਿੱਤੀ ਕਿ ਪੰਜਾਬ ਵਿਚ ਅਪਰਾਧ ਹੋਰਨਾਂ ਸੂਬਿਆਂ ਦੀ ਤੁਲਨਾ ਵਿਚ ਘੱਟ ਹੈ। ਇਸ 'ਤੇ ਹਾਈਕੋਰਟ ਨੇ ਕਿਹਾ ਕਿ ਪੰਜਾਬ ਇਕ ਸਰਹੱਦੀ ਸੂਬਾ ਹੈ,ਅਜਿਹੇ ਵਿਚ ਇਸ ਦੀ ਤੁਲਨਾ ਹੋਰਨਾਂ ਸੂਬਿਆਂ ਤੋਂ ਨਹੀਂ ਕੀਤੀ ਜਾ ਸਕਦੀ। ਅਦਾਲਤ ਨੇ ਡੀ.ਜੀ.ਪੀ. ਤੋਂ ਪੁੱਛਿਆ ਕਿ ਫਿਰੌਤੀ ਵਜੋਂ ਮੰਗੇ ਜਾ ਰਹੇ ਪੈਸਿਆਂ ਨੂੰ ਟ੍ਰੇਸ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਇਹ ਪੈਸਾ ਕਿਥੇ ਜਾ ਰਿਹਾ ਹੈ ਤੇ ਉਸ ਦਾ ਰਸਤਾ ਕੀ ਹੈ। ਹਾਈਕੋਰਟ ਨੇ ਕਿਹਾ ਕਿ ਹਰ ਰੋਜ਼ ਕਰੋੜਾਂ ਰੁਪਏ ਜਾ ਰਹੇ ਹਨ, ਇਸ 'ਤੇ ਕੀ ਜਾਂਚ ਹੋ ਰਹੀ ਹੈ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਵਿਚ ਈ.ਡੀ. ਨੂੰ ਵੀ ਧਿਆਨ ਦੇਣ ਦੀ ਲੋੜ ਹੈ। ਡੀ.ਜੀ.ਪੀ. ਪੰਜਾਬ ਨੇ ਦੱਸਿਆ ਕਿ ਕਈ ਘਟਨਾਵਾਂ ਵਿਚ ਪਾਕਿਸਤਾਨ ਦਾ ਹੱਥ ਸਾਹਮਣੇ ਆਇਆ ਹੈ। ਹਾਈਕੋਰਟ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਗੈਂਗਸਟਰਾਂ ਨੂੰ ਪ੍ਰਮੋਟ ਕਰਨ ਵਾਲੇ ਵੀਡੀਓ ਹਟਾਉਣ ਤੇ ਉਨ੍ਹਾਂ ਦੇ ਯੂ.ਆਰ.ਐਲ. ਬਲਾਕ ਕਰਨ ਦੇ ਹੁਕਮ ਵੀ ਦਿੱਤੇ। ਹਾਈਕੋਰਟ ਨੇ ਡੀ.ਜੀ.ਪੀ. ਨੂੰ ਇਕ ਹਫਤੇ ਦੇ ਅੰਦਰ ਨਵਾਂ ਹਲਫਨਾਮਾ ਦਾਖਲ ਕਰਨ ਦਾ ਨਿਰਦੇਸ਼ ਦਿੱਤਾ ਜਿਸ ਵਿਚ ਜਾਣਕਾਰੀ ਦੇਣੀ ਹੋਵੇਗੀ ਕਿ ਕਿੰਨੀਆਂ ਘਟਨਾਵਾਂ ਵਿਚ ਸੀ.ਸੀ.ਟੀਵੀ, ਮੋਬਾਈਲ ਜਾਂ ਹੋਰ ਕੈਮਰਿਆਂ ਵਿਚ ਸ਼ੂਟਰ ਕੈਦ ਹੋਏ। ਇਨ੍ਹਾਂ ਘਟਨਾਵਾਂ ਦੇ ਬਾਅਦ ਕਿੰਨੀਆਂ ਗ੍ਰਿਫਤਾਰੀਆਂ ਹੋਈਆਂ।

### ਮੋਹਾਲੀ ਦੇ ਐਸ.ਐਸ.ਪੀ.

ਕਰ ਦਿੱਤੇ ਗਏ ਅਤੇ ਕੁਝ ਸਮੇਂ ਲਈ ਕਿਸੇ ਵੀ ਵਿਅਕਤੀ ਨੂੰ ਅੰਦਰ ਜਾਂ ਬਾਹਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਪੁਲਿਸ ਵਲੋਂ ਮੌਕੇ ਤੋਂ ਸਬੂਤ ਇਕੱਠੇ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ,ਜਦਕਿ ਫਰਾਰ ਹਮਲਾਵਰਾਂ ਦੀ ਭਾਲ ਲਈ ਨਾਕਾਬੰਦੀ ਕਰ ਦਿੱਤੀ ਗਈ ਹੈ। ਘਟਨਾ ਦੇ ਕਾਰਨਾਂ ਅਤੇ ਹਮਲਾਵਰਾਂ ਦੀ ਪਛਾਣ ਬਾਰੇ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਮੋਹਾਲੀ ਐਸ.ਐਸ.ਪੀ. ਦਫ਼ਤਰ ਦੇ ਬਾਹਰ ਕਤਲ ਮਾਮਲੇ 'ਤੇ ਪੁਲਿਸ ਨੇ ਕਿਹਾ ਕਿ ਇਹ ਵਿਅਕਤੀ 4 ਕਿੱਲੋ ਅਫ਼ੀਮ ਮਾਮਲੇ 'ਚ ਪੇਸ਼ੀ 'ਤੇ ਆਇਆ ਸੀ।


**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972


# ਵਪਾਰ ਸਮਝੌਤੇ ਵਿੱਚ ਭਾਰਤ ਸਿਖ਼ਰ 'ਤੇ ਰਿਹਾ: ਟਰੰਪ ਪ੍ਰਸ਼ਾਸਨ

ਨਿਊਯਾਰਕ, 28 ਜਨਵਰੀ (ਚ.ਨ.ਸ.) : ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗ੍ਰੀਰ ਨੇ ਯੂਰਪੀ ਸੰਘ (ਈ.ਯੂ.) ਨਾਲ ਹੋਏ ਵਪਾਰਕ ਸਮਝੌਤੇ 'ਤੇ ਟਰੰਪ ਪ੍ਰਸ਼ਾਸਨ ਦੀ ਪਹਿਲੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਭਾਰਤ ਇਸ ਸਮਝੌਤੇ ਵਿੱਚ ਸਿਖਰ 'ਤੇ ਰਿਹਾ ਹੈ ਅਤੇ ਇਸ ਨਾਲ ਭਾਰਤ ਦੇ ਬਹੁਤ ਵਧੀਆ ਦਿਨ ਆਉਣ ਵਾਲੇ ਹਨ। ਗ੍ਰੀਰ ਮੰਗਲਵਾਰ ਨੂੰ ਭਾਰਤ ਅਤੇ ਯੂਰਪੀ ਸੰਘ ਵਿਚਕਾਰ ਹੋਏ ਇਸ ਮੁਕਤ ਵਪਾਰ ਸਮਝੌਤੇ,ਜਿਸ ਨੂੰ 'ਸਾਰੇ ਸਮਝੌਤਿਆਂ ਦੀ ਮਾਂ' ਕਿਹਾ ਜਾ ਰਿਹਾ ਹੈ,ਬਾਰੇ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ। ਫੌਕਸ ਬਿਜ਼ਨਸ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਕਿਹਾ,'ਮੈਂ ਹੁਣ ਤੱਕ ਸਮਝੌਤੇ ਦੇ ਕੁਝ ਵੇਰਵਿਆਂ ਨੂੰ ਦੇਖਿਆ ਹੈ। ਮੈਨੂੰ ਲੱਗਦਾ ਹੈ ਕਿ ਸਪੱਸ਼ਟ ਤੌਰ 'ਤੇ ਭਾਰਤ ਇਸ ਵਿੱਚ ਸਿਖਰ 'ਤੇ ਆਇਆ ਹੈ। ਉਨ੍ਹਾਂ ਨੂੰ ਯੂਰਪ ਵਿੱਚ ਵਧੇਰੇ ਮਾਰਕੀਟ ਪਹੁੰਚ ਮਿਲੀ ਹੈ।' ਗ੍ਰੀਰ ਨੇ ਅੱਗੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਭਾਰਤ ਨੂੰ ਕੁਝ ਵਾਧੂ ਇਮੀਗ੍ਰੇਸ਼ਨ ਅਧਿਕਾਰ ਵੀ ਮਿਲੇ ਹਨ ਅਤੇ ਯੂਰਪੀ ਸੰਘ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ ਨੇ ਭਾਰਤੀ ਕਾਮਿਆਂ ਦੀ ਯੂਰਪ ਵਿੱਚ ਗਤੀਸ਼ੀਲਤਾ ਬਾਰੇ ਗੱਲ ਕੀਤੀ ਹੈ,ਜਿਸ ਨਾਲ ਘੱਟ ਲਾਗਤ ਵਾਲੀ ਲੇਬਰ ਵਾਲੇ ਭਾਰਤ ਨੂੰ ਵੱਡਾ ਫਾਇਦਾ ਹੋਵੇਗਾ।

# ਪੇਡਾ ਵੱਲੋਂ ਊਰਜਾ ਸੰਭਾਲ ਖੇਤਰ 'ਚ ਖੋਜ ਤੇ ਵਿਕਾਸ ਪ੍ਰੋਜੈਕਟਾਂ ਲਈ ਅਕਾਦਮਿਕ ਸੰਸਥਾਵਾਂ ਨਾਲ ਸਮਝੌਤੇ ਸਹੀਬੱਧ

## ਇਹ ਸਮਝੌਤੇ ਇਮਾਰਤਾਂ, ਉਦਯੋਗਾਂ ਤੇ ਜਨਤਕ ਬੁਨਿਆਦੀ ਢਾਂਚੇ 'ਚ ਊਰਜਾ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਊਰਜਾ ਸੰਭਾਲ ਦੇ ਖੇਤਰ ਵਿੱਚ ਖੋਜ ਨੂੰ ਕਰਨਗੇ ਉਤਸ਼ਾਹਿਤ : ਅਰੋੜਾ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਸੂਬੇ ਵਿੱਚ ਟਿਕਾਊ ਤੇ ਕੁਸ਼ਲ ਊਰਜਾ ਅਧਾਰਿਤ ਭਵਿੱਖ ਯਕੀਨੀ ਬਣਾਉਣ ਲਈ ਊਰਜਾ ਸੰਭਾਲ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅਹਿਮ ਕਦਮ ਚੁੱਕਦਿਆਂ, ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਖੋਜ ਅਤੇ ਵਿਕਾਸ (ਆਰ ਐਂਡ ਡੀ) ਪ੍ਰੋਜੈਕਟ ਸ਼ੁਰੂ ਕਰਨ ਲਈ ਉੱਘੀਆਂ ਅਕਾਦਮਿਕ ਸੰਸਥਾਵਾਂ ਨਾਲ ਦੋ ਸਮਝੌਤੇ ਸਹੀਬੱਧ ਕੀਤੇ ਹਨ। ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਮਾਰਤਾਂ, ਉਦਯੋਗਾਂ ਤੇ ਜਨਤਕ ਬੁਨਿਆਦੀ ਢਾਂਚੇ ਵਿੱਚ ਊਰਜਾ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਊਰਜਾ ਸੰਭਾਲ ਦੇ ਖੇਤਰ 'ਚ ਖੋਜ ਨੂੰ ਉਤਸ਼ਾਹਿਤ ਕਰਨ ਲਈ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਤੇ ਭਾਈ ਗੁਰਦਾਸ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਸੰਗਰੂਰ ਨਾਲ ਸਮਝੌਤੇ ਸਹੀਬੱਧ ਕੀਤੇ ਗਏ ਹਨ। ਪੇਡਾ ਨੂੰ ਇਹਨਾਂ ਸਮਝੌਤਿਆਂ ਲਈ ਵਧਾਈ ਦਿੰਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਹਨਾਂ ਸਮਝੌਤਿਆਂ ਦਾ ਉਦੇਸ਼ ਪੰਜਾਬ ਵਿੱਚ ਊਰਜਾ ਦੀ ਖਪਤ ਨੂੰ ਘਟਾਉਣ ਤੇ ਕੁਸ਼ਲਤਾ ਵਿੱਚ ਵਾਧਾ ਕਰਨ ਲਈ ਨਵੀਨਤਾ, ਖੋਜ ਤੇ ਵਿਹਾਰਕ ਹੱਲਾਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ, ਵਿਦਿਅਕ ਸੰਸਥਾਵਾਂ ਤੇ ਵਿਦਿਆਰਥੀਆਂ ਦਰਮਿਆਨ ਮਜ਼ਬੂਤ ਸਹਿਯੋਗ ਪੈਦਾ ਕਰਨਾ ਹੈ। ਇਸ ਪਹਿਲਕਦਮੀ ਦੇ ਤਹਿਤ ਇੰਜੀਨੀਅਰਿੰਗ ਕਾਲਜਾਂ, ਯੂਨੀਵਰਸਿਟੀਆਂ ਤੇ ਤਕਨੀਕੀ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਊਰਜਾ ਸਬੰਧੀ ਖੋਜਾਂ, ਖੇਤਰੀ ਅਧਿਐਨ, ਤਕਨਾਲੋਜੀ ਵਿਕਾਸ ਤੇ ਪਾਇਲਟ ਪ੍ਰੋਜੈਕਟਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦਾ ਬਿਹਤਰ ਮੌਕਾ ਪ੍ਰਦਾਨ ਕੀਤਾ ਜਾਵੇਗਾ।



ਅਰੋੜਾ ਨੇ ਕਿਹਾ ਕਿ ਇਹਨਾਂ ਸਮਝੌਤਿਆਂ 'ਤੇ ਪੇਡਾ ਦੀ ਸੀਈਓ ਨੀਲਿਮਾ ਵੱਲੋਂ ਦਸਤਖਤ ਕੀਤੇ ਗਏ ਹਨ ਅਤੇ ਇਹ ਸਮਝੌਤੇ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ, ਤਕਨੀਕੀ ਹੁਨਰ ਵਿੱਚ ਵਾਧਾ ਕਰਨ ਤੇ ਵਿਦਿਆਰਥੀਆਂ ਵਿੱਚ ਊਰਜਾ ਸੰਭਾਲ ਤੇ ਸਥਾਈ ਵਿਕਾਸ ਬਾਰੇ ਜਾਗਰੂਕਤਾ ਪੈਦਾ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਸਮਝੌਤਿਆਂ ਤਹਿਤ ਸ਼ੁਰੂ ਕੀਤੇ ਜਾਣ ਵਾਲੇ ਖੋਜ ਅਤੇ ਵਿਕਾਸ ਪ੍ਰੋਜੈਕਟ ਸੂਬੇ ਭਰ ਵਿੱਚ ਇਮਾਰਤਾਂ, ਉਦਯੋਗਾਂ ਤੇ ਜਨਤਕ ਥਾਵਾਂ ਵਿੱਚ ਊਰਜਾ ਕੁਸ਼ਲਤਾ ਨੂੰ ਵਧਾਉਣ, ਗਰੀਨ ਤਕਨਾਲੋਜੀਆਂ ਤੇ ਬਿਹਤਰ ਅਭਿਆਸਾਂ ਨੂੰ ਉਤਸ਼ਾਹਿਤ ਕਰਨ, ਲੰਬੇ ਸਮੇਂ ਦੀ ਊਰਜਾ ਯੋਜਨਾਬੰਦੀ ਲਈ ਨੀਤੀਆਂ ਬਣਾਉਣ ਤੇ ਊਰਜਾ ਲਾਗਤਾਂ ਤੇ ਕਾਰਬਨ ਦੇ ਨਿਕਾਸ ਨੂੰ ਘਟਾਉਣ 'ਤੇ ਕੇਂਦ੍ਰਤ ਹੋਣਗੇ। ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਊਰਜਾ ਕੁਸ਼ਲਤਾ ਤੇ ਸਥਾਈ ਵਿਕਾਸ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਜੋ ਪੰਜਾਬ ਨੂੰ ਊਰਜਾ ਦੀ ਸੁਚੱਜੀ ਵਰਤੋਂ ਲਈ ਇੱਕ ਮਾਡਲ ਸੂਬਾ ਬਣਾਉਣ ਵੱਲ ਅਹਿਮ ਕਦਮ ਹੈ। ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਕਿਹਾ ਕਿ ਇਹ ਸਹਿਯੋਗ ਪੰਜਾਬ ਦੇ ਊਰਜਾ ਸੰਭਾਲ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੇ ਨਾਲ ਨਾਲ ਵਿਦਿਆਰਥੀਆਂ ਤੇ ਸੰਸਥਾਵਾਂ ਨੂੰ ਸੂਬੇ ਦੀ ਸਾਫ਼-ਸੁਥਰੀ ਊਰਜਾ ਵੱਲ ਤਬਦੀਲੀ ਵਿੱਚ ਅਹਿਮ ਯੋਗਦਾਨ ਪਾਉਣ ਲਈ ਤਿਆਰ ਕਰਨਗੇ। ਇਹ ਪਹਿਲਕਦਮੀ ਨਵੀਨਤਾ ਅਤੇ ਖੋਜ ਨੂੰ ਉਤਸ਼ਾਹਿਤ ਕਰਕੇ, ਵਿਦਿਆਰਥੀਆਂ ਤੇ ਫੈਕਲਟੀ ਦੀ ਸਮਰੱਥਾ ਵਿੱਚ ਵਾਧਾ ਕਰੇਗੀ ਤੇ ਸਾਫ਼-ਸੁਥਰੇ ਵਾਤਾਵਰਣ ਲਈ ਕਾਰਬਨ ਦੇ ਨਿਕਾਸ ਨੂੰ ਘਟਾ ਕੇ ਪੰਜਾਬ ਲਈ ਲਾਹੇਵੰਦ ਸਾਬਤ ਹੋਵੇਗੀ।

# ਜੀ.ਐਨ.ਡੀ.ਯੂ. 'ਚ ਅੰਗਰੇਜ਼ੀ ਦੇ ਨਾਲ ਪੰਜਾਬੀ ਵੀ ਬਣੀ ਖੋਜ ਦੀ ਭਾਸ਼ਾ

ਚੰਡੀਗੜ੍ਹ/ ਅੰਮ੍ਰਿਤਸਰ, 28 ਜਨਵਰੀ (ਚ.ਨ.ਸ.): ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐਨ.ਡੀ.ਯੂ.), ਅੰਮ੍ਰਿਤਸਰ ਨੇ ਪੰਜਾਬੀ-ਫਸਟ ਐਜੂਕੇਸ਼ਨ, ਰੀਸਰਚ ਐਂਡ ਗਵਰਨੈਂਸ ਪਾਲਿਸੀ 2026 ਨੂੰ ਮਨਜ਼ੂਰੀ ਦੇ ਕੇ ਇੱਕ ਇਤਿਹਾਸਕ ਅਤੇ ਲੋਕ-ਕੇਂਦ੍ਰਿਤ ਕਦਮ ਚੁੱਕਿਆ ਹੈ, ਜਿਸ ਤਹਿਤ ਵਿਸ਼ਵਵਿਆਪੀ ਅਕਾਦਮਿਕ ਮਿਆਰਾਂ ਨਾਲ ਸਮਝੌਤਾ ਕੀਤੇ ਬਗੈਰ ਪੰਜਾਬੀ (ਗੁਰਮੁਖੀ) ਨੂੰ ਉਚੇਰੀ ਸਿੱਖਿਆ ਦੇ ਕੇਂਦਰ ਵਿੱਚ ਰੱਖਿਆ ਗਿਆ ਹੈ। ਇਸ ਫੈਸਲੇ ਦਾ ਐਲਾਨ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਸ ਨੀਤੀ ਦਾ ਉਦੇਸ਼ ਉਚੇਰੀ ਸਿੱਖਿਆ ਨੂੰ ਸਮਾਜ ਨਾਲ ਮੁੜ ਜੋੜਨਾ ਅਤੇ ਵਿਦਿਆਰਥੀਆਂ ਲਈ ਉਸ ਭਾਸ਼ਾ ਵਿੱਚ ਸਿੱਖਣ ਦੀ ਸਹੂਲਤ ਦੇਣਾ ਹੈ ਜਿਸ ਨੂੰ ਉਹ ਸਭ ਤੋਂ ਵਧੀਆ ਢੰਗ ਨਾਲ ਸਮਝਦੇ ਹਨ।

ਅਜਿਹੇ ਸਮੇਂ ਜਦੋਂ ਉਚੇਰੀ ਸਿੱਖਿਆ ਕਾਫ਼ੀ ਹੱਦ ਤੱਕ ਸਮਾਜ ਤੋਂ ਨਿੱਖੜ ਕੇ ਰਹਿ ਗਈ ਹੋਵੇ, ਇਹ ਨੀਤੀ ਯੂਨੀਵਰਸਿਟੀਆਂ ਨੂੰ ਸਥਾਨਕ ਲੋਕਾਂ ਦੀ ਭਾਸ਼ਾ ਨਾਲ ਮੁੜ ਜੋੜਨ ਦੀ ਕੋਸ਼ਿਸ਼ ਕਰਦੀ ਹੈ। ਜੀ.ਐਨ.ਡੀ.ਯੂ. ਵੱਲੋਂ ਇਸ ਨੀਤੀ ਦੀ ਪੇਸ਼ਕਸ਼ ਦੇ ਨਾਲ ਪ੍ਰਮੁੱਖ ਖੋਜ ਕਾਰਜ - ਜਿਵੇਂ ਕਿ ਪੀਐਚਡੀ ਥੀਸਸ, ਖੋਜ ਨਿਬੰਧ (ਡੈਜ਼ਰਟੇਸ਼ਨਜ਼), ਪ੍ਰੋਜੈਕਟ ਰਿਪੋਰਟਾਂ ਅਤੇ ਫੰਡਿਡ ਰਿਸਰਚ ਆਊਟਪੁੱਟਜ਼ - ਪ੍ਰਾਇਮਰੀ ਅਕਾਦਮਿਕ ਭਾਸ਼ਾ (ਆਮ ਤੌਰ 'ਤੇ ਅੰਗਰੇਜ਼ੀ) ਅਤੇ ਪੰਜਾਬੀ (ਗੁਰਮੁਖੀ) ਦੋਵਾਂ ਵਿੱਚ ਜਮ੍ਹਾਂ ਕਰਨਾ ਲਾਜ਼ਮੀ ਹੋਵੇਗਾ।

ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਕਦਮ ਜਿੰਨਾ ਸਰਲ ਹੈ, ਓਨਾ ਹੀ ਸਮਰੱਥਾਵਾਨ ਵੀ ਹੈ: ਪੰਜਾਬ ਵਿੱਚ ਜਨਮੀ ਸਿੱਖਿਆ ਨਾ ਸਿਰਫ਼ ਵਿਸ਼ਵ ਪੱਧਰ ਤੇ ਸਗੋਂ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ, ਨੀਤੀ ਘਾੜਿਆਂ ਅਤੇ ਨਾਗਰਿਕਾਂ ਲਈ ਵੀ ਪਹੁੰਚਯੋਗ ਹੋਣੀ ਚਾਹੀਦੀ ਹੈ।

**ਵਿਸ਼ਵ ਪੱਧਰੀ ਗਿਆਨ ਤੇ ਸਥਾਨਕ ਪਹੁੰਚ:** ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬੀ ਭਾਸ਼ਾ ਵਿੱਚ ਜਮ੍ਹਾਂ ਕਰਵਾਏ ਜਾਣ ਵਾਲੇ ਅਕਾਦਮਿਕ ਪ੍ਰਾਜੈਕਟ ਸਿਰਫ਼ ਦਿਖਾਵੇ ਵਜੋਂ ਨਹੀਂ ਹੋਣਗੇ, ਸਗੋਂ ਉਨ੍ਹਾਂ ਦਾ ਅਕਾਦਮਿਕ ਤੌਰ 'ਤੇ ਸਹੀ, ਮੂਲ ਖੋਜ ਪ੍ਰਤੀ ਕੇਂਦਰਿਤ ਹੋਣ ਅਤੇ ਸਪੱਸ਼ਟਤਾ ਤੇ ਸ਼ੁੱਧਤਾ ਲਈ ਮੁਲਾਂਕਣ ਕੀਤਾ ਜਾਵੇਗਾ। ਜਿਥੇ ਰਿਸਰਚ ਕੁਆਲਿਟੀ ਦਾ ਮੁਲਾਂਕਣ ਮੁੱਖ ਤੌਰ 'ਤੇ ਅਕਾਦਮਿਕ ਪ੍ਰਾਜੈਕਟ ਜਮ੍ਹਾਂ ਕਰਵਾਉਣ ਲਈ ਲਾਗੂ ਮੁੱਖ ਭਾਸ਼ਾ ਵਿੱਚ ਹੀ ਕੀਤਾ ਜਾਂਦਾ ਰਹੇਗਾ, ਉਥੇ ਹੀ ਪੰਜਾਬੀ ਭਾਸ਼ਾ ਵਿੱਚ ਜਮ੍ਹਾਂ ਕਰਵਾਇਆ ਜਾਣ ਵਾਲਾ ਕੰਮ ਇਹ ਯਕੀਨੀ ਬਣਾਏਗਾ ਕਿ ਵਿਚਾਰਾਂ, ਇਨੋਵੇਸ਼ਨਜ਼ ਅਤੇ ਖੋਜ ਕਾਰਜਾਂ ਨੂੰ ਭਾਸ਼ਾ ਸਬੰਧੀ ਰੁਕਾਵਟਾਂ ਦਾ ਸਾਹਮਣਾ ਨਾ ਕਰਨਾ ਪਵੇ। ਇਥੇ ਮਹੱਤਵਪੂਰਨ ਗੱਲ ਇਹ ਹੈ ਕਿ ਜਦੋਂ ਤੱਕ ਅਰਥ ਅਤੇ ਸ਼ੁੱਧਤਾ ਨੂੰ ਕਾਇਮ ਰਹੇਗੀ,ਪੰਜਾਬੀ ਰਾਈਟਿੰਗ ਵਿੱਚ ਲਿਖਣ ਦੇ ਅੰਦਾਜ਼ ਲਈ ਵਿਦਿਆਰਥੀਆਂ ਨਾਲ ਕਿਸੇ ਵੀ ਤਰ੍ਹਾਂ ਨਾਲ ਭੇਦਭਾਵ ਨਹੀਂ ਕੀਤਾ ਜਾਵੇਗਾ। ਇਸ ਨੀਤੀ ਤਹਿਤ ਸਿੱਖਣ, ਸ਼ਮੂਲੀਅਤ ਅਤੇ ਵਿਸ਼ਵਾਸ ਨੂੰ ਵਿਸ਼ੇਸ਼ ਤਵੱਜੋਂ ਦਿੰਦਿਆਂ ਭਾਸ਼ਾਈ ਭੇਦਭਾਵ ਨੂੰ ਦੂਰ ਰੱਖਿਆ ਗਿਆ ਹੈ।

**ਇਹ ਵਿਦਿਆਰਥੀਆਂ ਅਤੇ ਪੰਜਾਬ ਲਈ ਕਿਉਂ ਮਾਇਨੇ ਰੱਖਦਾ ਹੈ:** ਬਹੁਤ ਸਾਰੇ ਵਿਦਿਆਰਥੀਆਂ ਖਾਸ ਕਰਕੇ ਪੇਂਡੂ, ਸਰਹੱਦੀ ਅਤੇ ਫਸਟ ਜਨਰੇਸ਼ਨ ਬੈਕਗਰਾਊਂਡ ਵਾਲੇ ਵਿਦਿਆਰਥੀਆਂ ਲਈ ਪੰਜਾਬੀ ਵਿੱਚ ਵਿਚਾਰ ਨੂੰ ਪ੍ਰਗਟ ਕਰਨਾ ਕਿਸੇ ਹੋਰ ਭਾਸ਼ਾ ਨਾਲੋਂ ਕਿਤੇ ਬਿਹਤਰ ਆਉਂਦਾ ਹੈ। ਇਹ ਨੀਤੀ ਉਨ੍ਹਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਗਤੀਸ਼ੀਲਤਾ ਨੂੰ ਬਰਕਰਾਰ ਰੱਖਦਿਆਂ ਰੀਸਰਚ ਅਕਾਦਮਿਕ ਪ੍ਰਾਜੈਕਟਾਂ ਨਾਲ ਵਧੇਰੇ ਨੇੜਿਓਂ ਜੁੜਨ ਦਾ ਅਧਿਕਾਰ ਦਿੰਦੀ ਹੈ।

ਪੰਜਾਬ ਲਈ ਇਸਦੇ ਵਧੇਰੇ ਉਸਾਰੂ ਨਤੀਜੇ ਸਾਹਮਣੇ ਆਉਣ ਦੀ ਉਮੀਦ ਹੈ। ਖੇਤੀਬਾੜੀ, ਸਿਹਤ, ਸਿੱਖਿਆ, ਕਾਨੂੰਨ, ਵਾਤਾਵਰਣ, ਉੱਦਮਤਾ ਅਤੇ ਸਮਾਜ ਬਾਰੇ ਖੋਜ ਕਾਰਜ ਹੁਣ ਪੰਜਾਬੀ ਵਿੱਚ ਵੀ ਉਪਲੱਬਧ ਹੋਣਗੇ, ਜਿਸ ਨਾਲ ਵਿਆਪਕ ਜਨਤਕ ਸਮਝ, ਬਿਹਤਰ ਨੀਤੀ ਨਿਰਮਾਣ ਤੇ ਸਕੂਲਾਂ, ਸਟਾਰਟਅੱਪਜ਼, ਸੰਸਥਾਵਾਂ ਅਤੇ ਭਾਈਚਾਰਿਆਂ ਵਿੱਚ ਤੇਜ਼ੀ ਨਾਲ ਗਿਆਨ ਦਾ ਆਦਾਨ-ਪ੍ਰਦਾਨ ਸੰਭਵ ਹੋ ਸਕੇਗਾ।

ਵਾਈਸ-ਚਾਂਸਲਰ ਨੇ ਅੱਗੇ ਕਿਹਾ ਕਿ ਇਸ ਕਦਮ ਨਾਲ ਪੰਜਾਬੀ ਸਿਰਫ਼ ਸੱਭਿਆਚਾਰ ਦੀ ਭਾਸ਼ਾ ਨਾ ਰਹਿ ਕੇ ਵਿਗਿਆਨ, ਨਵੀਨਤਾ ਅਤੇ ਲੋਕ ਭਲਾਈ ਦੀ ਭਾਸ਼ਾ ਵਜੋਂ ਸਥਾਪਤ ਹੋਵੇਗੀ।

**ਮਜ਼ਬੂਤ ਅਕਾਦਮਿਕ ਸਹਾਇਤਾ ਪ੍ਰਣਾਲੀ: ਇਸ ਨੀਤੀ ਦੇ ਸਖ਼ਤੀ ਨਾਲ ਅਤੇ ਇਕਸਾਰ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਜੀ.ਐਨ.ਡੀ.ਯੂ. ਮਜ਼ਬੂਤ ਸੰਸਥਾਗਤ ਸਹਾਇਤਾ ਪ੍ਰਣਾਲੀ ਸਥਾਪਤ ਕਰੇਗਾ, ਜਿਸ ਵਿੱਚ ਸ਼ਾਮਲ ਹਨ:**

* ਵਿਭਾਗ-ਵਾਰ ਪੰਜਾਬੀ ਅਕਾਦਮਿਕ ਸ਼ਬਦਾਵਲੀ
* ਪੰਜਾਬੀ ਅਕਾਦਮਿਕ ਰਾਈਟਿੰਗ ਅਤੇ ਹਵਾਲਾ ਗਾਈਡ
* ਸ਼ਬਦਾਵਲੀ ਅਤੇ ਅਨੁਵਾਦ ਸਹਾਇਤਾ ਲਈ ਇੱਕ ਸਮਰਪਿਤ ਪੰਜਾਬੀ ਅਕਾਦਮਿਕ ਸਹਾਇਤਾ ਇਕਾਈ
* ਦੋਵੇਂ ਭਾਸ਼ਾਵਾਂ ਵਿੱਚ ਖੋਜ ਨੂੰ ਆਰਕਾਈਵ (ਪੁਰਾਲੇਖ) ਕਰਨ ਵਾਲੀ ਦੋਭਾਸ਼ੀ ਡਿਜੀਟਲ ਰਿਪੋਜ਼ਿਟਰੀ

ਇਸਦੇ ਨਾਲ ਹੀ ਆਧੁਨਿਕ ਸਾਧਨ ਜਿਸ ਵਿੱਚ ਏਆਈ-ਅਧਾਰਤ ਅਨੁਵਾਦ ਸ਼ਾਮਲ ਹੈ, ਨੂੰ ਵਰਤਿਆ ਜਾ ਸਕਦਾ ਹੈ, ਜਿਸ ਸਬੰਧੀ ਸ਼ੁੱਧਤਾ ਅਤੇ ਅਕਾਦਮਿਕ ਇਕਸਾਰਤਾ ਲਈ ਸਬੰਧਤ ਸਕਾਲਰ ਜਵਾਬਦੇਹ ਹੋਣਗੇ।

**ਪੜਾਅਵਾਰ ਤੇ ਨਿਰਪੱਖ ਲਾਗੂਕਰਨ**

**ਇਸ ਨੀਤੀ ਦੇ ਸੁਚਾਰੂ ਪ੍ਰਭਾਵ ਲਈ ਇਸਨੂੰ ਪੜਾਅਵਾਰ ਢੰਗ ਨਾਲ ਲਾਗੂ ਕੀਤਾ ਜਾਵੇਗਾ:**

* ਪਹਿਲਾ ਸਾਲ : ਡਾਕਟਰੇਟ ਥੀਸਸ ਅਤੇ ਫੰਡਿਡ ਰਿਸਰਚ
* ਦੂਜਾ ਸਾਲ: ਖੋਜ ਨਿਬੰਧ (ਡੈਜ਼ਰਟੇਸ਼ਨਜ਼)
* ਤੀਜਾ ਸਾਲ: ਪ੍ਰਮੁੱਖ ਪ੍ਰੋਜੈਕਟ ਰਿਪੋਰਟਾਂ ਅਤੇ ਸੰਸਥਾਗਤ ਖੋਜ

ਸਿਰਫ ਉੱਚ ਤਕਨੀਕੀ ਜਾਂ ਕਾਨੂੰਨੀ ਤੌਰ 'ਤੇ ਸੀਮਤ ਮਾਮਲਿਆਂ ਵਿੱਚ ਕੁਝ ਹੱਦ ਤੱਕ ਛੋਟ ਦੀ ਆਗਿਆ ਹੋਵੇਗੀ, ਬਸ਼ਰਤੇ ਲਾਜ਼ਮੀ ਤੌਰ ਤੇ ਪੰਜਾਬੀ ਸਾਰਾਂਸ਼ ਜਮ੍ਹਾਂ ਕਰਵਾਉਣਗੇ ਹੋਣਗੇ।

# ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਹੱਲ ਕਰਨ ਲਈ ਵਚਨਬੱਧ : ਡਾ. ਰਵਜੋਤ ਸਿੰਘ

## ਸਿੱਖਿਆ ਵਿਭਾਗ ਦੀਆਂ 13 ਮੁਲਾਜ਼ਮ ਜਥੇਬੰਦੀਆਂ ਨਾਲ ਕੀਤੀਆਂ ਮੀਟਿੰਗਾਂ



ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਦੇ ਸੰਸਦੀ ਮਾਮਲੇ ਤੇ ਐਨ.ਆਰ.ਆਈ ਮੰਤਰੀ ਡਾ. ਰਵਜੋਤ ਸਿੰਘ ਨੇ ਸੂਬਾ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਕੱਚੇ ਮੁਲਾਜ਼ਮਾਂ ਸਮੇਤ ਮੁਲਾਜ਼ਮਾਂ ਦੇ ਕਈ ਅਹਿਮ ਮੁੱਦੇ ਪਹਿਲਾਂ ਹੀ ਹੱਲ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਜਾਇਜ਼ ਮੰਗਾਂ 'ਤੇ ਵੀ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ। ਪੰਜਾਬ ਸਿਵਲ ਸਕੱਤਰੇਤ ਵਿਖੇ ਵੱਖ-ਵੱਖ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਡਾ. ਰਵਜੋਤ ਸਿੰਘ ਨੇ ਸਿੱਖਿਆ ਵਿਭਾਗ ਨਾਲ ਸਬੰਧਤ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਮੌਕੇ ਸਕੱਤਰ ਸਿੱਖਿਆ ਸੋਨਾਲੀ ਗਿਰਿ, ਸਮੇਤ ਸਿੱਖਿਆ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਸਿੱਖਿਆ ਵਿਭਾਗ ਨਾਲ ਸਬੰਧਤ 13 ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਅਧਿਆਪਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਕਿਰਿਆ ਅਧੀਨ ਹਨ। ਕੈਬਨਿਟ ਮੰਤਰੀ ਨੇ ਮੀਟਿੰਗ ਦੌਰਾਨ ਨੇ ਸਿੱਖਿਆ ਵਿਭਾਗ ਤੇ ਹੋਰ ਸਬੰਧਤ ਵਿਭਾਗਾਂ ਨੂੰ ਜਾਇਜ਼ ਮੰਗਾਂ 'ਤੇ ਲੋੜੀਂਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਮੁੜ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਲਾਜ਼ਮ ਪੱਖੀ ਸਰਕਾਰ ਹੈ ਅਤੇ ਸਾਰੇ ਜਨਤਕ ਸੇਵਕਾਂ ਲਈ ਸਹਾਇਕ ਮਾਹੌਲ ਸਿਰਜਣ ਲਈ ਵਚਨਬੱਧ ਹੈ।

# ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਤਹਿਤ ਪੁਲਿਸ ਵੱਲੋਂ ਯਾਰਾ ਇੰਡੀਆ ਦੇ ਸਹਿਯੋਗ ਨਾਲ ਸੜਕ ਸੁਰੱਖਿਆ ਤੇ ਰਸਾਇਣਾਂ ਦੇ ਪ੍ਰਬੰਧਨ ਬਾਰੇ ਵੈਬੀਨਾਰ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਚੱਲ ਰਹੇ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ-2026 ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਦੇ ਟ੍ਰੈਫਿਕ ਅਤੇ ਸੜਕ ਸੁਰੱਖਿਆ ਵਿੰਗ ਨੇ ਯਾਰਾ ਇੰਡੀਆ ਦੇ ਸਹਿਯੋਗ ਨਾਲ ਅੱਜ ਸੜਕ ਸੁਰੱਖਿਆ ਪ੍ਰਬੰਧਨ ਅਤੇ ਹਾਦਸਿਆਂ ਦੌਰਾਨ ਰਸਾਇਣਾਂ ਦੇ ਪ੍ਰਬੰਧਨ ਦੇ ਸਬੰਧ ਵਿੱਚ ਫੀਲਡ ਕਰਮਚਾਰੀਆਂ ਦੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਵੈਬਿਨਾਰ ਕਰਵਾਇਆ। ਪੰਜਾਬ ਪੁਲਿਸ ਹੈੱਡਕੁਆਰਟਰ ਵਿਖੇ ਕਰਵਾਏ ਇਸ ਆਨਲਾਈਨ ਸਿਖਲਾਈ ਸੈਸ਼ਨ ਵਿੱਚ ਸੂਬੇ ਭਰ ਤੋਂ ਸੜਕ ਸੁਰੱਖਿਆ ਫੋਰਸ ਤੇ ਜ਼ਿਲ੍ਹਾ ਟ੍ਰੈਫਿਕ ਤੇ ਸੜਕ ਸੁਰੱਖਿਆ ਟੀਮਾਂ ਦੇ 600 ਤੋਂ ਵੱਧ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਸੰਬੋਧਨ ਕਰਦਿਆਂ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਟ੍ਰੈਫਿਕ ਤੇ ਸੜਕ ਸੁਰੱਖਿਆ) ਏਐਸ ਰਾਏ ਨੇ ਸੜਕ ਸੁਰੱਖਿਆ ਸਬੰਧੀ ਉਪਰਾਲਿਆਂ ਵਿੱਚ ਮਨੁੱਖੀ ਕਦਰਾਂ-ਕੀਮਤਾਂ ਨੂੰ ਖਾਸ ਸਥਾਨ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਸੁਰੱਖਿਆ, ਹਮਦਰਦੀ ਅਤੇ ਜ਼ਿੰਮੇਵਾਰਾਨਾ ਵਿਵਹਾਰ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਜੋ ਕੀਮਤੀ ਜਾਨਾਂ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਦੀਆਂ ਜਾਨਾਂ ਬਚਾਉਣਾ ਯਕੀਨੀ ਬਣਾਉਂਦਾ ਹੈ।



ਇਸ ਦੌਰਾਨ ਤਕਨੀਕੀ ਸੈਸ਼ਨਾਂ ਦਾ ਸੰਚਾਲਨ ਯਾਰਾ ਇੰਡੀਆ ਦੇ ਐਚਈਐਸਕਿਊ ਸਕਿਊਰਿਟੀ ਮੈਨੇਜਰ ਰਾਜੀਵ ਪਾਹੂਜਾ ਅਤੇ ਯਾਰਾ ਇੰਡੀਆ ਦੇ ਐਸਸੀਐਮ ਮੈਨੇਜਰ ਸੰਦੀਪ ਤੋਮਰ ਤੇ ਟ੍ਰੈਫਿਕ ਸਲਾਹਕਾਰ ਪੰਜਾਬ ਡਾ. ਨਵਦੀਪ ਅਸੀਜਾ ਨੇ ਕੀਤਾ। ਸੈਸ਼ਨਾਂ ਦੌਰਾਨ ਸੜਕ ਸੁਰੱਖਿਆ ਦੇ ਅੰਕੜੇ, ਡਰਾਈਵਿੰਗ ਦੌਰਾਨ ਸੰਭਾਵੀ ਖਤਰੇ ਦੀ ਪਛਾਣ ਕਰਨਾ, ਸੰਵੇਦਨਸ਼ੀਲ ਮੁਸਾਫਰਾਂ ਦੇ ਵਿਵਹਾਰ, ਐਮਰਜੈਂਸੀ ਰਿਸਪਾਂਸ ਪ੍ਰੋਟੋਕੋਲ ਤੇ ਆਵਾਜਾਈ ਤੇ ਸੜਕੀ ਐਮਰਜੈਂਸੀ ਸਥਿਤੀਆਂ ਦੌਰਾਨ ਖਾਦਾਂ ਦੇ ਸੁਰੱਖਿਅਤ ਪ੍ਰਬੰਧਨ ਬਾਰੇ ਚਰਚਾ ਕੀਤੀ ਗਈ।

ਇਸ ਮੌਕੇ 'ਤੇ ਬੋਲਦਿਆਂ ਯਾਰਾ ਸਾਊਥ ਏਸ਼ੀਆ ਦੇ ਐਮਡੀ ਸੰਜੀਵ ਕੰਵਰ ਨੇ ਕਿਹਾ ਕਿ ਸੜਕ ਸੁਰੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ ਜੋ ਸਿੱਧੇ ਤੌਰ 'ਤੇ ਜਨ-ਜੀਵਨ ਅਤੇ ਭਾਈਚਾਰਿਆਂ ਨੂੰ ਪ੍ਰਭਾਵਤ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਖਾਦਾਂ ਦੀ ਢੋਆ-ਢੁਆਈ ਭਾਰਤ ਦੇ ਖੇਤੀਬਾੜੀ ਈਕੋਸਿਸਟਮ ਲਈ ਬੇਹੱਦ ਅਹਿਮ ਹੈ ਤੇ ਇਹਨਾਂ ਦੀ ਢੋਆ-ਢੁਆਈ ਤੇ ਐਮਰਜੈਂਸੀ ਸਥਿਤੀਆਂ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਯਾਰਾ ਦਾ ਪੰਜਾਬ ਪੁਲਿਸ ਨਾਲ ਇਹ ਸਹਿਯੋਗ ਸੁਰੱਖਿਆ, ਸਥਿਰਤਾ ਅਤੇ ਜ਼ਿੰਮੇਵਾਰਾਨਾ ਢੰਗ ਨਾਲ ਕਾਰਜ ਯਕੀਨੀ ਬਣਾਉਣ ਪ੍ਰਤੀ ਉਸਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਮਾਹਰਾ ਦੀ ਅਗਵਾਈ ਵਾਲੇ ਅਜਿਹੇ ਸਿਖਲਾਈ ਪ੍ਰੋਗਰਾਮ ਸੜਕ ਸੁਰੱਖਿਆ ਸਬੰਧੀ ਅਹਿਮ ਤਬਦੀਲੀ ਲਿਆ ਸਕਦੇ ਹਨ।

# ਹਾਈ ਕੋਰਟ ਵੱਲੋਂ ਹਰਮੀਤ ਸਿੰਘ ਪਠਾਣਮਾਜਰਾ ਦੀ ਪਟੀਸ਼ਨ ਰੱਦ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਝਟਕਾ ਲੱਗਿਆ ਹੈ। ਬੁੱਧਵਾਰ ਨੂੰ ਹਾਈ ਕੋਰਟ ਨੇ ਪਠਾਣਮਾਜਰਾ ਵੱਲੋਂ ਆਪਣੇ ਖ਼ਿਲਾਫ਼ ਦਰਜ ਧੋਖਾਧੜੀ ਤੇ ਜਬਰ-ਜ਼ਿਨਾਹ ਦੇ ਮਾਮਲੇ ਵਿਚ ਜਾਰੀ ਗ੍ਰਿਫ਼ਤਾਰੀ ਵਾਰੰਟ ਤੇ ਭਗੌੜਾ ਦੀ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਪਠਾਣਮਾਜਰਾ ਨੇ ਆਪਣੀ ਪਟੀਸ਼ਨ ਵਿਚ ਨਾ ਸਿਰਫ਼ ਇਨ੍ਹਾਂ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ, ਸਗੋਂ ਮਾਮਲੇ ਦੇ ਚੱਲਣ ਤਕ ਕਿਸੇ ਵੀ ਤਰ੍ਹਾਂ ਦੀ ਕਾਰਵਾਈ 'ਤੇ ਰੋਕ ਲਾਉਣ ਦੀ ਅਪੀਲ ਕੀਤੀ ਸੀ।



ਪਟੀਸ਼ਨ ਵਿਚ ਪਠਾਣਮਾਜਰਾ ਨੇ ਕਿਹਾ ਸੀ ਕਿ ਉਹ ਇਸ ਵੇਲੇ ਆਸਟ੍ਰੇਲੀਆ ਵਿਚ ਰਹਿ ਰਿਹਾ ਹੈ ਤੇ ਉਸ ਨੂੰ ਪੁਲਿਸ ਵੱਲੋਂ ਕੋਈ ਨੋਟਿਸ ਨਹੀਂ ਮਿਲਿਆ। ਪਠਾਣਮਾਜਰਾ ਨੇ ਮੁਲਜ਼ਮਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਇਸ ਨੂੰ ਹਨੀ ਟ੍ਰੈਪ ਦਾ ਮਾਮਲਾ ਕਰਾਰ ਦਿੱਤਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਪਹਿਲੀ ਪਤਨੀ ਤੇ ਸ਼ਿਕਾਇਤਕਰਤਾ ਦੋਹਾਂ ਦੀ ਸਹਿਮਤੀ ਦੇ ਨਾਲ ਹੀ ਦੂਜਾ ਵਿਆਹ ਹੋਇਆ ਸੀ। ਨਾਲ ਹੀ ਵਿਧਾਇਕ ਬਣਨ ਤੋਂ ਬਾਅਦ ਸ਼ਿਕਾਇਤਕਰਤਾ ਵੱਲੋਂ ਕਥਿਤ ਤੌਰ 'ਤੇ ਬਲੈਕਮੇਲ ਕੀਤੇ ਜਾਣ ਤੇ ਇਕ ਕਰੋੜ ਰੁਪਏ ਤੇ ਇਕ ਫ਼ਲੈਟ ਦੀ ਮੰਗ ਕੀਤੇ ਜਾਣ ਦਾ ਵੀ ਦੋਸ਼ ਲਗਾਇਆ ਗਿਆ ਸੀ।

# ਸੰਧਵਾਂ ਵੱਲੋਂ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਤੇ ਹੋਰ ਅਧਿਕਾਰੀਆਂ ਦੇ ਦੇਹਾਂਤ 'ਤੇ ਦੁੱਖ ਪ੍ਰਗਟ



ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਤੇ ਹੋਰ ਅਧਿਕਾਰੀਆਂ, ਜਿਨ੍ਹਾਂ ਨੇ ਮੰਦਭਾਗੀ ਜਹਾਜ਼ ਹਾਦਸੇ ਵਿੱਚ ਆਪਣੀਆਂ ਜਾਨਾਂ ਗੁਆ ਦਿੱਤੀਆਂ, ਦੇ ਅਚਾਨਕ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਉਹ ਇੱਕ ਸਮਰਪਿਤ ਤੇ ਨਿਡਰ ਆਗੂ ਸਨ ਅਤੇ ਜਨਤਕ ਸੇਵਾ ਪ੍ਰਤੀ ਉਨ੍ਹਾਂ ਦੀ ਅਟੁੱਟ ਸਮਰਪਣ ਭਾਵਨਾ ਸਾਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ ਅਤੇ ਉਹ ਸਾਡੇ ਮਨਾਂ ਵਿੱਚ ਹਮੇਸ਼ਾ ਜੀਵਤ ਰਹਿਣਗੇ। ਸਪੀਕਰ ਸੰਧਵਾਂ ਨੂੰ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਅਤੇ ਉਨ੍ਹਾਂ ਨੇ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਦੇਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਇਸ ਦੁੱਖ ਦੀ ਘੜੀ ਵਿੱਚ ਦੁਖੀ ਪਰਿਵਾਰਾਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਕਰਨ ਦਾ ਬਲ ਬਖ਼ਸ਼ੇ।

# ਪੰਜਾਬ ਸਰਕਾਰ ਕੰਟਰੈਕਚੂਅਲ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਵਚਨਬੱਧ; ਜਾਇਜ਼ ਮੰਗਾਂ ਦਾ ਛੇਤੀ ਕਰਾਂਗੇ ਹੱਲ : ਭੁੱਲਰ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਦੇ ਕੰਟਰੈਕਚੁਅਲ ਮੁਲਾਜ਼ਮਾਂ ਨੂੰ ਪੱਕਾ ਕਰਨ ਸਮੇਤ ਸਮੁੱਚੀਆਂ ਜਾਇਜ ਮੰਗਾਂ ਦਾ ਛੇਤੀ ਹੱਲ ਕਰਨ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਕਰਦਿਆਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ 3 ਫਰਵਰੀ, 2026 ਨੂੰ ਟਰਾਂਸਪੋਰਟ ਸਕੱਤਰ ਨਾਲ ਯੂਨੀਅਨ ਮੈਂਬਰਾਂ ਦੀ ਮੀਟਿੰਗ ਰੱਖੀ ਗਈ ਹੈ। ਪੰਜਾਬ ਰੋਡਵੇਜ਼, ਪਨਬੱਸ/ਪੀ.ਆਰ.ਟੀ.ਸੀ .ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਵਫਦ ਨਾਲ ਮੀਟਿੰਗ ਦੌਰਾਨ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੇ ਕੰਟਰੈਚੂਅਲ ਕਰਮਚਾਰੀਆਂ ਦੀਆਂ ਸਾਰੀਆਂ ਜਾਇਜ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ।



ਮੰਤਰੀ ਨੇ ਕਿਹਾ ਪੰਜਾਬ ਸਰਕਾਰ ਜਿੱਥੇ ਕਰਮਚਾਰੀਆਂ ਤੇ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧ ਹੈ, ਉੱਥੇ ਹੀ ਸੂਬੇ ਦੇ ਲੋਕਾਂ ਅਤੇ ਯਾਤਰੀਆਂ ਦੇ ਹਿੱਤਾਂ ਦਾ ਖਿਆਲ ਵੀ ਰੱਖ ਰਹੀ ਹੈ। ਮੰਤਰੀ ਨੇ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਉਹ ਲੋਕ ਹਿੱਤ ਵਿੱਚ ਆਪਣੀਆਂ ਸੇਵਾਵਾਂ ਨਿਭਾਉਣ ਤੇ ਸਰਕਾਰ ਵੀ ਆਪਣੇ ਕਰਮਚਾਰੀਆਂ ਦਾ ਪੂਰਾ ਖਿਆਲ ਰੱਖੇਗੀ।

ਇਸ ਮੌਕੇ ਟਰਾਂਸਪੋਰਟ ਸਕੱਤਰ ਵਰੁਣ ਰੂਜ਼ਮ, ਵਿਸ਼ੇਸ਼ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਕੁਮਾਰ ਅਮਿਤ, ਡਾਇਰੈਕਟਰ ਸਟੇਟ ਟਰਾਂਸਪੋਰਟ ਰਾਜੀਵ ਕੁਮਾਰ ਗੁਪਤਾ, ਏ. ਐਮ.ਡੀ. ਪੀ.ਆਰ.ਟੀ.ਸੀ, ਨਵਦੀਪ ਕੁਮਾਰ ਤੋਂ ਇਲਾਵਾ ਰੇਸ਼ਮ ਸਿੰਘ ਸੂਬਾ ਪ੍ਰਧਾਨ, ਸਮਸ਼ੇਰ ਸਿੰਘ ਜਰਨਲ ਸਕੱਤਰ, ਹਰਕੇਸ਼ ਕੁਮਾਰ ਵਿੱਕੀ ਸੀਨੀਅਰ ਮੀਤ ਪ੍ਰਧਾਨ, ਬਲਜੀਤ ਸਿੰਘ ਕੈਸ਼ੀਅਰ ਅਤੇ ਜਗਤਾਰ ਸਿੰਘ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਸਨ।

# ਜਨਤਕ ਸੁਰੱਖਿਆ ਦੇ ਮੱਦੇਨਜ਼ਰ ਪਾਇਲਟ ਥਕਾਵਟ ਦੇ ਮਾਪਦੰਡਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ : ਅਦਾਲਤ

ਨਵੀਂ ਦਿੱਲੀ, 28 ਜਨਵਰੀ (ਚ.ਨ.ਸ.): ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਕਿਹਾ ਕਿ ਪਾਇਲਟਾਂ ਦੀ ਥਕਾਵਟ ਨਾਲ ਸਬੰਧਤ ਡੀ.ਜੀ.ਸੀ.ਏ. ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ ਪੈਦਾ ਹੋਣ ਵਾਲੀਆਂ ਜਨਤਕ ਸੁਰੱਖਿਆ ਚਿੰਤਾਵਾਂ ਨੂੰ 'ਨਜ਼ਰਅੰਦਾਜ਼' ਨਹੀਂ ਕੀਤਾ ਜਾ ਸਕਦਾ। ਚੀਫ਼ ਜਸਟਿਸ ਡੀ.ਕੇ. ਉਪਾਧਿਆਏ ਅਤੇ ਜਸਟਿਸ ਤੇਜਸ ਕਰੀਆ ਦੀ ਬੈਂਚ ਨੇ ਡੀ.ਜੀ.ਸੀ.ਏ. ਦੇ 5 ਦਸੰਬਰ, 2025 ਦੇ ਹੁਕਮਾਂ ਵਿਰੁੱਧ ਦਾਇਰ ਜਨਹਿੱਤ ਪਟੀਸ਼ਨ (ਪੀ.ਆਈ.ਐਲ.) ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ ਇਸ ਹੁਕਮ ਦੇ ਤਹਿਤ ਪਾਇਲਟਾਂ ਲਈ ਲਾਜ਼ਮੀ ਥਕਾਵਟ ਪ੍ਰਬੰਧਨ ਨਿਯਮਾਂ ਵਿੱਚ ਢਿੱਲ ਦਿੱਤੀ ਸੀ। ਇੰਡੀਗੋ ਦੇ ਉਡਾਣ ਸੰਚਾਲਨ ਵਿੱਚ ਹਾਲ ਹੀ ਵਿੱਚ ਹੋਏ ਵੱਡੇ ਵਿਘਨ ਦੇ ਮੱਦੇਨਜ਼ਰ ਇਹ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ। ਬੈਂਚ ਨੇ ਵੀਰਵਾਰ ਨੂੰ ਮਾਮਲੇ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਅਤੇ ਡੀ.ਜੀ.ਸੀ.ਏ. ਦੇ ਵਕੀਲ ਨੂੰ ਨਿਰਦੇਸ਼ ਲੈਣ ਲਈ ਕਿਹਾ। ਇੰਡੀਗੋ ਨੇ ਪਾਇਲਟਾਂ ਲਈ ਨਵੇਂ ਫਲਾਈਟ-ਡਿਊਟੀ ਨਿਯਮਾਂ ਨੂੰ ਲਾਗੂ ਕਰਨ ਲਈ ਏਅਰਲਾਈਨ ਵੱਲੋਂ ਲੋੜੀਂਦੀ ਤਿਆਰੀ ਨਾ ਕਰਨ ਕਾਰਨ ਦਸੰਬਰ ਦੇ ਪਹਿਲੇ ਹਫ਼ਤੇ ਦੇਸ਼ ਭਰ ਵਿੱਚ ਸੈਂਕੜੇ ਉਡਾਣਾਂ ਰੱਦ ਕਰ ਦਿੱਤੀਆਂ ਸਨ। ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀ.ਜੀ.ਸੀ.ਏ.) ਨੇ 5 ਦਸੰਬਰ, 2025 ਤੱਕ ਫਲਾਈਟ ਡਿਊਟੀ ਸਮਾਂ ਸੀਮਾ ਵਿੱਚ ਢਿੱਲ ਦਿੱਤੀ, ਤਾਂ ਜੋ ਇੰਡੀਗੋ ਨੂੰ ਹੋਰ ਪਾਇਲਟਾਂ ਨੂੰ ਤਾਇਨਾਤ ਕਰਨ ਅਤੇ ਰੁਕਾਵਟਾਂ ਨੂੰ ਘੱਟ ਕਰਕੇ ਕੰਮਕਾਜ ਨੂੰ ਆਮ ਬਣਾਉਣ ਦੀ ਇਜਾਜ਼ਤ ਦਿੱਤੀ ਜਾ ਸਕੇ। ਹਵਾਬਾਜ਼ੀ ਰੈਗੂਲੇਟਰ ਨੇ ਹਫ਼ਤਾਵਾਰੀ ਆਰਾਮ ਦੀ ਮਿਆਦ ਦੇ ਬਦਲੇ ਛੁੱਟੀ ਲੈਣ ਦੀ ਆਗਿਆ ਦੇ ਕੇ ਫਲਾਈਟ-ਡਿਊਟੀ ਨਿਯਮਾਂ ਵਿੱਚ ਢਿੱਲ ਦਿੱਤੀ। ਬੁੱਧਵਾਰ ਨੂੰ, ਏਅਰਲਾਈਨ ਦੇ ਵਕੀਲ ਨੇ ਕਿਹਾ ਕਿ ਪਾਇਲਟਾਂ ਦੁਆਰਾ ਦਾਇਰ ਇੱਕ ਪਟੀਸ਼ਨ ਪਹਿਲਾਂ ਹੀ ਹਾਈ ਕੋਰਟ ਦੇ ਸਿੰਗਲ-ਜੱਜ ਬੈਂਚ ਦੇ ਸਾਹਮਣੇ ਵਿਚਾਰ ਅਧੀਨ ਹੈ ਅਤੇ ਜਨਹਿੱਤ ਪਟੀਸ਼ਨ ਵਿੱਚ ਪਟੀਸ਼ਨਰ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਹਾਲਾਂਕਿ, ਅਦਾਲਤ ਨੇ ਨੋਟ ਕੀਤਾ ਕਿ ਪਟੀਸ਼ਨਰ ਇੱਕ ਸਾਬਕਾ ਏਅਰਕ੍ਰਾਫਟ ਇੰਜੀਨੀਅਰ ਹੈ ਤੇ ਇਹ ਮੁੱਦਾ ਆਮ ਲੋਕਾਂ ਦੀ ਸੁਰੱਖਿਆ ਨਾਲ ਸਬੰਧਤ ਹੈ। ਅਦਾਲਤ ਨੇ ਕਿਹਾ, 'ਇਸ ਚਿੰਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।' ਬੈਂਚ ਨੇ ਕਿਹਾ, 'ਇਹ ਸਿੱਧੇ ਤੌਰ 'ਤੇ ਯਾਤਰੀ ਸੁਰੱਖਿਆ ਨਾਲ ਸਬੰਧਤ ਹੈ। ਜਦੋਂ ਤੱਕ ਨਿਯਮਾਂ ਨੂੰ ਚੁਣੌਤੀ ਨਹੀਂ ਦਿੱਤੀ ਜਾਂਦੀ ਜਾਂ ਨੁਕਸ ਨਹੀਂ ਹੁੰਦੇ, ਉਨ੍ਹਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਨਿਯਮ ਲੰਬੇ ਸਮੇਂ ਤੋਂ ਲਾਗੂ ਹਨ ਪਰ ਉਨ੍ਹਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਸੀ। ਅਸੀਂ ਨਿਯਮਾਂ ਦੀ ਵੈਧਤਾ 'ਤੇ ਵਿਚਾਰ ਨਹੀਂ ਕਰ ਰਹੇ ਹਾਂ। ਇੱਕ ਵਾਰ ਨਿਯਮ ਲਾਗੂ ਹੋ ਜਾਣ 'ਤੇ, ਉਨ੍ਹਾਂ ਨੂੰ ਸੋਧਣ ਤੱਕ ਪਾਲਣਾ ਕੀਤੀ ਜਾਣੀ ਚਾਹੀਦੀ ਹੈ।' ਹਾਲਾਂਕਿ, ਅਦਾਲਤ ਨੇ ਇਹ ਵੀ ਮੰਨਿਆ ਕਿ ਪਟੀਸ਼ਨਾਂ ਕਈ ਵਾਰ ਰੈਗੂਲੇਟਰਾਂ 'ਤੇ ਦਬਾਅ ਪਾਉਂਦੀਆਂ ਹਨ, ਅਤੇ ਉਹ ਉਨ੍ਹਾਂ ਅੱਗੇ ਝੁਕ ਜਾਂਦੇ ਹਨ। ਅਦਾਲਤ ਨੇ ਡੀ.ਜੀ.ਸੀ.ਏ. ਦੇ ਵਕੀਲ ਨੂੰ ਕਿਹਾ, 'ਅਸੀਂ ਕੱਲ੍ਹ ਇਸ 'ਤੇ ਸੁਣਵਾਈ ਕਰਾਂਗੇ। ਕਿਰਪਾ ਕਰਕੇ ਨਿਰਦੇਸ਼ ਲਿਆਓ।' ਪਟੀਸ਼ਨਕਰਤਾ ਨੇ ਦੋਸ਼ ਲਗਾਇਆ ਕਿ ਥਕਾਵਟ ਨਿਯਮਾਂ ਵਿੱਚ ਢਿੱਲ ਗੈਰ-ਕਾਨੂੰਨੀ ਤੌਰ 'ਤੇ ਸਿਰਫ਼ ਇੰਡੀਗੋ ਨੂੰ ਦਿੱਤੀ ਗਈ ਸੀ ਤੇ ਇਹ ਪਹਿਲੀ ਨਜ਼ਰੇ ਬਦਨੀਤੀਪੂਰਨ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਅੰਤਰਰਾਸ਼ਟਰੀ ਸਿਵਲ ਏਵੀਏਸ਼ਨ ਸੰਗਠਨ ਦੇ ਤਹਿਤ, ਡੀ.ਜੀ.ਸੀ.ਏ. ਦੀ ਜ਼ਿੰਮੇਵਾਰੀ ਹੈ ਕਿ ਉਹ ਪਾਇਲਟ ਥਕਾਵਟ ਨਿਯਮਾਂ ਨੂੰ ਇਕਸਾਰ ਢੰਗ ਨਾਲ ਲਾਗੂ ਕਰੇ, ਅਸੁਰੱਖਿਅਤ ਰੋਸਟਰਿੰਗ ਨੂੰ ਰੋਕੇ, ਢੁਕਵਾਂ ਸਟਾਫ ਯਕੀਨੀ ਬਣਾਏ, ਏਅਰਲਾਈਨਾਂ ਦੀ ਤਿਆਰੀ ਦਾ ਮੁਲਾਂਕਣ ਕਰੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਡਾਣ ਕਾਰਜਕ੍ਰਮ ਨੂੰ ਮੁਅੱਤਲ ਕਰੇ।

# ਭਾਰੀ ਮਨ ਨਾਲ ਮਾਘ ਮੇਲੇ ਤੋਂ ਵਿਦਾਅ ਹੋਏ ਸਵਾਮੀ ਅਵਿਮੁਕਤੇਸ਼ਵਰਾਨੰਦ ਸਰਸਵਤੀ

ਪ੍ਰਯਾਗਰਾਜ, 28 ਜਨਵਰੀ (ਚ.ਨ.ਸ.): ਮਾਘ ਮੇਲੇ ਦੌਰਾਨ ਮੌਨੀ ਮੱਸਿਆ ਦੇ ਪਵਿੱਤਰ ਮੌਕੇ 'ਤੇ ਪ੍ਰਸ਼ਾਸਨ ਵੱਲੋਂ ਇਸ਼ਨਾਨ ਕਰਨ ਤੋਂ ਕਥਿਤ ਤੌਰ 'ਤੇ ਰੋਕੇ ਜਾਣ ਤੋਂ ਬਾਅਦ ਪੈਦਾ ਹੋਇਆ ਵਿਵਾਦ ਹੁਣ ਹੋਰ ਗੰਭੀਰ ਰੂਪ ਧਾਰਨ ਕਰ ਗਿਆ ਹੈ। ਸ਼ੰਕਰਾਚਾਰੀਆ ਸੁਆਮੀ ਅਵੀਮੁਕਤੇਸ਼ਵਰਾਨੰਦ ਸਰਸਵਤੀ ਬੁੱਧਵਾਰ ਨੂੰ ਬਿਨਾਂ ਇਸ਼ਨਾਨ ਕੀਤੇ ਹੀ 'ਭਰੇ ਮਨ' ਨਾਲ ਮੇਲੇ ਤੋਂ ਰਵਾਨਾ ਹੋ ਗਏ। ਮੇਲੇ ਤੋਂ ਵਿਦਾ ਹੋਣ ਵੇਲੇ ਸ਼ੰਕਰਾਚਾਰੀਆ ਕਾਫੀ ਭਾਵੁਕ ਨਜ਼ਰ ਆਏ। ਉਨ੍ਹਾਂ ਕਿਹਾ ਕਿ ਉਹ ਪ੍ਰਯਾਗ ਦੀ ਇਸ ਪਵਿੱਤਰ ਧਰਤੀ 'ਤੇ ਅਧਿਆਤਮਿਕ ਸ਼ਾਂਤੀ ਦੀ ਖੋਜ 'ਚ ਆਏ ਸਨ, ਪਰ ਅੱਜ ਉਨ੍ਹਾਂ ਨੂੰ ਅਜਿਹੇ ਖਾਲੀਪਨ ਅਤੇ ਭਾਰੀ ਮਨ ਨਾਲ ਪਰਤਣਾ ਪੈ ਰਿਹਾ ਹੈ ਜਿਸ ਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਸੀ ਕੀਤੀ। ਉਨ੍ਹਾਂ ਨੇ ਪ੍ਰਸ਼ਾਸਨ ਦੇ ਵਤੀਰੇ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸੰਗਮ ਦੀਆਂ ਲਹਿਰਾਂ 'ਚ ਇਸ਼ਨਾਨ ਕਰਨਾ ਆਤਮਾ ਦੀ ਸੰਤੁਸ਼ਟੀ ਦਾ ਮਾਰਗ ਹੈ, ਪਰ ਅੱਜ ਉਹ ਇੰਨੇ ਦੁਖੀ ਹਨ ਕਿ ਬਿਨਾਂ ਇਸ਼ਨਾਨ ਕੀਤੇ ਹੀ ਜਾ ਰਹੇ ਹਨ। ਉਨ੍ਹਾਂ ਅਨੁਸਾਰ, ਇਸ ਘਟਨਾ ਨੇ ਨਾ ਸਿਰਫ਼ ਉਨ੍ਹਾਂ ਦੀ ਆਤਮਾ ਨੂੰ ਝੰਜੋੜਿਆ ਹੈ, ਸਗੋਂ ਨਿਆਂ ਅਤੇ ਮਨੁੱਖਤਾ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਜਾਣਕਾਰੀ ਅਨੁਸਾਰ, ਮੌਨੀ ਮੱਸਿਆ ਦੇ ਦਿਨ ਸੁਆਮੀ ਅਵੀਮੁਕਤੇਸ਼ਵਰਾਨੰਦ ਆਪਣੀ ਪਾਲਕੀ 'ਤੇ ਸਵਾਰ ਹੋ ਕੇ ਸੰਗਮ ਵੱਲ ਜਾ ਰਹੇ ਸਨ। ਮੇਲਾ ਪ੍ਰਸ਼ਾਸਨ ਅਤੇ ਪੁਲਿਸ ਨੇ ਭੀੜ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਪਾਲਕੀ ਤੋਂ ਉਤਰ ਕੇ ਅੱਗੇ ਜਾਣ ਲਈ ਕਿਹਾ, ਜਿਸ ਕਾਰਨ ਟਕਰਾਅ ਦੀ ਸਥਿਤੀ ਪੈਦਾ ਹੋ ਗਈ। ਦੂਜੇ ਪਾਸੇ, ਪ੍ਰਸ਼ਾਸਨ ਨੇ ਦੋਸ਼ ਲਾਇਆ ਹੈ ਕਿ ਸ਼ੰਕਰਾਚਾਰੀਆ ਦੇ ਸਮਰਥਕਾਂ ਨੇ ਪਾਂਟੂਨ ਪੁਲ ਦੇ ਬੈਰੀਅਰ ਤੋੜ ਕੇ ਘਾਟ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਸੁਰੱਖਿਆ ਵਿਵਸਥਾ ਬਣਾਏ ਰੱਖਣ 'ਚ ਭਾਰੀ ਮੁਸ਼ਕਲ ਆਈ। ਇਸ ਘਟਨਾ ਨੂੰ ਲੈ ਕੇ ਸਿਆਸਤ ਵੀ ਗਰਮਾ ਗਈ ਹੈ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਇਸ ਨੂੰ 'ਬਹੁਤ ਹੀ ਅਣਸੁਖਾਵੀਂ ਘਟਨਾ' ਕਰਾਰ ਦਿੱਤਾ ਹੈ। ਯਾਦਵ ਨੇ ਕਿਹਾ ਕਿ ਜੇਕਰ ਭਾਜਪਾ ਸਰਕਾਰ ਚਾਹੁੰਦੀ ਤਾਂ ਸਤਿਕਾਰ ਵਜੋਂ ਸੁਆਮੀ ਜੀ ਦੀ ਪਾਲਕੀ ਖੁਦ ਚੁੱਕ ਕੇ ਉਨ੍ਹਾਂ ਨੂੰ ਇਸ਼ਨਾਨ ਕਰਵਾ ਸਕਦੀ ਸੀ ਪਰ ਭ੍ਰਿਸ਼ਟ ਸਾਧਨਾਂ ਨਾਲ ਹਾਸਲ ਕੀਤੀ ਸ਼ਕਤੀ ਦੇ ਘਮੰਡ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਉਨ੍ਹਾਂ ਚੇਤਾਵਨੀ ਦਿੱਤੀ ਕਿ 'ਆਹਤ ਸੰਤ ਭਾਵ ਸੱਤਾ ਦਾ ਅੰਤ'।

# ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਉਥਾਨ ਲਈ ਸੂਬਾ ਸਰਕਾਰ ਯਤਨਸ਼ੀਲ : ਸੰਦੀਪ ਸੈਣੀ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਪਛੜੀਆਂ ਸ਼੍ਰੇਣੀਆਂ, ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਸੂਬੇ ਦੀਆਂ ਪਛੜੀਆਂ ਸ਼੍ਰੇਣੀਆਂ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਵੈ-ਰੁਜ਼ਗਾਰ ਸਥਾਪਿਤ ਕਰਨ ਲਈ ਤੇ ਵਿਦਿਆਰਥੀਆਂ ਨੂੰ ਦੇਸ਼ ਤੇ ਵਿਦੇਸ਼ਾਂ ਵਿੱਚ ਉਚੇਰੀ ਸਿਖਿਆ ਪ੍ਰਾਪਤ ਕਰਨ ਲਈ ਘੱਟ ਵਿਆਜ ਦੀ ਦਰ 'ਤੇ ਕਰਜੇ ਮੁਹੱਈਆ ਕਰਵਾਏ ਜਾਂਦੇ ਹਨ। ਇਹ ਜਾਣਕਾਰੀ ਬੈਕਫਿੰਕੋ ਦੇ ਚੇਅਰਮੈਨ ਸੰਦੀਪ ਸੈਣੀ ਵੱਲੋਂ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੇ ਉਥਾਨ ਲਈ ਪੰਜਾਬ ਸਰਕਾਰ ਯਤਨਸ਼ੀਲ ਹੈ। ਸੈਣੀ ਨੇ ਦੱਸਿਆ ਕਿ ਬੈਕਫਿੰਕੋ ਵੱਲੋਂ ਸਾਲ 2025-26 ਦੌਰਾਨ ਐਨ.ਐਮ.ਡੀ. ਸਕੀਮ ਅਧੀਨ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਕ੍ਰਿਸ਼ਚਨ, ਪਾਰਸੀ, ਬੋਧੀ ਅਤੇ ਜੈਨੀ) ਦੇ ਲੋਕਾਂ ਨੂੰ 1 ਅਪ੍ਰੈਲ, 2025 ਤੋਂ 31-12-2025 ਤੱਕ 256 ਲਾਭਪਾਤਰੀਆਂ ਨੂੰ 8.25 ਕਰੋੜ ਰੁਪਏ ਕਰਜੇ ਵੰਡੇ ਜਾ ਚੁੱਕੇ ਹਨ। ਉਨ੍ਹਾਂ ਪੰਜਾਬ ਦੇ ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਰੁਜਗਾਰ ਸ਼ੁਰੂ ਕਰਨ ਲਈ ਬੈਕਫਿੰਕੋ ਨਾਲ ਸੰਪਰਕ ਕਰਨ।

# ਮਾਨ ਸਰਕਾਰ ਦਾ ਗ਼ਰੀਬ ਤੇ ਹਾਸ਼ੀਏ 'ਤੇ ਖੜ੍ਹੇ ਵਰਗਾਂ ਲਈ ਵੱਡਾ ਕਦਮ; ਅਸ਼ੀਰਵਾਦ ਸਕੀਮ ਹੁਣ ਸਿਰਫ਼ ਸੇਵਾ ਕੇਂਦਰਾਂ ਰਾਹੀਂ ਲਾਗੂ ਹੋਵੇਗੀ : ਡਾ. ਬਲਜੀਤ ਕੌਰ

ਚੰਡੀਗੜ੍ਹ, 28 ਜਨਵਰੀ (ਅੰਮ੍ਰਿਤਪਾਲ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗਰੀਬ, ਪੱਛੜੇ ਅਤੇ ਹਾਸੀਏ 'ਤੇ ਖੜ੍ਹੇ ਵਰਗਾਂ ਦੀ ਭਲਾਈ ਲਈ ਲਗਾਤਾਰ ਲੋਕ-ਹਿਤੈਸ਼ੀ ਫੈਸਲੇ ਲਏ ਜਾ ਰਹੇ ਹਨ। ਇਸੇ ਦਿਸ਼ਾ ਵਿੱਚ ਅਸ਼ੀਰਵਾਦ ਸਕੀਮ ਨੂੰ ਹੋਰ ਪਾਰਦਰਸ਼ੀ, ਸੁਚਾਰੂ ਅਤੇ ਲੋਕ-ਮਿਤਰ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਇਹ ਗੱਲ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ।



ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ ਵਿਖੇ ਅਸ਼ੀਰਵਾਦ ਆਨਲਾਈਨ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਸਾਂਝੇ ਤੌਰ 'ਤੇ ਜੋੜ ਕੇ ਅਧਿਕਾਰਕ ਤੌਰ 'ਤੇ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਹੁਣ ਤੋਂ ਅਸ਼ੀਰਵਾਦ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਲਈ ਅਰਜ਼ੀਆਂ ਸਿਰਫ਼ ਸੇਵਾ ਕੇਂਦਰਾਂ ਰਾਹੀਂ ਹੀ ਦਾਖ਼ਲ ਕੀਤੀਆਂ ਜਾ ਸਕਣਗੀਆਂ, ਜਿਸ ਨਾਲ ਸਕੀਮ ਦੀ ਕਾਰਗੁਜ਼ਾਰੀ ਹੋਰ ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣੇਗੀ। ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਮਾਨ ਸਰਕਾਰ ਦੀ ਦ੍ਰਿੜ ਵਚਨਬੱਧਤਾ ਹੈ ਕਿ ਸਰਕਾਰੀ ਭਲਾਈ ਸਕੀਮਾਂ ਦਾ ਹਰ ਇੱਕ ਰੁਪਇਆ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਹੱਕਦਾਰ ਲਾਭਪਾਤਰੀ ਤੱਕ ਪਹੁੰਚੇ। ਸੇਵਾ ਕੇਂਦਰਾਂ ਰਾਹੀਂ ਅਰਜ਼ੀਆਂ ਲੈਣ ਨਾਲ ਭ੍ਰਿਸ਼ਟਾਚਾਰ, ਦਲਾਲੀ ਅਤੇ ਗਲਤ ਵਰਤੋਂ 'ਤੇ ਨੱਥ ਪਵੇਗੀ ਅਤੇ ਲੋਕਾਂ ਦਾ ਸਰਕਾਰੀ ਪ੍ਰਣਾਲੀ 'ਤੇ ਭਰੋਸਾ ਹੋਰ ਮਜ਼ਬੂਤ ਹੋਵੇਗਾ। ਇਹ ਪਹਿਲ ਧੀਆਂ ਦੀ ਇਜ਼ਤ, ਸਮਾਜਿਕ ਸੁਰੱਖਿਆ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਪੰਜਾਬ ਸਰਕਾਰ ਦੀ ਇੱਕ ਪ੍ਰਮੁੱਖ ਭਲਾਈ ਯੋਜਨਾ ਹੈ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ, ਈਸਾਈ ਭਾਈਚਾਰੇ, ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੇ ਹਰ ਜਾਤੀ ਦੀ ਵਿਧਵਾਵਾਂ ਦੀਆਂ ਧੀਆਂ ਅਤੇ ਅਨੁਸੂਚਿਤ ਜਾਤੀ ਦੀਆਂ ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਦੇ ਵਿਆਹ ਸਮੇਂ ₹51,000 ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਪਹਿਲਾਂ ਲਾਭਪਾਤਰੀਆਂ ਨੂੰ ਦਸਤਾਵੇਜ਼ਾਂ ਸਮੇਤ ਅਰਜ਼ੀਆਂ ਵਿਭਾਗ ਦੇ ਤਹਿਸੀਲ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣੀਆਂ ਪੈਂਦੀਆਂ ਸਨ, ਜਿਸ ਕਾਰਨ ਕਾਰਵਾਈ ਵਿੱਚ ਦੇਰੀ ਤੇ ਤਕਨੀਕੀ ਖਾਮੀਆਂ ਆਉਂਦੀਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਬਾਅਦ ਵਿੱਚ ਸਕੀਮ ਨੂੰ ਆਨਲਾਈਨ ਕਰਨ ਦੇ ਬਾਵਜੂਦ ਨਿੱਜੀ ਸਾਇਬਰ ਕੈਫ਼ਿਆਂ ਵੱਲੋਂ ਵੱਧ ਫੀਸ ਲੈਣ ਸੰਬੰਧੀ ਸ਼ਿਕਾਇਤਾਂ ਮਿਲਦੀਆਂ ਰਹੀਆਂ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਅਸ਼ੀਰਵਾਦ ਪੋਰਟਲ ਨੂੰ ਸੇਵਾ ਕੇਂਦਰਾਂ ਨਾਲ ਜੋੜ ਦਿੱਤਾ ਹੈ। ਇਸ ਨਾਲ ਲਾਭਪਾਤਰੀ ਆਪਣੇ ਨੇੜਲੇ ਸੇਵਾ ਕੇਂਦਰ ਤੋਂ ਘੱਟ ਖ਼ਰਚ 'ਤੇ ਆਸਾਨ ਤੇ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਲੈ ਸਕਣਗੇ। ਇਸ ਮੌਕੇ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਡਾਇਰੈਕਟਰ ਵਿੰਮੀ ਭੁੱਲਰ ਵਿਸ਼ੇਸ਼ 'ਤੇ ਹਾਜ਼ਰ ਸਨ।

# ਗੁਰਵਿੰਦਰ ਸਿੰਘ ਕਤਲ ਮਾਮਲੇ 'ਚ ਗੈਂਗਸਟਰ ਗੋਲਡੀ ਬਰਾੜ ਵਿਰੁੱਧ ਐਫ਼.ਆਈ.ਆਰ. ਦਰਜ

## ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਕਈ ਟੀਮਾਂ ਦਾ ਗਠਨ : ਨਾਨਕ ਸਿੰਘ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 28 ਜਨਵਰੀ (ਅੰਮ੍ਰਿਤਪਾਲ ਸਿੰਘ): ਮੋਹਾਲੀ ਪੁਲਿਸ ਵੱਲੋਂ ਵਿਦੇਸ਼ ਵੱਸਦੇ ਗੈਂਗਸਟਰ ਅਤੇ ਹੈਂਡਲਰ ਸਤਿੰਦਰਪਾਲ ਸਿੰਘ ਉਰਫ਼ ਗੋਲਡੀ ਬਰਾੜ ਖ਼ਿਲਾਫ਼ ਗੁਰਵਿੰਦਰ ਸਿੰਘ ਦੇ ਕਤਲ ਮਾਮਲੇ ਵਿੱਚ ਐਫ ਆਈ ਆਰ ਦਰਜ ਕੀਤੀ ਗਈ ਹੈ। ਗੁਰਵਿੰਦਰ ਸਿੰਘ ਨੂੰ ਅੱਜ ਬਾਅਦ ਦੁਪਹਿਰ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਮੋਹਾਲੀ ਦੇ ਨੇੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਘਟਨਾ ਦੇ ਵੇਰਵੇ ਸਾਂਝੇ ਕਰਦਿਆਂ ਡੀ ਆਈ ਜੀ ਰੂਪਨਗਰ ਰੇਂਜ ਨਾਨਕ ਸਿੰਘ ਨੇ ਐੱਸ ਐੱਸ ਪੀ ਐੱਸ ਏ ਐੱਸ ਨਗਰ ਹਰਮਨਦੀਪ ਸਿੰਘ ਹਾਂਸ ਦੀ ਮੌਜੂਦਗੀ ਵਿੱਚ ਕਿਹਾ ਕਿ ਇਹ ਵਾਕਿਆ ਅੱਜ ਕਰੀਬ 3 ਵਜੇ ਵਾਪਰਿਆ। ਇੱਕ ਅਣਪਛਾਤੇ ਹਮਲਾਵਰ ਨੇ ਗੁਰਵਿੰਦਰ ਸਿੰਘ ਉਰਫ਼ ਲੰਬੜ, ਪੁੱਤਰ ਅਵਤਾਰ ਸਿੰਘ, ਵਾਸੀ ਪਿੰਡ ਰੁੜਕੀ ਪੁਖ਼ਤਾ, ਥਾਣਾ ਸਦਰ ਖਰੜ, ਨੂੰ ਉਸ ਸਮੇਂ ਗੋਲੀਆਂ ਮਾਰ ਕੇ ਮਾਰ ਦਿੱਤਾ ਜਦੋਂ ਉਹ ਡੀ ਏ ਸੀ ਮੋਹਾਲੀ ਦੇ ਨੇੜੇ ਏ ਸੀ ਸੀ ਹਾਊਸਿੰਗ ਸੋਸਾਇਟੀ ਬਾਹਰ ਸੜਕ 'ਤੇ ਖੜ੍ਹੀ ਆਪਣੀ ਕਾਰ ਦੀ ਡਿੱਕੀ ਖੋਲ੍ਹ ਰਿਹਾ ਸੀ।



ਡੀ ਆਈ ਜੀ ਨਾਨਕ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਮ੍ਰਿਤਕ ਅੱਜ ਜ਼ਿਲ੍ਹਾ ਅਦਾਲਤ, ਮੋਹਾਲੀ ਵਿੱਚ ਥਾਣਾ ਖਰੜ ਵਿੱਚ ਦਰਜ ਐਫ ਆਈ ਆਰ ਨੰਬਰ 281/24, ਧਾਰਾ 18 ਐਨ ਡੀ ਪੀ ਐਸ ਐਕਟ, ਸਬੰਧੀ ਮਾਮਲੇ ਦੀ ਸੁਣਵਾਈ ਲਈ ਪਹੁੰਚਿਆ ਸੀ। ਅਦਾਲਤੀ ਕਾਰਵਾਈ ਤੋਂ ਬਾਅਦ ਜਦੋਂ ਗੁਰਵਿੰਦਰ ਸਿੰਘ ਆਪਣੀ ਪਤਨੀ ਨਾਲ ਕਾਰ ਵੱਲ ਵਧਿਆ ਤਾਂ ਪਹਿਲਾਂ ਤੋਂ ਮੌਕੇ 'ਤੇ ਮੌਜੂਦ ਹਮਲਾਵਰ ਨੇ ਉਸ 'ਤੇ ਕਈ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਦੇ ਬਿਆਨ ਦੇ ਆਧਾਰ 'ਤੇ ਥਾਣਾ ਸੋਹਾਣਾ ਵਿੱਚ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 103(1), 61(2) ਅਤੇ ਆਰਮਜ਼ ਐਕਟ ਦੀ ਧਾਰਾ 25 ਅਧੀਨ ਸਤਿੰਦਰਪਾਲ ਸਿੰਘ ਉਰਫ਼ ਗੋਲਡੀ ਬਰਾਰ ਖ਼ਿਲਾਫ਼ ਮੁੱਢਲੇ ਤੌਰ ਤੇ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ (ਮ੍ਰਿਤਕ ਦੀ ਪਤਨੀ) ਅਨੁਸਾਰ ਗੁਰਵਿੰਦਰ ਸਿੰਘ ਨੂੰ ਗੋਲਡੀ ਬਰਾੜ ਵੱਲੋਂ ਧਮਕੀਆਂ ਮਿਲ ਰਹੀਆਂ ਸਨ ਕਿਉਂਕਿ ਉਹ ਗੁਰਲਾਲ ਬਰਾੜ ਦੇ ਕਤਲ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਸੀ, ਜੋ ਕਿ ਗੋਲਡੀ ਬਰਾਰ ਦਾ ਰਿਸ਼ਤੇਦਾਰੀ ਚੋਂ ਭਰਾ ਸੀ। ਡੀ ਆਈ ਜੀ ਨਾਨਕ ਸਿੰਘ ਨੇ ਕਿਹਾ ਕਿ 'ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਨ ਲਈ ਤਕਨੀਕੀ ਜਾਂਚ, ਵਿਗਿਆਨਕ ਜਾਂਚ ਅਤੇ ਹਿਊਮਨ ਇੰਟੈਲੀਜੈਂਸ ਤਹਿਤ ਕੰਮ ਕਰਨ ਕਈ ਟੀਮਾਂ ਦਾ ਗਠਨ ਕੀਤਾ ਗਿਆ ਹੈ।'

# ਪਠਾਨਕੋਟ ਦੇ ਗੁਰਦੁਆਰੇ 'ਚ ਬੇਅਦਬੀ ਦਾ ਮਾਮਲਾ ਆਇਆ ਸਾਹਮਣੇ

ਪਠਾਨਕੋਟ, 28 ਜਨਵਰੀ (ਚ.ਨ.ਸ.): ਪਠਾਨਕੋਟ ਦੇ ਮੁਹੱਲਾ ਰਾਮਪੁਰਾ ਦੇ ਇੱਕ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਨਾਲ ਇਲਾਕੇ ਵਿੱਚ ਤਣਾਅ ਪੈਦਾ ਹੋ ਗਿਆ ਹੈ। ਆਲ ਇੰਡੀਆ ਦੀ ਸਤਕਾਰ ਕਮੇਟੀ ਮੌਕੇ 'ਤੇ ਪਹੁੰਚੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਕਮੇਟੀ ਨੇ ਇਹ ਅੰਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਆਉਂਦੇ ਗੁਰਦੁਆਰਾ ਸਾਹਿਬ ਸ੍ਰੀ ਬਾਰਠ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੇ। ਦੇਰ ਸ਼ਾਮ ਇਸ ਕਾਰਵਾਈ ਤੋਂ ਬਾਅਦ ਪੁਲਿਸ ਮੌਕੇ 'ਤੇ ਪਹੁੰਚੀ ਤੇ ਸਥਿਤੀ ਨੂੰ ਸ਼ਾਂਤ ਕੀਤਾ। ਸਤਕਾਰ ਕਮੇਟੀ ਦੇ ਭਾਈ ਬਲਬੀਰ ਸਿੰਘ ਮੁੱਛਲ ਨੇ ਦੱਸਿਆ ਕਿ ਮੁਹੱਲਾ ਰਾਮਪੁਰਾ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਰਾਬ ਪਾਏ ਗਏ ਸਨ। ਸਥਾਨਕ ਪ੍ਰਸ਼ਾਸਨ ਨੂੰ ਬੇਅਦਬੀ ਦੀ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 2 ਦੇ ਐਸ.ਐਚ.ਓ. ਮੌਕੇ 'ਤੇ ਪਹੁੰਚੇ। ਸਤਕਾਰ ਕਮੇਟੀ ਨੇ ਜਨਤਾ ਨੂੰ ਗੁਰਦੁਆਰੇ ਦੀ ਮਰਿਆਦਾ ਦਾ ਸਤਿਕਾਰ ਕਰਨ ਦੀ ਅਪੀਲ ਕੀਤੀ।

# ਐਸ.ਸੀ. ਕਮਿਸ਼ਨ ਵੱਲੋਂ ਐਸ.ਡੀ.ਐਮ. ਤਲਬ

ਚੰਡੀਗੜ੍ਹ, 28 ਜਨਵਰੀ (ਚ.ਨ.ਸ.): ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵੱਲੋਂ ਇਕ ਮਾਮਲੇ ਵਿੱਚ ਕਾਰਵਾਈ ਕਰਦਿਆਂ ਐਸ.ਡੀ.ਐਮ. ਸਚਿਨ ਪਾਠਕ ਨੂੰ ਤਲਬ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਸੀ. ਕਮਿਸ਼ਨ ਦੇ ਚੇਅਰਮੈਨ ਜਸਬੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਸੰਤ ਇੰਦਰ ਦਾਸ ਵਾਸੀ ਪਿੰਡ ਚੂਹੜਵਾਲੀ ਜਿਲ੍ਹਾ ਜਲੰਧਰ ਵੱਲੋਂ ਦਾਇਰ ਇਕ ਸ਼ਿਕਾਇਤ ਸਬੰਧੀ ਕਮਿਸ਼ਨ ਵੱਲੋਂ ਸੁਣਵਾਈ ਕੀਤੀ ਜਾ ਰਹੀ ਹੈ। ਜਿਸ ਵਿੱਚ ਕਮਿਸ਼ਨ ਵੱਲੋਂ ਮਿਤੀ 03-02-2026 ਨੂੰ ਸਚਿਨ ਪਾਠਕ ਐਸ.ਡੀ.ਐਮ. ਨੰਗਲ ਨੂੰ ਤਲਬ ਕੀਤਾ ਗਿਆ ਹੈ।

## ਸੰਪਾਦਕੀ

# ਵਿਸ਼ਵ ਜਲ ਸੰਕਟ ਚਿੰਤਾ ਦਾ ਵਿਸ਼ਾ

ਵਧਦਾ ਹੋਇਆ ਵਿਸ਼ਵ ਜਲ ਸੰਕਟ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਭਵਿੱਖਬਾਣੀਆਂ ਵੀ ਕੀਤੀਆਂ ਗਈਆਂ ਹਨ ਕਿ ਅਗਲਾ ਵਿਸ਼ਵ ਯੁੱਧ ਪਾਣੀ ਲਈ ਲੜਿਆ ਜਾਵੇਗਾ। ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਵਾਟਰ, ਐਨਵਾਇਰਮੈਂਟ ਐਂਡ ਹੈਲਥ ਦੇ ਖੋਜਕਰਤਾਵਾਂ ਦੀ ਇੱਕ ਤਾਜ਼ਾ ਰਿਪੋਰਟ ਇਨ੍ਹਾਂ ਚਿੰਤਾਵਾਂ ਨੂੰ ਹੋਰ ਡੂੰਘਾ ਕਰਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਜ਼ਿਆਦਾ ਸ਼ੋਸ਼ਣ, ਸੁੰਗੜਦੇ ਭੂਮੀਗਤ ਸਰੋਤਾਂ, ਜ਼ਮੀਨ ਦੀ ਗਿਰਾਵਟ, ਵਧਦੇ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਦੁਆਰਾ ਪੈਦਾ ਹੋਈਆਂ ਚੁਣੌਤੀਆਂ ਦੇ ਕਾਰਨ, ਦੁਨੀਆ ਹੁਣ ਪਾਣੀ ਦੇ ਸੰਕਟ ਤੋਂ ਪਰੇ ਗਲੋਬਲ ਪਾਣੀ ਦੀ ਦੀਵਾਲੀਆਪਨ ਦੀ ਸਥਿਤੀ ਵਿੱਚ ਚਲੀ ਗਈ ਹੈ। ਜਦੋਂ ਕੋਈ ਵਿਅਕਤੀ ਦੀਵਾਲੀਆ ਹੋ ਜਾਂਦਾ ਹੈ ਤਾਂ ਉਹ ਪੈਸੇ ਗੁਆ ਬੈਠਦਾ ਹੈ, ਉਨ੍ਹਾਂ ਦੇ ਘਰ ਗਿਰਵੀ ਰੱਖ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਭਰੋਸੇਯੋਗਤਾ ਖਤਮ ਹੋ ਜਾਂਦੀ ਹੈ। ਵੱਡਾ ਸਵਾਲ ਇਹ ਹੈ: ਜੇਕਰ ਦੁਨੀਆ ਪਾਣੀ ਦੀ ਦੀਵਾਲੀਆਪਨ ਹੋ ਜਾਂਦੀ ਹੈ ਤਾਂ ਕੀ ਹੋਵੇਗਾ ? ਖੋਜਕਰਤਾਵਾਂ ਨੇ ਰਿਪੋਰਟ ਵਿੱਚ ਜੋ ਕਿਹਾ ਹੈ, ਉਸਦਾ ਮਤਲਬ ਇਹ ਨਹੀਂ ਹੈ ਕਿ ਦੁਨੀਆ ਵਿੱਚ ਅਚਾਨਕ ਪਾਣੀ ਖਤਮ ਹੋ ਜਾਵੇਗਾ, ਸਗੋਂ ਇਹ ਹੈ ਕਿ ਪਾਣੀ ਦਾ ਅੰਨ੍ਹੇਵਾਹ ਸ਼ੋਸ਼ਣ ਅਤੇ ਪ੍ਰਦੂਸ਼ਣ ਵੱਧ ਰਿਹਾ ਹੈ, ਜਿਸ ਨਾਲ ਪਾਣੀ ਪ੍ਰਣਾਲੀ ਕਮਜ਼ੋਰ ਹੋਣੀ ਸ਼ੁਰੂ ਹੋ ਗਈ ਹੈ। ਪਾਣੀ ਦੇ ਸੰਕਟ ਦੀ ਚਰਚਾ ਦੁਨੀਆ ਭਰ ਵਿੱਚ ਲੰਬੇ ਸਮੇਂ ਤੋਂ ਹੋ ਰਹੀ ਹੈ, ਪਰ ਇਸਨੂੰ ਇੱਕ ਅਜਿਹੇ ਝਟਕੇ ਵਜੋਂ ਦੇਖਿਆ ਗਿਆ ਹੈ, ਜਿਸਨੂੰ ਸਮੇਂ ਦੇ ਨਾਲ ਦੂਰ ਕੀਤਾ ਜਾ ਸਕਦਾ ਹੈ। ਜਿੱਥੇ ਪਾਣੀ ਦੇ ਸੰਕਟ ਬਾਰੇ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ, ਉੱਥੇ ਇਹ ਭਰੋਸਾ ਵੀ ਦਿੱਤਾ ਗਿਆ ਹੈ ਕਿ ਚੰਗੀ ਬਾਰਿਸ਼ ਵਾਪਸ ਆਵੇਗੀ, ਪਾਣੀ ਦਾ ਪੱਧਰ ਸੁਧਰੇਗਾ ਅਤੇ ਸਥਿਤੀ ਆਮ ਵਾਂਗ ਹੋ ਜਾਵੇਗੀ। ਹਾਲਾਂਕਿ, ਇੱਕ ਨਵੀਂ ਰਿਪੋਰਟ ਨੇ ਇਸ ਭਰੋਸੇ 'ਤੇ ਪਰਛਾਵਾਂ ਪਾ ਦਿੱਤਾ ਹੈ। ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਦੁਨੀਆ ਦਾ ਪਾਣੀ ਸਪਲਾਈ ਸਿਸਟਮ ਕਈ ਥਾਵਾਂ 'ਤੇ ਢਹਿਣ ਦੇ ਪੜਾਅ 'ਤੇ ਪਹੁੰਚ ਗਿਆ ਹੈ। ਕਈ ਖੇਤਰਾਂ ਵਿੱਚ ਪਾਣੀ ਦੀ ਕਮੀ ਹੁਣ ਸਥਾਈ ਹੁੰਦੀ ਜਾ ਰਹੀ ਹੈ। ਇਹ ਸਥਿਤੀ ਸਿਰਫ਼ ਪਾਣੀ ਦੀ ਕਮੀ ਨਹੀਂ, ਸਗੋਂ ਸਿਸਟਮ ਦੇ ਟੁੱਟਣ ਦਾ ਸੰਕੇਤ ਦਿੰਦੀ ਹੈ। ਇਸ ਲਈ, ਸਾਨੂੰ ਪਾਣੀ ਬਾਰੇ ਸੋਚਣ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ। ਹੁਣ ਤੱਕ ਪਾਣੀ ਦੇ ਸੰਕਟ ਨੂੰ ਇੱਕ ਅਸਥਾਈ ਸਮੱਸਿਆ ਮੰਨਿਆ ਜਾਂਦਾ ਰਿਹਾ ਹੈ। ਅਕਾਲ ਅਤੇ ਸਮੱਸਿਆਵਾਂ ਆਈਆਂ ਹਨ, ਪਰ ਕੁਝ ਸਾਲਾਂ ਬਾਅਦ ਸਥਿਤੀ ਵਿੱਚ ਸੁਧਾਰ ਹੋਇਆ ਹੈ। ਕੁਝ ਸਾਲਾਂ ਵਿੱਚ, ਬਾਰਿਸ਼ ਘੱਟ ਸੀ, ਪਰ ਅਗਲੇ ਮਾਨਸੂਨ ਨੇ ਇਸਦੀ ਭਰਪਾਈ ਕੀਤੀ। ਜਦੋਂ ਇਹ ਹੋ ਰਿਹਾ ਸੀ, ਤਾਂ ਨੀਤੀਆਂ ਵੀ ਉਸ ਅਨੁਸਾਰ ਬਣਾਈਆਂ ਗਈਆਂ। ਇੱਥੋਂ ਤੱਕ ਕਿ ਸਮਾਜ ਜੋ ਕਦੇ ਪਾਣੀ ਦੀ ਹਰ ਬੂੰਦ ਨੂੰ ਸੰਭਾਲਦੇ ਸਨ, ਉਹ ਵੀ ਲਾਪਰਵਾਹ ਹੋ ਗਏ ਹਨ। ਕਈ ਥਾਵਾਂ 'ਤੇ, ਪਾਣੀ ਦੇ ਸਰੋਤ ਇੰਨੇ ਘੱਟ ਹੋ ਗਏ ਹਨ ਕਿ ਉਹਨਾਂ ਨੂੰ ਆਪਣੀ ਪਿਛਲੀ ਸਥਿਤੀ ਵਿੱਚ ਵਾਪਸ ਆਉਣ ਵਿੱਚ ਦਹਾਕੇ ਲੱਗ ਸਕਦੇ ਹਨ ਅਤੇ ਬਹੁਤ ਸਾਰੇ ਮਾਮਲਿਆਂ ਵਿੱਚ ਇਹ ਬਿਲਕੁਲ ਵੀ ਸੰਭਵ ਨਹੀਂ ਹੋ ਸਕਦਾ। ਅਸੀਂ ਲੰਬੇ ਸਮੇਂ ਤੋਂ ਦੀਵਾਲੀਆਪਨ ਨੂੰ ਇੱਕ ਵਿਅਕਤੀ ਦੀ ਵਿੱਤੀ ਤਬਾਹੀ ਦੇ ਸੰਦਰਭ ਵਿੱਚ ਸਮਝਦੇ ਹਾਂ। ਜਦੋਂ ਕੋਈ ਵਿਅਕਤੀ ਵਿੱਤੀ ਤੌਰ 'ਤੇ ਦੀਵਾਲੀਆ ਹੋ ਜਾਂਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਦੁਨੀਆ ਨੇ ਆਪਣਾ ਪੈਸਾ ਗੁਆ ਦਿੱਤਾ ਹੈ। ਪੈਸਾ ਬਚਿਆ ਰਹਿੰਦਾ ਹੈ, ਪਰ ਉਸ ਵਿਅਕਤੀ ਦੀ ਆਮਦਨ, ਖਰਚਿਆਂ ਅਤੇ ਕਰਜ਼ਿਆਂ ਵਿਚਕਾਰ ਸੰਤੁਲਨ 'ਚ ਵਿਘਨ ਪੈਂਦਾ ਹੈ। ਇਸੇ ਤਰ੍ਹਾਂ ਦੁਨੀਆ ਵਿੱਚ ਪਾਣੀ ਮੌਜੂਦ ਹੈ, ਪਰ ਇਸਦੀ ਉਪਲਬਧਤਾ, ਵਰਤੋਂ ਅਤੇ ਰੀਚਾਰਜ ਵਿਚਕਾਰ ਸੰਤੁਲਨ ਤੇਜ਼ੀ ਨਾਲ ਵਿਗੜ ਰਿਹਾ ਹੈ। ਅਸੀਂ ਭੂਮੀਗਤ ਪਾਣੀ ਨੂੰ ਓਨਾ ਨਹੀਂ ਭਰ ਰਹੇ ਜਿੰਨਾ ਅਸੀਂ ਕੱਢ ਰਹੇ ਹਾਂ। ਇਸਦਾ ਮਤਲਬ ਹੈ ਕਿ ਪਾਣੀ ਦਾ ਸੰਤੁਲਨ ਘਟਦਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਖੋਜਕਰਤਾਵਾਂ ਦੀ ਇੱਕ ਰਿਪੋਰਟ ਦੇ ਅਨੁਸਾਰ, ਇਸ ਅਸੰਤੁਲਨ ਦੀਆਂ ਜੜ੍ਹਾਂ ਦਹਾਕਿਆਂ ਪੁਰਾਣੀਆਂ ਹਨ। ਭੂਮੀਗਤ ਪਾਣੀ ਦਾ ਅੰਨ੍ਹੇਵਾਹ ਸ਼ੋਸ਼ਣ, ਨਦੀਆਂ ਨੂੰ ਸੀਵਰੇਜ ਨਾਲਿਆਂ ਵਿੱਚ ਬਦਲਣਾ, ਜੰਗਲਾਂ ਦੀ ਕਟਾਈ, ਮਿੱਟੀ ਦੀ ਕਟੌਤੀ ਅਤੇ ਜਲਵਾਯੂ ਪਰਿਵਰਤਨ ਨੇ ਮਿਲ ਕੇ ਕੁਦਰਤੀ ਜਲ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੱਤਾ ਹੈ। ਜਦੋਂ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ, ਤਾਂ ਇਹ ਮੌਜੂਦ ਹੋਣ ਦੇ ਬਾਵਜੂਦ ਵਰਤੋਂ ਯੋਗ ਨਹੀਂ ਹੋ ਜਾਂਦਾ ਹੈ। ਜਦੋਂ ਭੂਮੀਗਤ ਪਾਣੀ ਨੂੰ ਬਹੁਤ ਜ਼ਿਆਦਾ ਕੱਢਿਆ ਜਾਂਦਾ ਹੈ, ਤਾਂ ਇਸਨੂੰ ਦੁਬਾਰਾ ਭਰਨ ਤੋਂ ਪਹਿਲਾਂ ਹੀ ਖਤਮ ਹੋ ਜਾਂਦਾ ਹੈ। ਹੌਲੀ-ਹੌਲੀ ਇਹ ਸਥਿਤੀ ਇੱਕ ਅਜਿਹੇ ਬਿੰਦੂ 'ਤੇ ਪਹੁੰਚ ਜਾਂਦੀ ਹੈ ਜਿੱਥੋਂ ਇਸਨੂੰ ਠੀਕ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਹ ਵੀ ਸੱਚ ਹੈ ਕਿ ਇਹ ਸੰਕਟ ਸਾਰਿਆਂ ਨੂੰ ਬਰਾਬਰ ਪ੍ਰਭਾਵਿਤ ਨਹੀਂ ਕਰਦਾ। ਜਿਸ ਤਰ੍ਹਾਂ ਗਰੀਬ ਸਭ ਤੋਂ ਪਹਿਲਾਂ ਆਰਥਿਕ ਦੀਵਾਲੀਆਪਨ ਦਾ ਸ਼ਿਕਾਰ ਹੁੰਦੇ ਹਨ, ਉਸੇ ਤਰ੍ਹਾਂ ਪਾਣੀ ਸੰਕਟ ਅਤੇ ਪਾਣੀ ਦੀ ਦੀਵਾਲੀਆਪਨ ਦਾ ਸਭ ਤੋਂ ਵੱਡਾ ਬੋਝ ਕੁਦਰਤੀ ਤੌਰ 'ਤੇ ਸਭ ਤੋਂ ਕਮਜ਼ੋਰ ਵਰਗਾਂ 'ਤੇ ਪੈਂਦਾ ਹੈ। ਛੋਟੇ ਕਿਸਾਨਾਂ, ਆਦਿਵਾਸੀਆਂ, ਸ਼ਹਿਰੀ ਗਰੀਬਾਂ, ਔਰਤਾਂ ਅਤੇ ਨੌਜਵਾਨਾਂ ਦੇ ਜੀਵਨ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦੇ ਹਨ। ਇਸ ਦੇ ਉਲਟ, ਅਮੀਰ ਅਤੇ ਸ਼ਕਤੀਸ਼ਾਲੀ ਵਰਗ, ਜਿਨ੍ਹਾਂ ਨੇ ਪਾਣੀ ਦੀ ਵਰਤੋਂ ਕੀਤੀ ਹੈ, ਉਹ ਅਕਸਰ ਇਸਦਾ ਲਾਭ ਉਠਾਉਂਦੇ ਹਨ, ਜਦੋਂ ਕਿ ਦੂਸਰੇ ਇਸਦੇ ਨਤੀਜੇ ਭੁਗਤਦੇ ਹਨ। ਭਾਰਤ ਦੇ ਸੰਦਰਭ ਵਿੱਚ, ਸੰਯੁਕਤ ਰਾਸ਼ਟਰ ਦੀ ਚੇਤਾਵਨੀ ਹੋਰ ਵੀ ਚਿੰਤਾਜਨਕ ਹੈ। ਜਦੋਂ ਕਿ ਸਾਡਾ ਦੇਸ਼ ਦੁਨੀਆ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਰਹਿੰਦਾ ਹੈ, ਉਪਲਬਧ ਤਾਜ਼ੇ ਪਾਣੀ ਦੀ ਮਾਤਰਾ ਸੀਮਤ ਹੈ। ਇਸ ਦੇ ਬਾਵਜੂਦ, ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਧਰਤੀ ਹੇਠਲੇ ਪਾਣੀ ਦਾ ਸਭ ਤੋਂ ਵੱਧ ਸ਼ੋਸ਼ਣ ਕਰਦੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ। ਖੂਹ ਸੁੱਕ ਰਹੇ ਹਨ, ਹੈਂਡ ਪੰਪ ਸੁੱਕ ਰਹੇ ਹਨ ਅਤੇ ਹਰ ਸਾਲ ਡੂੰਘੇ ਟਿਊਬਵੈੱਲ ਪੁੱਟੇ ਜਾ ਰਹੇ ਹਨ। ਸਾਡੀਆਂ ਨਦੀਆਂ ਦੀ ਹਾਲਤ ਵੀ ਸਾਰਿਆਂ ਲਈ ਸਪੱਸ਼ਟ ਹੈ। ਬਹੁਤ ਸਾਰੀਆਂ ਨਦੀਆਂ ਨੂੰ ਮ੍ਰਿਤਕ ਮੰਨਿਆ ਜਾਂਦਾ ਹੈ, ਜਦੋਂ ਕਿ ਹੋਰ ਹੁਣ ਬਰਸਾਤ ਦੇ ਮੌਸਮ ਤੱਕ ਸੀਮਤ ਹਨ। ਸ਼ਹਿਰਾਂ ਵਿੱਚ, ਤਲਾਅ ਅਤੇ ਝੀਲਾਂ ਜਾਂ ਤਾਂ ਭਰ ਗਈਆਂ ਹਨ ਜਾਂ ਸੀਵਰੇਜ ਦੇ ਭੰਡਾਰ ਬਣ ਗਈਆਂ ਹਨ। ਮੀਂਹ ਦਾ ਪਾਣੀ ਵਹਿ ਜਾਂਦਾ ਹੈ ਅਤੇ ਇਸਦੀ ਸੰਭਾਲ ਲਈ ਕੋਈ ਉਪਾਅ ਨਹੀਂ ਕੀਤੇ ਜਾ ਰਹੇ ਹਨ। ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਇਹ ਯਕੀਨੀ ਹੈ ਕਿ ਸਾਡੇ ਕੋਲ ਪਾਣੀ ਹੈ, ਪਰ ਅਸੀਂ ਇਸਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹਾਂ। ਸਪੱਸ਼ਟ ਤੌਰ 'ਤੇ, ਭਾਰਤ ਵਿੱਚ ਪਾਣੀ ਦਾ ਸੰਕਟ ਕੁਦਰਤੀ ਨਾਲੋਂ ਵੱਧ ਨੀਤੀ-ਅਧਾਰਤ ਹੈ। ਬਹੁਤ ਜ਼ਿਆਦਾ ਪਾਣੀ ਦੀ ਖਪਤ ਕਰਨ ਵਾਲੇ ਉਦਯੋਗਾਂ ਦੀ ਸਥਾਪਨਾ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਖੇਤੀਬਾੜੀ ਵਿੱਚ ਵਧੇਰੇ ਸਿੰਚਾਈ ਦੀ ਲੋੜ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨਾ ਵੀ ਇੱਕ ਵੱਡਾ ਕਾਰਨ ਹੈ।

**-ਜਗਜੀਤ ਸਿੰਘ ਦਰਦੀ**

### ਇਸ ਸਮਾਜਿਕ ਨਫ਼ਰਤ ਦੇ ਦੌਰ ਵਿੱਚ

# ਮਸੂਰੀ ਵਿੱਚ ਟੁੱਟੇ ਮਜ਼ਾਰ 'ਤੇ ਕੂਕੇ ਬਾਬਾ ਬੁੱਲੇ ਸ਼ਾਹ ਦੀ ਬਾਣੀ

## ਇਸ ਖ਼ਤਰਨਾਕ ਦੌਰ ਵਿੱਚ ਵੀ ਬੁੱਲੇ ਸ਼ਾਹ ਦਾ ਪਿਆਰ ਦਾ ਹੋਕਾ ਜ਼ਿੰਦਗੀ ਦਾ ਸੂਰ ਗੀਤ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਮਸੂਰੀ ਵਿੱਚ ਬਾਬਾ ਬੁੱਲੇ ਸ਼ਾਹ ਦੇ ਮਜ਼ਾਰ 'ਤੇ ਹਥੌੜਿਆਂ ਨਾਲ ਤੋੜਨ ਦੀ ਘਟਨਾ ਨੇ ਪੂਰੇ ਦੇਸ਼ ਵਿੱਚ ਚਿੰਤਾ ਦੀ ਲਹਿਰ ਨੂੰ ਬਲ ਦਿੱਤਾ ਹੈ। ਇਥੇ ਜੋ ਘਟਨਾ ਮਸੂਰੀ ਵਰਗੇ ਸ਼ਹਿਰ ਵਿੱਚ ਹੋਈ ਹੈ, ਉਹ ਸਮਾਜ ਵਿੱਚ ਵਧਦੀ ਨਫ਼ਰਤ ਦੀ ਇਕ ਤਸਵੀਰ ਹੈ ਜਿਸ ਦਾ ਜ਼ਿਕਰ ਦੇਸ਼ ਤੇ ਮੀਡੀਆ ਵਿੱਚ ਜਿਸ ਤਰ੍ਹਾਂ ਹੋ ਰਿਹਾ ਹੈ, ਉਹ ਅਫਸੋਸਨਾਕ ਪਹਿਲੂ ਹੈ।

ਦੇਸ਼ ਵਿੱਚ ਇਸ ਨਫਰਤ ਨੂੰ ਜਾਂ 'ਧਾਰਮਿਕ ਜਨੂੰਨ ਦੀ ਲਹਿਰ' ਕਿਹਾ ਜਾ ਸਕਦਾ ਹੈ, ਪਰ ਅਸਲ ਵਿੱਚ ਇਹ ਉਹ ਨਫ਼ਰਤ ਹੈ ਜੋ ਇਨਸਾਨੀਅਤ ਨੂੰ ਤੋੜਦੀ ਹੈ, ਭਾਈਚਾਰੇ ਨੂੰ ਖਤਮ ਕਰਦੀ ਹੈ ਅਤੇ ਬੁੱਲੇ ਸ਼ਾਹ ਵਰਗੇ ਸੰਤਾਂ ਦੇ ਸੁਨੇਹੇ ਨੂੰ ਚੁਣੌਤੀ ਦਿੰਦੀ ਹੈ। ਇਹ ਨਫਰਤ ਨਹੀਂ, ਬਲਕਿ 'ਅਜਾਣਪਣ ਅਤੇ ਅੰਨ੍ਹੇ ਧਰਮ ਦੇ ਨਾਂ 'ਤੇ ਹਿੰਸਾ' ਹੈ, ਜਿਸ ਨੂੰ ਬਾਬਾ ਬੁੱਲੇ ਸ਼ਾਹ ਨੇ ਆਪਣੀਆਂ ਕਾਫੀਆਂ ਵਿੱਚ ਵਾਰ-ਵਾਰ ਨੰਗਾ ਕੀਤਾ ਸੀ।

ਕੱਲ੍ਹ ਮਸੂਰੀ, ਜਿਸ ਨੂੰ ਪਹਾੜਾਂ ਦੀ ਰਾਣੀ ਕਿਹਾ ਜਾਂਦਾ ਹੈ, ਇੱਕ ਅਜਿਹਾ ਸ਼ਹਿਰ ਹੈ, ਜਿੱਥੇ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਲੈ ਕੇ ਅੱਜ ਤੱਕ ਵੱਖ-ਵੱਖ ਧਰਮਾਂ ਦੇ ਲੋਕ ਸਰਬ ਧਰਮ ਸਦਭਾਵ ਨਾਲ ਰਹਿੰਦੇ ਆਏ ਹਨ। ਇੱਥੇ ਹਿੰਦੂ, ਮੁਸਲਿਮ, ਸਿੱਖ, ਈਸਾਈ - ਸਭ ਮਿਲ ਕੇ ਰਹਿੰਦੇ ਸਨ। ਬਾਬਾ ਬੁੱਲੇ ਸ਼ਾਹ ਦੀ ਇਹ ਮੁਜ਼ਾਰ (ਮਜ਼ਾਰ), ਜੋ ਵਾਈਨਬਰਗ-ਐਲਨ ਸਕੂਲ ਦੀ ਨਿੱਜੀ ਜ਼ਮੀਨ 'ਤੇ ਸਥਿਤ ਸੀ ਅਤੇ 100 ਸਾਲ ਤੋਂ ਵੱਧ ਪੁਰਾਣੀ ਮੰਨੀ ਜਾਂਦੀ ਹੈ, ਇੱਕ ਪ੍ਰਤੀਕ ਸੀ, ਇਸ ਸਦਭਾਵ ਦਾ। ਲੋਕ ਇੱਥੇ ਮੰਨਤਾਂ ਮੰਗਣ ਆਉਂਦੇ ਸਨ, ਚਾਦਰ ਚੜ੍ਹਾਉਂਦੇ ਸਨ ਅਤੇ ਆਪਣੀਆਂ ਮੁਰਾਦਾਂ ਪੂਰੀਆਂ ਹੋਣ 'ਤੇ ਸ਼ੁਕਰਾਨਾ ਕਰਦੇ ਸਨ।

ਅੱਜ ਇਹ ਕੋਈ ਇੱਕ ਧਰਮ ਦੀ ਜਗ੍ਹਾ ਨਹੀਂ ਸੀ - ਇਹ ਇਨਸਾਨੀਅਤ ਦੀ ਜਗ੍ਹਾ ਸੀ। ਪਰ 24 ਜਨਵਰੀ 2026 ਦੀ ਰਾਤ ਨੂੰ ਕੁਝ ਲੋਕਾਂ ਨੇ ਹਥੌੜੇ ਅਤੇ ਸੱਬਲ ਲੈ ਕੇ ਇਸ ਮਜ਼ਾਰ 'ਤੇ ਹਮਲਾ ਕੀਤਾ। ਉਹਨਾਂ ਨੇ ਢਾਂਚੇ ਨੂੰ ਤਬਾਹ ਕਰ ਦਿੱਤਾ, ਨੇੜਲੀਆਂ ਦੋ ਹੋਰ ਮਜ਼ਾਰਾਂ ਨੂੰ ਪੂਰੀ ਤਰ੍ਹਾਂ ਢਾਹ ਦਿੱਤਾ, ਦਾਨ ਪਾਤਰ ਲੁੱਟ ਲਿਆ ਅਤੇ ਧਾਰਮਿਕ ਗ੍ਰੰਥਾਂ ਨੂੰ ਵੀ ਨੁਕਸਾਨ ਪਹੁੰਚਾਇਆ। ਵੀਡੀਓ ਵਿੱਚ 'ਜੈ ਸ਼੍ਰੀ ਰਾਮ' ਦੇ ਨਾਅਰੇ ਗੂੰਜਦੇ ਸੁਣੇ ਗਏ। ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਕੇਸ ਦਰਜ ਕੀਤਾ ਹੈ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

ਅੱਜ ਇਹ ਘਟਨਾ ਨਹੀਂ, ਬਲਕਿ ਇੱਕ ਸੰਦੇਸ਼ ਸੀ - ਧਰਮ ਦੇ ਨਾਂ 'ਤੇ ਨਫਰਤ ਫੈਲਾਉਣ ਦਾ । ਬਾਬਾ ਬੁੱਲੇ ਸ਼ਾਹ, ਜਿਨ੍ਹਾਂ ਨੂੰ ਪੰਜਾਬ ਦਾ ਸੂਫੀ ਸੰਤ ਮੰਨਿਆ ਜਾਂਦਾ ਹੈ, ਨੇ ਆਪਣੀਆਂ ਕਾਫੀਆਂ ਵਿੱਚ ਧਰਮ ਦੇ ਪਾਖੰਡ ਨੂੰ ਨੰਗਾ ਕੀਤਾ ਸੀ। ਉਹਨਾਂ ਨੇ ਕਿਹਾ ਸੀ:'ਨਾ ਮੈਂ ਹਿੰਦੂ ਨਾ ਮੁਸਲਮਾਨ, ਨਾ ਮੈਂ ਤੁਰਕ ਪੇਸ਼ਾਵਰੀ, ਨਾ ਮੈਂ ਅਰਬੀ ਨਾ ਲਾਹੌਰੀ, ਬੁੱਲ੍ਹਾ ਕੀ ਜਾਣੇ ਮੈਂ ਕੌਣ ?'

ਇਹ ਸ਼ਬਦ ਅੱਜ ਵੀ ਗੂੰਜਦੇ ਹਨ - ਧਰਮ ਦੀ ਬਾਹਰੀ ਚਮੜੀ ਨੂੰ ਉਤਾਰ ਕੇ ਅੰਦਰਲੇ ਇਨਸਾਨ ਨੂੰ ਵੇਖੋ। ਬੁੱਲੇ ਸ਼ਾਹ ਨੇ ਹਿੰਦੂ-ਮੁਸਲਮਾਨ ਵਿਚਕਾਰ ਫਰਕ ਨੂੰ ਖਤਮ ਕਰਨ ਦੀ ਗੱਲ ਕੀਤੀ ਸੀ। ਉਹਨਾਂ ਨੇ ਕਿਹਾ:'ਹਿੰਦੂ ਅੰਨ੍ਹੇ ਤੁਰਕ ਅੰਨ੍ਹੇ, ਦੋਵੇਂ ਰਾਹੇ ਭਟਕੇ, ਬੁੱਲ੍ਹੇ ਨੂੰ ਰੱਬ ਮਿਲ ਗਿਆ, ਓਹ ਵੀ ਰਾਹ ਭਟਕੇ ਨਹੀਂ।' ਪਰ ਅੱਜ ਮਸੂਰੀ ਵਿੱਚ ਜੋ ਹੋਇਆ, ਉਹ ਬੁੱਲੇ ਸ਼ਾਹ ਦੇ ਇਸ ਸੁਨੇਹੇ ਨੂੰ ਚੁਣੌਤੀ ਸੀ। ਉਹਨਾਂ ਨੇ ਪਾਖੰਡ ਨੂੰ ਨੰਗਾ ਕੀਤਾ ਸੀ, ਅੱਜ ਉਸੇ ਪਾਖੰਡ ਨੇ ਉਹਨਾਂ ਦੀ ਯਾਦ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ। ਬੁੱਲੇ ਸ਼ਾਹ ਨੇ ਕਿਹਾ ਸੀ:'ਬੰਦੇ ਨੂੰ ਬੰਦੇ ਨਾਲ ਪਿਆਰ ਕਰ, ਰੱਬ ਨੂੰ ਰੱਬ ਨਾਲ ਪਿਆਰ ਕਰ, ਬਾਕੀ ਸਭ ਝੂਠੇ ਰਾਗ ਹਨ।' ਇਹ ਨਫਰਤ ਦੀ ਆਦਤ ਵਾਲੇ ਲੋਕ ਬੰਦੇ ਨੂੰ ਬੰਦੇ ਨਾਲ ਨਹੀਂ, ਬਲਕਿ ਧਰਮ ਨੂੰ ਧਰਮ ਨਾਲ ਲੜਾਉਂਦੇ ਹਨ। ਮਸੂਰੀ ਵਰਗੇ ਸੁੰਦਰ ਸ਼ਹਿਰ ਵਿੱਚ, ਜਿੱਥੇ ਪ੍ਰਕਿਰਤੀ ਅਤੇ ਇਨਸਾਨੀਅਤ ਦਾ ਮਿਲਾਪ ਹੈ, ਇਹ ਹਿੰਸਾ ਨਹੀਂ ਚੱਲਣੀ ਚਾਹੀਦੀ।

ਅੱਜ ਇਹ ਘਟਨਾ ਸਾਨੂੰ ਯਾਦ ਕਰਾਉਂਦੀ ਹੈ ਕਿ ਬੁੱਲੇ ਸ਼ਾਹ ਦਾ ਸੁਨੇਹਾ ਅੱਜ ਵੀ ਜਿਉਂਦਾ ਹੈ:'ਅੱਲ੍ਹਾ ਹੂ ਅੱਲ੍ਹਾ ਹੂ, ਰੱਬ ਨੂੰ ਲੱਭ ਲੈ ਅੰਦਰ, ਬਾਹਰ ਨਾ ਭਟਕ।' ਅਸੀਂ ਸਾਰੇ ਮਿਲ ਕੇ ਇਸ ਨਫਰਤ ਨੂੰ ਰੋਕੀਏ। ਭਾਈ ਜੀ, ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਅੱਜ ਵੀ ਸਾਡੇ ਦਿਲਾਂ ਵਿੱਚ ਧੜਕਦੀਆਂ ਹਨ, ਕਿਉਂਕਿ ਉਹਨਾਂ ਵਿੱਚ ਇਨਸਾਨੀਅਤ ਦੀ ਗੱਲ ਹੈ, ਪਿਆਰ ਦੀ ਗੱਲ ਹੈ, ਅਤੇ ਉਸ ਰੱਬ ਦੀ ਗੱਲ ਹੈ ਜੋ ਹਰ ਦਿਲ ਵਿੱਚ ਵੱਸਦਾ ਹੈ।

ਮਸੂਰੀ ਵਿੱਚ ਜੋ ਹੋਇਆ, ਉਹ ਨਫਰਤ ਦੀ ਇੱਕ ਝਲਕ ਸੀ, ਪਰ ਬੁੱਲ੍ਹੇ ਸ਼ਾਹ ਅੱਜ ਵੀ ਸਾਨੂੰ ਯਾਦ ਕਰਾਉਂਦੇ ਹਨ ਕਿ ਅਸੀਂ ਇੱਕ ਹਾਂ - ਭਾਰਤ ਦੇ ਲੋਕ, ਵੱਖ-ਵੱਖ ਧਰਮਾਂ, ਭਾਸ਼ਾਵਾਂ ਅਤੇ ਰੰਗਾਂ ਵਾਲੇ, ਪਰ ਸਾਰੇ ਇੱਕ ਹੀ ਮਿੱਟੀ ਦੇ ਬਣੇ ਹੋਏ। ਆਓ, ਕੁਝ ਹੋਰ ਕਾਫ਼ੀਆਂ ਨੂੰ ਦਿਲ ਨਾਲ ਮਹਿਸੂਸ ਕਰੀਏ, ਜੋ ਭਾਵਨਾਵਾਂ ਨੂੰ ਛੂਹ ਜਾਂਦੀਆਂ ਹਨ ਅਤੇ ਏਕਤਾ ਦਾ ਸੁਨੇਹਾ ਦਿੰਦੀਆਂ ਹਨ।ਪਹਿਲੀ ਕਾਫ਼ੀ ਜੋ ਦਿਲ ਨੂੰ ਡੁਬੋ ਦਿੰਦੀ ਹੈ।

ਮਸਜਿਦ ਢਾਹ ਦੇ, ਮੰਦਰ ਢਾਹ ਦੇ, ਢਾਹ ਦੇ ਜੋ ਕੁਝ ਢਹਿੰਦਾ,
ਪਰ ਕਿਸੇ ਦਾ ਦਿਲ ਨਾ ਢਾਹਵੀਂ, ਰੱਬ ਦਿਲਾਂ ਵਿੱਚ ਰਹਿੰਦਾ।ਇਹ ਸ਼ਬਦ ਅੱਜ ਮਸੂਰੀ ਵਿੱਚ ਟੁੱਟੀ ਮਜ਼ਾਰ ਨੂੰ ਵੇਖ ਕੇ ਵੀ ਗੂੰਜਦੇ ਹਨ। ਬੁੱਲ੍ਹਾ ਕਹਿ ਰਿਹਾ ਹੈ - ਬਾਹਰਲੇ ਢਾਂਚੇ ਤਾਂ ਬਣਦੇ ਤੇ ਟੁੱਟਦੇ ਰਹਿੰਦੇ ਹਨ, ਪਰ ਅਸਲ ਰੱਬ ਤਾਂ ਦਿਲ ਵਿੱਚ ਵੱਸਦਾ ਹੈ।

ਜੇ ਅਸੀਂ ਕਿਸੇ ਦਾ ਦਿਲ ਤੋੜ ਦਿੱਤਾ, ਤਾਂ ਉਹ ਰੱਬ ਨੂੰ ਹੀ ਤੋੜ ਦਿੱਤਾ। ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਗੰਗਾ-ਜਮਨਾ ਤਹਿਜੀਬ ਵੱਸਦੀ ਹੈ, ਇਹ ਕਾਫ਼ੀ ਸਾਨੂੰ ਯਾਦ ਕਰਾਉਂਦੀ ਹੈ ਕਿ ਅਸੀਂ ਇੱਕ ਦੂਜੇ ਦੇ ਦਿਲਾਂ ਨੂੰ ਸੰਭਾਲੀਏ, ਨਾ ਕਿ ਤੋੜੀਏ। ਹਿੰਦੂ, ਮੁਸਲਿਮ, ਸਿੱਖ, ਈਸਾਈ - ਸਭ ਦੇ ਦਿਲਾਂ ਵਿੱਚ ਉਹੀ ਇੱਕ ਰੱਬ ਵੱਸਦਾ ਹੈ।ਇੱਕ ਹੋਰ ਕਾਫ਼ੀ ਜੋ ਪਿਆਰ ਦੀ ਤਾਕਤ ਨੂੰ ਬਿਆਨ ਕਰਦੀ ਹੈ: ਰਾਂਝਾ ਰੱਬ ਰੱਬ ਕਰਦੀ ਨੀ ਮੈਂ ਆਪਣੇ ਆਪ ਨੂੰ ਰਾਂਝਾ ਕਹਾਉਂਦੀ,

ਵੇ ਰਾਂਝਾ ਰੱਬ ਰੱਬ ਕਰਦੀ...ਇੱਥੇ ਬੁੱਲ੍ਹੇ ਸ਼ਾਹ ਹੀਰ ਦੀ ਜ਼ੁਬਾਨੀ ਆਪਣੇ ਇਸ਼ਕ ਨੂੰ ਰੱਬ ਨਾਲ ਜੋੜਦੇ ਹਨ। ਇਸ਼ਕ ਮਜ਼ਾਜ਼ੀ ਤੋਂ ਹੱਕੀਕੀ ਤੱਕ ਦਾ ਸਫ਼ਰ ਹੈ - ਜਿੱਥੇ ਮਨੁੱਖ ਆਪਣੇ ਆਪ ਨੂੰ ਭੁੱਲ ਜਾਂਦਾ ਹੈ ਅਤੇ ਰੱਬ ਵਿੱਚ ਰੰਗ ਜਾਂਦਾ ਹੈ। ਇਹ ਪਿਆਰ ਦੀ ਤਾਕਤ ਹੈ ਜੋ ਨਫਰਤ ਨੂੰ ਖਤਮ ਕਰ ਦਿੰਦੀ ਹੈ।

ਅੱਜ ਭਾਰਤੀ ਏਕਤਾ ਵੀ ਇਸੇ ਪਿਆਰ ਤੇ ਖੜ੍ਹੀ ਹੈ - ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਇੱਕ ਦੂਜੇ ਦੇ ਤਿਉਹਾਰ ਮਨਾਉਂਦੇ ਹਨ, ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਹਨ। ਦੀਵਾਲੀ ਤੇ ਈਦ, ਵਿਸਾਖੀ ਤੇ ਕਰਿਸਮਿਸ - ਸਭ ਵਿੱਚ ਇੱਕੋ ਜਿਹਾ ਪਿਆਰ ਅਤੇ ਖੁਸ਼ੀ ਵੰਡੀ ਜਾਂਦੀ ਹੈ।ਅਤੇ ਇੱਕ ਹੋਰ ਬਹੁਤ ਡੂੰਘੀ ਕਾਫ਼ੀਆਂ ਪੜ੍ਹ ਪੜ੍ਹ ਆਲਮ ਫਾਜ਼ਲ ਹੋਇਆ, ਕਦੀ ਅਪਣੇ ਆਪ ਨੂੰ ਪੜ੍ਹਿਆ ਹੀ ਨਹੀਂ-

ਜਾ ਜਾ ਵਰਦਾ ਮੰਦਰ ਮਸੀਤਾਂ, ਕਦੀ ਮਨ ਅਪਣੇ ਵਿੱਚ ਵੜਿਆ ਹੀ ਨਹੀਂ।ਬੁੱਲ੍ਹਾ ਕਹਿ ਰਿਹਾ ਹੈ - ਬਾਹਰਲੀ ਪੜ੍ਹਾਈ ਤੇ ਧਰਮ ਦੇ ਰਸਮ-ਰਿਵਾਜ਼ ਨਾਲ ਆਲਮ ਬਣ ਜਾਈਏ, ਪਰ ਅੰਦਰਲੇ ਆਪ ਨੂੰ ਨਹੀਂ ਜਾਣਦੇ। ਅਸਲ ਗਿਆਨ ਤਾਂ ਅੰਦਰਲੇ ਦਿਲ ਵਿੱਚ ਹੈ, ਜਿੱਥੇ ਰੱਬ ਵੱਸਦਾ ਹੈ। ਇਹ ਕਾਫ਼ੀ ਸਾਨੂੰ ਸੁਚੇਤ ਕਰਦੀ ਹੈ ਕਿ ਨਫਰਤ ਬਾਹਰਲੇ ਭੇਦਾਂ ਤੋਂ ਪੈਦਾ ਹੁੰਦੀ ਹੈ, ਪਰ ਜੇ ਅਸੀਂ ਅੰਦਰ ਵੇਖੀਏ ਤਾਂ ਸਭ ਇੱਕੋ ਜਿਹੇ ਹਾਂ - ਇੱਕੋ ਰੱਬ ਦੇ ਬੰਦੇ।

ਅੱਜ ਭਾਰਤ ਵਿੱਚ ਏਕਤਾ ਇਸੇ ਗੱਲ ਤੇ ਟਿਕੀ ਹੈ - ਅਸੀਂ ਵੱਖਰੇ ਲੱਗਦੇ ਹਾਂ, ਪਰ ਅੰਦਰੋਂ ਸਭ ਦੇ ਦਿਲ ਇੱਕੋ ਜਿਹੇ ਧੜਕਦੇ ਹਨ।ਬੁੱਲ੍ਹੇ ਸ਼ਾਹ ਦੀਆਂ ਇਹ ਕਾਫ਼ੀਆਂ ਅੱਜ ਵੀ ਰੋਂਦੀਆਂ ਹਨ, ਹੱਸਦੀਆਂ ਹਨ, ਅਤੇ ਸਾਨੂੰ ਜਗਾਉਂਦੀਆਂ ਹਨ। ਉਹ ਕਹਿੰਦੇ ਹਨ:ਨਾ ਮੈਂ ਹਿੰਦੂ, ਨਾ ਮੁਸਲਮਾਨ, ਨਾ ਮੈਂ ਤੁਰਕ ਪੇਸ਼ਾਵਰੀ, ਬੁੱਲ੍ਹਾ ਕੀ ਜਾਣੇ ਮੈਂ ਕੌਣ ?ਇਹ ਅਜਾਣਪਣ ਨਹੀਂ, ਬਲਕਿ ਉਹ ਅਜ਼ਾਦੀ ਹੈ ਜੋ ਧਰਮਾਂ ਦੀਆਂ ਕੰਧਾਂ ਤੋਂ ਪਰੇ ਜਾ ਕੇ ਇਨਸਾਨ ਨੂੰ ਇਨਸਾਨ ਨਾਲ ਜੋੜਦੀ ਹੈ।

ਅੱਜ ਭਾਰਤ ਦੇ ਲੋਕ - ਪੰਜਾਬ ਤੋਂ ਤਾਮਿਲਨਾਡੂ ਤੱਕ, ਕਸ਼ਮੀਰ ਤੋਂ ਕਨਿਆਕੁਮਾਰੀ ਤੱਕ-ਸਭ ਇੱਕ ਰੰਗ ਵਿੱਚ ਰੰਗੇ ਹੋਏ ਹਾਂ। ਅਸੀਂ ਇੱਕ ਦੂਜੇ ਦੀ ਭਾਸ਼ਾ ਨੂੰ ਸਮਝਦੇ ਹਾਂ, ਇੱਕ ਦੂਜੇ ਦੇ ਦਰਦ ਨੂੰ ਮਹਿਸੂਸ ਕਰਦੇ ਹਾਂ ਅਤੇ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ। ਇਹੀ ਅਸਲ ਏਕਤਾ ਹੈ, ਜਿਸ ਨੂੰ ਬੁੱਲ੍ਹੇ ਸ਼ਾਹ ਨੇ ਸਦੀਆਂ ਪਹਿਲਾਂ ਗਾਇਆ ਸੀ।ਅੱਜ ਦੇ ਸਮੇਂ ਵਿੱਚ, ਜਦੋਂ ਨਫਰਤ ਦੀਆਂ ਅੱਗਾਂ ਭੜਕਾਈਆਂ ਜਾ ਰਹੀਆਂ ਹਨ, ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਸਾਡੇ ਲਈ ਮਸ਼ਾਲ ਹਨ।

ਆਓ, ਇਹਨਾਂ ਨੂੰ ਗਾਈਏ, ਸੁਣੀਏ ਅਤੇ ਜੀਏ - ਤਾਂ ਜੋ ਭਾਰਤ ਦੀ ਏਕਤਾ ਹਮੇਸ਼ਾ ਅਟੱਲ ਰਹੇ। ਬੁੱਲ੍ਹਾ ਕਹਿੰਦਾ ਹੈ:ਇਸ਼ਕ ਦੀ ਨਵੀਂ ਬਹਾਰ ਆਈ, ਜਿੱਥੇ ਵੇਖਾਂ ਯਾਰੋ ਯਾਰ।ਇਸ਼ਕ ਵਿੱਚ ਹੀ ਏਕਤਾ ਹੈ, ਪਿਆਰ ਵਿੱਚ ਹੀ ਅਮਨ ਹੈ। ਆਓ, ਇਸ ਪਿਆਰ ਨੂੰ ਫੈਲਾਈਏ - ਹਰ ਦਿਲ ਵਿੱਚ, ਹਰ ਘਰ ਵਿੱਚ, ਹਰ ਸ਼ਹਿਰ ਵਿੱਚ। ਤਾਂ ਜੋ ਕੋਈ ਮਜ਼ਾਰ ਨਾ ਟੁੱਟੇ, ਕੋਈ ਦਿਲ ਨਾ ਟੁੱਟੇ। ਬੁੱਲ੍ਹੇ ਸ਼ਾਹ ਅੱਜ ਵੀ ਜਿਉਂਦੇ ਹਨ - ਸਾਡੇ ਗੀਤਾਂ ਵਿੱਚ, ਸਾਡੇ ਦਿਲਾਂ ਵਿੱਚ, ਅਤੇ ਸਾਡੀ ਏਕਤਾ ਵਿੱਚ।

ਬੁੱਲੇ ਸ਼ਾਹ ਦੀ ਕਾਫੀ ਵਾਂਗ ਗਾਈਏ:'ਬੁੱਲ੍ਹੇ ਦਾ ਕਿਹਾ ਪਰਵਾਨਾ, ਨਾ ਕੋਈ ਮੰਦਰ ਨਾ ਮਸੀਤਾ, ਸਭ ਤੇ ਰੱਬ ਦੀ ਰਹਿਮਤ ਵਰਸੇ, ਅਮਨ ਦੀ ਲਹਿਰ ਚੱਲੇ।' ਇਹ ਨਫਰਤ ਨਹੀਂ, ਪਿਆਰ ਦੀ ਜਿੱਤ ਹੋਣੀ ਚਾਹੀਦੀ ਹੈ। ਮਸੂਰੀ ਵਿੱਚ ਟੁੱਟੀ ਇਹ ਮਜ਼ਾਰ ਮੁੜ ਬਣ ਸਕਦੀ ਹੈ, ਪਰ ਜੇ ਅਸੀਂ ਬੁੱਲੇ ਸ਼ਾਹ ਦੇ ਸੁਨੇਹੇ ਨੂੰ ਦਿਲ ਵਿੱਚ ਵਸਾਈਏ ਤਾਂ ਅਸਲ ਮਜ਼ਾਰ ਕਦੇ ਨਹੀਂ ਟੁੱਟੇਗੀ- ਉਹ ਅਸੀਂ ਸਾਰੇ ਹਾਂ, ਜੋ ਇਨਸਾਨੀਅਤ ਨੂੰ ਮੰਨਦੇ ਹਾਂ।

ਇਹ ਘਟਨਾ ਸਾਨੂੰ ਸੁਚੇਤ ਕਰਦੀ ਹੈ ਕਿ ਨਫਰਤ ਦੀ ਇਹ ਅੱਗ ਨੂੰ ਬੁਝਾਉਣ ਲਈ ਪਿਆਰ ਦੀ ਰੌਸ਼ਨੀ ਚਾਹੀਦੀ ਹੈ। ਬੁੱਲੇ ਸ਼ਾਹ ਅੱਜ ਵੀ ਸਾਡੇ ਨਾਲ ਹਨ, ਉਹਨਾਂ ਦੀਆਂ ਕਾਫੀਆਂ ਵਿੱਚ, ਅਸੀਂ ਉਹਨਾਂ ਨੂੰ ਸੁਣੀਏ ਅਤੇ ਅਮਲ ਕਰੀਏ।ਅਮਨ ਹੀ ਅਸਲ ਜਿੱਤ ਹੈ।

# ਪੰਜਾਬ-ਹਰਿਆਣਾ ਭਾਈ-ਭਾਈ, ਜਾਗਿਆ ਆਪਸੀ ਹੇਜ

ਕਮਲਜੀਤ ਸਿੰਘ ਬਨਵੈਤ
98147 34035



- ☛ ਮਾਨ ਤੇ ਸੈਣੀ ਮੋਹ ਵਿੱਚ ਭਿੱਜੇ ਨਜ਼ਰ ਆਏ, ਦੋਹਾਂ ਨੇ ਇੱਕ ਸੁਰ ਵਿੱਚ ਕੀਤੀ ਗੱਲ
- ☛ ਮੀਟਿੰਗ ਤੋਂ ਬਾਅਦ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਚਾਲ ਤੇ ਢਾਲ ਵਿੱਚ ਫ਼ਰਕ ਦਿਸਿਆ
- ☛ ਮੁੱਖ ਮੰਤਰੀ ਮਾਨ ਦੇ ਭਾਈ ਘਨੱਈਆ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਵਿਰੋਧੀਆਂ ਨੇ ਘੇਰਿਆ
- ☛ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੂਜੀ ਵਾਰ ਐਨ ਟਿਕਾਣੇ ਸਿਰ ਨਿਸ਼ਾਨਾ ਵਿੰਨਿਆ

ਸਤਲੁਜ ਯਮੁਨਾ ਲਿੰਕ ਨਹਿਰ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਛੇਵੇਂ ਗੇੜ ਆਪਸੀ ਮੀਟਿੰਗ ਤੋਂ ਬਾਅਦ ਦੋਹਾਂ ਦੀ ਚਾਲ ਅਤੇ ਢਾਲ ਬਦਲੀ ਨਜ਼ਰ ਆਈ। ਪਿਛਲੀਆਂ ਪੰਜ ਮੀਟਿੰਗਾਂ ਦੌਰਾਨ ਦੋਹਾਂ ਸੂਬਿਆਂ ਦੇ ਮੁੱਖ ਮੰਤਰੀ ਇੱਕ ਦੂਜੇ ਕੋਲ ਦੀ ਪਾਸਾ ਵੱਟ ਕੇ ਲੰਘ ਜਾਂਦੇ ਰਹੇ ਪਰ ਲੰਘੇ ਕੱਲ ਦੀ ਮੀਟਿੰਗ ਤੋਂ ਬਾਅਦ ਦੋਹੇਂ ਮੋਹ ਭਿੱਜੇ ਨਜ਼ਰ ਆਏ। ਇੱਕ ਦੂਜੇ ਨਾਲ ਤੇਹ ਦਿਖਾਇਆ, ਹੇਜ ਵੀ ਜਾਗਿਆ, ਦੋਹਾਂ ਦੀ ਸੁਰ ਵੀ ਮਿਲੀ ਅਤੇ ਤਾਲ ਵੀ। ਦੋਹਾਂ ਵਿੱਚਲੀ ਕੌੜਕ ਮਰੀ ਹੋਈ ਨਜ਼ਰ ਆਈ। ਇਸ ਵਾਰ ਇੱਕ ਦੂਜੇ ਵੱਲ ਨਿਸ਼ਾਨੇ ਵੀ ਨਹੀਂ ਵਿੰਨੇ ਗਏ ਹਨ।

ਮੀਟਿੰਗ ਤੋਂ ਪਹਿਲਾਂ ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਸਵੇਰ ਵੇਲੇ ਇਕੱਠਿਆਂ ਨਾਸ਼ਤਾ ਕੀਤਾ, ਇੱਕ ਦੂਜੇ ਨਾਲ ਤੋਹਫ਼ੇ ਸਾਂਝੇ ਕੀਤੇ, ਦੋਹਾਂ ਸੂਬਿਆਂ ਦੇ ਜਲ ਸਰੋਤ ਮੰਤਰੀ ਵੀ ਹਾਜ਼ਰ ਰਹੇ। ਭਗਵੰਤ ਸਿੰਘ ਮਾਨ ਅਤੇ ਨਾਇਬ ਸਿੰਘ ਸੈਣੀ ਨੇ ਆਪੋ ਆਪਣੇ ਅਫਸਰਾਂ ਦੀ ਜਾਣ-ਪਛਾਣ ਕਰਵਾਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿਹੜੇ ਸੂਬੇ ਕੋਲ ਇੱਕ ਵੀ ਬੂੰਦ ਪਾਣੀ ਦੀ ਵਾਧੂ ਨਾ ਹੋਣ ਨੂੰ ਲੈ ਕੇ ਗਰਜਦੇ ਰਹੇ ਸਨ, ਦੇ ਬੋਲਾਂ ਵਿੱਚ ਪਿਛਲੀ ਵਾਰ ਜਿੰਨੀ ਤੜ ਨਹੀਂ ਸੀ। ਦੋਹਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ 'ਤੇ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਪਰਛਾਵਾਂ ਸਾਫ਼ ਦਿਸ ਰਿਹਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਦਮਸ਼੍ਰੀ ਵੰਡਣ ਵੇਲੇ ਵੀ ਬੜੀ ਥਾਂ ਸਿਰ ਨਿਸ਼ਾਨਾ ਵਿੰਨਿਆ ਹੈ। ਉਹ ਫਰਵਰੀ ਨੂੰ ਡੇਰਾ ਬੱਲਾਂ ਆ ਵੀ ਰਹੇ ਹਨ। ਇਹ ਉਹ ਡੇਰਾ ਹੈ ਜਿਸ ਦਾ ਦੁਆਬੇ ਦੀਆਂ 23 ਸੀਟਾਂ ਉੱਤੇ ਪ੍ਰਭਾਵ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸੇ ਡੇਰੇ ਨੂੰ 25 ਕਰੋੜ ਦਾ ਚੈੱਕ ਵੀ ਦਿੱਤਾ ਸੀ। ਵਿਧਾਨ ਸਭਾ ਚੋਣਾਂ ਬਹੁਤੀ ਦੂਰ ਨਹੀਂ ਹਨ। ਭਾਜਪਾ ਪੂਰੀ ਤਿਆਰੀ ਨਾਲ ਪੰਜਾਬ ਨੂੰ ਜਿੱਤਣਾ ਚਾਹੁੰਦੀ ਹੈ। ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਪੰਜਾਬ ਵਿੱਚ ਗੇੜੇ ਤੇ ਗੇੜਾ ਮਾਰ ਰਹੇ ਹਨ। ਉਹ ਹਰਿਆਣਾ ਦੇ ਕਿਸਾਨਾਂ ਅਤੇ ਆਮ ਲੋਕਾਂ ਲਈ ਕੀਤੇ ਕੰਮਾਂ ਨਾਲ ਲੋਕਾਂ ਨੂੰ ਭਰਮਾ ਰਹੇ ਹਨ। ਐਸ. ਵਾਈ. ਐਲ. ਦਾ ਨਾਜ਼ੁਕ ਮੁੱਦਾ ਭਖਦਾ ਹੈ ਤਾਂ ਭਾਜਪਾ ਲਈ ਘਾਟੇ ਦਾ ਸੌਦਾ ਹੋਵੇਗਾ। ਇਸ ਕਰਕੇ ਮੁੱਦੇ ਨੂੰ ਸ਼ਾਂਤ ਤੇ ਠੰਡਾ ਰੱਖਣਾ ਚਾਹੁੰਦੀ ਹੈ। ਭਾਰਤੀ ਜਨਤਾ ਪਾਰਟੀ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਦੀ ਕਿਸਾਨੀ ਦੀ ਨਰਾਜ਼ਗੀ ਨਹੀਂ ਸੀ ਖੱਟਣਾ ਚਾਹੁੰਦੀ। ਉਹ ਵਜ੍ਹਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰੀ ਜ਼ੋਨਲ ਕੌਂਸਲ ਦੀ ਫਰੀਦਾਬਾਦ ਵਿੱਚ ਹੋਈ ਮੀਟਿੰਗ ਵੇਲੇ ਪਾਣੀ ਨਾਲ ਜੁੜੇ ਸਾਰੇ ਮੁੱਦੇ ਮੁਲਤਵੀ ਕਰ ਦਿੱਤੇ ਸਨ। ਪਾਣੀਆਂ ਦਾ ਮੁੱਦਾ ਅਤੇ ਐਸ. ਵਾਈ. ਐਲ. ਦਾ ਮਾਮਲਾ ਮੁਲਕ ਦੀ ਸੁਪਰੀਮ ਕੋਰਟ ਦੇ ਦਰ 'ਤੇ ਜਾ ਪੁੱਜਿਆ ਸੀ। ਸੁਪਰੀਮ ਕੋਰਟ ਨੇ ਮਾਮਲਾ ਕੇਂਦਰ ਦੇ ਹਵਾਲੇ ਕਰ ਦਿੱਤਾ ਅਤੇ ਕੇਂਦਰ ਨੇ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਆਪਸੀ ਸਹਿਮਤੀ ਨਾਲ ਨਿਬੇੜਨ ਲਈ ਕਹਿ ਦਿੱਤਾ।

ਮੀਟਿੰਗ ਤੋਂ ਬਾਅਦ ਦੋਹਾਂ ਸੂਬਿਆਂ ਦੇ ਨੇਤਾਵਾਂ ਨੇ ਕਿਹਾ ਕਿ ਮੀਟਿੰਗ ਬੜੇ ਸਦਭਾਵਨਾ ਵਾਲੇ ਮਾਹੌਲ ਵਿੱਚ ਹੋਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੋਹਾਂ ਸੂਬਿਆਂ ਦੇ ਅਫਸਰਾਂ ਦੀਆਂ ਮੀਟਿੰਗਾਂ ਇਸ ਮੁੱਦੇ ਉੱਤੇ ਹੁੰਦੀਆਂ ਰਹਿਣਗੀਆਂ ਅਤੇ ਉਨ੍ਹਾਂ ਦੀ ਬਣੀ ਸਹਿਮਤੀ ਉੱਤੇ ਦੋਨਾਂ ਸੂਬਿਆਂ ਦੇ ਮੁੱਖ ਮੰਤਰੀ ਮੁੜ ਜੁੜਨਗੇ। ਐਸ ਵਾਈ ਐਲ ਦੇ ਮੁੱਦੇ ਉੱਤੇ ਇਸ ਤੋਂ ਪਹਿਲਾਂ ਪਹਿਲੇ ਗੇੜ ਦੀ ਮੀਟਿੰਗ 18 ਮਈ 2020 ਨੂੰ ਹੋਈ ਸੀ। ਦੂਜੇ ਗੇੜ ਦੀ ਮੀਟਿੰਗ 14 ਅਕਤੂਬਰ 2022 ਨੂੰ ਰੱਖੀ ਗਈ ਸੀ। ਤੀਜੇ ਗੇੜ ਦੀ ਮੀਟਿੰਗ 4 ਜਨਵਰੀ 2023 ਨੂੰ ਹੋਈ । ਉਸ ਤੋਂ ਬਾਅਦ ਚੌਥੇ ਗੇੜ ਦੀ ਮੀਟਿੰਗ 9 ਜੁਲਾਈ 2025 ਅਤੇ ਪੰਜਵੇਂ ਗੇੜ ਦੀ ਮੀਟਿੰਗ ਪੰਜ ਅਗਸਤ 2025 ਨੂੰ ਹੋਈ ਸੀ। ਪਹਿਲੀਆਂ ਪੰਜ ਮੀਟਿੰਗਾਂ ਦੀ ਤਰ੍ਹਾਂ ਛੇਵੀਂ ਮੀਟਿੰਗ ਵੀ ਇੱਕ ਤਰ੍ਹਾਂ ਨਾਲ ਬੇਸਿੱਟਾ ਰਹੀ ਹੈ।

ਐਸ ਵਾਈ ਐਲ ਨਹਿਰ ਦੀ ਕੁੱਲ ਲੰਬਾਈ 214 ਕਿਲੋਮੀਟਰ ਹੈ ਅਤੇ ਇਸ ਵਿੱਚਲਾ 12 ਕਿਲੋਮੀਟਰ ਹਿੱਸਾ ਪੰਜਾਬ ਵਿੱਚ ਪੈਂਦਾ ਹੈ। ਇਸ ਦੀ ਉਸਾਰੀ ਹਾਲੇ ਲਟਕੀ ਹੋਈ ਹੈ। ਸਾਲ 2002 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਿਕ ਨਹਿਰ ਬਣਾਉਣ ਦੇ ਹੁਕਮ ਦਿੱਤੇ ਸਨ। ਪਰ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 1981 ਦਾ ਸਮਝੌਤਾ ਰੱਦ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ਸੀ। ਜਿਸ ਨੂੰ 2016 ਵਿੱਚ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ। ਉਸ ਤੋਂ ਬਾਅਦ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਦੀ ਨਹਿਰ ਨਿਕਲੀ ਸੀ, ਉਹਨਾਂ ਦੇ ਪੈਸੇ ਹੀ ਮੋੜ ਦਿੱਤੇ ਗਏ ਸਨ।

ਸੁਪਰੀਮ ਕੋਰਟ ਦੇ ਆਦੇਸ਼ਾਂ ਤਹਿਤ ਦੋਵੇਂ ਸੂਬਿਆਂ ਵਿਚਾਲੇ ਕਰੀਬ ਅੱਧਾ ਘੰਟਾ ਮੀਟਿੰਗ ਹੋਈ ਪਰ ਹਮੇਸ਼ਾ ਦੀ ਤਰ੍ਹਾਂ ਬੇਸਿੱਟਾ ਰਹੀ। ਇਸ ਵਾਰ ਮੀਟਿੰਗ ਵਿੱਚ ਕੇਂਦਰ ਦੇ ਨੁਮਾਇੰਦੇ ਹਾਜ਼ਰ ਨਹੀਂ ਸਨ। ਬਿਨਾਂ ਕਿਸੇ ਤੱਥਾਂ ਉੱਤੇ ਚਰਚਾ ਕੀਤੇ ਦੋਵੇਂ ਮੁੱਖ ਮੰਤਰੀਆਂ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਅਧਿਕਾਰੀ ਆਪਣੇ ਪੱਧਰ 'ਤੇ ਚਰਚਾ ਕਰਨਗੇ । ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਵਿੱਚ ਇਸ ਕੇਸ ਦੀ ਅਗਲੀ ਸੁਣਵਾਈ 8 ਅਪ੍ਰੈਲ ਨੂੰ ਹੋਵੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਅੱਜ ਕੋਈ ਬ੍ਰੇਕਿੰਗ ਨਿਊਜ਼ ਨਹੀਂ ਦੇਣਗੇ। ਪਰ ਸਾਡੀ ਜਾਚੇ ਉਹ ਇਸ ਵਾਰ ਆਮ ਨਾਲੋਂ ਵੀ ਵੱਡੀ ਬ੍ਰੇਕਿੰਗ ਨਿਊਜ਼ ਦੇ ਗਏ ਹਨ। ਇਹ ਪਹਿਲੀ ਵਾਰ ਹੈ ਜਦੋਂ ਉਹਨਾਂ ਨੇ ਜਨਤਕ ਤੌਰ 'ਤੇ ਬੀਜੇਪੀ ਦੀ ਚਾਲ ਨਾਲ ਚਾਲ ਮਿਲਾਈ ਹੈ।

ਦੂਜੇ ਬੰਨੇ ਸਿਆਸੀ ਪਾਰਟੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਮਾਨ ਵੱਲੋਂ ਭਾਈ ਘਨੱਈਆ ਜੀ ਦਾ ਹਵਾਲਾ ਦੇਣ 'ਤੇ ਸਿਆਸਤ ਭੱਖ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਵੱਲੋਂ ਭਾਈ ਘਨੱਈਆ ਜੀ ਦਾ ਹਵਾਲਾ ਦੇ ਕੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹੋਰਾਂ ਰਾਜਾਂ ਖਾਸ ਕਰਕੇ ਹਰਿਆਣਾ ਨੂੰ ਦੇਣ ਲਈ ਜਾਇਜ਼ ਠਹਿਰਾਉਣ ਦੀ ਨਿਖੇਧੀ ਕੀਤੀ ਹੈ। ਵਿਧਾਇਕ ਪ੍ਰਗਟ ਸਿੰਘ ਨੇ ਕਿਹਾ ਕਿ ਐਸਵਾਈਐਲ ਵਰਗੇ ਮਸਲੇ 'ਤੇ ਮੁੱਖ ਮੰਤਰੀ ਵੱਲੋਂ ਰਿਪੇਰੀਅਨ ਸਿਧਾਂਤਾਂ ਅਨੁਸਾਰ ਗੱਲ ਕਰਨ ਦੀ ਬਜਾਏ ਸਿੱਖ ਇਤਿਹਾਸ ਵਿੱਚੋਂ ਭਾਈ ਘਨੱਈਆ ਜੀ ਦੀ ਉਦਾਹਰਨ ਗਲਤ ਸਰੋਕਾਰ ਵਿਚ ਦੇਣਾ ਪੂਰੀ ਸਰਕਾਰ ਦੀ ਬਦਨੀਤੀ ਦਰਸਾਉਂਦਾ ਹੈ। ਇੰਡੀਅਨ ਨੈਸ਼ਨਲ ਲੋਕ ਦਲ ਦੇ ਕੌਮੀ ਪ੍ਰਧਾਨ ਅਭੈ ਚੌਟਾਲਾ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਨ ਲਈ ਮੀਟਿੰਗ ਕੀਤੀ ਗਈ ਹੈ। ਇਥੇ ਦੱਸਣਾ ਜ਼ਰੂਰੀ ਹੋਵੇਗਾ ਭਗਵੰਤ ਸਿੰਘ ਮਾਨ ਦੀ ਜੀਭ ਇਸ ਵਾਰ ਮੁੜ ਤਿਲਕਦੀ ਤਿਲਕਦੀ ਬਚੀ ਹੈ। ਉਹ ਬੜੀ ਚਤੁਰਾਈ ਨਾਲ ਭਾਈ ਘਨੱਈਆ ਜੀ ਬਾਰੇ ਸ਼ੁਰੂ ਕੀਤੀ ਗੱਲ ਅੰਤ ਵਿੱਚ ਸੰਭਾਲ ਗਏ।

ਭਾਜਪਾ ਜਾਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਪਣਾਈ ਰਣਨੀਤੀ ਦੀ ਗੱਲ ਕਰੀਏ ਤਾਂ ਉਹਨਾਂ ਨੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਨੂੰ ਪਦਮਸ਼੍ਰੀ ਦੇ ਕੇ ਪਹਿਲੀ ਵਿਕਟ ਸੁੱਟ ਲਈ ਸੀ। ਹੁਣ ਉਹ ਇੱਕ ਫਰਵਰੀ ਨੂੰ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਉਸੇ ਡੇਰੇ ਵਿੱਚ ਪਧਾਰ ਰਹੇ ਹਨ। ਪ੍ਰਧਾਨ ਮੰਤਰੀ ਦਾ ਇਹ ਦੌਰਾ ਉਸ ਵੇਲੇ ਹੋ ਰਿਹਾ ਹੈ। ਜਦੋਂ ਤਕਰੀਬਨ ਇੱਕ ਸਾਲ ਬਾਅਦ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਮਸਾਂ ਇੱਕ ਸਾਲ ਦਾ ਸਮਾਂ ਬਚਿਆ ਹੈ। ਜਲੰਧਰ ਤੋਂ ਅੱਠ ਕਿਲੋਮੀਟਰ ਦੂਰ ਸਥਿਤ ਬੱਲਾਂ ਵਿੱਚ ਇਹ ਡੇਰਾ ਸਥਿਤ ਹੈ। ਜਿਸ ਦਾ ਦੁਆਬਾ ਖੇਤਰ ਵਿੱਚ ਕਾਫੀ ਪ੍ਰਭਾਵ ਹੈ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਨੇ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਮੌਕੇ ਕਰਵਾਏ ਜਾ ਰਹੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਸੀ । ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨਾਲ ਵੀ ਮੁਲਾਕਾਤ ਕਰ ਚੁੱਕੇ ਹਨ। ਭਾਰਤੀ ਜਨਤਾ ਪਾਰਟੀ ਦੀ ਅੱਖ ਦਲਿਤਾਂ ਸਮੇਤ ਪੱਛੜੀਆਂ ਸ਼੍ਰੇਣੀਆਂ ਦੀ ਵੋਟ 'ਤੇ ਟਿਕੀ ਹੋਈ ਹੈ। ਭਾਜਪਾ ਦਾ ਹਰਿਆਣਾ ਵਿੱਚ ਇਹ ਤਜ਼ਰਬਾ ਰੰਗ ਲਿਆ ਚੁੱਕਾ ਹੈ।

ਬਘੇਲ ਸਿੰਘ ਧਾਲੀਵਾਲ
99142-58142



# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦਹਾਕਾ, ਇਤਫਾਕ ਜਾਂ ਸਾਜਿਸ਼

1 ਜੂਨ 2015 ਤੋਂ ਜਨਵਰੀ 2026 ਤੱਕ ਦਾ ਸਮਾਂ ਸਿੱਖ ਇਤਿਹਾਸ ਵਿੱਚ ਬੇਹੱਦ ਨਮੋਸ਼ੀ ਭਰੇ ਦੌਰ ਵਜੋਂ ਦਰਜ ਕੀਤਾ ਜਾਵੇਗਾ। ਇਹ ਉਹ ਦੌਰ ਹੈ ਜਦੋਂ ਸਿੱਖ ਕੌਮ ਦੀ ਰੂਹ ਨੂੰ ਵਾਰ ਵਾਰ ਜ਼ਖਮ ਦਿੱਤੇ ਜਾਂਦੇ ਰਹੇ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਨ ਸ਼ਾਨ ਅਤੇ ਮਾਣ-ਮਰਿਆਦਾ 'ਤੇ ਲਗਾਤਾਰ ਹਮਲੇ ਹੋਏ ਹਨ। ਦਸ ਸਾਲ ਤੋਂ ਵੱਧ ਸਮੇਂ ਦੌਰਾਨ ਦਰਜਨਾਂ ਨਹੀਂ, ਸੈਂਕੜਿਆਂ ਵਾਰ ਬੇਅਦਬੀ ਦੇ ਮਾਮਲੇ ਸਾਹਮਣੇ ਆਏ। ਇਹ ਕਹਿ ਦੇਣਾ ਕਿ "ਇਹ ਇਤਫ਼ਾਕ ਸੀ" ਜਾਂ "ਇਹ ਕਿਸੇ ਮੰਦ ਬੁੱਧੀ ਪਾਗਲ ਦੀ ਹਰਕਤ ਸੀ" ਜਾਂ ਕਿਸੇ ਪ੍ਰਬੰਧਕ ਨਾਲ ਸਿਰੋਪਾ ਨਾ ਦੇਣ ਦਾ ਝਗੜਾ ਹੋਣ ਕਰਕੇ ਅਜਿਹੀ ਘਟਨਾ ਨੂੰ ਅੰਜਾਮ ਦਿੱਤਾ ਗਿਆ, ਇਹ ਕੋਰਾ ਝੂਠ ਤੇ ਸੱਚ ਨਾਲ ਧੋਖਾ ਹੈ। ਇਤਫ਼ਾਕ ਇੱਕ ਵਾਰ ਹੁੰਦਾ ਹੈ। ਦਸ ਸਾਲਾਂ ਤੱਕ ਲਗਾਤਾਰ ਦੁਹਰਾਇਆ ਜਾਣ ਵਾਲਾ ਵਰਤਾਰਾ ਸਾਜਿਸ਼ ਤੇ ਧੋਖਾ ਹੀ ਹੁੰਦਾ ਹੈ। ਸਭ ਤੋਂ ਅਹਿਮ ਤੇ ਅਸਹਿਜ ਸਵਾਲ ਇਹ ਹੈ ਕਿ ਨਿਸ਼ਾਨਾ ਸਿਰਫ਼ ਤੇ ਸਿਰਫ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਕਿਉਂ ਹੁੰਦੇ ਹਨ ? ਜੇ ਇਹ ਸਿਰਫ਼ ਧਾਰਮਿਕ ਨਫ਼ਰਤ ਦਾ ਮਾਮਲਾ ਹੁੰਦਾ, ਤਾਂ ਹੋਰ ਧਰਮਾਂ ਦੇ ਗ੍ਰੰਥ ਵੀ ਨਿਸ਼ਾਨੇ 'ਤੇ ਹੁੰਦੇ, ਪਰ ਅਜਿਹਾ ਕਦੇ ਨਹੀ ਵਾਪਰਿਆ। ਗੀਤਾ, ਬਾਈਬਲ, ਕੁਰਾਨ, ਹਦੀਸ ਇਹ ਸਾਰੇ ਹੀ ਸਤਿਕਾਰਿਤ ਅਤੇ ਪਵਿੱਤਰ ਗ੍ਰੰਥ ਹਨ, ਪਰ ਸੋਚਣਾ ਤਾਂ ਬਣਦਾ ਹੈ ਕਿ ਉਨ੍ਹਾਂ ਨਾਲ ਅਜਿਹਾ ਸਿਸਟਮੈਟਿਕ ਸਲੂਕ ਕਿਉਂ ਨਹੀਂ ਹੁੰਦਾ ? ਇਸ ਸਵਾਲ ਦਾ ਜਵਾਬ ਸਾਫ਼ ਹੈ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਧਾਰਮਿਕ ਗ੍ਰੰਥ ਨਹੀਂ ਹਨ ਬਲਕਿ ਇਹ ਬਿਪਰਵਾਦੀ ਢਾਂਚੇ ਲਈ ਵੱਡੀ ਚੁਣੌਤੀ ਹਨ। ਕਿਉਂਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਨੂੰ ਸਿਰ ਝੁਕਾਉਣਾ ਨਹੀਂ, ਸਿਰ ਉੱਚਾ ਕਰਨਾ ਸਿਖਾਉਂਦੇ ਹਨ। ਦੁਨੀਆਂ ਦਾ ਇਹ ਅਤਿ ਪਵਿੱਤਰ ਗ੍ਰੰਥ,ਧੰਨ ਸ੍ਰੀ ਗੁਰੂ ਗਰੰਥ ਸਾਹਿਬ ਸਪੱਸ਼ਟ ਕਹਿੰਦਾ ਹੈ, ਕਿ ਜਾਤੀਵਾਦ ਮਨੁੱਖੀ ਝੂਠ ਹੈ, ਬ੍ਰਾਹਮਣ, ਸ਼ੂਦਰ ਵੰਡ ਇੱਕ ਵੱਡੀ ਠੱਗੀ ਹੈ, ਰਾਜਾ ਵੀ ਪਰਜਾ ਨੂੰ ਜਵਾਬਦੇਹ ਹੈ, ਧਰਮ ਦਾ ਮਤਲਬ ਇਨਸਾਫ਼ ਹੈ, ਡਰ ਨਹੀਂ। ਇਹੀ ਕਾਰਨ ਹੈ ਕਿ ਇਹ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਉਸ ਤਾਕਤ ਨੂੰ ਚੁਭਦਾ ਹੈ ਜੋ ਲੋਕਾਂ ਨੂੰ ਡਰ, ਜਾਤ ਅਤੇ ਅੰਧ ਵਿਸ਼ਵਾਸ ਨਾਲ ਕਾਬੂ ਕਰਨਾ ਚਾਹੁੰਦੀ ਹੈ। ਸਿੱਖ ਕੌਮ ਦੀ ਗੈਰਤ ਨੂੰ, ਉਹਨਾਂ ਦੀ ਆਸਥਾ ਨੂੰ ਅਤੇ ਉਹਨਾਂ ਦੇ ਸਿਧਾਂਤਕ ਜਜ਼ਬੇ ਨੂੰ ਪਰਖਣ ਲਈ ਮੰਦਬੁੱਧੀ ਇੱਕ ਸੁਵਿਧਾਜਨਕ ਨਾਟਕ ਹੈ ਕਿਉਂਕਿ ਹਰ ਬੇਅਦਬੀ ਮਗਰੋਂ ਇੱਕੋ ਸਕ੍ਰਿਪਟ ਚਲਦੀ ਹੈ, ਕਿ "ਦੋਸ਼ੀ ਮਾਨਸਿਕ ਤੌਰ 'ਤੇ ਬਿਮਾਰ ਹੈ।" ਸਵਾਲ ਇਹ ਨਹੀਂ ਕਿ ਉਹ ਵਿਅਕਤੀ ਮੰਦਬੁੱਧੀ ਸੀ ਜਾਂ ਨਹੀਂ। ਸਵਾਲ ਤਾਂ ਇਹ ਹੈ ਕਿ ਉਹ ਮੰਦ ਬੁੱਧੀ ਉੱਥੇ ਪਹੁੰਚਦਾ ਕਿਵੇਂ ਹੈ ? ਗੁਰੂ ਘਰ ਦੀ ਸੁਰੱਖਿਆ ਫੇਲ੍ਹ ਕਿਵੇਂ ਹੋ ਜਾਂਦੀ ਹੈ , ਹਰ ਵਾਰ ਜਾਂਚ ਕਿਉਂ ਅਧੂਰੀ ਰਹਿੰਦੀ ਹੈ ? ਅਸਲ ਸਚਾਈ ਤਾਂ ਇਹ ਹੈ ਕਿ ਮੰਦਬੁੱਧੀ ਕੋਲ ਹਥਿਆਰ ਹੁੰਦੇ ਹਨ, ਹਥਿਆਰ ਬਣਾਉਣ ਵਾਲੇ ਕਦੇ ਸਾਹਮਣੇ ਨਹੀਂ ਆਉਂਦੇ। ਦਸ ਸਾਲ ਵੱਖ ਵੱਖ ਸਰਕਾਰਾਂ ਰਹੀਆਂ ਹਨ, ਪਰ ਨਤੀਜਾ ਇੱਕੋ ਚੁੱਪ ਹੈ, ਇੱਕੋ ਲਾਰਾ ਹੈ, ਜਾਂਚਾਂ ਹੋਈਆਂ, ਕਮੇਟੀਆਂ ਬਣੀਆਂ, ਫਾਈਲਾਂ ਭਰੀਆਂ ਗਈਆਂ, ਪਰ ਅਸਲ ਸਾਜਿਸ਼ਕਾਰ ਬਚੇ ਹੋਏ ਹਨ। ਕੀ ਇਹ ਸਰਕਾਰਾਂ ਦੀ ਨਲਾਇਕੀ ਹੈ ਜਾਂ ਫਿਰ ਮਹਾਨ ਸਿੱਖ ਵਿਚਾਰਧਾਰਾ ਪ੍ਰਤੀ ਨਫਰਤ, ਬੇਈਮਾਨੀ ਅਤੇ ਈਰਖਾ ਹੈ, ਜਿਸ ਕਰਕੇ ਇਹ ਸਾਰਾ ਕੁੱਝ ਬੜੇ ਸਹਿਜੇ ਹੀ ਵਾਪਰ ਰਿਹਾ ਹੈ। ਜਦੋਂ ਕਿਸੇ ਇੱਕ ਧਰਮ ਦੇ ਸਭ ਤੋਂ ਪਵਿੱਤਰ ਗਰੰਥ 'ਤੇ ਹਮਲੇ ਰੁਕਣ ਦਾ ਨਾਂ ਹੀ ਨਾ ਲੈਣ ਅਤੇ ਸੱਤਾ ਮੌਨ ਰਹੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੋ ਵੀ ਹੋ ਰਿਹਾ ਹੈ ਉਹ ਬਹੁਤ ਵੱਡੀ ਸਾਜਿਸ਼ ਤਹਿਤ ਹੋ ਰਿਹਾ ਹੈ, ਕਿਉਂਕਿ ਸੱਤਾ ਦਾ ਮੌਨ ਹੋਣਾ ਵੀ ਇੱਕ ਬਿਆਨ ਹੁੰਦਾ ਹੈ। ਬਿਪਰਵਾਦੀ ਭਾਰਤੀ ਰਾਜ ਢਾਂਚੇ ਵਿੱਚ ਬੈਠੀਆਂ ਕੁਝ ਤਾਕਤਾਂ ਸਿੱਖੀ ਨੂੰ ਹਮੇਸ਼ਾ "ਅਲੱਗ" ਸਮਝਦੀਆਂ ਰਹੀਆਂ ਹਨ। ਸਿੱਖੀ ਦੀ ਨਾਬਰੀ ਅਤੇ ਬਰਾਬਰੀ ਬਿਪਰਵਾਦ ਲਈ ਵੱਡਾ ਖ਼ਤਰਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਅਪਮਾਨਿਤ ਕਰਕੇ, ਸਿੱਖ ਮਨਾਂ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਸਵਾਲ ਫਿਰ ਖੜ੍ਹਾ ਹੈ ਕਿ ਸਿੱਖ ਕੌਮ ਗੁੱਸੇ ਤੋਂ ਅੱਗੇ ਕਦੋਂ ਸੋਚੇਗੀ ? ਅਸੀਂ ਹਰ ਵਾਰ ਗੁੱਸੇ 'ਚ ਆਉਂਦੇ ਹਾਂ ਅਤੇ ਇਹ ਠੀਕ ਵੀ ਹੈ। ਪਰ ਸਿਰਫ਼ ਗੁੱਸਾ ਕਾਫ਼ੀ ਨਹੀਂ। ਜੇ ਅਸੀਂ ਹਰ ਵਾਰ ਭੜਕ ਕੇ, ਫਿਰ ਠੰਡੇ ਹੋ ਕੇ, ਭੁੱਲ ਜਾ ਰਹੇ ਹਾਂ ਤਾਂ ਸਾਜਿਸ਼ਕਾਰ ਜਿੱਤਦੇ ਹਨ। ਸਮਾਂ ਆ ਗਿਆ ਹੈ ਕਿ ਬੇਅਦਬੀ ਨੂੰ ਸਿਰਫ਼ ਧਾਰਮਿਕ ਮਸਲਾ ਨਹੀਂ, ਬਲਕਿ ਵਿਚਾਰਧਾਰਕ ਯੁੱਧ ਸਮਝਿਆ ਜਾਵੇ। ਜਦ ਤੱਕ ਅਸੀਂ ਇਹ ਨਹੀਂ ਸਮਝਦੇ ਕਿ ਇਹ ਗੁਰੂ ਸਾਹਿਬ ਦੇ ਅੰਗਾਂ 'ਤੇ ਜਾਂ ਅੱਖਰਾਂ 'ਤੇ ਹੀ ਨਹੀਂ ਗੁਰੂ ਦੀ ਸੋਚ 'ਤੇ ਹਮਲਾ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਈ ਆਮ ਧਾਰਮਿਕ ਗ੍ਰੰਥ ਨਹੀਂ। ਇਹ ਦੁਨੀਆ ਦੇ ਪਹਿਲੇ ਜਾਗਤ ਜੋਤ ਗੁਰੂ ਹਨ। ਇੱਥੇ ਮਨੁੱਖ ਨੂੰ ਮਨੁੱਖ ਬਣਨ ਦੀ ਸਿੱਖਿਆ ਮਿਲਦੀ ਹੈ। ਇੱਥੇ ਬ੍ਰਾਹਮਣਵਾਦ, ਜਾਤੀਵਾਦ, ਲਿੰਗ ਭੇਦ ਅਤੇ ਜਬਰ ਜ਼ੁਲਮ ਦੇ ਖ਼ਿਲਾਫ਼ ਸਪੱਸ਼ਟ ਇਨਕਾਰ ਅਤੇ ਸਰਬਤ ਦੇ ਭਲੇ ਦੀ ਸਿੱਖਿਆ ਮਿਲਦੀ ਹੈ। ਇਹੀ ਕਾਰਨ ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਪਰਵਾਦੀ ਤਾਕਤਾਂ ਨੂੰ ਸਭ ਤੋਂ ਵੱਧ ਚੁਭਦਾ ਹੈ। ਇਹ ਸੋਚ ਸਵਾਲ ਪੁੱਛਦੀ ਹੈ, ਅੰਧ ਵਿਸ਼ਵਾਸ ਤੋੜਦੀ ਹੈ ਅਤੇ ਦਬੇ-ਕੁਚਲੇ ਨੂੰ ਬੋਲਣ ਦੀ ਹਿੰਮਤ ਦਿੰਦੀ ਹੈ। ਇਸ ਲਈ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਦੀ ਦੇਹ ਨਹੀਂ, ਨਿਸ਼ਾਨਾ ਉਸ ਦੀ ਰੂਹ ਹੈ। ਧਰਨੇ ਲਗਦੇ ਹਨ,ਪ੍ਰਦਰਸ਼ਨ ਹੁੰਦੇ ਹਨ, ਨਾਅਰੇ ਲੱਗਦੇ ਹਨ, ਪਰ ਕੀ ਕਦੇ ਡੂੰਘਾਈ ਨਾਲ ਸੋਚਿਆ ਹੈ ਕਿ ਇਹ ਸਭ ਕੁੱਝ ਹੋ ਕਿਉਂ ਰਿਹਾ ਹੈ, ਜੇਕਰ ਸਾਜਿਸ਼ ਨੂੰ ਸਮਝਣ ਦਾ ਯਤਨ ਨਾ ਕੀਤਾ ਗਿਆ ਤਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨਹੀਂ ਰੁਕਣਗੀਆਂ। ਇਹ ਸਮਝਣਾ ਪਵੇਗਾ ਕਿ ਬੇਅਦਬੀਆਂ ਦਾ ਵਰਤਾਰਾ ਕੋਈ ਆਮ ਵਾਪਰੀ ਘਟਨਾ ਨਹੀਂ ਬਲਕਿ ਇੱਕ ਵਿਚਾਰਧਾਰਕ ਯੁੱਧ ਹੈ। ਅਤੇ ਇਸ ਯੁੱਧ ਵਿੱਚ ਜਿੱਤ ਸਿਰਫ ਗੁੱਸੇ ਨਾਲ ਨਹੀਂ, ਬਲਕਿ ਆਪਸੀ ਏਕਤਾ ਅਤੇ ਵਰਤਾਰਿਆਂ ਦੀ ਸਮਝ ਆਉਣ ਨਾਲ ਹੋਵੇਗੀ।

### ਅੱਖੋਂ ਪਰੋਖੇ ਹੋਈ ਇੱਕ ਮਹਾਨ ਹਸਤੀ

# ਸ. ਮਹਿੰਦਰ ਸਿੰਘ ਰੰਧਾਵਾ ਅਤੇ ਸਾਡੀ ਸਮਾਜਿਕ ਯਾਦਦਾਸ਼ਤ



ਵਿੰਕਲਜੀਤ ਸਿੰਘ ਸਰਾ
9501477889

**ਜਨਮ, ਪਿੰਡ, ਸਿੱਖਿਆ ਅਤੇ ਇੱਕ ਗੁੰਮ ਹੋ ਚੁੱਕੀ ਸ਼ੁਰੂਆਤ** : ਮੈਂ ਇਹ ਲੇਖ ਕਿਸੇ ਇਤਿਹਾਸਕ ਦਾਅਵੇ ਜਾਂ ਅਕਾਦਮਿਕ ਦਸਤਾਵੇਜ਼ ਵਜੋਂ ਨਹੀਂ ਸਗੋਂ ਇੱਕ ਨਿੱਜੀ ਅਨੁਭਵ, ਇੱਕ ਅੰਦਰੂਨੀ ਝਟਕੇ ਅਤੇ ਇੱਕ ਸਮਾਜਕ ਜ਼ਿੰਮੇਵਾਰੀ ਵਜੋਂ ਲਿਖ ਰਿਹਾ ਹਾਂ। ਇਹ ਲਿਖਤ ਉਸ ਅਹਿਸਾਸ ਤੋਂ ਜੰਮਦੀ ਹੈ ਜੋ ਮੈਨੂੰ ਉਸ ਦਿਨ ਹੋਇਆ ਜਦੋਂ ਮੈਂ ਇੱਕ ਇੰਟਰਵਿਊ ਸੁਣੀ ਇੱਕ ਆਮ ਜਿਹੀ ਗੱਲਬਾਤ ਜੋ ਅਚਾਨਕ ਮੇਰੇ ਲਈ ਅਸਧਾਰਣ ਬਣ ਗਈ। ਸਤਿੰਦਰ ਸਰਤਾਜ ਉਸ ਇੰਟਰਵਿਊ ਵਿੱਚ ਗੱਲ ਕਰ ਰਹੇ ਸਨ। ਗੱਲ ਸੰਗੀਤ ਤੋਂ ਲੰਘ ਕੇ ਇਤਿਹਾਸ ਵੱਲ ਮੁੜੀ ਅਤੇ ਇਤਿਹਾਸ ਵਿੱਚੋਂ ਇੱਕ ਨਾਮ ਉਭਰਿਆ ਸ. ਮਹਿੰਦਰ ਸਿੰਘ ਰੰਧਾਵਾ।

ਸਰਤਾਜ ਨੇ ਬੜੀ ਸੰਵੇਦਨਸ਼ੀਲਤਾ ਅਤੇ ਆਦਰ ਨਾਲ ਕਿਹਾ ਕਿ ਉਹ ਸ. ਮਹਿੰਦਰ ਸਿੰਘ ਰੰਧਾਵਾ ਦੀ ਹਸਤੀ ਨਾਲ ਦਿਲੋਂ ਪਿਆਰ ਕਰਦੇ ਹਨ। ਇਸੇ ਪਿਆਰ ਦੇ ਕਾਰਨ ਹੀ ਉਨ੍ਹਾਂ ਨੇ ਰੰਧਾਵਾ ਦੀ ਆਤਮਕਥਾ 'ਆਪ ਬੀਤੀ' ਪੜ੍ਹੀ ਇੱਕ ਅਜਿਹੀ ਕਿਤਾਬ ਜਿਸ ਨਾਲ ਉਨ੍ਹਾਂ ਨੂੰ ਗਹਿਰੀ ਮੁਹੱਬਤ ਹੈ। ਸਰਤਾਜ ਨੇ ਰੰਧਾਵਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਸਿਰਫ਼ ਇੱਕ ਪ੍ਰਸ਼ਾਸਕ ਨਹੀਂ ਸਨ ਸਗੋਂ ਇੱਕ ਵਿਸ਼ਾਲ ਆਤਮਾ ਦੇ ਮਾਲਕ ਸਨ ਇੱਕ ਐਸਾ ਮਨੁੱਖ ਜਿਸਦੀ ਸੋਚ, ਸੰਵੇਦਨਾ ਅਤੇ ਵਿਦਵਾਨੀ ਦ੍ਰਿਸ਼ਟੀ ਅੱਜ ਵੀ ਰਾਹ ਦਿਖਾ ਸਕਦੀ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ ਇਹ ਅਫ਼ਸੋਸ ਵੀ ਸਾਫ਼ ਝਲਕਦਾ ਸੀ ਕਿ ਅਜਿਹੀ ਮਹਾਨ ਹਸਤੀ ਨੂੰ ਅਸੀਂ ਸਮਾਜਕ ਤੌਰ 'ਤੇ ਉਹ ਸਥਾਨ ਨਹੀਂ ਦੇ ਸਕੇ, ਜਿਸਦੇ ਉਹ ਪੂਰੀ ਤਰ੍ਹਾਂ ਹੱਕਦਾਰ ਸਨ।

ਉਸ ਇੱਕ ਜ਼ਿਕਰ ਨੇ ਮੈਨੂੰ ਅੰਦਰੋਂ ਹਿਲਾ ਦਿੱਤਾ। ਮੈਂ ਆਪਣੇ ਆਪ ਤੋਂ ਪੁੱਛਿਆ ਇਹ ਕਿਵੇਂ ਸੰਭਵ ਹੈ ਕਿ ਇੱਕ ਐਸਾ ਮਨੁੱਖ, ਜਿਸਨੂੰ ਇੱਕ ਆਧੁਨਿਕ ਕਲਾਕਾਰ ਇੰਨੀ ਕਦਰ ਨਾਲ ਯਾਦ ਕਰਦਾ ਹੈ, ਉਹ ਮੇਰੇ ਵਰਗੇ ਅਨੇਕਾਂ ਪੰਜਾਬੀਆਂ ਲਈ ਲਗਭਗ ਅਣਜਾਣ ਰਹਿ ਗਿਆ ? ਇਹ ਸਵਾਲ ਸਿਰਫ਼ ਮੇਰੀ ਨਿੱਜੀ ਅਣਜਾਣਤਾ ਨਹੀਂ ਸੀ, ਇਹ ਸਾਡੀ ਸਮੂਹਕ ਯਾਦਦਾਸ਼ਤ 'ਤੇ ਲੱਗਿਆ ਇੱਕ ਸਵਾਲ ਚਿੰਨ੍ਹ ਸੀ। ਇੱਥੋਂ ਮੇਰੀ ਖੋਜ ਦੀ ਯਾਤਰਾ ਸ਼ੁਰੂ ਹੋਈ ਇੱਕ ਐਸੀ ਯਾਤਰਾ ਜੋ ਮੈਨੂੰ ਰੰਧਾਵਾ ਦੀ ਜ਼ਿੰਦਗੀ ਨਾਲ ਹੀ ਨਹੀਂ ਸਗੋਂ ਆਪਣੇ ਸਮਾਜ ਦੀ ਸੋਚ ਨਾਲ ਵੀ ਰੁਬਰੂ ਕਰਵਾਉਂਦੀ ਹੈ।

**ਮਿੱਟੀ ਦੀ ਮਹਿਕ ਅਤੇ ਪਰਿਵਾਰਕ ਪਿਛੋਕੜ** : ਕਿਸੇ ਵੀ ਮਹਾਨ ਹਸਤੀ ਨੂੰ ਸਮਝਣ ਲਈ ਸਿਰਫ਼ ਉਸਦੇ ਅਹੁਦੇ ਜਾਂ ਬਾਅਦ ਦੀਆਂ ਪ੍ਰਾਪਤੀਆਂ ਜਾਣਨਾ ਕਾਫ਼ੀ ਨਹੀਂ ਹੁੰਦਾ। ਕਿਸੇ ਮਨੁੱਖ ਦੀ ਸੋਚ ਉਸਦੀ ਸੰਵੇਦਨਾ ਅਤੇ ਉਸਦਾ ਦੂਰਦਰਸ਼ੀ ਨਜ਼ਰੀਆ ਕਿੱਥੋਂ ਆਇਆ, ਇਹ ਸਮਝਣ ਲਈ ਸਾਨੂੰ ਉਸਦੀ ਸ਼ੁਰੂਆਤ ਵੱਲ ਮੁੜਨਾ ਪੈਂਦਾ ਹੈ। ਇਸੇ ਲਈ ਸ. ਮਹਿੰਦਰ ਸਿੰਘ ਰੰਧਾਵਾ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਉਸ ਮਿੱਟੀ ਨੂੰ ਸਮਝਣਾ ਲਾਜ਼ਮੀ ਹੋ ਜਾਂਦਾ ਹੈ, ਜਿਸ ਵਿੱਚ ਇਹ ਹਸਤੀ ਪਲੀ-ਵਧੀ। ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਫ਼ਰਵਰੀ 1909 ਨੂੰ ਪੰਜਾਬ ਦੇ ਇਤਿਹਾਸਕ ਅਤੇ ਖੇਤੀਬਾੜੀ ਪ੍ਰਧਾਨ ਖੇਤਰ ਜ਼ੀਰਾ (ਜ਼ਿਲ੍ਹਾ ਫ਼ਿਰੋਜ਼ਪੁਰ) ਵਿੱਚ ਹੋਇਆ। ਇਹ ਉਹ ਸਮਾਂ ਸੀ ਜਦੋਂ ਪੰਜਾਬ ਬ੍ਰਿਟਿਸ਼ ਹਕੂਮਤ ਦੇ ਅਧੀਨ ਸੀ ਪਰ ਪੰਜਾਬੀ ਸਮਾਜ ਦੇ ਅੰਦਰ ਸਿੱਖਿਆ, ਸੁਧਾਰ ਅਤੇ ਚੇਤਨਾ ਦੀਆਂ ਲਹਿਰਾਂ ਚੁੱਪਚਾਪ ਤਿਆਰ ਹੋ ਰਹੀਆਂ ਸਨ। ਰੰਧਾਵਾ ਦਾ ਜਨਮ ਇੱਕ ਸਿੱਖ ਪਰਿਵਾਰ ਵਿੱਚ ਹੋਇਆ ਇੱਕ ਅਜਿਹਾ ਪਰਿਵਾਰ ਜੋ ਜ਼ਮੀਨ ਨਾਲ ਜੁੜਿਆ ਹੋਇਆ ਮਿਹਨਤ 'ਤੇ ਵਿਸ਼ਵਾਸ ਕਰਨ ਵਾਲਾ ਅਤੇ ਸਿੱਖੀ ਮੁੱਲਾਂ ਸੇਵਾ, ਅਨੁਸ਼ਾਸਨ ਅਤੇ ਸਚਾਈ ਨੂੰ ਜੀਵਨ ਦਾ ਅੰਗ ਮੰਨਣ ਵਾਲਾ ਸੀ। ਜ਼ੀਰਾ ਅਤੇ ਉਸਦੇ ਆਲੇ-ਦੁਆਲੇ ਦਾ ਮਾਹੌਲ ਖੇਤਾਂ, ਦਰੱਖ਼ਤਾਂ, ਰੁੱਤਾਂ ਅਤੇ ਕੁਦਰਤੀ ਚੱਕਰਾਂ ਨਾਲ ਭਰਪੂਰ ਸੀ। ਇਹ ਕੋਈ ਸਧਾਰਣ ਪਿਛੋਕੜ ਨਹੀਂ ਸੀ। ਇਹ ਉਹ ਮਾਹੌਲ ਸੀ, ਜਿੱਥੇ ਮਨੁੱਖ ਕੁਦਰਤ ਨਾਲ ਟਕਰਾਉਂਦਾ ਨਹੀਂ ਸਗੋਂ ਉਸਦੇ ਨਾਲ ਜੀਉਂਦਾ ਹੈ। ਇਹੀ ਕਾਰਨ ਹੈ ਕਿ ਬਾਅਦ ਦੀ ਜ਼ਿੰਦਗੀ ਵਿੱਚ ਰੰਧਾਵਾ ਦੀ ਬਨਸਪਤੀ ਵਿਗਿਆਨ (Botany), ਬਾਗ਼ਬਾਨੀ ਅਤੇ ਵਾਤਾਵਰਣ ਪ੍ਰਤੀ ਡੂੰਘੀ ਦਿਲਚਸਪੀ ਕੋਈ ਅਚਾਨਕ ਪੈਦਾ ਹੋਈ ਰੁਚੀ ਨਹੀਂ ਲੱਗਦੀ। ਉਹ ਕੁਦਰਤ ਨੂੰ ਕਿਤਾਬਾਂ ਵਿੱਚੋਂ ਨਹੀਂ ਸਗੋਂ ਮਿੱਟੀ ਵਿੱਚੋਂ ਪੜ੍ਹ ਕੇ ਵੱਡੇ ਹੋਏ ਸਨ।

**ਸਿੱਖਿਆ ਗਿਆਨ ਦੀ ਭਾਲ ਅਤੇ ਲਾਹੌਰ ਦਾ ਦੌਰ** : ਪਰਿਵਾਰਕ ਮਾਹੌਲ ਵਿੱਚ ਅਨੁਸ਼ਾਸਨ ਅਤੇ ਸਿੱਖਿਆ ਨੂੰ ਕੇਂਦਰੀ ਮਹੱਤਤਾ ਦਿੱਤੀ ਜਾਂਦੀ ਸੀ। ਰੰਧਾਵਾ ਦੇ ਘਰ ਵਿੱਚ ਪੜ੍ਹਾਈ ਨੂੰ ਸਿਰਫ਼ ਰੋਜ਼ਗਾਰ ਦਾ ਸਾਧਨ ਨਹੀਂ ਸਗੋਂ ਮਨੁੱਖ ਬਣਨ ਦੀ ਪ੍ਰਕਿਰਿਆ ਸਮਝਿਆ ਜਾਂਦਾ ਸੀ। ਇਹੀ ਸੰਸਕਾਰ ਬਾਅਦ ਵਿੱਚ ਉਨ੍ਹਾਂ ਦੀ ਪੂਰੀ ਸ਼ਖ਼ਸੀਅਤ ਦਾ ਆਧਾਰ ਬਣੇ। ਉਹ ਬਚਪਨ ਤੋਂ ਹੀ ਗੰਭੀਰ, ਸੋਚਣ ਵਾਲੇ ਅਤੇ ਗਹਿਰਾਈ ਵਿੱਚ ਜਾਣ ਦੀ ਆਦਤ ਵਾਲੇ ਵਿਦਿਆਰਥੀ ਸਨ। ਉਹ ਸਵਾਲ ਪੁੱਛਦੇ ਸਨ ਅਤੇ ਸਵਾਲ ਪੁੱਛਣ ਵਾਲੇ ਬੱਚੇ ਅਕਸਰ ਆਮ ਰਾਹਾਂ 'ਤੇ ਨਹੀਂ ਤੁਰਦੇ। ਉੱਚ ਸਿੱਖਿਆ ਲਈ ਰੰਧਾਵਾ ਫ਼ੋਰਮੈਨ ਕਰਿਸਚਨ ਕਾਲਜ, ਲਾਹੌਰ ਪਹੁੰਚੇ, ਉਹ ਕਾਲਜ ਜੋ ਉਸ ਸਮੇਂ ਉੱਤਰ ਭਾਰਤ ਦਾ ਇੱਕ ਪ੍ਰਮੁੱਖ ਬੁੱਧੀਜੀਵੀ ਕੇਂਦਰ ਸੀ। ਲਾਹੌਰ ਸਿਰਫ਼ ਇੱਕ ਸ਼ਹਿਰ ਨਹੀਂ ਸੀ, ਉਹ ਵਿਚਾਰਾਂ ਦੀ ਗਤੀਵਿਧੀ ਦਾ ਕੇਂਦਰ ਸੀ। ਇੱਥੇ ਵਿਗਿਆਨ, ਸਾਹਿਤ, ਰਾਜਨੀਤੀ ਅਤੇ ਦਰਸ਼ਨ ਇੱਕ-ਦੂਜੇ ਨਾਲ ਸੰਵਾਦ ਕਰਦੇ ਸਨ। ਇਸ ਮਾਹੌਲ ਨੇ ਰੰਧਾਵਾ ਦੀ ਸੋਚ ਨੂੰ ਹੋਰ ਵਿਸ਼ਾਲ ਬਣਾਇਆ। ਲਾਹੌਰ ਵਿੱਚ ਉਨ੍ਹਾਂ ਨੇ ਵਿਗਿਆਨ, ਖ਼ਾਸ ਕਰਕੇ ਬਨਸਪਤੀ ਵਿਗਿਆਨ ਵਿੱਚ ਉੱਚ ਅਧਿਐਨ ਕੀਤਾ। ਇੱਥੇ ਹੀ ਉਨ੍ਹਾਂ ਦੀ ਵਿਗਿਆਨਕ ਸੋਚ ਅਤੇ ਮਨੁੱਖੀ ਸੰਵੇਦਨਾ ਇੱਕ-ਦੂਜੇ ਨਾਲ ਗੂੰਝਣ ਲੱਗੀਆਂ। ਉਹ ਵਿਗਿਆਨ ਨੂੰ ਸਿਰਫ਼ ਤੱਥਾਂ ਦਾ ਭੰਡਾਰ ਨਹੀਂ ਸਗੋਂ ਮਨੁੱਖੀ ਜੀਵਨ ਨਾਲ ਜੁੜੀ ਇੱਕ ਜ਼ਿੰਮੇਵਾਰੀ ਸਮਝਣ ਲੱਗੇ। ਇਹੀ ਗੁਣ ਬਾਅਦ ਵਿੱਚ ਉਨ੍ਹਾਂ ਨੂੰ ਇੱਕ ਵਿਲੱਖਣ ਪ੍ਰਸ਼ਾਸਕ ਬਣਾਉਂਦਾ ਹੈ। 1930 ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ.ਐਸ.ਸੀ (ਬੋਟਨੀ) ਕੀਤੀ ਅਤੇ ਬਾਅਦ ਵਿੱਚ 1955 ਵਿੱਚ ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਖੋਜਾਂ ਲਈ ਡੀ.ਐਸ.ਸੀ (D.Sc.) ਦੀ ਡਿਗਰੀ ਨਾਲ ਨਿਵਾਜਿਆ।

**ਲੰਡਨ ਅਤੇ ਆਈ.ਸੀ.ਐਸ (ICS) ਦਾ ਸਫ਼ਰ** : ਉਨ੍ਹਾਂ ਦੀ ਕਾਬਲੀਅਤ, ਮਿਹਨਤ ਅਤੇ ਬੁੱਧੀਮਾਨੀ ਉਨ੍ਹਾਂ ਨੂੰ ਅਗਲੇ ਪੱਧਰ 'ਤੇ ਲੈ ਗਈ ਲੰਡਨ ਤੱਕ। ਇੱਥੇ ਉਨ੍ਹਾਂ ਨੇ ਉੱਚ ਸਿਵਲ ਪ੍ਰਸ਼ਾਸਕੀ ਸਿੱਖਿਆ ਪ੍ਰਾਪਤ ਕੀਤੀ ਅਤੇ ਪੱਛਮੀ ਪ੍ਰਸ਼ਾਸਕੀ ਪ੍ਰਣਾਲੀਆਂ, ਵਿਗਿਆਨਕ ਵਿਧੀਆਂ ਅਤੇ ਅਕਾਦਮਿਕ ਅਨੁਸ਼ਾਸਨ ਨੂੰ ਗਹਿਰਾਈ ਨਾਲ ਸਮਝਿਆ। ਪਰ ਇਸ ਸਾਰੇ ਅੰਤਰਰਾਸ਼ਟਰੀ ਅਨੁਭਵ ਦੇ ਬਾਵਜੂਦ, ਉਹ ਆਪਣੇ ਪੰਜਾਬੀ ਅਤੇ ਭਾਰਤੀ ਮੂਲਾਂ ਤੋਂ ਕਦੇ ਵੀ ਟੁੱਟੇ ਨਹੀਂ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਪੱਛਮੀ ਗਿਆਨ ਅਤੇ ਭਾਰਤੀ ਚੇਤਨਾ ਦਾ ਇੱਕ ਵਿਲੱਖਣ ਸੰਤੁਲਨ ਬਣ ਗਿਆ ਇੱਕ ਐਸਾ ਸੰਤੁਲਨ, ਜੋ ਬਾਅਦ ਵਿੱਚ ਉਨ੍ਹਾਂ ਦੇ ਹਰ ਫੈਸਲੇ ਵਿੱਚ ਨਜ਼ਰ ਆਉਂਦਾ ਹੈ।

ਰੰਧਾਵਾ ਲਈ ਸਿੱਖਿਆ ਕਦੇ ਵੀ ਨਿੱਜੀ ਉੱਚਾਈ ਦਾ ਸਾਧਨ ਨਹੀਂ ਸੀ। ਉਹ ਸਿੱਖਿਆ ਨੂੰ ਸਮਾਜਕ ਜ਼ਿੰਮੇਵਾਰੀ ਨਾਲ ਜੋੜ ਕੇ ਵੇਖਦੇ ਸਨ। ਇਸੇ ਸੋਚ ਦੇ ਨਾਲ ਉਨ੍ਹਾਂ ਨੇ ਇੰਡੀਅਨ ਸਿਵਲ ਸਰਵਿਸ (ICS) ਦੀ ਕਠਿਨ ਪ੍ਰੀਖਿਆ ਪਾਸ ਕੀਤੀ ਇੱਕ ਐਸੀ ਪ੍ਰੀਖਿਆ ਜੋ ਉਸ ਸਮੇਂ ਸਿਰਫ਼ ਬੁੱਧੀਮਾਨੀ ਨਹੀਂ ਸਗੋਂ ਅਸਾਧਾਰਣ ਅਨੁਸ਼ਾਸਨ ਅਤੇ ਧੀਰਜ ਦੀ ਮੰਗ ਕਰਦੀ ਸੀ। ਇੱਥੋਂ ਉਨ੍ਹਾਂ ਦਾ ਸਫ਼ਰ ਸਿਰਫ਼ ਅਹੁਦਿਆਂ ਦਾ ਨਹੀਂ ਸਗੋਂ ਸੇਵਾ, ਸੰਵੇਦਨਾ ਅਤੇ ਸੋਚ ਦਾ ਸਫ਼ਰ ਬਣ ਜਾਂਦਾ ਹੈ।

**ਸਿਵਲ ਸਰਵਿਸ, ਦਿੱਲੀ 1946-48 ਅਤੇ ਵੰਡ ਦੀ ਅੱਗ ਵਿੱਚ ਖੜ੍ਹਾ ਇੱਕ ਮਨੁੱਖ** : ਜਦੋਂ ਸ. ਮਹਿੰਦਰ ਸਿੰਘ ਰੰਧਾਵਾ ਨੇ







ਇੰਡੀਅਨ ਸਿਵਲ ਸਰਵਿਸ (ICS) ਵਿੱਚ ਕਦਮ ਰੱਖਿਆ ਤਦ ਇਹ ਸਿਰਫ਼ ਇੱਕ ਉੱਚ ਅਹੁਦਾ ਹਾਸਲ ਕਰਨ ਦੀ ਘਟਨਾ ਨਹੀਂ ਸੀ। ਇਹ ਇੱਕ ਐਸਾ ਮੋੜ ਸੀ, ਜਿੱਥੇ ਵਿਦਿਆ, ਅਨੁਸ਼ਾਸਨ ਅਤੇ ਸਮਾਜਕ ਜ਼ਿੰਮੇਵਾਰੀ ਇੱਕ-ਦੂਜੇ ਨਾਲ ਜੁੜ ਗਏ। ICS ਉਸ ਸਮੇਂ ਬ੍ਰਿਟਿਸ਼ ਭਾਰਤ ਦੀ ਸਭ ਤੋਂ ਕਠਿਨ ਅਤੇ ਚੁਣੌਤੀਪੂਰਨ ਪ੍ਰਸ਼ਾਸਕੀ ਸੇਵਾ ਸੀ। ਰੰਧਾਵਾ ਇਸ ਅਗਨੀ-ਪ੍ਰੀਖਿਆ ਵਿੱਚ ਸਿਰਫ਼ ਕਾਮਯਾਬ ਹੀ ਨਹੀਂ ਹੋਏ ਸਗੋਂ ਬਾਅਦ ਦੇ ਸਮੇਂ ਵਿੱਚ ਇਹ ਸਾਬਤ ਕੀਤਾ ਕਿ ਉਨ੍ਹਾਂ ਦੀ ਸੇਵਾ ਸਿਰਫ਼ ਹੁਕਮ ਮੰਨਣ ਤੱਕ ਸੀਮਤ ਨਹੀਂ ਰਹੇਗੀ।

**ਦਿੱਲੀ ਦਾ ਡਿਪਟੀ ਕਮਿਸ਼ਨਰ, ਚੁਣੌਤੀਆਂ ਦਾ ਪਹਾੜ** : 1946 ਤੱਕ ਆਉਂਦੇ ਆਉਂਦੇ ਭਾਰਤ ਇੱਕ ਐਸੇ ਮੋੜ 'ਤੇ ਖੜ੍ਹਾ ਸੀ, ਜਿੱਥੇ ਇਤਿਹਾਸ ਦੀ ਧੜਕਣ ਤੇਜ਼ ਹੋ ਚੁੱਕੀ ਸੀ। ਸਿਆਸੀ ਤਣਾਅ, ਧਾਰਮਿਕ ਵਿਭਾਜਨ ਅਤੇ ਅਣਭਰੋਸੇ ਦਾ ਮਾਹੌਲ ਹਰ ਪਾਸੇ ਫੈਲ ਰਿਹਾ ਸੀ। ਇਨ੍ਹਾਂ ਹਾਲਾਤਾਂ ਵਿੱਚ ਸ. ਮਹਿੰਦਰ ਸਿੰਘ ਰੰਧਾਵਾ ਨੂੰ ਦਿੱਲੀ ਦਾ ਡਿਪਟੀ ਕਮਿਸ਼ਨਰ ਨਿਯੁਕਤ ਕੀਤਾ ਗਿਆ। ਆਮ ਸਮੇਂ ਵਿੱਚ ਵੀ ਇਹ ਅਹੁਦਾ ਬਹੁਤ ਜ਼ਿੰਮੇਵਾਰੀਆਂ ਨਾਲ ਭਰਿਆ ਹੁੰਦਾ ਹੈ ਪਰ 1946-48 ਦੇ ਦੌਰ ਵਿੱਚ ਇਹ ਅਹੁਦਾ ਅੱਗੀਲੇ ਤਵੇ 'ਤੇ ਖੜ੍ਹੇ ਹੋਣ ਵਰਗਾ ਸੀ। ਦਿੱਲੀ ਉਸ ਸਮੇਂ ਸਿਰਫ਼ ਇੱਕ ਰਾਜਧਾਨੀ ਨਹੀਂ ਸੀ। ਉਹ ਇੱਕ ਭੱਭਕਦੀ ਹੋਈ ਭੀੜ ਸੀ ਸ਼ਰਨਾਰਥੀਆਂ ਦੀ, ਡਰ ਦੀ, ਅਫ਼ਵਾਹਾਂ ਦੀ ਅਤੇ ਗੁੱਸੇ ਦੀ। ਵੰਡ ਨੇ ਦਿੱਲੀ ਨੂੰ ਇੱਕ ਵੱਡੇ ਮਨੁੱਖੀ ਹੜ੍ਹ ਦਾ ਕੇਂਦਰ ਬਣਾ ਦਿੱਤਾ ਸੀ। ਲੱਖਾਂ ਲੋਕ ਪੱਛਮੀ ਪੰਜਾਬ ਤੋਂ ਆਪਣੀ ਜਾਨ ਬਚਾ ਕੇ ਦਿੱਲੀ ਪਹੁੰਚ ਰਹੇ ਸਨ।

**ਮਨੁੱਖੀ ਸੰਵੇਦਨਾ ਅਤੇ ਪ੍ਰਸ਼ਾਸਨ** : ਇਸ ਭਿਆਨਕ ਸਥਿਤੀ ਵਿੱਚ ਰੰਧਾਵਾ ਨੇ ਆਪਣੀ ਭੂਮਿਕਾ ਕਿਸੇ ਤਾਕਤਵਰ ਅਫ਼ਸਰ ਵਜੋਂ ਨਹੀਂ ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵਜੋਂ ਨਿਭਾਈ। ਉਹ ਜਾਣਦੇ ਸਨ ਕਿ ਇਸ ਹਾਲਾਤ ਵਿੱਚ ਸਿਰਫ਼ ਲਾਠੀ ਜਾਂ ਫੌਜੀ ਤਾਕਤ ਹੱਲ ਨਹੀਂ ਹੋ ਸਕਦੀ। ਉਨ੍ਹਾਂ ਨੂੰ ਭੀੜ ਨੂੰ ਵੀ ਸਮਝਣਾ ਸੀ ਅਤੇ ਡਰੇ ਹੋਏ ਮਨੁੱਖ ਨੂੰ ਵੀ। ਰਿਫਿਊਜ਼ੀ ਕੈਂਪਾਂ ਦੀ ਸਥਾਪਨਾ, ਭੋਜਨ ਅਤੇ ਪਾਣੀ ਦੀ ਵਿਵਸਥਾ, ਬਿਮਾਰਾਂ ਲਈ ਸਿਹਤ ਸਹੂਲਤਾਂ ਅਤੇ ਅਨਾਥ ਹੋਏ ਬੱਚਿਆਂ ਲਈ ਆਸਰਾ ਇਹ ਸਭ ਕੰਮ ਉਸ ਦੌਰ ਵਿੱਚ ਹੋ ਰਹੇ ਸਨ। ਵੰਡ ਦੇ ਦੰਗਿਆਂ ਦੌਰਾਨ ਦਿੱਲੀ ਵਿੱਚ ਕਈ ਵਾਰ ਹਾਲਾਤ ਇਸ ਕਦਰ ਖ਼ਰਾਬ ਹੋ ਗਏ ਕਿ ਪ੍ਰਸ਼ਾਸਨਿਕ ਢਾਂਚਾ ਟੁੱਟਦਾ ਹੋਇਆ ਲੱਗਦਾ ਸੀ। ਅਜਿਹੇ ਵੇਲਿਆਂ ਵਿੱਚ ਰੰਧਾਵਾ ਨੂੰ ਫੌਜ, ਪੁਲਿਸ ਅਤੇ ਨਾਗਰਿਕ ਅਧਿਕਾਰੀਆਂ ਵਿਚਕਾਰ ਸੰਤੁਲਨ ਬਣਾਉਣਾ ਪੈਂਦਾ ਸੀ। ਹਰ ਫੈਸਲਾ ਚਾਹੇ ਕਰਫ਼ਿਊ ਲਗਾਉਣਾ ਹੋਵੇ ਜਾਂ ਫੌਜ ਤਾਇਨਾਤ ਕਰਨੀ ਹੋਵੇ ਕਿਸੇ ਨਾ ਕਿਸੇ ਮਨੁੱਖੀ ਕੀਮਤ ਨਾਲ ਜੁੜਿਆ ਹੋਇਆ ਸੀ।

15 ਅਗਸਤ 1947 ਦਾ ਦਿਨ ਭਾਰਤ ਲਈ ਆਜ਼ਾਦੀ ਦਾ ਪ੍ਰਤੀਕ ਬਣ ਗਿਆ ਪਰ ਦਿੱਲੀ ਦੇ ਪ੍ਰਸ਼ਾਸਕਾਂ ਲਈ ਇਹ ਦਿਨ ਦੋਹਰੀ ਜ਼ਿੰਮੇਵਾਰੀ ਲੈ ਕੇ ਆਇਆ। ਇੱਕ ਪਾਸੇ ਨਵੇਂ ਦੇਸ਼ ਦੀ ਸ਼ੁਰੂਆਤ ਦੀ ਵਿਵਸਥਾ ਦੂਜੇ ਪਾਸੇ ਸੜਦੇ ਸ਼ਹਿਰ ਨੂੰ ਸੰਭਾਲਣ ਦੀ ਚੁਣੌਤੀ। ਲਾਲ ਕਿਲ੍ਹੇ ਤੋਂ ਦਿੱਤੇ ਗਏ ਇਤਿਹਾਸਕ ਭਾਸ਼ਣ ਤੋਂ ਲੈ ਕੇ ਸੁਰੱਖਿਆ ਅਤੇ ਲਾਜਿਸਟਿਕ ਪ੍ਰਬੰਧ ਤੱਕ ਇਹ ਸਭ ਕੰਮ ਉਸੇ ਦੌਰ ਵਿੱਚ ਹੋ ਰਹੇ ਸਨ।

**ਪੁਨਰਵਾਸ, ਪੰਜਾਬ ਦੀ ਨਵੀਂ ਬਣਤਰ ਅਤੇ ਚੰਡੀਗੜ੍ਹ** : ਦਿੱਲੀ ਦੀ ਅੱਗ ਵਿੱਚੋਂ ਲੰਘ ਕੇ ਨਿਕਲਣ ਮਗਰੋਂ ਸ. ਮਹਿੰਦਰ ਸਿੰਘ ਰੰਧਾਵਾ ਦੇ ਸਾਹਮਣੇ ਹੁਣ ਇੱਕ ਹੋਰ ਹੀ ਕਿਸਮ ਦੀ ਚੁਣੌਤੀ ਖੜ੍ਹੀ ਸੀ। ਇਹ ਚੁਣੌਤੀ ਸੀ ਰਾਖ਼ ਵਿੱਚੋਂ ਜੀਵਨ ਮੁੜ ਰਚਣ ਦੀ। ਵੰਡ ਤੋਂ ਬਾਅਦ ਦਾ ਪੰਜਾਬ ਭੌਤਿਕ ਤੌਰ 'ਤੇ ਹੀ ਨਹੀਂ, ਮਨੋਵਿਗਿਆਨਕ ਤੌਰ 'ਤੇ ਵੀ ਟੁੱਟਿਆ ਹੋਇਆ ਸੀ।

**ਪੁਨਰਵਾਸ ਦੀ ਪ੍ਰਕਿਰਿਆ ਅਤੇ ਜੜ੍ਹਾਂ ਨਾਲ ਮੋਹ** : ਰੰਧਾਵਾ ਲਈ ਪੁਨਰਵਾਸ ਦਾ ਅਰਥ ਕਦੇ ਵੀ ਸਿਰਫ਼ ਘਰ ਬਣਾਉਣਾ ਨਹੀਂ ਰਿਹਾ। ਉਹ ਜਾਣਦੇ ਸਨ ਕਿ ਜੇ ਮਨੁੱਖ ਨੂੰ ਰੋਜ਼ਗਾਰ, ਜ਼ਮੀਨ ਨਾਲ ਸਬੰਧ ਅਤੇ ਸਮਾਜਕ ਸੁਰੱਖਿਆ ਨਹੀਂ ਮਿਲਦੀ ਤਾਂ ਇਮਾਰਤਾਂ ਸਿਰਫ਼ ਖੋਖਲ੍ਹੇ ਖੰਭੇ ਬਣ ਕੇ ਰਹਿ ਜਾਂਦੀਆਂ ਹਨ। ਉਨ੍ਹਾਂ ਨੇ ਪੱਛਮੀ ਪੰਜਾਬ ਤੋਂ ਆਏ ਕਿਸਾਨਾਂ ਨੂੰ ਪੂਰਬੀ ਪੰਜਾਬ ਵਿੱਚ ਜ਼ਮੀਨਾਂ ਅਲਾਟ ਕਰਨ ਦੀ ਪ੍ਰਕਿਰਿਆ ਨੂੰ ਬਹੁਤ ਹੀ ਪਾਰਦਰਸ਼ੀ ਅਤੇ ਵਿਗਿਆਨਕ ਤਰੀਕੇ ਨਾਲ ਨੇਪਰੇ ਚਾੜ੍ਹਿਆ। ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਜਿਹੜੇ ਪਰਿਵਾਰ ਜਿਸ ਤਰ੍ਹਾਂ ਦੀ ਖੇਤੀ ਦੇ ਮਾਹਿਰ ਸਨ, ਉਨ੍ਹਾਂ ਨੂੰ ਉਸੇ ਤਰ੍ਹਾਂ ਦਾ ਇਲਾਕਾ ਮਿਲੇ।

**ਚੰਡੀਗੜ੍ਹ ਇੱਕ ਸੁਪਨੇ ਦੀ ਸਿਰਜਣਾ** : ਚੰਡੀਗੜ੍ਹ ਅਕਸਰ ਲੀ ਕਾਰਬੂਜ਼ੀਅਰ ਦੇ ਆਰਕੀਟੈਕਚਰ ਲਈ ਜਾਣਿਆ ਜਾਂਦਾ ਹੈ ਪਰ ਇਸ ਸ਼ਹਿਰ ਨੂੰ ਸਿਟੀ ਬਿਊਟੀਫੁੱਲ ਬਣਾਉਣ ਵਾਲੀ ਰੂਹ ਰੰਧਾਵਾ ਦੀ ਸੀ। ਉਨ੍ਹਾਂ ਨੇ ਸ਼ਹਿਰ ਦੀ ਬਾਗ਼ਬਾਨੀ (Landscaping) ਉੱਤੇ ਅਥਾਹ ਕੰਮ ਕੀਤਾ। ਚੰਡੀਗੜ੍ਹ ਦੀਆਂ ਸੜਕਾਂ 'ਤੇ ਕਿਹੜੇ ਦਰੱਖ਼ਤ ਲੱਗਣਗੇ, ਕਿਹੜੇ ਫੁੱਲ ਕਿਹੜੀ ਰੁੱਤ ਵਿੱਚ ਖਿੜਨਗੇ, ਇਹ ਸਭ ਰੰਧਾਵਾ ਦੀ ਬਨਸਪਤੀ ਵਿਗਿਆਨ ਦੀ ਮੁਹਾਰਤ ਦਾ ਨਤੀਜਾ ਸੀ। ਉਨ੍ਹਾਂ ਨੇ ਚੰਡੀਗੜ੍ਹ ਵਿੱਚ ਰੋਜ਼ ਗਾਰਡਨ, ਮਿਊਜ਼ੀਅਮ ਅਤੇ ਆਰਟ ਗੈਲਰੀ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਮੰਨਣਾ ਸੀ ਕਿ ਇੱਕ ਸ਼ਹਿਰ ਸਿਰਫ਼ ਸੀਮਿੰਟ ਦਾ ਢਾਂਚਾ ਨਹੀਂ ਹੋਣਾ ਚਾਹੀਦਾ ਸਗੋਂ ਇਹ ਕਲਾ ਅਤੇ ਕੁਦਰਤ ਦਾ ਸੁਮੇਲ ਹੋਣਾ ਚਾਹੀਦਾ ਹੈ।

**ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਅਤੇ ਹਰੀ ਕ੍ਰਾਂਤੀ** : ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਰੰਧਾਵਾ ਦਾ ਯੋਗਦਾਨ ਲਾਸਾਨੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਵਜੋਂ ਉਨ੍ਹਾਂ ਨੇ ਵਿਗਿਆਨਕ ਖੋਜਾਂ ਨੂੰ ਸਿੱਧਾ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਇਆ। ਉਨ੍ਹਾਂ ਨੇ ਨਾ ਸਿਰਫ਼ ਅਨਾਜ ਦੀ ਪੈਦਾਵਾਰ ਵਧਾਉਣ 'ਤੇ ਜ਼ੋਰ ਦਿੱਤਾ, ਸਗੋਂ ਪੇਂਡੂ ਸੱਭਿਆਚਾਰ ਅਤੇ ਕਲਾ ਨੂੰ ਸੰਭਾਲਣ ਲਈ ਯੂਨੀਵਰਸਿਟੀ ਵਿੱਚ ਇੱਕ ਅਜਾਇਬ ਘਰ ਵੀ ਬਣਾਇਆ।

**ਅਣਗੌਲ ਦੀ ਮਨੋਵਿਗਿਆਨ ਅਤੇ ਸਾਡੀ ਜ਼ਿੰਮੇਵਾਰੀ** : ਜਦੋਂ ਅਸੀਂ ਸ. ਮਹਿੰਦਰ ਸਿੰਘ ਰੰਧਾਵਾ ਦੀ ਪੂਰੀ ਜੀਵਨ-ਯਾਤਰਾ ਵੱਲ ਮੁੜ ਕੇ ਵੇਖਦੇ ਹਾਂ ਤਾਂ ਇੱਕ ਸਵਾਲ ਸਾਨੂੰ ਬਾਰ-ਬਾਰ ਘੇਰ ਲੈਂਦਾ ਹੈ ਇੰਨੀ ਵਿਸ਼ਾਲ ਹਸਤੀ ਸਾਡੀ ਸਮਾਜਿਕ ਯਾਦਦਾਸ਼ਤ ਤੋਂ ਕਿਵੇਂ ਗਾਇਬ ਹੋ ਗਈ ?

**ਅਣਗੌਲ ਦੇ ਕਾਰਨ** : **ਦਰਦ ਬਨਾਮ ਰਚਨਾ**: ਪੰਜਾਬੀ ਸਮਾਜ ਅਕਸਰ ਸ਼ਹੀਦਾਂ ਅਤੇ ਜੰਗੀ ਨਾਇਕਾਂ ਨੂੰ ਜ਼ਿਆਦਾ ਯਾਦ ਕਰਦਾ ਹੈ। ਰੰਧਾਵਾ ਦੀ ਕਹਾਣੀ ਬਣਾਉਣ ਦੀ ਕਹਾਣੀ ਸੀ, ਲੜਨ ਦੀ ਨਹੀਂ। ਸਾਡੇ ਸਾਹਿਤ ਅਤੇ ਫਿਲਮਾਂ ਨੇ ਅਜੇ ਉਸ ਪੱਧਰ 'ਤੇ ਪ੍ਰਸ਼ਾਸਕੀ ਨਾਇਕਾਂ ਨੂੰ ਸਥਾਨ ਨਹੀਂ ਦਿੱਤਾ।

**ਸਿਸਟਮ ਪ੍ਰਤੀ ਅਣਭਰੋਸਾ**: ਅਸੀਂ ਅਕਸਰ 'ਅਫ਼ਸਰਸ਼ਾਹੀ' ਨੂੰ ਨਕਾਰਾਤਮਕ ਨਜ਼ਰੀਏ ਨਾਲ ਵੇਖਦੇ ਹਾਂ। ਰੰਧਾਵਾ ਨੇ ਸਿਸਟਮ ਦੇ ਅੰਦਰ ਰਹਿ ਕੇ ਸਿਸਟਮ ਨੂੰ ਲੋਕ-ਪੱਖੀ ਬਣਾਇਆ ਪਰ ਅਸੀਂ ਉਨ੍ਹਾਂ ਨੂੰ ਇੱਕ ਸਰਕਾਰੀ ਪੁਰਜਾ ਮੰਨ ਕੇ ਭੁਲਾ ਦਿੱਤਾ। **ਬੌਧਿਕ ਆਲਸ**: ਕਿਸੇ ਵਿਅਕਤੀ ਦੀਆਂ ਲਿਖਤਾਂ ਅਤੇ ਕਲਾ-ਪ੍ਰੇਮ ਨੂੰ ਸਮਝਣ ਲਈ ਬੌਧਿਕ ਮਿਹਨਤ ਦੀ ਲੋੜ ਹੁੰਦੀ ਹੈ। ਅਸੀਂ ਸ਼ਾਇਦ ਸੌਖੇ ਨਾਅਰਿਆਂ ਪਿੱਛੇ ਭੱਜਣ ਵਾਲੇ ਬਣ ਗਏ ਹਾਂ। ਅਸੀਂ ਕੀ ਗੁਆ ਲਿਆ ? ਰੰਧਾਵਾ ਨੂੰ ਭੁਲਾ ਕੇ ਅਸੀਂ ਇੱਕ 'ਮਾਡਲ' ਗੁਆ ਲਿਆ। ਇੱਕ ਅਜਿਹਾ ਮਾਡਲ ਜੋ ਦਿਖਾਉਂਦਾ ਸੀ ਕਿ ਵਿਗਿਆਨ, ਕਲਾ, ਪ੍ਰਸ਼ਾਸਨ ਅਤੇ ਸੱਭਿਆਚਾਰ ਕਿਵੇਂ ਇਕੱਠੇ ਚੱਲ ਸਕਦੇ ਹਨ। ਅੱਜ ਜਦੋਂ ਸਾਡੇ ਪਿੰਡ ਉੱਜੜ ਰਹੇ ਹਨ ਖੇਤੀ ਸੰਕਟ ਵਿੱਚ ਹੈ ਅਤੇ ਸ਼ਹਿਰ ਕੰਕਰੀਟ ਦੇ ਜੰਗਲ ਬਣ ਰਹੇ ਹਨ ਤਾਂ ਸਾਨੂੰ ਰੰਧਾਵਾ ਦੀ ਸੋਚ ਦੀ ਸਭ ਤੋਂ ਵੱਧ ਲੋੜ ਹੈ। ਸ. ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਨਾ ਸਿਰਫ਼ ਇੱਕ ਰਸਮ ਨਹੀਂ ਸਗੋਂ ਆਪਣੇ ਭਵਿੱਖ ਨੂੰ ਸੰਵਾਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦੀ ਆਤਮਕਥਾ 'ਆਪ ਬੀਤੀ' ਅੱਜ ਦੇ ਹਰ ਪੰਜਾਬੀ ਨੌਜਵਾਨ ਨੂੰ ਪੜ੍ਹਨੀ ਚਾਹੀਦੀ ਹੈ ਤਾਂ ਜੋ ਉਹ ਸਮਝ ਸਕਣ ਕਿ ਪੰਜਾਬ ਨੂੰ ਮੁੜ ਕਿਵੇਂ ਖੜ੍ਹਾ ਕੀਤਾ ਗਿਆ ਸੀ। ਇਹ ਲੇਖ ਇੱਕ ਸੱਦਾ ਹੈ ਉਨ੍ਹਾਂ ਸਾਰੀਆਂ ਹਸਤੀਆਂ ਨੂੰ ਮੁੜ ਖੋਜਣ ਦਾ, ਜਿਨ੍ਹਾਂ ਨੇ ਚੁੱਪਚਾਪ ਸਾਡੇ ਜੀਵਨ ਨੂੰ ਸੁੰਦਰ ਬਣਾਇਆ। ਕੀ ਅਸੀਂ ਅਜੇ ਵੀ ਸਮਾਂ ਹੋਣ 'ਤੇ ਆਪਣੀਆਂ ਅੱਖੋਂ ਪ੍ਰੋਖੀਆਂ ਹੋਈਆਂ ਹਸਤੀਆਂ ਨੂੰ ਮੁੜ ਵੇਖਣ ਦੀ ਹਿੰਮਤ ਰੱਖਦੇ ਹਾਂ।

# ਮੇਅਰ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡੀ.ਸੀ. ਵੱਲੋਂ ਮੀਟਿੰਗ

ਚੰਡੀਗੜ੍ਹ, 28 ਜਨਵਰੀ, (ਚ.ਨ.ਸ.) : ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਸ੍ਰੀ ਨਿਸ਼ਾਂਤ ਕੁਮਾਰ ਯਾਦਵ ਨੇ ਅੱਜ ਨਗਰ ਨਿਗਮ ਚੰਡੀਗੜ੍ਹ ਦੇ ਸੀਨੀਅਰ ਅਧਿਕਾਰੀਆਂ ਨਾਲ 29.01.2026 ਨੂੰ ਹੋਣ ਵਾਲੀਆਂ ਮੇਅਰ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਕੀਤੀ। ਮੀਟਿੰਗ ਦਾ ਉਦੇਸ਼ ਚੋਣਾਂ ਤੋਂ ਪਹਿਲਾਂ ਸਾਰੇ ਜ਼ਰੂਰੀ ਪ੍ਰਬੰਧਾਂ ਦੀ ਸਿੱਧੀ ਸਮੀਖਿਆ ਕਰਨਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਸਾਰੀਆਂ ਤਿਆਰੀਆਂ ਸਮੇਂ ਸਿਰ ਪੂਰੀਆਂ ਹੋ ਜਾਣ। ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਨੇ ਮੇਅਰ ਚੋਣਾਂ ਦੇ ਸੁਚਾਰੂ ਅਤੇ ਵਿਵਸਥਾਪੂਰਨ ਸੰਚਾਲਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਕਾਨੂੰਨ ਵਿਵਸਥਾ, ਪੋਲਿੰਗ ਸਾਈਟ 'ਤੇ ਤਿਆਰੀਆਂ, ਅਧਿਕਾਰੀਆਂ ਦੀ ਤਾਇਨਾਤੀ, ਸੁਰੱਖਿਆ ਪ੍ਰਬੰਧ ਅਤੇ ਵੱਖ-ਵੱਖ ਵਿਭਾਗਾਂ ਵਿਚਕਾਰ ਤਾਲਮੇਲ ਵਰਗੇ ਮਹੱਤਵਪੂਰਨ ਪਹਿਲੂਆਂ ਦੀ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਹੁਣ ਤੱਕ ਕੀਤੇ ਗਏ ਕੰਮ ਦੀ ਸ਼ਲਾਘਾ ਕੀਤੀ ਅਤੇ ਅਧਿਕਾਰੀਆਂ ਨੂੰ ਇੱਕ ਦੂਜੇ ਨਾਲ ਤਾਲਮੇਲ ਵਿੱਚ ਕੰਮ ਕਰਦੇ ਰਹਿਣ ਦੀ ਅਪੀਲ ਕੀਤੀ। ਲੋਕਤੰਤਰੀ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ, ਡਿਪਟੀ ਕਮਿਸ਼ਨਰ ਨੇ ਨਿਰਦੇਸ਼ ਦਿੱਤੇ ਕਿ ਸਾਰੇ ਕਾਨੂੰਨੀ ਪ੍ਰਬੰਧਾਂ ਅਤੇ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਅਧਿਕਾਰੀਆਂ ਨੂੰ ਇਹ ਵੀ ਯਾਦ ਦਿਵਾਇਆ ਗਿਆ ਕਿ ਮੇਅਰ ਚੋਣਾਂ ਨੂੰ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣਾ ਪ੍ਰਸ਼ਾਸਨ ਦੀ ਮੁੱਖ ਜ਼ਿੰਮੇਵਾਰੀ ਹੈ।

ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਚੌਕਸ, ਸੰਵੇਦਨਸ਼ੀਲ ਅਤੇ ਤਿਆਰ ਰਹਿਣ ਦੀ ਅਪੀਲ ਕੀਤੀ। ਟੀਮ ਵਰਕ ਅਤੇ ਜਨਤਕ ਵਿਸ਼ਵਾਸ @ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਦੁਹਰਾਇਆ ਕਿ ਸਮੂਹਿਕ ਯਤਨਾਂ ਅਤੇ ਸਮੇਂ ਸਿਰ ਤਾਲਮੇਲ ਰਾਹੀਂ, ਚੋਣ ਪ੍ਰਕਿਰਿਆ ਸ਼ਾਂਤੀਪੂਰਵਕ ਅਤੇ ਬਿਨਾਂ ਕਿਸੇ ਅਸੁਵਿਧਾ ਦੇ ਸੰਚਾਲਿਤ ਕੀਤੀ ਜਾਵੇਗੀ।

## ਚੰਡੀਗੜ੍ਹ ਦੇ 30 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਚੰਡੀਗੜ੍ਹ,28 ਜਨਵਰੀ, (ਚ.ਨ.ਸ.) : ਅੱਜ, 28 ਜਨਵਰੀ, 2026 ਨੂੰ, ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ 30 ਸਕੂਲਾਂ (22 ਨਿੱਜੀ ਅਤੇ 8 ਸਰਕਾਰੀ) ਵਿੱਚ ਬੰਬ ਧਮਕੀਆਂ ਸੰਬੰਧੀ ਈਮੇਲ ਪ੍ਰਾਪਤ ਹੋਏ। ਸੂਚਨਾ ਮਿਲਣ 'ਤੇ, ਤੋੜ-ਫੋੜ ਵਿਰੋਧੀ ਟੀਮਾਂ, ਬੰਬ ਨਿਰੋਧਕ ਦਸਤੇ, ਸਥਾਨਕ ਪੁਲਿਸ, ਫਾਇਰ ਬ੍ਰਿਗੇਡ, ਐਂਬੂਲੈਂਸਾਂ ਅਤੇ ਪੀਸੀਆਰ ਟੀਮਾਂ ਨੂੰ ਤੁਰੰਤ ਸਬੰਧਤ ਸਕੂਲਾਂ ਵਿੱਚ ਭੇਜਿਆ ਗਿਆ। ਨਿਰਧਾਰਤ ਸੁਰੱਖਿਆ ਮਾਪਦੰਡਾਂ ਅਨੁਸਾਰ ਸਕੂਲ ਦੇ ਅਹਾਤੇ ਦੀ ਪੂਰੀ ਤਲਾਸ਼ੀ ਲਈ ਗਈ। ਪੂਰੀ ਜਾਂਚ ਤੋਂ ਬਾਅਦ, ਕੋਈ ਸ਼ੱਕੀ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ। ਸਾਵਧਾਨੀ ਦੇ ਉਪਾਅ ਵਜੋਂ, 29 ਜਨਵਰੀ, 2026 ਤੋਂ ਸਕੂਲਾਂ ਵਿੱਚ ਅਤੇ ਆਲੇ-ਦੁਆਲੇ ਪੁਲਿਸ ਫੋਰਸ ਦੀ ਨਿਯਮਤ ਤਾਇਨਾਤੀ ਯਕੀਨੀ ਬਣਾਈ ਜਾਵੇਗੀ, ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ ਅਤੇ ਵਿਦਿਅਕ ਸੰਸਥਾਵਾਂ ਦੇ ਸੁਚਾਰੂ ਅਤੇ ਸੁਰੱਖਿਅਤ ਕੰਮਕਾਜ ਨੂੰ ਯਕੀਨੀ ਬਣਾਇਆ ਜਾ ਸਕੇ। ਚੰਡੀਗੜ੍ਹ ਦੇ ਸੈਕਟਰ 17 ਪੁਲਿਸ ਸਟੇਸ਼ਨ ਵਿੱਚ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 113(3), 351(4), 62 ਅਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 666 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਜਾਰੀ ਹੈ।

---

ਵਸੂਲੀ ਅਧਿਕਾਰੀ ਦਾ ਦਫਤਰ-1/2

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ-(ਡੀਆਰਟੀ 1)**

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./78/2023 23.12.2025

ਸਟੇਟ ਬੈਂਕ ਆਫ ਇੰਡੀਆ
ਬਨਾਮ
ਸ੍ਰੀਮਤੀ ਤਜਿੰਦਰ ਕੌਰ

ਵੱਲ,
(ਸੀਡੀ-1) ਸ੍ਰੀਮਤੀ ਤਜਿੰਦਰ ਕੌਰ ਪਤਨੀ ਸ੍ਰੀ ਗੁਰਅਸ਼ੀਸ਼ ਵਾਸੀ ਗਲੀ ਨੰ. 2 ਆਖਰੀ ਚੌਕ ਬਾਬਾਦੀਪ ਸਿੰਘ ਨਗਰ, ਅਬੋਹਰ, ਫਾਜ਼ਿਲਕਾ ਫਾਜ਼ਿਲਕਾ, ਪੰਜਾਬ 152116

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1142/2021 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 02.03.2021 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.60% ਦੀ ਦਰ 'ਤੇ ਭਾਵੀ ਵਿਆਜ ਅੱਧਾ-ਸਲਾਨਾ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 34,54,733 (ਰੁਪਏ ਚੌਂਤੀ ਲੱਖ ਚੁਰੰਜਾ ਹਜ਼ਾਰ ਸੱਤ ਸੌ ਤੇਤੀ ਕੇਵਲ) ਦੀ ਰਕਮ ਅਤੇ ਰੁ. 37,005 (ਰੁਪਏ ਸੈਂਤੀ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 24.03.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸੰਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ : 23.12.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

---

ਵਸੂਲੀ ਅਧਿਕਾਰੀ ਦਾ ਦਫਤਰ-1/2

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ-(ਡੀਆਰਟੀ 3)**

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ -160017

ਮੰਗ ਸੂਚਨਾ
(ਪ੍ਰਕਾਸ਼ਨ ਰਾਹੀਂ)

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./904/2024 ਮਿਤੀ 01.07.2025

ਪੰਜਾਬ ਨੈਸ਼ਨਲ ਬੈਂਕ
ਬਨਾਮ
ਸ੍ਰੀ ਕੇਵਲ ਚੰਦ

ਵੱਲ,
(ਸੀਡੀ-1) ਸ੍ਰੀ ਕੇਵਲ ਚੰਦ ਪੁੱਤਰ ਸ੍ਰੀ ਤਾਰੂ ਰਾਮ, ਵਾਸੀ ਪਿੰਡ ਸੈਦੋ ਭੁਲਾਣਾ, ਭੁਲਾਣਾ, ਜ਼ਿਲ੍ਹਾ ਕਪੂਰਥਲਾ, ਪੰਜਾਬ-144620

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/538/2023 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 07.03.2023 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.00% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 30,83,455.45/- (ਰੁਪਏ ਤੀਹ ਲੱਖ ਤਰਾਸੀ ਹਜ਼ਾਰ ਚਾਰ ਸੌ ਪਚਵੰਜਾ ਅਤੇ ਪੰਤਾਲੀ ਪੈਸੇ ਕੇਵਲ) ਦੀ ਰਕਮ ਅਤੇ ਰੁ. 33,000 (ਰੁਪਏ ਤੇਤੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 03.02.2026 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸੰਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 01.07.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

---

ਵਸੂਲੀ ਅਧਿਕਾਰੀ ਦਾ ਦਫਤਰ-1/2

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ-(ਡੀਆਰਟੀ 1)**

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./346/2022 10.12.2025

ਸਟੇਟ ਬੈਂਕ ਆਫ ਇੰਡੀਆ
ਬਨਾਮ
ਸ੍ਰੀ ਲਹਮਬਰ ਸਿੰਘ

ਵੱਲ,
(ਸੀਡੀ-1) ਸ੍ਰੀ ਲਹਮਬਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 57, ਪਿੰਡ ਅਪਰਾ, ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ, ਪੰਜਾਬ 144416

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1275/2021 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 28.04.2021 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 12.60% ਦੀ ਦਰ 'ਤੇ ਭਾਵੀ ਵਿਆਜ ਅੱਧਾ-ਸਲਾਨਾ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 33,16,422 (ਰੁਪਏ ਤੇਤੀ ਲੱਖ ਸੋਲਾਂ ਹਜ਼ਾਰ ਚਾਰ ਸੌ ਬਾਈ ਕੇਵਲ) ਦੀ ਰਕਮ ਅਤੇ ਰੁ. 36,005 (ਰੁਪਏ ਛੱਤੀ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 20.05.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸੰਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 10.12.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

---

SMFG Grihashakti
Nayi Asha. Naya Vishwas.

**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
ਰਜਿ. ਦਫਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਉਂਟ ਪੂਨਾਮਾਲਾ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ. ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ ਆਰਬੀਆਈ ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ "ਐਸਐਮਐਚਐਫਸੀ" ਵਜੋਂ ਸੰਦਰਭਿਤ) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (ਨਾਮ ਨਿਮਨ ਦਰਸਾਏ) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇੱਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ ਆਮ ਕਰਕੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ "ਐਸਐਮਐਚਐਫਸੀ" ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1. | Lan :- 610239511606882<br>1. ਸਵਰਨਜੀਤ ਸਿੰਘ, ਪੁੱਤਰ ਕਸਮੀਰ ਸਿੰਘ<br>2. ਚਰਨਜੀਤ ਕੌਰ ਪਤਨੀ ਸਵਰਨਜੀਤ ਸਿੰਘ | ਜਾਇਦਾਦ ਭਾਵ ਮਕਾਨ ਪਿੰਡ ਢੈਂਥਲ (ਹਦਬਸਤ ਨੰਬਰ 78) ਤਹਿਸੀਲ ਸਮਾਣਾ ਜ਼ਿਲ੍ਹਾ ਵਿਖੇ ਸਥਿਤ, ਖੇਵਟ/ਖਤੌਨੀ ਨੰਬਰ 87/160 ਤੋਂ 164 ਤੱਕ, ਖਸਰਾ ਨੰਬਰ 46//2(4-10) 46//3(8-0), 46/4/6/680, 46/4/68, ਮਿਨ (4-0), 46//12((8-14), 46//13/1(3-4), 46//15(7-8) 120(1-0), 46//9(8-18) 46//6(7-8), 46//7(8-0), 46//8 ਮਿਨ, 46//8 ਮਿਨ, 46//8 ਮਿਨ (19-4) ਰਕਬਾ 81 ਕਨਾਲ 0 ਮਰਲੇ ਦਾ 7-3/5/1620 ਹਿੱਸਾ ਬਕਦਰ 0 ਕਨਾਲ 7-5/5 ਮਰਲੇ, ਹੱਦਬੰਦੀ :- ਪੂਰਬ:- ਗੁਰਪ੍ਰੀਤ ਸਿੰਘ ਦਾ ਮਕਾਨ ਸਾਈਡ 60", ਪੱਛਮ:- ਪਰਮਜੀਤ ਸਿੰਘ ਦਾ ਮਕਾਨ ਸਾਈਡ 60, ਉੱਤਰ:- ਰਸਤਾ ਸਾਈਡ 30', ਦੱਖਣ:- ਜਤਿੰਦਰ ਸਿੰਘ ਦਾ ਮਕਾਨ 30 | 16.10.2024<br>Rs. 19,97,806/-<br>(ਰੁਪਏ ਉਨੀ ਲੱਖ ਸਤਾਨਵੇਂ ਹਜ਼ਾਰ ਅੱਠ ਸੌ ਛੇ ਕੇਵਲ) 14.10.2024 ਦੇ ਅਨੁਸਾਰ | 27.01.2026 |
| 2. | Lan :- 615338011228656<br>1. ਹਨੀ ਗੱਖੜ, ਮਾਰਫਤ ਅਸ਼ੋਕ ਕੁਮਾਰ<br>2. ਕਾਂਤਾ ਰਾਣੀ ਪਤਨੀ ਅਸ਼ੋਕਾ ਕੁਮਾਰ | ਵਿਕਰੀ ਡੀਡ ਵਸੀਕਾ ਨੰ. 2022-23/116/1/3197 ਮਿਤੀ 15.11.2022 ਹਨੀ ਗੱਖੜ ਪੁੱਤਰ ਅਸ਼ੋਕ ਕੁਮਾਰ ਦੇ ਨਾਮ 'ਤੇ ਦਰਜ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸਦੀ ਮਾਪ 83 ਵਰਗ ਗਜ਼-747-0 ਕਨਾਲ 2.75 ਮਰਲੇ (ਸਾਢੇ 5 ਫੁੱਟ ਦੀ ਕਰਮ ਨਾਲ) 0 ਕਨਾਲ 3.32 ਮਰਲੇ (5 ਫੁੱਟ ਦੀ ਕਰਮ ਨਾਲ), ਖੇਵਟ ਨੰਬਰ 1530, 1531, 1531/2, 1532, 1534, 1535, 1537, ਖਤੌਨੀ ਨੰਬਰ 2088, 2089, 2089/2, 2090, 2092, 2093, 2095, ਮੁਸਲਿਮ ਨੰ. 67, ਕਿਲਾ ਨੰ. 13/2(2-0), 14/3(3-12), 15/2(2-15), 16(5-18), 17(7-12), 18/1(2-9), 24(2-13),25/1 (5-14), ਮੁਸਤਿਲ ਨੰ. 66, ਕਿਲਾ ਨੰ. 21/1 (0-11), ਮੁਸਤਿਲ ਨੰ-84, ਕਿਲਾ ਨੰ-66 ਮਿਨ (15-0), ਕੁੱਲ 48 ਕਨਾਲ 4 ਮਰਲੇ 0 ਕਨਾਲ 2.75 ਮਰਲੇ, ਜਮ੍ਹਾਂਬੰਦੀ ਸਾਲ 2018-19 ਲਈ, ਐਚ.ਬੀ. ਨੰ. 108, ਗੋਬਿੰਦ ਐਨਕਲੇਵ ਫਿਰੋਜ਼ਪੁਰ ਸ਼ਹਿਰ, ਨੇੜੇ ਤਿਲਪੁਰ, ਜ਼ਿਲ੍ਹਾ ਨਾਨਕਪੁਰ ਜ਼ਿਲ੍ਹਾ-ਫਿਰੋਜ਼ਪੁਰ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ :- ਪੂਰਬ: ਗਲੀ, ਪੱਛਮ: ਘਰ ਗਗਨ, ਉੱਤਰ: ਖਾਲੀ ਪਲਾਟ, ਗਲੀ। | 14.05.2025<br>Rs. 23,05,235.58/-<br>(ਰੁਪਏ ਤੇਈ ਲੱਖ ਪੰਜ ਹਜ਼ਾਰ ਦੋ ਸੌ ਪੈਂਤੀ ਅਤੇ ਅਠਵੰਜਾ ਕੇਵਲ) 10.05.2025 ਦੇ ਅਨੁਸਾਰ | 28.01.2026 |

ਸਹੀ/-
ਸਥਾਨ: ਪਟਿਆਲਾ/ਫਿਰੋਜ਼ਪੁਰ, ਪੰਜਾਬ
ਮਿਤੀ : 27.01.2026/28.01.2026
ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

---

ACRE MAKING ASSETS WORK

**ਐਸੇਟਸ ਕੇਅਰ ਐਂਡ ਰੀਕੰਸਟਰਕਸ਼ਨ ਐਂਟਰਪ੍ਰਾਈਜ਼ ਲਿਮਟਿਡ**

ਰਜਿਸਟਰਡ ਦਫ਼ਤਰ: 14ਵੀਂ ਮੰਜ਼ਿਲ, ਈਰੋਸ ਕਾਰਪੋਰੇਟ ਟਾਵਰ, ਨਹਿਰੂ ਪਲੇਸ, ਨਵੀਂ ਦਿੱਲੀ-110019।
ਟੈਲੀਫ਼ੋਨ ਨੰ.: +91 11-66115606, ਵੈੱਬਸਾਈਟ: www.acreindia.in, CIN ਨੰ.: U65993DL2002PLC115769

**ਕਬਜ਼ਾ ਸੂਚਨਾ**

ਜਦੋਂ ਕਿ, ਇੱਥੇ ਜ਼ਿਕਰ ਕੀਤੇ ਗਏ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਨੇ, ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਦੱਸੇ ਅਨੁਸਾਰ ਮੰਗ ਨੋਟਿਸ ਜਾਰੀ ਕੀਤਾ ਹੈ ਜਿਸ ਵਿੱਚ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਜ਼ਾਮਨਾਂ ਨੂੰ ਉਕਤ ਨੋਟਿਸ/ਾਂ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੇਠਾਂ ਦਿੱਤੇ ਗਏ ਮੰਗ ਨੋਟਿਸ(ਾਂ) ਵਿੱਚ ਦੱਸੀ ਗਈ ਰਕਮ ਨੂੰ ਮੰਗ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੋਰ ਵਿਆਜ ਅਤੇ ਹੋਰ ਖਰਚਿਆਂ ਸਮੇਤ ਵਾਪਸ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਬਾਅਦ, ਇੱਥੇ ਜ਼ਿਕਰ ਕੀਤੇ ਗਏ ਅਸਾਈਨਰ ਨੇ ਵਿੱਤੀ ਸੰਪਤੀਆਂ ਨੂੰ ASSETS CARE & RECONSTRUCTION ENTERPRISE LTD. ਨੂੰ ਸੌਂਪ ਦਿੱਤਾ ਹੈ। ਉਹ ਵੀ ਇਸਦੇ ਆਪਣੇ/ਇੱਥੇ ਜ਼ਿਕਰ ਕੀਤੇ ਗਏ ਟਰੱਸਟ ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਵਿੱਚ ਕੰਮ ਕਰਦੇ ਹੋਏ (ਇਸ ਤੋਂ ਬਾਅਦ "ACRE" ਵਜੋਂ ਜਾਣਿਆ ਜਾਂਦਾ ਹੈ)। SARFAESI ਐਕਟ, 2002 ਦੀ ਧਾਰਾ 5 ਦੇ ਤਹਿਤ, ਅਸਾਈਨਮੈਂਟ ਸਮਝੌਤਿਆਂ ਦੇ ਅਨੁਸਾਰ, ACRE ਨੇ ਅਸਾਈਨਰ ਦੀ ਭੂਮਿਕਾ ਨਿਭਾਈ ਹੈ ਅਤੇ ਕਰਜ਼ਦਾਰ ਦੁਆਰਾ ਪ੍ਰਾਪਤ ਕੀਤੀ ਗਈ ਵਿੱਤੀ ਸਹਾਇਤਾ ਦੇ ਸੰਬੰਧ ਵਿੱਚ ਵਿੱਤੀ ਸੰਪਤੀਆਂ ਦੇ ਸੰਬੰਧ ਵਿੱਚ ਅਸਾਈਨਰ ਦੇ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤ, ਅੰਡਰਲਾਈਂਗ ਸੁਰੱਖਿਆ ਹਿੱਤਾਂ, ਗਾਰੰਟੀਆਂ, ਵਚਨਬੱਧਤਾਵਾਂ ACRE ਵਿੱਚ ਨਿਹਿਤ ਹਨ ਅਤੇ ACRE ਨੇ ਸੁਰੱਖਿਅਤ ਕਰਜ਼ਦਾਤਾ ਵਜੋਂ ਆਪਣੇ ਸਾਰੇ ਅਧਿਕਾਰਾਂ ਦੀ ਵਰਤੋਂ ਕੀਤੀ।

ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰ(ਾਂ)/ਗਿਰਵੀਕਾਰ/ਜ਼ਾਮਨ(ਾਂ)ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ACRE ਦੇ ਅਧਿਕਾਰਤ ਅਧਿਕਾਰੀ ਵਜੋਂ, ਨਿਮਨ ਹਸਤਾਖਰੀ ਨੇ SARFAESI ਐਕਟ, 2002 ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਹਰੇਕ ਜਾਇਦਾਦ ਦੇ ਵਿਰੁੱਧ ਦੱਸੀ ਗਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ, ਹੇਠਾਂ ਦੱਸੀ ਗਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

| ਲ. ਨੰ. | ਅਸਾਈਨਕਰਤਾ ਦਾ ਨਾਮ / ਕਰਜ਼ ਖਾਤਾ ਨੰਬਰ | ਟਰੱਸਟ ਦਾ ਨਾਮ | ਕਰਜ਼ਦਾਰ ਦਾ ਨਾਮ ਅਤੇ ਸਹਿ-ਕਰਜ਼ਦਾਰ (ਾਂ) ਦੇ ਨਾਮ | ਮੰਗ ਸੂਚਨਾ ਦੀ ਰਕਮ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ / ਕਬਜ਼ੇ ਦੀ ਕਿਸਮ |
|---|---|---|---|---|---|---|
| 1. | ਆਈਡੀਐਫਸੀ ਫਸਟ ਬੈਂਕ ਲਿਮ. / 7884851 | ਏਕੜ-158-ਟਰੱਸਟ | ਹਰੀ ਸਿੰਘ, ਦਿਯਾ ਵਨੀਤੀ ਦੇਵੀ, ਸੁਸ਼ੀਲ ਚੌਹਾਨ | ਰੁ. 19,04,923.96/- (ਰੁਪਏ ਉਨੀਂ ਲੱਖ ਚਾਰ ਹਜ਼ਾਰ ਨੌਂ ਸੌ ਤੇਈ ਅਤੇ ਛਿਆਨਵੇਂ ਪੈਸੇ ਕੇਵਲ) | 25.10.2025 | 24-01-2026 / ਸੰਕੇਤਕ |
| | ਅਚੱਲ ਸੰਪੱਤੀ ਦੇ ਵੇਰਵੇ : ਮਥਰਾ ਕਲੋਨੀ, ਪਟਿਆਲਾ, ਪੰਜਾਬ-147001 ਵਿਖੇ ਸਥਿਤ ਖੇਵਟ ਖਤੌਨੀ ਨੰਬਰ 3911/928 ਖਸਰਾ ਨੰ. 1329 ਮਿਨ (0-4) ਵਿਚੋਂ 196 ਵਰਗ ਗਜ (4 ਬਿਸਵੇ) ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ, ਹੱਦਬੰਦੀ ਨਿਮਨ ਅਨੁਸਾਰ : ਪੂਰਬ : ਨੰਦ ਲਾਲ ਦਾ ਮਕਾਨ, ਲੰਬਾਈ 58'-8", ਪੱਛਮ : ਮਾਲਕ ਦੀ ਜ਼ਮੀਨ, ਲੰਬਾਈ 58'-8", ਉਤਰ : ਸੜਕ ਲੰਬਾਈ 30', ਦੱਖਣ : ਹਰੀ ਰਾਮ ਦਾ ਮਕਾਨ ਲੰਬਾਈ 30' | | | | | |
| 2. | ਆਈਡੀਐਫਸੀ ਫਸਟ ਬੈਂਕ ਲਿਮ. / 37854492 | ਏਕੜ-158-ਟਰੱਸਟ | ਵੈੱਗ ਮਾਰਟ, ਗੁਰਵਿੰਦਰ ਕੌਰ, ਸੰਜੀਵ ਕਟੋਚ | ਰੁ. 13,67,229.16/- (ਰੁਪਏ ਤੇਰਾਂ ਲੱਖ ਸਤਾਹਠ ਹਜ਼ਾਰ ਦੋ ਸੌ ਉਣੱਤੀ ਅਤੇ ਸੋਲਾਂ ਪੈਸੇ ਕੇਵਲ) | 25-10-2025 | 23-01-2026 / ਸੰਕੇਤਕ |
| | ਅਚੱਲ ਸੰਪੱਤੀ ਦੇ ਵੇਰਵੇ : ਖਸਰਾ ਨੰ. 14//4, ਵਾਕਿਆ ਪਿੰਡ ਪ੍ਰਤਾਪ ਸਿੰਘ ਵਾਲਾ ਹੱਦਬਸਤ ਨੰ. 151, ਆਬਾਦੀ ਬਸੰਤ ਨਗਰ, ਗਲੀ ਨੰ. 2, ਬਸੰਤ ਵਿਹਾਰ, ਨੇੜੇ ਸ਼ਿਵਮ ਸਕੂਲ, ਹੰਬੜਾਂ ਰੋਡ, ਲੁਧਿਆਣਾ, ਪੰਜਾਬ-141001 ਵਿਚ ਸ਼ਾਮਲ 380 ਵਰਗ ਗਜ਼ ਮਾਪ ਵਾਲੇ ਪਲਾਟ ਨੰ. 9-10-11 ਦੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ, ਹੱਦਬੰਦੀ ਨਿਮਨ ਅਨੁਸਾਰ : ਪੂਰਬ : ਸੜਕ (60' 6"), ਪੱਛਮ : ਗੁਆਂਢੀ (60' 6"), ਉੱਤਰ : ਪਲਾਟ ਨੰ. 7-8, (56' 6"), ਦੱਖਣ : ਗੁਆਂਢੀ (56' 6") | | | | | |
| 3. | ਐਚਡੀਬੀ ਫਾਇਨਾਂਸ਼ਲ ਸਰਵਿਸ ਲਿਮ. / 2587791 | ਏਕੜ-173-ਟਰੱਸਟ | ਮੈਸ. ਜ਼ੁਬੇਰੀ ਫਰਨੀਚਰ ਹਾਊਸ, ਮੁਹੰਮਦ ਸ਼ਬੀਰ, ਖਤੀਜਾ | ਰੁ. 18,14,399.68/- (ਰੁਪਏ ਅਠਾਰਾਂ ਲੱਖ ਚੌਦਾਂ ਹਜ਼ਾਰ ਤਿੰਨ ਸੌ ਨੜਿਨਵੇਂ ਅਤੇ ਅਠਾਹਠ ਪੈਸੇ ਕੇਵਲ) | 15.09.2025 | 23-01-2026 / ਸੰਕੇਤਕ |
| | ਅਚੱਲ ਸੰਪੱਤੀ ਦੇ ਵੇਰਵੇ : ਤਬਾਦਲਾ ਡੀਡ ਵਸੀਕਾ ਨੰਬਰ 1286 ਮਿਤੀ 28.07.2016 ਦੇ ਅਨੁਸਾਰ ਮੁਹੱਲਾ ਮਕਬਰਿਆਂ ਵਾਲਾ, ਮਲੇਰਕੋਟਲਾ ਵਿਖੇ ਸਥਿਤ ਸੰਪੱਤੀ ਨੰਬਰ ਬੀ-15/113 ਦੇ 111-5/9 ਵਰਗ ਗਜ਼ ਮਾਪ ਵਾਲੇ ਇੱਕ ਮਕਾਨ ਵਜੋਂ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। | | | | | |

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਿਰਵੀਕਾਰਾਂ/ਜ਼ਾਮਨਾਂ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਜੋ ਕਿ ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਹੈ। ਖਾਸ ਕਰਕੇ ਕਰਜ਼ਦਾਰ(ਾਂ) ਅਤੇ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਦੱਸੀ ਗਈ ਰਕਮ ਅਤੇ ਉਸ 'ਤੇ ਵਿਆਜ ਲਈ ASSETS CARE & RECONSTRUCTION ENTERPRISE LTD. ਦੇ ਚਾਰਜ ਦੇ ਅਧੀਨ ਹੋਵੇਗਾ।

ਮਿਤੀ: 29.01.2026
ਸਥਾਨ: ਪਟਿਆਲਾ / ਲੁਧਿਆਣਾ / ਮਲੇਰਕੋਟਲਾ (ਪੰਜਾਬ)

ਸਹੀ/- ਅਧਿਕਾਰਤ ਅਧਿਕਾਰੀ,
ਅਸੈੱਟਸ ਕੇਅਰ ਐਂਡ ਰੀਕੰਸਟਰਕਸ਼ਨ ਐਂਟਰਪ੍ਰਾਈਜ਼ ਲਿਮਟਿਡ

---

**ਬੈਂਕ ਆਫ ਬੜੌਦਾ**
**Bank of Baroda**

ਆਰਓ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
Contact No. 0161-5127233, Email ID: sarlud@bankofbaroda.bank.in

**ਈ-ਨਿਲਾਮੀ ਵਿਕਰੀ ਸੂਚਨਾ**

**"ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ] ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਧੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ"** ਅਤੇ **"ਜੋ ਵੀ ਉਥੇ ਹੈ"** ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

| ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ | ਈ-ਨਿਲਾਮੀ ਦੇ ਸ਼ੁਰੂ ਹੋਣ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਦੇ ਭੁਗਤਾਨ ਦੀ ਵਿਧੀ |
|---|---|---|
| 15.02.2026 ਨੂੰ ਸ਼ਾਮ 05.00 ਵਜੇ ਤੱਕ | 16.02.2026 ਨੂੰ ਬਾ.ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ | ਆਰਟੀਜੀਐਸ/ਐਨਈਐਫਟੀ |

| ਲ. ਨੰ. | ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ | ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ | ਕੁੱਲ ਬਕਾਏ, ਵਿਆਜ ਅਤੇ ਹੋਰ ਫੀਸਾਂ ਤੋਂ ਬਿਨਾਂ / ਸਰਫਾਇਸੀ ਦੇ ਅਧੀਨ ਕਬਜ਼ੇ ਦੀ ਸਥਿਤੀ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ |
|---|---|---|---|---|---|---|
| 01. | ਆਰਓ - ਐਸਏਆਰਬੀ, ਲੁਧਿਆਣਾ<br>ਮੈਸ. ਲਾਰਡ ਕ੍ਰਿਸ਼ਨ ਹੌਜ਼ਰੀ, ਪ੍ਰੋਪ. ਸ੍ਰੀਮਤੀ ਸਾਕਸ਼ੀ, ਪਤਾ : (ੳ) ਗਲੀ ਨੰ. 2, ਅਟਲ ਨਗਰ, ਲੁਧਿਆਣਾ 141007, (ਅ) ਮਕਾਨ ਨੰ. 2449, ਗਲੀ ਨੰ. 4, ਬਸਤੀ ਮਨੀ ਸਿੰਘ, ਲੁਧਿਆਣਾ 141001, 2. ਸ੍ਰੀਮਤੀ ਸਾਕਸ਼ੀ ਸੁਪਤਨੀ ਸੰਜੀਵ ਕੁਮਾਰ, ਵਾਸੀ ਮਕਾਨ ਨੰ. 2449, ਗਲੀ ਨੰ. 4, ਬਸਤੀ ਮਨੀ ਸਿੰਘ, ਲੁਧਿਆਣਾ 141001, ਜ਼ਾਮਨ : ਸ੍ਰੀ ਸੰਜੀਵ ਕੁਮਾਰ ਸਪੁੱਤਰ ਮੁਨਸ਼ੀ ਰਾਮ, ਮਕਾਨ ਨੰ. 2449, ਗਲੀ ਨੰ. 4, ਬਸਤੀ ਮਨੀ ਸਿੰਘ, ਲੁਧਿਆਣਾ 141001 | ਵਿਕਰੀ ਡੀਡ ਵਸੀਕਾ ਨੰ. 25.04.2008 ਦੇ ਅਨੁਸਾਰ ਸ੍ਰੀ ਸੰਜੀਵ ਕੁਮਾਰ ਸਪੁੱਤਰ ਮੁਨਸ਼ੀ ਰਾਮ ਦੇ ਨਾਮ 'ਤੇ ਗੋਲਡਨ ਐਵੇਨਿਊ, ਜਗੀਰਪੁਰ ਰੋਡ, ਰਾਹੋਂ ਰੋਡ, ਵਾਕਿਆ ਗਹਿਲੇਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਸਾਲ 2023-24 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 322, 323, 324, 325, 326, 327, 331, 332, 333, 334, 335, 336, 519/348, 520/348, 520/348/1, 522/348, 1013/619, 349, 1014/619/339, ਖਾਤਾ ਨੰਬਰ 708/808, 745/855 ਵਿਖੇ ਸਥਿਤ ਪਲਾਟ ਅਤੇ ਇਮਾਰਤ ਅਤੇ ਜ਼ਮੀਨ ਦੀ ਨਿਆਂਸੰਗਤ ਗਿਰਵੀ। | Rs. 1,25,22,614.29 / ਸੰਕੇਤਕ | Rs. 1,31,00,000/- / Rs. 13,10,000/- / Rs. 50,000/- | 09-02-2026 ਕੇਵਲ ਅਗਾਊਂ ਪ੍ਰਵਾਨਗੀ 'ਤੇ। | ਸ੍ਰੀ ਅਜੇ ਵੀ ਨੰਦੂਰਕਰ 91155 - 21745 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://www.bankofbaroda.in/e-auction.htm** ਅਤੇ **https://baanknet.com** ਵਿਚ ਵਿਵਸਥਿਤ ਦਾ ਲਿੰਕ ਦਾ ਹਵਾਲਾ ਲਓ। ਇੱਛੁਕ ਬੋਲੀਕਾਰ ਉਕਤ ਵਿਵਸਥਿਤ ਸੰਪਰਕ ਨੰਬਰਾਂ ਦੇ ਅਨੁਸਾਰ ਸ਼ਾਖਾ ਪ੍ਰਬੰਧਕ ਜਾਂ ਅਧਿਕਾਰਤ ਅਧਿਕਾਰੀ ਨਾਲ ਵੀ ਸੰਪਰਕ ਕਰ ਸਕਦੇ ਹਨ। **ਹੋਰ ਨਿਯਮ ਅਤੇ ਸ਼ਰਤਾਂ: ੳ.** ਸੰਪੱਤੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਬੋਲੀਕਾਰ ਆਪਣੇ ਖੁਦ ਦੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਸੰਕੇਤਕ ਕਬਜ਼ੇ ਵਿੱਚ ਜਾਇਦਾਦ ਖਰੀਦ ਰਿਹਾ ਹੈ। **ਅ.** ਬੈਂਕ ਸੰਪਤੀ ਦਾ ਕਬਜ਼ਾ ਕੇਵਲ ਸੰਕੇਤਕ ਰੂਪ ਵਿੱਚ ਸੌਂਪੇਗਾ ਅਤੇ ਸਫਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਭੌਤਿਕ ਕਬਜ਼ੇ ਦਾ ਦਾਅਵਾ ਨਹੀਂ ਕਰੇਗਾ। **ੲ.** ਭੌਤਿਕ ਕਬਜ਼ੇ ਨੂੰ ਸੌਂਪਣ ਲਈ ਬੈਂਕ ਜ਼ਿੰਮੇਵਾਰ ਜਾਂ ਡਿਊਟੀ ਲਈ ਪਾਬੰਦ ਨਹੀਂ ਹੋਵੇਗਾ। **ਸ.** ਸਫਲ ਨਿਲਾਮੀ ਖਰੀਦਦਾਰ ਪੈਸੇ ਦੀ ਵਾਪਸੀ ਦੇ ਕਿਸੇ ਵੀ ਮਾਮਲੇ ਵਿੱਚ, ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। **ਹ.** ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਘੋਸ਼ਣਾ-ਪੱਤਰ-ਸਹਿ-ਹਲਫਨਾਮਾ ਜਮ੍ਹਾਂ ਕਰਾਉਣੀ ਹੋਵੇਗੀ। **ਕ.** ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਘੋਸ਼ਣਾ-ਪੱਤਰ-ਸਹਿ-ਹਲਫਨਾਮਾ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਬੋਲੀ ਦੀ ਬੋਲੀ ਵਾਧਾ ਰਕਮ ਜ਼ਬਤ ਕਰ ਲਈ ਜਾਵੇਗੀ।

ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਇਥੇ ਸਕੈਨ ਕਰੋ

**ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ**

ਮਿਤੀ :28.01.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ (ਬੈਂਕ ਆਫ ਬੜੌਦਾ)

# ਮੁੱਖ ਮੰਤਰੀ ਸਿਹਤ ਯੋਜਨਾ ਦਾ ਮਿਲੇਗਾ ਹਰ ਪਰਿਵਾਰ ਨੂੰ ਫਾਇਦਾ: ਚੇਅਰਮੈਨ ਸ਼ਰਮਾ



ਫਤਹਿਗੜ੍ਹ ਚੂੜੀਆਂ, 28 ਜਨਵਰੀ (ਰਾਜਨ ਸ਼ਰਮਾ): ਸੂਬੇ ਅੰਦਰਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਸਮੂਹ ਲੋਕਾਂ ਨੂੰ ਵਧੀਆ ਤੇ ਮਿਆਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਉਪਰਾਲੇ ਕਰ ਰਹੀ ਹੈ।ਮੁਫ਼ਤ ਬਿਜਲੀ, ਸਿੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਵੱਡੇ ਉਪਰਾਲੇ ਤੋਂ ਇਲਾਵਾ ਹੁਣ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਇਸ ਦੀਆਂ ਪ੍ਰਤੱਖ ਉਦਾਹਰਨਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਇੰਚਾਰਜ ਤੇ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ।ਰਾਜੀਵ ਸ਼ਰਮਾ ਨੇ ਕਿਹਾ ਕਿ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪੰਜਾਬ ਦੇ ਲੋਕਾਂ ਲਈ ਕੀਤਾ ਗਿਆ ਇੱਕ ਸ਼ਲਾਘਾਯੋਗ ਉਪਰਾਲਾ ਹੈ।ਜਿਸਦਾ ਫਾਇਦਾ ਪੰਜਾਬ ਦੇ ਹਰ ਵਿਅਕਤੀ ਤੇ ਪਰਿਵਾਰ ਨੂੰ ਮਿਲੇਗਾ ਤੇ ਕਈ ਗਰੀਬ ਪਰਿਵਾਰ ਦੇ ਲੋਕ ਪੈਸਿਆਂ ਦੀ ਕਮੀ ਕਾਰਨ ਇਲਾਜ ਤੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਕਿਹਾ ਕਿ ਹੁਣ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਕੋਈ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਕਰਵਾ ਸਕੇਗਾ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਇਲਾਜ ਨੂੰ ਉਨ੍ਹਾਂ ਦੇ ਸ਼ਹਿਰ ਅੰਦਰ ਹੀ ਸੁਖਾਲਾ ਬਣਾਉਣ ਲਈ ਸੂਬੇ ਅੰਦਰ 900 ਤੋਂ ਵੱਧ ਹਸਪਤਾਲਾਂ ਨੂੰ ਨਕਦੀ ਰਹਿਤ ਇਲਾਜ ਲਈ ਸੂਚੀਬੱਧ ਕੀਤਾ ਗਿਆ ਹੈ। ਉਨ੍ਹਾਂ ਪੰਜਾਬ ਸਰਕਾਰ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ ਤੇ ਲੋਕਾਂ ਨੂੰ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ।

# ਦੋਆਬਾ ਕਿਸਾਨ ਕਮੇਟੀ ਨਾਲ ਜੁੜੇ ਕਿਸਾਨਾਂ ਨੇ ਟਰੈਕਟਰ ਪਰੇਡ ਕੱਢ ਕੇ ਕੀਤੀ ਕਿਸਾਨੀ ਮੰਗਾਂ ਦੇ ਹੱਕ 'ਚ ਆਵਾਜ਼ ਬੁਲੰਦ



ਟਾਂਡਾ ਉੜਮੁੜ, 28 ਜਨਵਰੀ (ਅਰਜੁਨ ਜੈਨ): ਦੋਆਬਾ ਕਿਸਾਨ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਤੇ ਮੈਂਬਰ ਐਸ.ਕੇ.ਐਮ. ਭਾਰਤ ਤੇ ਸੂਬਾ ਜਨਰਲ ਸਕੱਤਰ ਪ੍ਰਿਥਪਾਲ ਸਿੰਘ ਗੁਰਾਇਆ ਦੀ ਅਗਵਾਈ ਹੇਠ ਅੱਜ ਉੜਮੁੜ ਟਾਂਡਾ ਵਿਖੇ ਗਣਤੰਤਰ ਦਿਵਸ ਮੌਕੇ ਟਰੈਕਟਰ ਮਾਰਚ ਕੱਢਿਆ ਗਿਆ। ਇਸ ਦੌਰਾਨ ਕਿਸਾਨਾਂ ਨੇ ਕਿਸਾਨੀ ਮੰਗਾਂ ਦੇ ਵਿੱਚ ਆਵਾਜ਼ ਬੁਲੰਦ ਕਰਦੇ ਹੋਏ ਕਿਸਾਨ ਵਿਰੋਧੀ ਨੀਤੀਆਂ ਦੇ ਖ਼ਿਲਾਫ ਰੋਸ ਜਤਾਇਆ। ਇਸ ਟਰੈਕਟਰ ਮਾਰਚ ਵਿੱਚ ਸੈਂਕੜਿਆਂ ਦੀ ਤਦਾਦ ਵਿੱਚ ਕਿਸਾਨ ਆਪੋ-ਆਪਣੇ ਟਰੈਕਟਰ ਲੈ ਕੇ ਸ਼ਾਮਲ ਹੋਏ। ਇਲਾਕੇ ਵਿੱਚ ਫੇਰੀ ਲਗਾਈ ਗਈ। ਇਸ ਦੌਰਾਨ ਸੂਬਾ ਪ੍ਰਧਾਨ ਚੌਹਾਨ ਨੇ ਆਖਿਆ ਕਿ ਇਸ ਪਰੇਡ ਦੌਰਾਨ ਸੀਡ ਬਿੱਲ 2025, ਬਿਜਲੀ ਬਿੱਲ 2025, ਐਮਐਸ.ਪੀ. ਦਾ ਗਰੰਟੀ ਕਾਨੂੰਨ, ਲੇਬਰ ਬਿੱਲ ਕਾਨੂੰਨ, ਕਰਜ਼ਾ ਮੁਕਤੀ ਤੇ ਮਨਰੇਗਾ ਸਕੀਮ ਨੂੰ ਖ਼ਤਮ ਕਰਨਾ ਤੇ ਹੋਰ ਮੰਗਾਂ ਨੂੰ ਲੈ ਕੇ ਆਪਣੀ ਆਵਾਜ਼ ਚੁੱਕੀ ਹੈ। ਉਨ੍ਹਾਂ ਆਖਿਆ ਕਿ ਜਥੇਬੰਦੀ ਵੱਲੋਂ ਕਿਸਾਨਾਂ ਦੀਆਂ ਮੰਗਾਂ ਦੀ ਲਗਾਤਾਰ ਪੈਰਵਾਈ ਕਰਦੇ ਹੋਏ ਸਰਕਾਰਾਂ ਦੀਆਂ ਗਲਤ ਨੀਤੀਆਂ ਦੇ ਖਿਲਾਫ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਬਲਬੀਰ ਸਿੰਘ ਸੋਹੀਆ, ਹਰਦੀਪ ਸਿੰਘ ਖੁੱਡਾ, ਅੰਮ੍ਰਿਤਪਾਲ ਬੱਸੀ ਜਲਾਲ, ਬੱਬੂ ਲਿੱਤਰ, ਸਿਟੀ ਪ੍ਰਧਾਨ ਟਾਂਡਾ ਰਾਜ ਸਿੰਘ ਵਿਰਕ ਟਾਂਡਾ, ਚਰਨਜੀਤ ਸਿੰਘ ਸੰਧੂ, ਰਾਜਪਾਲ ਸਿੰਘ ਕਾਲਾ ਬੱਕਰਾ, ਅਮਰਜੀਤ ਸਿੰਘ ਕਲੋਏ, ਗੁਰਬਖ਼ਸ਼ ਸਿੰਘ ਦਬੁਰਜੀ, ਅੰਮ੍ਰਿਤਪਾਲ ਸਹਿਬਾਜ਼ਪੁਰ, ਪ੍ਰਗਟ ਸਿੰਘ ਬਾਬੂ ਮੂਨਕ, ਮਿੰਟੂ ਮੂਨਕਾ, ਨਿਰੰਜਨ ਸਿੰਘ ਕਮਾਲਪੁਰ, ਪ੍ਰਦੀਪ ਸਿੰਘ ਬੁੱਢੀ ਪਿੰਡ, ਜਗਤਾਰ ਸਿੰਘ ਢਡਿਆਲਾ, ਦਵਿੰਦਰ ਸਿੰਘ ਮਸੀਤੀ, ਕੁਲਵਿੰਦਰ ਸਿੰਘ ਕੰਧਾਲੀ, ਕੁਲਵੰਤ ਸਿੰਘ ਪਡੋਰੀ, ਅਪਿੰਦਰਪਾਲ ਸਿੰਘ ਗਹੋਤ, ਚਰਨਜੀਤ ਸਿੰਘ ਝਾਵਾਂ, ਦਲਜੀਤ ਸਿੰਘ ਚੁਨੌਤਾ, ਸੁਖਜਿੰਦਰ ਸਿੰਘ ਖੱਖ, ਕੁਲਵੀਰ ਸਿੰਘ ਖੱਖ, ਚੰਦਨ ਸਿੰਘ ਸੈਣੀ, ਜਗਤਾਰ ਸਿੰਘ ਜੌਹਲ, ਗੁਰਦੀਪ ਸਿੰਘ ਨੰਗਲ ਜਮਾਲ, ਗੋਲਡੀ ਕਾਲਕੱਟ, ਚਰਨਜੀਤ ਬਾਜਵਾ, ਮੰਤਰੀ ਜਾਜਾ, ਬਲਬੀਰ ਪਲਾ ਚੱਕ, ਮਲਕੀਤ ਕੁਰਾਲਾ ਮੌਜੂਦ ਸਨ।

# ਸਾਬਕਾ ਮੰਤਰੀ ਤੇ ਕਾਂਗਰਸੀ ਆਗੂ ਸੁੰਦਰ ਸ਼ਾਮ ਅਰੋੜਾ ਦੇ ਘਰ ਈਡੀ ਤੇ ਇਨਕਮ ਟੈਕਸ ਦੀ ਸਾਂਝੀ ਰੇਡ



ਹੁਸ਼ਿਆਰਪੁਰ, 28 ਜਨਵਰੀ (ਦੀਪਕ ਅਗਨੀਹੋਤਰੀ): ਅੱਜ ਹੁਸ਼ਿਆਰਪੁਰ ਸ਼ਹਿਰ ਵਿੱਚ ਉਸ ਸਮੇਂ ਹਲਚਲ ਮਚ ਗਈ ਜਦੋਂ ਸਵੇਰੇ ਨੌਂ ਵਜੇ ਈਡੀ ਤੇ ਇਨਕਮ ਟੈਕਸ ਦੀਆਂ ਸਾਂਝੀਆਂ ਟੀਮਾਂ ਨੇ ਕਾਂਗਰਸੀ ਨੇਤਾ ਤੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਦੇ ਘਰ ਛਾਪੇਮਾਰੀ ਕਰਕੇ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ।ਦੇਰ ਸ਼ਾਮ ਚਾਰ ਵਜੇ ਤੱਕ ਦੋਹਾਂ ਵਿਭਾਗਾਂ ਦੀਆਂ ਟੀਮਾਂ ਵੱਲੋਂ ਸਾਬਕਾ ਮੰਤਰੀ ਦੀ ਕੋਠੀ ਦੀ ਤਲਾਸ਼ੀ ਲਈ ਜਾ ਰਹੀ ਸੀ।ਮੀਡੀਆ ਤੇ ਕਾਂਗਰਸੀ ਸਮਰਥਕਾਂ ਦਾ ਜਮਾਵੜਾ ਸਾਬਕਾ ਮੰਤਰੀ ਦੀ ਕੋਠੀ ਦੇ ਬਾਹਰ ਇੱਕਠਾ ਹੋ ਗਿਆ ਪ੍ਰੰਤੂ ਨਾ ਤਾਂ ਕਿਸੇ ਨੂੰ ਅੰਦਰ ਜਾਣ ਦਿੱਤਾ ਗਿਆ ਤੇ ਨਾ ਹੀ ਬਾਹਰ ਆਉਣ ਦਿੱਤਾ ਗਿਆ।ਖ਼ਬਰ ਲਿਖੇ ਜਾਣ ਤੱਕ ਤਲਾਸ਼ੀ ਮੁਹਿੰਮ ਜਾਰੀ ਸੀ।ਮੌਕੇ 'ਤੇ ਇੱਕਤਰ ਜਾਣਕਾਰੀ ਅਨੁਸਾਰ ਅੱਜ ਸਵੇਰੇ ਨੌਂ ਵਜੇ ਦੇ ਕਰੀਬ ਈਡੀ ਤੇ ਇਨਕਮ ਟੈਕਸ ਦੀਆਂ ਟੀਮਾਂ ਸਾਬਕਾ ਮੰਤਰੀ ਦੇ ਘਰ ਅੰਦਰ ਆ ਗਈਆਂ ਤੇ ਉਨ੍ਹਾਂ ਦੀ ਬਜਵਾੜਾ ਰੋਡ 'ਤੇ ਕੋਠੀ ਅੰਦਰ ਦਾਖ਼ਲ ਹੋ ਗਈਆਂ।ਉਨ੍ਹਾਂ ਕੋਠੀ ਦਾ ਮੁੱਖ਼ ਦਰਵਾਜ਼ਾ ਬੰਦ ਕਰ ਲਿਆ ਤੇ ਨਾ ਤਾਂ ਕਿਸੇ ਨੂੰ ਅੰਦਰ ਜਾਣ ਦਿੱਤਾ ਗਿਆ ਤੇ ਨਾ ਹੀ ਬਾਹਰ ਆਉਣ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਅਕਤੂਬਰ 2022 ਵਿੱਚ ਨੂੰ ਵਿਜੀਲੈਂਸ ਬਿਊਰੋ ਨੇ ਉਨ੍ਹਾਂ ਨੂੰ ਨੌਕਰਸ਼ਾਹੀ ਤੇ ਵਿਭਾਗੀ ਅਫਸਰਾਂ ਨੂੰ ਰਿਸ਼ਵਤ ਦੇਣ ਦੇ ਦੋਸ਼ਾਂ ਅਧੀਨ ਗ੍ਰਿਫ਼ਤਾਰ ਕੀਤਾ ਸੀ ਤਾਂ ਵਿਜੀਲੈਂਸ ਤੇ ਪੰਜਾਬ ਸਰਕਾਰ ਦੀ ਕਾਰਵਾਈ ਦੌਰਾਨ ਉਨ੍ਹਾਂ ਦੇ ਘਰੋਂ ਨੋਟ ਗਿਣਨ ਵਾਲੀਆਂ ਮਸ਼ੀਨਾਂ ਵੀ ਬ੍ਰਾਮਦ ਹੋਈਆਂ ਹਨ।ਸਾਬਕਾ ਮੰਤਰੀ ਵਿਰੁੱਧ ਉਸ ਦੇ ਆਪਣੇ ਮੰਤਰੀ ਵਾਲੇ ਕਾਰਜਕਾਲ ਦੌਰਾਨ ਪਲਾਟ ਅਲਾਟਮੈਂਟ ਘੁਟਾਲੇ ਵਿੱਚ ਵੀ ਪੰਜਾਬ ਨੇ ਕਾਰਵਾਈ ਕੀਤੀ ਸੀ। ਜਨਵਰੀ 2025 ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਹ ਦਲੀਲ ਦੇ ਕੇ ਸੁੰਦਰ ਸ਼ਾਮ ਅਰੋੜਾ ਨੂੰ ਰਾਹਤ ਦੇ ਦਿੱਤੀ ਸੀ ਕਿ ਵਿਜੀਲੈਂਸ ਨੇ ਆਪਣੀਆਂ ਸ਼ਕਤੀਆਂ ਦਾ ਦੁਰਉਪਯੋਗ ਕਰਕੇ ਅਰੋੜਾ ਵਿਰੁੱਧ ਕਾਰਵਾਈ ਕੀਤੀ ਹੈ।ਭਾਵੇਂ ਉਸ ਸਮੇਂ ਸ੍ਰੀ ਅਰੋੜਾ ਨੂੰ ਕੁੱਝ ਰਾਹਤ ਮਿਲੀ ਸੀ ਪ੍ਰੰਤੂ ਈਡੀ ਤੇ ਇਨਕਮ ਟੈਕਸ ਦੀ ਅੱਜ ਹੋਈ ਸਾਂਝੀ ਕਾਰਵਾਈ ਨਾਲ ਉਨ੍ਹਾਂ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ। ਖ਼ਬਰ ਲਿਖੇ ਜਾਣ ਤੱਕ ਸਾਬਕਾ ਮੰਤਰੀ ਤੇ ਉਨ੍ਹਾਂ ਦਾ ਸਾਰਾ ਅਮਲਾ ਸਮੇਤ ਰਸੋਈਏ ਵੀ ਕੋਠੀ ਦੇ ਅੰਦਰ ਹੀ ਹਨ।ਮੰਨਿਆ ਜਾ ਰਿਹਾ ਹੈ ਕਿ ਛਾਪੇਮਾਰੀ ਖ਼ਤਮ ਹੋਣ ਤੋਂ ਬਾਅਦ ਹੀ ਮਾਮਲੇ ਦੀ ਅਸਲੀਅਤ ਸਾਹਮਣੇ ਆਵੇਗੀ।

# ਡੀ.ਸੀ. ਔਲਖ ਵੱਲੋਂ ਜ਼ਿਲ੍ਹਾ ਪੱਧਰੀ ਮੈਗਾ ਦਾਖ਼ਲਾ ਮੁਹਿੰਮ ਦੀ ਸ਼ੁਰੂਆਤ

## ☛ਦਾਖ਼ਲਾ ਮੁਹਿੰਮ ਵੈਨ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



ਨਵਾਂਸ਼ਹਿਰ, 28 ਜਨਵਰੀ (ਸੁਖਦੇਵ ਸਿੰਘ ਉੜਾਪੜ): ਵਿੱਦਿਅਕ ਸੈਸ਼ਨ 2026-27 ਲਈ ਜ਼ਿਲ੍ਹਾ ਪੱਧਰੀ ਮੈਗਾ ਦਾਖਲਾ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸਕੂਲ ਆਫ ਐਮੀਨੈਂਸ (ਐਸ.ਓ.ਈ) ਨਵਾਂਸ਼ਹਿਰ ਤੋਂ ਕੀਤੀ ਗਈ।ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਸਿੱਖਿਆ ਅਫਸਰ ਅਨੀਤਾ ਸ਼ਰਮਾ ਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ ਲਖਵੀਰ ਸਿੰਘ ਵੀ ਮੌਜੂਦ ਸਨ।ਇਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਂਦੀ ਗਈ ਹੈ ਤੇ ਅੱਜ ਸਾਡੇ ਸਰਕਾਰੀ ਸਕੂਲ ਸਮੇਂ ਦੇ ਹਾਣੀ ਬਣ ਗਏ ਹਨ ਤੇ ਇਨ੍ਹਾਂ ਸਕੂਲਾਂ ਵਿੱਚ ਮੁਫਤ ਸਿੱਖਿਆ ਦਿੱਤੀ ਜਾ ਰਹੀ ਹੈ ਬੱਚਿਆਂ ਨੂੰ ਮੁਫਤ ਕਿਤਾਬਾਂ, ਮੁਫਤ ਵਰਦੀਆਂ ਤੇ ਮੁਫਤ ਮਿਡ-ਡੇ-ਮੀਲ ਦੀ ਸਹੂਲਤ ਹੈ।ਇਸ ਤੋਂ ਇਲਾਵਾ ਬੱਚਿਆਂ ਨੂੰ ਸਰਕਾਰ ਵੱਲੋਂ ਵਜ਼ੀਫੇ ਵੀ ਦਿੱਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉਚ ਦਰਜਾ ਸਿੱਖਿਆ ਪ੍ਰਾਪਤ ਅਧਿਆਪਕ ਕੰਮ ਰਹੇ ਹਨ ਤੇ ਬੱਚਿਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰ ਰਹੇ ਹਨ।ਇਸ ਮੌਕੇ ਪ੍ਰਿੰਸੀਪਲ ਸਰਬਜੀਤ ਸਿੰਘ ਐਸ.ਓ.ਈ.ਨਵਾਂਸ਼ਹਿਰ, ਪ੍ਰਿੰ. ਡਾ.ਸੁਰਿੰਦਰ ਪਾਲ ਅਗਨੀਹੋਤਰੀ, ਪ੍ਰਿੰ. ਰਜਨੀਸ਼ ਕੁਮਾਰ, ਪ੍ਰਿੰ. ਰਾਜਨ ਭਾਰਦਵਾਜ, ਬੀ.ਐਨ.ਓ. ਗੁਰਪ੍ਰੀਤ ਸਿੰਘ, ਪਰਮਿੰਦਰ ਬੰਗਾ ਸਟੇਟ ਐਵਾਰਡੀ, ਬੀ.ਐਨ.ਓ. ਅਮਨਪ੍ਰੀਤ ਸਿੰਘ ਜੌਹਲ, ਬੀ.ਐਨ.ਓ. ਲਲਿਤਾ ਕੁਮਾਰੀ, ਸਤਨਾਮ ਸਿੰਘ ਡੀ.ਆਰ.ਸੀ. ਪ੍ਰਾਇਮਰੀ, ਅਵਤਾਰ ਸਿੰਘ ਬੀ.ਪੀ.ਈ.ਓ. ਨਵਾਂਸ਼ਹਿਰ, ਗੁਰਪਾਲ ਸਿੰਘ ਬੀ.ਪੀ.ਈ.ਓ. ਔੜ, ਜਗਦੀਪ ਸਿੰਘ ਬੀ.ਪੀ.ਈ.ਓ. ਬੰਗਾ, ਕੁਲਦੀਪ ਸਿੰਘ ਔਲੀਆਪੁਰ ਬੀ.ਐਨ.ਓ. ਬਲਾਚੌਰ, ਰਮਨ ਕੁਮਾਰ ਬੀ.ਐਨ.ਓ. ਨਵਾਂਸ਼ਹਿਰ, ਨਵੀਨ ਗੁਲਾਟੀ, ਦਿਨੇਸ਼ ਗੌਤਮ, ਸੁਰੇਸ਼ ਕੁਮਾਰ ਸ਼ਾਸਤਰੀ, ਨੀਲ ਕਮਲ ਬੀ.ਆਰ.ਸੀ., ਅਮਨਦੀਪ ਸਿੰਘ ਸੀ.ਐਚ.ਟੀ., ਜਸਵਿੰਦਰ ਕੌਰ ਸੀ.ਐਚ.ਟੀ., ਰਾਮ ਲਾਲ ਐਚ.ਟੀ., ਜਸਵਿੰਦਰ ਸਿੰਘ ਸੁਪਰਡੈਂਟ, ਰਾਮ ਤੀਰਥ ਸਿੰਘ ਸੀ.ਐਚ.ਟੀ., ਹੰਸ ਰਾਜ ਸੀ.ਐਚ.ਟੀ., ਕਵਿਤਾ ਸੱਭਰਵਾਲ ਹਾਜ਼ਰ ਸਨ।

# ਸਿੱਖਿਆ ਵਿਭਾਗ 'ਚ ਤਰੱਕੀਆਂ ਨੂੰ ਲੈ ਕੇ ਨਵਾਂ ਫਰਮਾਨ ਜਾਰੀ: ਹਰਵਿੰਦਰ ਸਿੰਘ ਘੁਮਾਣ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 28 ਜਨਵਰੀ (ਡਾ.ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸਿੱਖਿਆ ਵਿਭਾਗ ਅਕਸਰ ਆਪਣੇ ਹੁਕਮਾਂ ਨੂੰ ਲੈ ਕੇ ਸੁਰਖੀਆਂ ਵਿੱਚ ਰਹਿੰਦਾ ਹੈ, ਜਿਸ ਤਰ੍ਹਾਂ ਦਾ ਮਾਮਲਾ ਪ੍ਰਮੋਸ਼ਨਾਂ ਨੂੰ ਲੈ ਕੇ ਸਾਹਮਣੇ ਆਇਆ ਹੈ।ਪ੍ਰੈਸ ਨੋਟ ਜਾਰੀ ਦਿੰਦਿਆਂ ਬੀਐਡ ਅਧਿਆਪਕ ਫਰੰਟ ਦੇ ਸੂਬਾ ਪ੍ਰਧਾਨ ਹਰਵਿੰਦਰ ਸਿੰਘ ਬਿਲਗਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਨੇ ਤਰੱਕੀਆਂ ਨੂੰ ਲੈ ਕੇ ਇੱਕ ਨਵਾਂ ਫਰਮਾਨ ਜਾਰੀ ਕੀਤਾ ਹੈ।ਜਿਸ ਅਧੀਨ ਮਾਣਯੋਗ ਸੁਪਰੀਮ ਕੋਰਟ ਦਾ ਹਵਾਲਾ ਦੇ ਕੇ ਵਿਭਾਗ ਵਿੱਚ ਟੀਈਟੀ ਪਾਸ ਕਰਕੇ ਨਵੇਂ ਬਣੇ ਅਧਿਆਪਕਾਂ ਨੂੰ ਤਰੱਕੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ ਤੇ 2001 ਤੋਂ ਲੈ ਕੇ 2008 ਭਰਤੀ ਹੋਏ ਅਧਿਆਪਕਾਂ ਨੂੰ ਤਰੱਕੀਆਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ।ਜਦੋਂ ਕਿ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਅਨੁਸਾਰ 29 ਜੁਲਾਈ 2011 ਤੋਂ ਪਹਿਲਾਂ ਭਰਤੀ ਈ.ਟੀ.ਟੀ. ਅਧਿਆਪਕਾਂ ਲਈ ਮਾਸਟਰ ਕੇਡਰ ਪ੍ਰਮੋਸ਼ਨ ਲਈ ਟੈਟ 2 ਲਾਜ਼ਮੀ ਨਹੀਂ ਸੀ।ਸੋ ਇਨ੍ਹਾਂ ਅਧਿਆਪਕ ਸਾਥੀਆਂ ਨੇ ਟੈਟ 2 ਪ੍ਰੀਖਿਆ ਨਹੀਂ ਦਿੱਤੀ ਕਿਉਂਕਿ ਜ਼ਰੂਰਤ ਨਹੀਂ ਸੀ।ਇਸ ਤੋਂ ਇਲਾਵਾ ਟੈਟ ਦਾ ਪੇਪਰ 2025 ਵਿੱਚ ਲਿਆ ਨਹੀਂ ਗਿਆ। 1 ਸਤੰਬਰ 2025 ਨੂੰ ਸੁਪਰੀਮ ਕੋਰਟ ਨੇ ਪ੍ਰਮੋਸ਼ਨ ਲਈ ਟੈਟ 2 ਲਾਜ਼ਮੀ ਕਰ ਦਿੱਤਾ।ਜਦੋਂ ਕਿ ਇਹ ਫੈਸਲਾ ਅਜੇ ਸੁਪਰੀਮ ਕੋਰਟ ਦੇ ਮੁੜ ਵਿਚਾਰ ਅਧੀਨ ਹੈ।ਸਿੱਖਿਆ ਵਿਭਾਗ ਸਰਵਿਸ ਰੂਲਾਂ ਨੂੰ ਅੱਖੋਂ ਪਰੋਖੇ ਕਰਕੇ, ਆਪਣੇ ਹਿਸਾਬ ਨਾਲ ਹੀ ਨਵ-ਨਿਯੁਕਤ ਅਧਿਆਪਕਾਂ ਨੂੰ ਪ੍ਰੋਮੋਟ ਕਰਕੇ ਸੀਨੀਅਰ ਅਧਿਆਪਕਾਂ ਦੇ ਹੱਕਾਂ ਉੱਪਰ ਡਾਕਾ ਮਾਰ ਰਿਹਾ ਹੈ।ਵਿਭਾਗ ਬਹੁਤ ਜਲਦੀ ਪ੍ਰੋਮੋਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਵਾ ਰਿਹਾ ਹੈ, ਜੋ ਕਿ ਸੀਨੀਆਰਤਾ ਦੀ ਉਲੰਘਣਾ ਹੈ, ਜਥੇਬੰਦਕ ਸਕੱਤਰ ਸੁਖਰਾਜ ਸਿੰਘ ਭਿੰਡਰ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਵਿਭਾਗ ਨੇ ਇਹ ਪ੍ਰਮੋਸ਼ਨਾਂ ਨੂੰ ਤੁਰੰਤ ਨਾ ਰੋਕਿਆ ਤਾਂ ਸੂਬਾ ਕਮੇਟੀ ਦੀ ਮੀਟਿੰਗ ਕਰਕੇ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।ਇਸ ਸਮੇਂ ਕਸ਼ਮੀਰ ਸਿੰਘ, ਗੁਲਜ਼ਾਰ ਸਿੰਘ, ਸਰਬਜੀਤ ਸਿੰਘ, ਰਣਜੋਧ ਸਿੰਘ, ਰਾਜੇਸ਼ ਮਨਸੋਤਰਾ, ਸੁਨੀਲ ਸਹਿਗਲ, ਨਵਦੀਪ ਸਿੰਘ, ਅਸ਼ੋਕ ਰਾਜਾ, ਅਵਤਾਰ ਸਿੰਘ, ਲਵਪ੍ਰੀਤ ਸਿੰਘ, ਰਾਜਵਿੰਦਰ ਸਿੰਘ, ਦੇਸ ਰਾਜ, ਧਰਮਿੰਦਰ ਸਿੰਘ, ਬਲਜੀਤ ਸਿੰਘ, ਹਰਪ੍ਰੀਤ ਸਿੰਘ, ਅਸ਼ਵਨੀ ਅਵਸਥੀ, ਰਾਮ ਸਿੰਘ, ਹਰਵਿੰਦਰ ਸਿੰਘ ਹਾਜ਼ਰ ਸਨ।

# ਮੈਡੀਕੋਲ ਸਟੋਰ ਮਾਲਕ ਦੇ ਸਿਰ 'ਚ ਗੋਲੀਆਂ ਲੱਗਣ ਕਾਰਨ ਮੌਤ, ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ



ਡੇਰਾ ਬਾਬਾ ਨਾਨਕ, 28 ਜਨਵਰੀ (ਹੈਪੀ ਕੰਟਲੀ): ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਵਿਖੇ ਅੱਜ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦ ਬੇਦੀ ਮੈਡੀਕਲ ਸਟੋਰ ਦੇ ਮਾਲਕ ਰਣਬੀਰ ਸਿੰਘ ਬੇਦੀ ਪੁੱਤਰ ਰਘਬੀਰ ਸਿੰਘ ਬੇਦੀ ਵਾਸੀ ਡੇਰਾ ਬਾਬਾ ਨਾਨਕ ਜੋ ਰੋਜ਼ਾਨਾ ਦੀ ਤਰ੍ਹਾਂ ਸਵੇਰੇ 8 ਵਜੇ ਦੇ ਕਰੀਬ ਆਪਣਾ ਮੈਡੀਕਲ ਸਟੋਰ ਖੋਲ੍ਹ ਰਹੇ ਸਨ ਤਾਂ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਉਨ੍ਹਾਂ 'ਤੇ ਤਾਬੜ ਤੋੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜੋ ਰਣਬੀਰ ਸਿੰਘ ਬੇਦੀ ਦੇ ਸਿਰ ਵਿੱਚ ਲੱਗੀਆਂ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਅੰਮ੍ਰਿਤਸਰ ਲਈ ਰੈਫਰ ਕਰ ਦਿੱਤਾ ਗਿਆ, ਜਿੱਥੇ ਰਸਤੇ ਵਿੱਚ ਹੀ ਉਸ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਦੱਸਿਆ ਜਾ ਰਿਹਾ ਹੈ ਕਿ ਰਣਬੀਰ ਸਿੰਘ 'ਤੇ ਕੁਝ ਮਹੀਨੇ ਪਹਿਲਾਂ ਵੀ ਫਿਰੌਤੀ ਨੂੰ ਲੈ ਕੇ ਤਾਬੜ ਤੋੜ ਗੋਲੀਆਂ ਚਲਾਈਆਂ ਗਈਆਂ ਸਨ।ਮੌਕੇ 'ਤੇ ਪੁੱਜੀ ਡੇਰਾ ਬਾਬਾ ਨਾਨਕ ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਭਗਤ ਰਵਿਦਾਸ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਲੰਗਰ ਲਗਾਏ



ਦਸੂਹਾ, 28 ਜਨਵਰੀ (ਰਜਿੰਦਰ ਸਿੰਘ ਦਸੂਹਾ): ਅੱਜ ਭਗਤ ਰਵਿਦਾਸ ਜੀ ਦੇ 649ਵੇਂ ਜਨਮ ਦਿਵਸ ਨੂੰ ਸਮਰਪਿਤ ਹੁਸ਼ਿਆਰਪੁਰ ਚੁੰਗੀ ਕਹਿਰਵਾਲੀ ਦਸੂਹਾ ਵਿਖੇ ਸਤਿਗੁਰੂ ਦਾ ਓਟ ਆਸਰਾ ਲੈ ਕੇ ਅਰਦਾਸ ਕਰਨ ਉਪਰੰਤ ਸਵੇਰੇ ਪਹਿਲਾਂ ਤਾਂ ਚਾਹ ਦਾ ਲੰਗਰ ਲਗਾਇਆ ਗਿਆ ਤੇ ਉਸ ਤੋਂ ਬਾਅਦ ਕੜੀ-ਚੌਲ ਦਾ ਲੰਗਰ ਸੰਗਤਾਂ ਨੂੰ ਵਰਤਾਇਆ ਗਿਆ। ਇਸ ਮੌਕੇ ਆਉਂਦੀਆਂ-ਜਾਂਦੀਆਂ ਸੰਗਤਾਂ ਨੇ ਚਾਹ ਦਾ ਲੰਗਰ ਤੇ ਕੜੀ-ਚੌਲ ਦਾ ਲੰਗਰ ਛਕਿਆ।ਇਸ ਮੌਕੇ ਹੁਸ਼ਿਆਰਪੁਰ ਚੁੰਗੀ ਦੇ ਸੁਪਰ ਮਾਰਕਿਟ ਨਜ਼ਦੀਕ ਦੇ ਦੁਕਾਨਦਾਰ ਤੇ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਸੇਵਾਦਾਰਾਂ ਵੱਲੋਂ ਨਿਸ਼ਕਾਮ ਸੇਵਾ ਕੀਤੀ ਗਈ। ਇਸ ਮੌਕੇ 'ਤੇ ਗੁਰਪ੍ਰੀਤ ਸਿੰਘ ਗੋਪੀ ਵੱਲੋਂ ਸਾਰਿਆਂ ਦੇ ਸਹਿਯੋਗ ਜਿਨ੍ਹਾਂ ਵਿੱਚ ਸੋਡੀ ਸਿੰਘ ਥਾਣੇਦਾਰ, ਗੁਰਬਖ਼ਸ਼ ਰਾਮ, ਰਿੰਕੂ ਸੰਗਰ ਸੀਮਿੰਟ ਸਟੋਰ, ਸੋਨੂੰ, ਸਾਬੀ, ਜਤਿੰਦਰ ਸਿੰਘ ਕਿਰਨ ਆਈ ਕੇਅਰ ਦਸੂਹਾ, ਜਸਵਿੰਦਰ ਸਿੰਘ, ਜਸਕੀਰਤ ਸਿੰਘ, ਹਰਜੋਤ ਸਿੰਘ, ਜੀਐਸ ਮੋਟਰ, ਜੋਤ ਟੋਇਸ, ਰੈਡ ਟੇਪ ਸ਼ੋਅਰੂਮ, ਲੱਕੀ ਠੇਠੀ ਮੋਬਾਈਲ, ਬਿੰਦਰ, ਸੁਰਜੀਤ ਸਿੰਘ, ਸੰਨੀ ਟਰਾਂਸਪੋਰਟ, ਮੋਹਣ ਲਾਲ ਮੌਜੂਦ ਸਨ।

# ਸੰਤ ਬਾਬਾ ਲਾਲ ਸਿੰਘ ਜੀ ਕੁਲੀ ਵਾਲਿਆਂ ਦੀ ਸਾਲਾਨਾ ਬਰਸੀ ਮਨਾਈ

## ☛ਬਰਸੀ ਸਮਾਗਮ ਦੌਰਾਨ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨਾਲ ਗੁਰਬਾਣੀ ਕਥਾ ਕੀਰਤਨ ਦੀ ਸਾਂਝ ਪਾਈ



ਕਾਹਨੂੰਵਾਨ, 28 ਜਨਵਰੀ (ਕੁਲਜੀਤ ਸਿੰਘ ਖੋਖਰ): ਮਹਾਨ ਤਪਸਵੀ ਸੰਤ ਬਾਬਾ ਲਾਲ ਸਿੰਘ ਜੀ ਕੁਲੀ ਵਾਲਿਆਂ ਦੀ ਯਾਦ 'ਚ ਸਾਲਾਨਾ ਬਰਸੀ ਸਮਾਗਮ ਪਿੰਡ ਮੇਹੜੇ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਰਾਜਿੰਦਰ ਸਿੰਘ ਦੀ ਦੇਖ ਰੇਖ ਹੇਠ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਰਾਜਿੰਦਰ ਸਿੰਘ ਨੇ ਦੱਸਿਆ ਕਿ ਬਰਸੀ ਸਮਾਗਮ ਸਬੰਧੀ ਰੱਖੇ ਗਏ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥਾ ਭਾਈ ਭੁਪਿੰਦਰ ਸਿੰਘ ਜਲੰਧਰ ਵਾਲੇ, ਭਾਈ ਹਰਦੀਪ ਸਿੰਘ ਚੱਕ ਸਰੀਫ ਵਾਲੇ ਤੇ ਭਾਈ ਦਲਜੀਤ ਸਿੰਘ ਦੇ ਕੀਰਤਨੀ ਜਥੇ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਉਪਰੰਤ ਸੰਤ ਬਾਬਾ ਹਰਜਿੰਦਰ ਸਿੰਘ ਜੀ ਮੰਝਪੁਰ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਕਥਾ ਕੀਰਤਨ ਦੀ ਸਾਂਝ ਪਾਉਂਦਿਆਂ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਬਰਸੀ ਸਮਾਗਮ ਦੌਰਾਨ ਧਾਰਮਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ 'ਚ ਸੁਆਮੀ ਸੰਤ ਪੁਰੀਤ ਹਰੀ ਅੰਮ੍ਰਿਤਸਰ ਵਾਲੇ, ਸੰਤ ਅਜੀਤ ਸਿੰਘ ਜਨਰਲ ਸੈਕਟਰੀ ਨਿਰਮਲ ਮੰਡਲ (ਰਜਿ) ਅੰਮ੍ਰਿਤਸਰ, ਸੰਤ ਝੰਡਾ ਸਿੰਘ ਨਵਾਂ ਸ਼ਹਿਰ ਵਾਲੇ, ਸੰਤ ਗੁਰਬਖ਼ਸ਼ ਦੇਵੀ ਬਲੜਵਾਲ ਵਾਲੇ, ਸੰਤ ਬਾਬਾ ਰੂਦਰਗਿਰੀ ਗੁਰਦਾਸਪੁਰ ਵਾਲੇ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਨੇ ਵੀ ਸੰਤ ਬਾਬਾ ਲਾਲ ਸਿੰਘ ਜੀ ਕੁਲੀ ਵਾਲਿਆਂ ਦੀ ਜੀਵਨੀ 'ਤੇ ਚਾਨਣਾ ਪਾਇਆ।ਇਸ ਮੌਕੇ ਸਮਾਗਮ ਪ੍ਰਬੰਧਕਾਂ ਵੱਲੋਂ ਰਾਗੀ ਜਥਿਆਂ ਤੇ ਸੰਤ ਮਹਾਂਪੁਰਖਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਫਰੂਟ ਤੇ ਗੁਰੂ ਕੇ ਲੰਗਰ ਸੰਗਤਾਂ ਵਿੱਚ ਅਤੁੱਟ ਵਰਤਾਏ ਗਏ। ਇਸ ਮੌਕੇ 'ਤੇ ਨਿਸ਼ਾਨ ਸਿੰਘ ਮੇਹੜੇ, ਮਾਸਟਰ ਜਗਰੂਪ ਸਿੰਘ, ਮਨਿੰਦਰਪਾਲ ਸਿੰਘ ਘੁੰਮਣ, ਸਾਮ ਸਿੰਘ, ਸੇਵਾ ਸਿੰਘ, ਸਾਬਕਾ ਸਰਪੰਚ ਸਰਦਾਰ ਸਿੰਘ, ਅਵਤਾਰ ਸਿੰਘ, ਚਰਨਜੀਤ ਸਿੰਘ, ਕੈਪ. ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# 'ਆਪ' ਸਰਕਾਰ ਪੁਰਾਣੀ ਪੈਨਸ਼ਨ ਦੀ ਬਹਾਲੀ ਦਾ ਕੀਤਾ ਵਾਅਦਾ ਪੂਰਾ ਕਰੇ: ਜਸਵੀਰ ਤਲਵਾੜਾ, ਚੌਟਾਲਾ

ਹਰਿਆਣਾ, 28 ਜਨਵਰੀ (ਕਮਲ): ਪੰਜਾਬ ਦੇ 2 ਲੱਖ ਦੇ ਕਰੀਬ ਸਰਕਾਰੀ ਕਰਮਚਾਰੀਆਂ ਲਈ ਸੇਵਾ ਮੁਕਤੀ ਤੋਂ ਬਾਅਦ ਬੁਢਾਪੇ ਦਾ ਵੱਡਾ ਸਹਾਰਾ ਸਮਝੀ ਜਾਣ ਵਾਲੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਵਾਸਤੇ 2026 ਸਾਲ ਲਈ ਐਲਾਨੇ ਸਘਰਸ਼ ਮੁਤਾਬਿਕ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਤੇ ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਦੇ ਕਾਰਕੁੰਨਾਂ ਨੇ 26 ਜਨਵਰੀ ਦੇ ਸਮਾਗਮ ਮੌਕੇ ਮੁੱਖ ਮੰਤਰੀ ਪੰਜਾਬ ਦੀ ਹੁਸ਼ਿਆਰਪੁਰ ਆਮਦ ਮੌਕੇ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਪ੍ਰਦਰਸ਼ਨ ਕਰਦਿਆਂ ਆਪਣੀ ਆਰ-ਪਾਰ ਦੀ ਲੜਾਈ ਸ਼ੁਰੂ ਕਰ ਦਿੱਤੀ ਹੈ।ਇਨ੍ਹਾਂ ਜਥੇਬੰਦੀਆਂ ਵੱਲੋਂ ਪੈਨਸ਼ਨ ਸਕੀਮ ਦੀ ਬਹਾਲੀ ਲਈ ਮੁੱਖ ਮੰਤਰੀ ਦੀ ਆਮਦ ਮੌਕੇ ਪਹਿਲਾਂ ਹੀ ਰੋਸ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਸੀ ਤੇ ਜਿਸ ਦੌਰਾਨ ਪੁਲਿਸ ਪ੍ਰਸ਼ਾਸਨ ਵੱਲੋਂ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਜਸਵੀਰ ਤਲਵਾੜਾ, ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਤੇ ਕੋ-ਕਨਵੀਨਰ ਪ੍ਰਿੰਸ ਗੜ੍ਹਦੀਵਾਲਾ ਨੂੰ ਪੁਲਿਸ ਵੱਲੋਂ ਘਰਾਂ ਵਿੱਚ ਹੀ ਨਜ਼ਰਬੰਦ ਕਰ ਲਿਆ ਗਿਆ।ਗੌਰਮਿੰਟ ਟੀਚਰਜ਼ ਯੂਨੀਅਨ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਤੇ ਸੀਨੀਅਰ ਅਧਿਆਪਕ ਆਗੂ ਅਮਰ ਸਿੰਘ ਦੀ ਅਗਵਾਈ ਵਿੱਚ ਬਹੁਤ ਸਾਰੇ ਮੁਲਾਜ਼ਮਾਂ ਨੇ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦੀ ਮੰਗ ਨੂੰ ਪੂਰੀ ਨਾ ਕਰਨ ਦੇ ਵਿਰੋਧ 'ਚ ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਉਣ ਤੇ ਰੋਸ ਪ੍ਰਦਰਸ਼ਨ ਕਰਦਿਆਂ ਆਪਣੀ ਗ੍ਰਿਫਤਾਰੀ ਦਿੱਤੀ।ਇਸ ਮੌਕੇ ਜੀਟੀਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ ਨੇ ਕਿਹਾ ਕਿ ਫਰਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ 2 ਲੱਖ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ 4 ਸਾਲ ਦਾ ਸਮਾਂ ਬੀਤ ਜਾਣ ਤੋਂ ਬਾਅਦ ਸਰਕਾਰ ਦੀ ਇਹ ਅਤਿ ਜ਼ਰੂਰੀ ਮੰਗ ਪੂਰੀ ਕਰਨ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ।ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਨੇ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਕਰ ਰਹੇ ਮੁਲਾਜ਼ਮਾਂ ਨੂੰ ਮੁੱਖ ਮੰਤਰੀ ਦੀ ਆਮਦ ਮੌਕੇ ਘਰੀ ਨਜ਼ਰਬੰਦ ਕਰਨ ਤੇ ਹੁਸ਼ਿਆਰਪੁਰ ਵਿਖੇ ਆਪਣਾ ਰੋਸ ਦਰਜ ਕਰਵਾਉਣ ਪਹੁੰਚੇ ਮੁਲਾਜ਼ਮਾਂ ਨੂੰ ਥਾਣੇ ਡੱਕਣ ਵਾਲੇ ਦੇ ਜ਼ੁਲਮੀ ਵਤੀਰੇ ਦੀ ਨਿਖੇਧੀ ਕੀਤੀ। ਹਲਕਾ ਸ਼ਾਮ ਚੌਰਾਸੀ ਦੇ ਸਾਬਕਾ ਵਿਧਾਇਕ ਪਵਨ ਕੁਮਾਰ ਆਦੀਆ, ਕਾਂਗਰਸੀ ਆਗੂ ਟਿੰਮੀ ਸ਼ਾਹੀ ਨੇ ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਮੰਗ ਕਰ ਰਹੇ ਮੁਲਾਜ਼ਮਾਂ ਨੂੰ ਹੁਸ਼ਿਆਰਪੁਰ ਵਿਖੇ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਨਾਲ ਗੱਲਬਾਤ ਕਰਵਾਉਣ ਦੀ ਬਜਾਏ ਥਾਣੇ ਡੱਕਣ ਦੀ ਕਾਰਵਾਈ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਕਾਰਵਾਈ ਨੂੰ ਗੈਰ ਲੋਕਤੰਤਰਿਕ ਤੇ ਗੈਰ ਮਨੁੱਖੀ ਵਿਵਹਾਰ ਦੱਸਿਆ ਹੈ। ਸਰਕਾਰ ਨੂੰ ਅਪੀਲ ਕੀਤੀ ਕਿ ਮੰਗਾਂ ਦਾ ਹੱਲ ਜਲਦ ਕੀਤਾ ਜਾਵੇ।

# ਵਾਰਿਸ ਪੰਜਾਬ ਜਥੇਬੰਦੀ ਵੱਲੋਂ ਮੀਟਿੰਗ ਦੌਰਾਨ ਅਹੁਦੇਦਾਰੀਆਂ ਦਾ ਐਲਾਨ



ਧਾਰੀਵਾਲ, 28 ਜਨਵਰੀ (ਅਸ਼ੋਕ ਕੁਮਾਰ): ਵਿਧਾਨ ਸਭਾ ਕਾਦੀਆਂ ਅਧੀਨ ਪੈਂਦੇ ਪਿੰਡ ਸੋਹਲ 'ਚ ਵਾਰਿਸ ਪੰਜਾਬ ਜਥੇਬੰਦੀ ਦੇ ਮੁੱਖ ਦਫਤਰ ਵਿਖੇ ਵਾਰਿਸ ਪੰਜਾਬ ਜਥੇਬੰਦੀ ਦੇ ਹਲਕਾ ਕਾਦੀਆਂ ਦੇ ਇੰਚਾਰਜ ਤੇ ਇਲਾਕੇ ਦੀ ਮਾਣਮੱਤੀ ਸ਼ਖ਼ਸੀਅਤ ਜਤਿੰਦਰ ਸਿੰਘ ਗੋਰਾ ਸੋਹਲ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਮਰਹੂਮ ਦੀਪ ਸਿੱਧੂ ਦੇ ਵੱਡੇ ਭਰਾ ਤੇ ਵਾਰਿਸ ਪੰਜਾਬ ਜਥੇਬੰਦੀ ਦੇ ਜਨਰਲ ਸਕੱਤਰ ਐਡਵੋਕੇਟ ਮਨਦੀਪ ਸਿੰਘ ਸਿੱਧੂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਦੌਰਾਨ ਵਾਰਿਸ ਪੰਜਾਬ ਦੇ ਜਥੇਬੰਦੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵਿਚਾਰ ਚਰਚਾ ਕਰਦਿਆਂ ਅਗਲੀ ਰਣਨੀਤੀ ਤਿਆਰ ਕੀਤੀ ਤੇ ਇਸ ਦੇ ਨਾਲ ਹੀ ਦੂਰ ਅੰਦੇਸ਼ੀ ਸੋਚ ਰੱਖਣ ਵਾਲੇ ਅਗਾਂਹਵਧੂ ਨੌਜਵਾਨਾਂ ਨੂੰ ਵਾਰਿਸ ਪੰਜਾਬ ਦੇ ਜਥੇਬੰਦੀ ਵਿੱਚ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ, ਜਿਸ ਵਿੱਚ ਐਡਵੋਕੇਟ ਮਨਦੀਪ ਸਿੰਘ ਸਿੱਧੂ ਤੇ ਹਰੇਕ ਵਰਗ ਨੂੰ ਨਾਲ ਲੈ ਕੇ ਚੱਲਣ ਦਾ ਜਜ਼ਬਾ ਰੱਖਦੇ ਹਲਕਾ ਕਾਦੀਆਂ ਦੇ ਇੰਚਾਰਜ ਜਤਿੰਦਰ ਸਿੰਘ ਗੋਰਾ ਸੋਹਲ ਨੇ ਸਾਂਝੇ ਤੌਰ 'ਤੇ ਮਲਕੀਤ ਸਿੰਘ ਪੰਨੂੰ ਨੂੰ ਸ਼੍ਰੋਮਣੀ ਕਮੇਟੀ ਹਲਕਾ ਇੰਚਾਰਜ ਫਤਹਿਗੜ੍ਹ ਚੂੜੀਆਂ, ਲਖਵਿੰਦਰ ਸਿੰਘ ਮਾਨ ਹਲਕਾ ਫਤਹਿਗੜ੍ਹ ਚੂੜੀਆਂ ਯੂਥ ਪ੍ਰਧਾਨ, ਜਸਵੰਤ ਸਿੰਘ ਤਲਵੰਡੀ ਪ੍ਰਧਾਨ ਬੀਸੀ ਵਿੰਗ ਹਲਕਾ ਫਤਹਿਗੜ੍ਹ ਚੂੜੀਆਂ, ਸੁਖ ਦਿਆਲ ਸਿੰਘ ਮੰਡ ਮੀਡੀਆ ਇੰਚਾਰਜ ਹਲਕਾ ਬਟਾਲਾ, ਅੰਮ੍ਰਿਤਪਾਲ ਸਿੰਘ ਮੀਡੀਆ ਇੰਚਾਰਜ ਹਲਕਾ ਕਾਦੀਆਂ, ਅਰਜਨ ਸਿੰਘ ਸ਼੍ਰੋਮਣੀ ਕਮੇਟੀ ਹਲਕਾ ਇੰਚਾਰਜ ਗੁਰਦਾਸਪੁਰ, ਕਰਨਬੀਰ ਸਿੰਘ ਯੂਥ ਪ੍ਰਧਾਨ ਗੁਰਦਾਸਪੁਰ, ਗੁਰਤੇਗ ਸਿੰਘ ਯੂਥ ਪ੍ਰਧਾਨ ਕਾਦੀਆਂ ਤੇ ਜਸਵਿੰਦਰ ਬੁੱਟਰ ਮੀਡੀਆ ਇੰਚਾਰਜ ਹਲਕਾ ਕਾਦੀਆਂ ਨਿਯੁਕਤ ਕੀਤਾ। ਜਿਸ 'ਤੇ ਨਵ-ਨਿਯੁਕਤ ਅਹੁਦੇਦਾਰਾਂ ਨੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਆਗੂ ਐਡਵੋਕੇਟ ਮਨਦੀਪ ਸਿੰਘ ਸਿੱਧੂ ਤੇ ਜਤਿੰਦਰ ਸਿੰਘ ਗੋਰਾ ਸੋਹਲ ਨੂੰ ਇਹ ਭਰੋਸਾ ਦਿਵਾਇਆ ਕਿ ਉਹ ਮਿਲੀ ਇਸ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਲਗਨ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨਗੇ ਤੇ 2027 ਦੇ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪਾਰਟੀ ਨੂੰ ਅੱਗੇ ਲੈ ਕੇ ਆਉਣਗੇ।

# ਮੁੱਖ ਮੰਤਰੀ ਐਸਵਾਈਐਲ ਨਹਿਰ ਜਾਂ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਕੋਈ ਵੀ ਸਮਝੌਤਾ ਕਰਨ ਸਮੇਂ ਪੰਜਾਬ ਦੇ ਹੱਕਾਂ ਨੂੰ ਅੱਖੋਂ-ਪਰੋਖੇ ਨਾ ਕਰਨ: ਖ਼ਾਲਸਾ



ਬਟਾਲਾ, 28 ਜਨਵਰੀ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਦੇ ਸਰਪ੍ਰਸਤ ਤੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਜਥੇਦਾਰ ਗੁਰਦਰਸ਼ਨ ਸਿੰਘ ਖ਼ਾਲਸਾ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਪਾਣੀਆਂ ਸਬੰਧੀ ਕੀਤੀ ਪ੍ਰੈਸ ਕਾਨਫਰੰਸ ਵਿੱਚ ਦਿੱਤੇ ਬਿਆਨਾਂ ਉਤੇ ਖਦਸ਼ਾ ਪ੍ਰਗਟਾਇਆ ਹੈ ਤੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਚੱਲ ਰਹੀਆਂ ਗੱਲਬਾਤਾਂ ਦੌਰਾਨ ਵਿਵਾਦਿਤ ਸਤਲੁਜ-ਯਮੁਨਾ ਲਿੰਕ ਨਹਿਰ ਦੇ ਨਿਰਮਾਣ ਜਾਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਹਰਿਆਣਾ ਨਾਲ ਸਾਂਝਾ ਕਰਨ ਬਾਰੇ ਕੋਈ ਵੀ ਅਜਿਹਾ ਸਮਝੌਤਾ ਨਾ ਕੀਤਾ ਜਾਵੇ ਜੋ ਪੰਜਾਬ ਦੇ ਲੋਕਾਂ ਨੂੰ ਮਨਜ਼ੂਰ ਨਾ ਹੋਵੇ।ਜਥੇਦਾਰ ਖ਼ਾਲਸਾ ਨੇ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਬਹੁਤ ਸੰਵੇਦਨਸ਼ੀਲ ਤੇ ਜਜ਼ਬਾਤੀ ਹੈ, ਜੋ ਸਿੱਧੇ ਤੌਰ 'ਤੇ ਰਾਜ ਦੀ ਖੇਤੀਬਾੜੀ ਆਰਥਿਕਤਾ, ਫੈਡਰਲ ਅਧਿਕਾਰਾਂ ਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਪਾਣੀ ਦੇ ਖਤਰਨਾਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਪੰਜਾਬ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਤੇਜ਼ੀ ਨਾਲ ਘੱਟ ਰਿਹਾ ਹੈ ਤੇ ਕਈ ਜ਼ਿਲ੍ਹੇ ਰੇਗਿਸਤਾਨ ਬਣਨ ਵੱਲ ਵੱਧ ਰਹੇ ਹਨ।ਜਿਸ ਸਬੰਧੀ ਪੰਜਾਬ ਦੇ ਬੁੱਧੀਜੀਵੀ, ਵਾਤਾਵਰਨ ਤੇ ਭੌਂ ਮਾਹਿਰ ਕਈ ਸਾਲ ਪਹਿਲਾਂ ਹੀ ਆਖਰੀ ਹਮਲ ਨਾਮਕ ਡਾਕੂਮੈਂਟਰੀ ਫਿਲਮ ਬਣਾ ਕੇ ਪੰਜਾਬ ਦੇ ਲੋਕਾਂ ਖਾਸ ਕਰਕੇ ਸਮਾਜ ਸੇਵੀ ਤੇ ਸਿਆਸਤਦਾਨਾਂ ਨੂੰ ਖ਼ਬਰਦਾਰ ਕਰ ਚੁੱਕੇ ਹਨ ਕਿ ਪੰਜਾਬ ਕੋਲ ਇੱਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ ਤੇ ਪੰਜਾਬ ਪਾਣੀਆਂ ਦੇ 36 ਜ਼ੋਨਾਂ ਵਿੱਚੋਂ 32 ਜ਼ੋਨ ਇਸ ਸਮੇਂ ਡਾਰਕ ਜ਼ੋਨ (ਪਾਣੀ ਦੀ ਸਮਾਪਤੀ) ਹੇਠ ਹਨ। ਇਸ ਲਈ ਕੇਂਦਰੀ ਦਬਾਅ ਜਾਂ ਹੋਰ ਕਾਰਨਾਂ ਕਰਕੇ ਪਾਣੀਆਂ 'ਤੇ ਕੋਈ ਸਮਝੌਤਾ ਨਾ ਕੀਤਾ ਜਾਵੇ। ਜਥੇਦਾਰ ਖ਼ਾਲਸਾ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਕਿ ਗੁਆਂਢੀ ਸੂਬਿਆਂ ਜਾਂ ਕੇਂਦਰ ਨਾਲ ਪੰਜਾਬ ਪਾਣੀਆਂ ਸਬੰਧੀ ਗੱਲਬਾਤ ਦੀ ਬਜਾਏ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਸੁਪਰੀਮ ਕੋਰਟ ਅੱਗੇ ਰਿਪੇਰੀਅਨ ਕਾਨੂੰਨ, ਠੋਸ ਦਸਤਾਵੇਜ਼ ਤੇ ਸੂਬੇ ਵਿੱਚ ਪਾਣੀ ਦੀ ਘਾਟ ਦੀ ਜ਼ਮੀਨੀ ਹਕੀਕਤ ਦੇ ਆਧਾਰ 'ਤੇ ਦਰਜ ਕਰਵਾਇਆ ਜਾਵੇ ਤੇ ਹੁਣ ਤੱਕ ਜੋ ਵੀ ਗੱਲਬਾਤ ਗੁਆਂਢੀ ਰਾਜਾਂ ਜਾਂ ਕੇਂਦਰ ਨਾਲ ਹੋਈ ਹੈ ਉਹ ਦਸਤਾਵੇਜ਼ ਦੇ ਰੂਪ ਵਿੱਚ ਪੰਜਾਬ ਦੇ ਲੋਕਾਂ ਸਾਹਮਣੇ ਰੱਖੀ ਜਾਵੇ।

# ਐਚ.ਆਰ.ਏ. ਇੰਟਰਨੈਸ਼ਨਲ ਸਕੂਲ ਵਿਖੇ ਗਣਤੰਤਰ ਦਿਵਸ ਮਨਾਇਆ



ਗੁਰਦਾਸਪੁਰ, 28 ਜਨਵਰੀ (ਜਸਵਿੰਦਰ ਸਿੰਘ): ਐਚ.ਆਰ.ਏ. ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵਿਖੇ 77ਵੇਂ ਗਣਤੰਤਰ ਦਿਵਸ ਦੇ ਮੌਕੇ ਉਤੇ ਸਕੂਲ ਦੇ ਚੇਅਰਮੈਨ ਹੀਰਾਮਨੀ ਅਗਰਵਾਲ, ਬਲਦੇਵ ਠਾਕੁਰ, ਦਿਨੇਸ਼ ਸ਼ਰਮਾ, ਨਵਦੀਪ ਕੌਰ ਤੇ ਸਕੂਲ ਦੇ ਸਟਾਫ਼ ਮੈਂਬਰਾਂ ਦੀ ਮੌਜੂਦਗੀ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ।ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸਕੂਲ ਦੇ ਚੇਅਰਮੈਨ ਹੀਰਾਮਨੀ ਅਗਰਵਾਲ ਸ਼ਾਮਲ ਹੋਏ।ਇਸ ਤੋਂ ਬਾਅਦ ਰਾਸ਼ਟਰੀ ਗੀਤ ਦਾ ਗਾਇਨ ਹੋਇਆ।ਇਸ ਮੌਕੇ ਉੱਤੇ ਸਕੂਲ ਦੇ ਡਾਇਰੈਕਟਰ ਸੱਤਿਆ ਸੇਨ ਅਗਰਵਾਲ, ਆਂਚਲ ਅਗਰਵਾਲ, ਨੀਲੋਫਰ ਤੇ ਸਵੀਨ ਪੁਰੀ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਦੇ ਮੈਂਬਰਾਂ ਨੂੰ ਗਣਤੰਤਰ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਹੀਰਾਮਨੀ ਅਗਰਵਾਲ ਨੇ ਸਾਰਿਆਂ ਨੂੰ ਗਣਤੰਤਰ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਨੂੰ ਸਮਾਜ ਤੇ ਦੇਸ਼ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣੀਆਂ ਚਾਹੀਦੀਆਂ ਹਨ।

# ਗਣਤੰਤਰ ਦਿਵਸ 'ਤੇ ਨਾਲਸਾ ਵੱਲੋਂ ਚਲਾਈਆਂ ਸਕੀਮਾਂ ਬਾਰੇ ਜਾਗਰੂਕ ਕਰਨ ਲਈ ਝਾਕੀ ਕੱਢੀ

ਹੁਸ਼ਿਆਰਪੁਰ, 28 ਜਨਵਰੀ (ਪਰਮਿੰਦਰ ਘੁੰਮਣ): ਜ਼ਿਲ੍ਹਾ ਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਰਜਿੰਦਰ ਅਗਰਵਾਲ ਤੇ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਦੀ ਅਗਵਾਈ ਹੇਠ ਪੁਲਿਸ ਲਾਈਨ ਗਰਾਊਂਡ, ਹੁਸ਼ਿਆਰਪੁਰ ਵਿਖੇ ਗਣਤੰਤਰ ਦਿਵਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਵੱਲੋਂ ਆਮ ਜਨਤਾ ਨੂੰ ਨਾਲਸਾ ਵੱਲੋਂ ਚਲਾਈਆਂ ਗਈਆਂ ਸਕੀਮਾਂ ਬਾਰੇ ਜਾਗਰੂਕ ਕਰਨ ਲਈ ਝਾਕੀ ਕੱਢੀ ਗਈ।ਇਸ ਝਾਕੀ ਰਾਹੀਂ ਇਸ ਸਮਾਗਮ ਵਿੱਚ ਆਏ ਹੋਏ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਫ਼ਤ ਕਾਨੂੰਨੀ ਸਹਾਇਤਾ, ਨੈਸ਼ਨਲ ਲੋਕ ਅਦਾਲਤ, ਫਰੰਟ ਆਫਿਸ, ਮੇਡੀਏਸ਼ਨ ਤੇ ਕੰਨਸਲੀਏਸ਼ਨ ਸੈਂਟਰ, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਤੇ ਹੋਰ ਬਹੁਤ ਸਾਰੀਆਂ ਸਕੀਮਾਂ ਬਾਰੇ ਜਾਣੂੰ ਕਰਵਾਇਆ ਗਿਆ।ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਨਾਲ ਸਮੂਹ ਜੁਡੀਸ਼ੀਅਲ ਅਫਸਰਾਂ ਵੱਲੋਂ ਗਣਤੰਤਰ ਦਿਵਸ ਦੇ ਮੌਕੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਗਈ। ਇਸ ਤੋਂ ਇਲਾਵਾ ਪੈਨਲ ਐਡਵੋਕੇਟ, ਪੈਰਾ ਲੀਗਲ ਵਲੰਟੀਅਰ ਤੇ ਸਮੂਹ ਸਟਾਫ ਵੱਲੋਂ ਇਸ ਝਾਕੀ ਨੂੰ ਸੁਚਾਰੂ ਢੰਗ ਨਾਲ ਨੇਪਰੇ ਚੜ੍ਹਾਉਣ ਵਿੱਚ ਸਹਿਯੋਗ ਦਿੱਤਾ ਗਿਆ।

# ਸਿਵਲ ਡਿਫੈਂਸ ਸਿਖਲਾਈ ਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਦੂਜੇ ਕੈਂਪ ਦੀ ਸ਼ੁਰੂਆਤ

## ☛ਕੈਂਪ 'ਚ ਗੁਰਦਾਸਪੁਰ ਤੇ ਬਟਾਲਾ ਦੇ 120 ਵਲੰਟੀਅਰਜ਼ ਨੂੰ ਕੀਤਾ ਜਾਵੇਗਾ ਸਿੱਖਿਅਤ



ਬਟਾਲਾ, 28 ਜਨਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਸੰਜੀਵ ਕਾਲੜਾ ਆਈ.ਪੀ.ਐਸ. ਡਾਇਰੈਕਟਰ ਜਰਨਲ ਆਫ ਪੁਲਿਸ, ਪੰਜਾਬ ਹੋਮ ਗਾਰਡਜ਼ ਤੇ ਡਾਇਰੈਕਟਰ ਸਿਵਲ ਡਿਫੈਂਸ ਪੰਜਾਬ ਤੇ ਐਡੀਸ਼ਨਲ ਕਮਾਂਡੈਂਟ ਜਨਰਲ ਹਰਮਨਜੀਤ ਸਿੰਘ, ਡਵੀਜ਼ਨਲ ਕਮਾਂਡੈਂਟ ਅਨਿਲ ਕੁਮਾਰ ਪੂਰਥੀ ਜਲੰਧਰ ਦੇ ਨਿਰਦੇਸ਼ ਅਨੁਸਾਰ ਰਵੇਲ ਸਿੰਘ ਰੰਧਾਵਾ ਜ਼ਿਲ੍ਹਾ ਕਮਾਂਡਰ ਤੇ ਐਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਗੁਰਦਾਸਪੁਰ ਦੀ ਅਗਵਾਈ ਵਿੱਚ ਦੂਸਰਾ 07 ਰੋਜ਼ਾ ਸਿਵਲ ਡਿਫੈਂਸ ਦੀ ਸਿਖਲਾਈ ਤੇ ਸਮਰੱਥਾ ਨਿਰਮਾਣ ਯੋਜਨਾ ਤਹਿਤ ਕੈਂਪ ਦੀ ਸਰਕਾਰੀ ਕਾਲਜ ਵਿਖੇ ਸ਼ੁਰੂਆਤ ਹੋਈ।ਕੈਂਪ ਵਿੱਚ ਪ੍ਰਿੰਸੀਪਲ ਅਸ਼ਵਨੀ ਕੁਮਾਰ ਭੱਲਾ, ਇੰਸਟੈਕਟਰ, ਕੈਂਪ ਐਡਮਿਨ, ਸਟੋਰ ਸੁਪਰਡੈਂਟ ਗੁਰਦਾਸਪੁਰ ਤੇ ਬਟਾਲਾ, ਹਰਬਖ਼ਸ਼ ਸਿੰਘ ਦੇ ਨਾਲ 120 ਵਲੰਟੀਅਰਜ਼ ਹਾਜ਼ਰ ਹੋਏ।ਇਸ ਦੌਰਾਨ ਸਿਖਿਆਰਥੀਆਂ ਨੂੰ ਨਾਗਰਿਕ ਸੁਰੱਖਿਆ, ਫਾਇਰ ਸੇਫਟੀ, ਮੁੱਢਲੀ ਸਹਾਇਤਾ, ਸੀਪੀਆਰ, ਡੁੱਬਦੇ ਨੂੰ ਬਚਾਉਣਾ, ਕੁਦਰਤੀ ਤੇ ਗੈਰ-ਕੁਦਰਤੀ ਆਫਤਾਂ, ਰੋਡ ਸੇਫਟੀ, ਲਿਫਟਿੰਗ-ਸ਼ਿਫਟਿੰਗ, ਆਪਣੀ ਸੁਰੱਖਿਆ ਕਰਦੇ ਹੋਏ ਰਾਹਤ ਕਾਰਜਾਂ ਵਿੱਚ ਹਿੱਸਾ ਲੈਣਾ ਆਦਿ ਬਾਰੇ ਦੱਸਿਆ ਤੇ ਅਭਿਆਸ ਕਰਵਾਇਆ ਜਾਵੇਗਾ।ਇਨ੍ਹਾਂ ਸਾਰੇ ਵਲੰਟੀਅਰਜ਼ ਨੂੰ ਆਖਿਰ ਵਿੱਚ ਸਰਟੀਫਿਕੇਟ, ਟਰੈਕ ਸੂਟ, ਟੀ-ਸ਼ਰਟ, ਸਿਵਲ ਡਿਫੈਂਸ ਦੀਆਂ ਕਿਤਾਬਾਂ ਵੰਡੀਆਂ ਜਾਣਗੀਆਂ।ਇਨ੍ਹਾਂ ਵਲੰਟੀਅਰਜ਼ ਨੂੰ ਰੋਜ਼ਾਨਾ ਰਿਫਰੈਸ਼ਮੈਂਟ ਵੀ ਦਿੱਤੀ ਜਾਵੇਗੀ।

# ਖ਼ਾਲਸਾ ਕਾਲਜ ਵਿਖੇ ਰਿਜ਼ਿਊਮ, ਸੀ.ਵੀ. ਤੇ ਇੰਟਰਵਿਊ ਤਿਆਰੀ 'ਤੇ ਵਰਕਸ਼ਾਪ ਕਰਵਾਈ



ਗੜ੍ਹਦੀਵਾਲਾ, 28 ਜਨਵਰੀ (ਗੌਰਵ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਅਦਾਰੇ ਖ਼ਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਕੱਤਰ (ਵਿੱਦਿਆ) ਸੁਖਮਿੰਦਰ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੀ ਅਗਵਾਈ ਹੇਠ ਪਲੇਸਮੈਂਟ ਸੈਲ ਵੱਲੋਂ ਰਿਜ਼ਿਊਮ ਲਿਖਣ, ਸੀ.ਵੀ. ਤਿਆਰ ਕਰਨ ਤੇ ਇੰਟਰਵਿਊ ਦੀ ਤਿਆਰੀ ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ 33 ਵਿਦਿਆਰਥੀਆਂ ਨੇ ਭਾਗ ਲਿਆ। ਵਰਕਸ਼ਾਪ ਦੀ ਸਰੋਤ ਵਿਅਕਤੀ ਮੈਡਮ ਨਰਿੰਦਰ ਕੌਰ, (ਅਸਿਸਟੈਂਟ ਪ੍ਰੋਫ਼ੈਸਰ, ਅੰਗਰੇਜ਼ੀ ਵਿਭਾਗ) ਨੇ ਵਿਦਿਆਰਥੀਆਂ ਨੂੰ ਨੌਕਰੀ ਲਈ ਪ੍ਰਭਾਵਸ਼ਾਲੀ ਰਿਜ਼ਿਊਮ ਤੇ ਸੀ.ਵੀ. ਬਣਾਉਣ ਦੇ ਤਰੀਕਿਆਂ ਨਾਲ ਜਾਣੂੰ ਕਰਵਾਇਆ।ਉਨ੍ਹਾਂ ਨੇ ਇੰਟਰਵਿਊ ਦੌਰਾਨ ਪੁੱਛੇ ਜਾਣ ਵਾਲੇ ਆਮ ਪ੍ਰਸ਼ਨਾਂ ਤੇ ਉਨ੍ਹਾਂ ਦੇ ਉਤਰ ਦੇਣ ਦੇ ਵਿਧੀਬੱਧ ਢੰਗ ਬਾਰੇ ਵੀ ਵਿਸਥਾਰ ਨਾਲ ਸਮਝਾਇਆ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਵਰਕਸ਼ਾਪ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਰਹਿਣਗੇ ਤਾਂ ਜੋ ਵਿਦਿਆਰਥੀਆਂ ਲਈ ਰੁਜ਼ਗਾਰ ਦੇ ਮੌਕੇ ਵੱਧ ਸਕਣ।ਵਰਕਸ਼ਾਪ ਦੀ ਸ਼ੁਰੂਆਤ ਤੇ ਧੰਨਵਾਦ ਪਲੇਸਮੈਂਟ ਸੈਲ ਦੀ ਕੋਆਰਡੀਨੇਟਰ ਡਾ. ਅਰਚਨਾ ਠਾਕੁਰ ਵੱਲੋਂ ਕੀਤਾ ਗਿਆ।

# ਚੰਡੀਗੜ੍ਹ ਗੋਲਫ ਕਲੱਬ ਦੀ ਨਵੀਂ ਟੀਮ ਨੇ ਰਾਜਪਾਲ ਕਟਾਰੀਆ ਨਾਲ ਕੀਤੀ ਮੁਲਾਕਾਤ



ਫਾਜ਼ਿਲਕਾ, 28 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਚੰਡੀਗੜ੍ਹ ਗੋਲਫ ਕਲੱਬ ਦੇ ਨਵ-ਨਿਰਵਾਚਿਤ ਪ੍ਰਧਾਨ ਮੇਜਰ ਆਰ.ਐਸ. ਵਿਰਕ (ਲਾਲੀ) ਨੇ ਆਪਣੇ ਸਾਥੀਆਂ ਕਰਨ ਗਿਲਹੋਤਰਾ, ਅਮਰਬੀਰ ਸਿੰਘ ਲਹਲ ਤੇ ਐਨਪੀਐਸ ਔਲਖ ਸਿੰਘ (ਆਈਪੀਐਸ) ਦੇ ਨਾਲ ਪੰਜਾਬ ਦੇ ਮਾਨਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਤੇ ਉਨ੍ਹਾਂ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਦੌਰਾਨ ਮੇਜਰ ਵਿਰਕ ਨੇ ਗੋਲਫ ਖੇਡ ਦੇ ਪ੍ਰਚਾਰ-ਪ੍ਰਸਾਰ ਤੇ ਵਿਕਾਸ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ।ਉਨ੍ਹਾਂ ਨੇ ਚੰਡੀਗੜ੍ਹ ਗੋਲਫ ਕਲੱਬ ਸਮੁਦਾਇ ਨੂੰ ਹੋਰ ਮਜ਼ਬੂਤ ਬਣਾਉਣ, ਨੌਜਵਾਨ ਗੋਲਫ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਤੇ ਖੇਡ ਭਾਵਨਾ ਤੇ ਅਨੁਸ਼ਾਸਨ ਨੂੰ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ।ਇਸਦੇ ਨਾਲ ਹੀ ਉਨ੍ਹਾਂ ਨੇ ਕਲੱਬ ਦੇ ਸਟਾਫ ਮੈਂਬਰਾਂ ਤੇ ਕੈਂਡੀਜ਼ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵੱਲ ਵੀ ਕੰਮ ਕਰਨ ਦੀ ਗੱਲ ਕਹੀ।ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨਵ-ਨਿਰਵਾਚਿਤ ਪ੍ਰਧਾਨ ਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਕਾਰਜਕਾਲ ਲਈ ਸ਼ੁਭਕਾਮਨਾਵਾਂ ਦਿੱਤੀਆਂ ਤੇ ਸਮਾਜ ਵਿੱਚ ਨੇਤ੍ਰਿਤਵ, ਅਨੁਸ਼ਾਸਨ ਤੇ ਸਕਾਰਾਤਮਕ ਮੁੱਲਾਂ ਦੇ ਵਿਕਾਸ ਵਿੱਚ ਖੇਡਾਂ ਦੀ ਮਹੱਤਵਪੂਰਨ ਭੂਮਿਕਾ ਉਤੇ ਜ਼ੋਰ ਦਿੱਤਾ।

# ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਨਗਰ ਕੀਰਤਨ ਸਜਾਇਆ

ਮੰਡੀ ਗੋਬਿੰਦਗੜ੍ਹ, 28 ਜਨਵਰੀ (ਸੂਦ): ਅਮਰ ਸ਼ਹੀਦ ਬਾਬਾ ਦੀਪ ਸਿੰਘ ਦੇ 344ਵੇਂ ਜਨਮ ਦਿਹਾੜੇ 'ਤੇ ਮੁੱਹਲਾ ਸੰਗਤਪੁਰਾ ਦੇ ਗੁਰਦੁਆਰਾ ਸੰਗਤਸਰ ਸਾਹਿਬ ਤੇ ਸਮੂਹ ਸੰਗਤ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ਼ਾਨੋ ਸ਼ੌਕਤ ਨਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸੰਗਤਸਰ ਸਾਹਿਬ ਮੁੱਹਲਾ ਸੰਗਤਪੁਰਾ ਤੋਂ ਅਰੰਭ ਹੋ ਕੇ ਮੁੱਹਲਾ ਸੰਗਤਪੁਰਾ ਤੋਂ ਬਿਧੀ ਚੰਦ ਕਲੋਨੀ, ਇਕਬਾਲ ਨਗਰ, ਐਰੀ ਮਿੱਲ ਰੋਡ, ਅਮਲੋਹ ਰੋਡ, ਗੁਰਦੁਆਰਾ ਗੁਪਤਸਰ ਸਾਹਿਬ ਜੱਸੜਾ, ਵਾਪਸੀ ਅਮਲੋਹ ਰੋਡ, ਜੀਟੀ ਰੋਡ, ਮੀਰੀ ਪੀਰੀ ਗੇਟ, ਮੇਨ ਬਜ਼ਾਰ, ਗੁਰਦੁਆਰਾ ਸਿੰਘ ਸਭਾ, ਪ੍ਰਤਾਪ ਮਿਲ ਰੋਡ ਨਸਰਾਲੀ, ਮਾਡਲ ਟਾਊਨ, ਗੁਰਦੁਆਰਾ ਸਿੰਘ ਸਭਾ ਤੋਂ ਹੁੰਦਾ ਹੋਇਆ ਗੁਰਦੁਆਰਾ ਸੰਗਤਸਰ ਸਾਹਿਬ ਵਿਖੇ ਸੰਪੂਰਨ ਹੋਇਆ। ਰਸਤੇ ਵਿੱਚ ਥਾਂ-ਥਾਂ ਉਪਰ ਸੰਗਤਾਂ ਨੇ ਇਸ ਦਾ ਸਵਾਗਤ ਕੀਤਾ। ਰਸਤੇ ਨੂੰ ਝੰਡੀਆਂ ਤੇ ਸਵਾਗਤੀ ਗੇਟਾਂ ਨਾਲ ਸਜਾਇਆ ਗਿਆ ਤੇ ਥਾਂ-ਥਾਂ ਲੰਗਰ ਲਗਾਏ ਗਏ। ਨਗਰ ਕੀਰਤਨ ਵਿੱਚ ਕੀਰਤਨੀ ਜਥੇ ਹੈਡ ਗ੍ਰੰਥੀ ਭਾਈ ਗੁਰਦੀਪ ਸਿੰਘ, ਭਾਈ ਯਾਦਵਿੰਦਰ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਕੀਰਤਨੀ ਜੱਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਫੁੱਲਾਂ ਦੀ ਸੇਵਾ ਹਰਦੇਵ ਸਿੰਘ ਤੇ ਟਰਾਲੀਆਂ ਦੀ ਸੇਵਾ ਕੁਲਵੀਰ ਸਿੰਘ ਨੇ ਕੀਤੀ ਜਦੋਂ ਕਿ



ਪ੍ਰਭਦਿਆਲ ਸਿੰਘ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਖਾੜਾ ਦੀਆਂ ਗੱਤਕਾ ਪਾਰਟੀਆਂ ਨੇ ਗੱਤਕੇ ਦੇ ਜੌਹਰ ਵਿਖਾਏ। ਇਸ ਮੌਕੇ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਮੰਡੀ ਗੋਬਿੰਦਗੜ੍ਹ ਦੇ ਅਹੁੱਦੇਦਾਰਾਂ ਨੇ ਵੀ ਸ਼ਿਰਕਤ ਕਰਕੇ ਨਗਰ ਕੀਰਤਨ ਵਿੱਚ ਹਾਜ਼ਰੀ ਲਗਵਾਈ। ਇਸ ਸਮੇਂ ਨਿਸ਼ਕਾਮ ਕੀਰਤਨ ਸੇਵਾ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਬਿੱਟੂ, ਜੁਆਇੰਟ ਸੈਕਟਰੀ ਮਨਜੀਤ ਸਿੰਘ, ਮੈਂਬਰ ਗੁਰਨਾਮ ਸਿੰਘ, ਅਮਰੀਕ ਸਿੰਘ ਖਾਲਸਾ, ਕੌਂਸਲਰ ਸੁਖਵਿੰਦਰ ਕੌਰ, ਨਾਜ਼ਰ ਸਿੰਘ, ਕੌਂਸਲਰ ਰਣਧੀਰ ਸਿੰਘ ਹੈਪੀ, ਸਾਬਕਾ ਸਰਪੰਚ ਨੀਲਮ ਰਾਣੀ, ਸੁਖਵਿੰਦਰ ਕੌਰ, ਨੰਬਰਦਾਰ ਬਲਕਾਰ ਸਿੰਘ, ਦਲਜੀਤ ਸਿੰਘ ਵਿਰਕ, ਜੱਸੀ ਧੀਮਾਨ, ਬੇਬੀ ਧੀਮਾਨ, ਹਰਵਿੰਦਰ ਸਿੰਘ, ਚਰਨਜੀਤ ਸਿਘ ਰਾਜੂ, ਗੁਰਚਰਨ ਸਿੰਘ ਚੰਨੀ, ਸੁਖਦੇਵ ਸਿੰਘ ਸੁੱਖਾ, ਜੱਸਾ ਸਿੰਘ ਆਹਲੂਵਾਲੀਆ, ਗੁਰਵਿੰਦਰ ਸਿੰਘ ਯੂਐਸਏ, ਗੁਰਚਰਨ ਸਿੰਘ ਯੋਗੀ, ਚੰਨਾ ਯੋਗੀ, ਗਿਆਨ ਸਿੰਘ, ਗੁਰਦੁਆਰਾ ਭਾਟ ਸਿੰਘ ਸਭਾ ਦੇ ਪ੍ਰਧਾਨ ਇਕਬਾਲ ਸਿੰਘ, ਅਮਰੀਕ ਸਿੰਘ, ਜਤਿੰਦਰ ਸਿੰਘ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਮੇਲਾ ਸਿੰਘ, ਮੀਤ ਪ੍ਰਧਾਨ ਰੋਸ਼ਨ ਸਿੰਘ, ਸਟੇਜ ਸੈਕਟਰੀ ਅਮਰੀਕ ਸਿੰਘ, ਖਜ਼ਾਨਚੀ ਨਸੀਬ ਸਿੰਘ, ਸਟੋਰ ਕੀਪਰ ਚਤਰ ਸਿੰਘ, ਚੌਬਦਾਰ ਪ੍ਰਭਦਿਆਲ ਸਿੰਘ, ਹੈਡ ਲਾਂਗਰੀ ਸਤਨਾਮ ਸਿੰਘ ਮੈਂਬਰ ਨਿਸ਼ਾਨ ਸਿੰਘ, ਬਿਕਰਮ ਸਿੰਘ, ਪਰਮਜੀਤ ਸਿੰਘ, ਲਾਭ ਸਿੰਘ, ਰਣਜੀਤ ਸਿੰਘ ਤੇ ਹਿੰਮਤ ਸਿੰਘ ਹਾਜ਼ਰ ਸਨ। ਝਾੜੂ ਦੀ ਸੇਵਾ ਕਮਲਜੀਤ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ, ਗੁਰਭੇਜ ਸਿੰਘ ਤੇ ਨਵਦੀਪ ਸਿੰਘ ਨੇ ਕੀਤੀ।

# ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਮਹਾਰਾਸ਼ਟਰ ਦੇ ਡਿਪਟੀ ਮੁੱਖ ਮੰਤਰੀ ਪਵਾਰ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

ਚੌਂਕ ਮਹਿਤਾ, 28 ਜਨਵਰੀ (ਬਲਜਿੰਦਰ ਸਿੰਘ ਰੰਧਾਵਾ): ਮਹਾਰਾਸ਼ਟਰ ਦੇ ਬਾਰਾਮਤੀ ਵਿਖੇ ਲੈਂਡਿੰਗ ਦੌਰਾਨ ਮਹਾਂਰਾਸ਼ਟਰ ਦੇ ਉਪ ਮੁੱਖ ਮੰਤਰੀ ਸ੍ਰੀ ਅਜਿਤ ਪਵਾਰ ਦਾ ਜਹਾਜ਼ ਕ੍ਰੈਸ਼ ਹੋ ਗਿਆ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸ੍ਰੀ ਅਜਿਤ ਪਵਾਰ ਦੀ ਮੌਤ 'ਤੇ ਦਮਦਮੀ ਟਕਸਾਲ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਤੇ ਐੱਨ.ਸੀ.ਪੀ. ਦੇ ਮੁਖੀ ਅਜਿਤ ਪਵਾਰ ਦੇ ਬਾਰਾਮਤੀ ਨੇੜੇ ਇਕ ਜਹਾਜ਼ ਹਾਦਸੇ ਦੌਰਾਨ ਹੋਏ ਦਿਹਾਂਤ ਦੀ ਦੁਖਦਾਈ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਡਿਪਟੀ ਸੀ ਐੱਮ ਅਜਿਤ ਪਵਾਰ ਵਲੋਂ ਮਿਤੀ 24, 25 ਜਨਵਰੀ ਨੂੰ ਨਾਂਦੇੜ ਵਿਖੇ ਕਰਵਾਏ ਗਏ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਮੌਕੇ ਬਹੁਤ ਵੱਡਾ ਯੋਗਦਾਨ ਰਿਹਾ ਸੀ ਅਤੇ ਸਮਾਗਮ ਵੇਲੇ ਬਾਬਾ ਹਰਨਾਮ ਸਿੰਘ ਖ਼ਾਲਸਾ ਜੀ ਵਲੋਂ ਅਜਿਤ ਪਵਾਰ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ। ਇਸ ਦੁੱਖ ਦੀ ਘੜੀ 'ਚ ਸਮੁੱਚੇ ਪਵਾਰ ਪਰਿਵਾਰ, ਉਨ੍ਹਾਂ ਦੇ ਸਮਰਥਕਾਂ ਤੇ ਮਹਾਰਾਸ਼ਟਰ ਦੇ ਲੋਕਾਂ ਨਾਲ ਉਹ ਹਮਦਰਦੀ ਪ੍ਰਗਟ ਕਰਦੇ ਹਨ। ਬਾਬਾ ਹਰਨਾਮ ਸਿੰਘ ਜੀ ਨੇ ਕਿਹਾ ਕਿ ਗੁਰੂ ਸਾਹਿਬ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ। ਦੱਸਣਯੋਗ ਹੈ ਕਿ ਸ੍ਰੀ ਅਜਿਤ ਪਵਾਰ ਕਿਸੇ ਪ੍ਰੋਗਰਾਮ ਲਈ ਬਾਰਾਮਤੀ ਜਾ ਰਹੇ ਸਨ। ਇਸ ਦੌਰਾਨ ਉਨ੍ਹਾਂ ਦਾ ਜਹਾਜ਼ ਕ੍ਰੈਸ਼ ਹੋ ਗਿਆ ਤੇ ਅਜਿਤ ਪਵਾਰ ਸਣੇ ਪੰਜ ਲੋਕਾਂ ਦੀ ਮੌਤ ਹੋ ਗਈ।

# ਹੋਲਾ-ਮਹੱਲਾ ਨੂੰ ਲੈ ਕੇ ਜੰਗੀ ਪੱਧਰ 'ਤੇ ਤਿਆਰੀਆਂ ਹੋਈਆਂ ਸ਼ੁਰੂ

### ☛ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗ ਰੋਗਨ ਤੇ ਗਲਿਆਰਿਆਂ ਦਾ ਕੰਮ ਜ਼ੋਰਾਂ 'ਤੇ

ਸ੍ਰੀ ਅਨੰਦਪੁਰ ਸਾਹਿਬ, 28 ਜਨਵਰੀ (ਤਰਲੋਚਨ ਸਿੰਘ/ਹਰਪ੍ਰੀਤ ਸਿੰਘ): ਖਾਲਸਾ ਪੰਥ ਦੀ ਚੜ੍ਹਦੀਕਲਾ ਦਾ ਪ੍ਰਤੀਕ ਅਤੇ ਸਿੱਖਾਂ ਦਾ 6 ਰੋਜ਼ਾ ਕੌਮੀ ਤਿਉਹਾਰ ਹੋਲਾ ਮਹੱਲਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 27 ਫਰਵਰੀ ਤੋਂ 04 ਮਾਰਚ ਤੱਕ ਪੂਰੇ ਖਾਲਸਾਈ ਜਾਹੋ ਜਲਾਲ ਅਤੇ ਭਾਰੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਨੂੰ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਮਲਕੀਤ ਸਿੰਘ, ਅਡੀਸ਼ਨਲ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ ਵੱਖ ਪੰਥਕ ਜਥੇਬੰਦੀਆਂ ਅਤੇ ਕਾਰ ਸੇਵਾ ਵਾਲੇ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਇਸ ਸਾਲ ਹੋਲਾ ਮਹੱਲਾ ਕੀਰਤਪੁਰ ਸਾਹਿਬ ਵਿਖੇ 27 ਫਰਵਰੀ ਤੋਂ 01 ਮਾਰਚ ਤੱਕ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ 02 ਮਾਰਚ ਤੋਂ 04 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਉਹਨਾਂ



ਦੱਸਿਆ ਕਿ 26 ਫਰਵਰੀ ਦੀ ਰਾਤ ਨੂੰ ਕਿਲਾ ਅਨੰਦਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਖੇ ਪੰਥਕ ਰਵਾਇਤਾਂ ਅਨੁਸਾਰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਅਤੇ ਪੰਜ ਨਗਾਰਿਆਂ ਦੀ ਗੂੰਜ ਨਾਲ ਹੋਲੇ ਮਹੱਲੇ ਦੀ ਆਰੰਭਤਾ ਹੋਵੇਗੀ। 27 ਫਰਵਰੀ ਨੂੰ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਹੋਲੇ ਮਹੱਲੇ ਦੇ ਪਹਿਲੇ ਪੜਾਅ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 01 ਮਾਰਚ ਨੂੰ ਪਾਏ ਜਾਣਗੇ। 02 ਮਾਰਚ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ ਮਹੱਲੇ 'ਤੇ ਦੂਜੇ ਪੜਾਅ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨ੍ਹਾਂ ਦੇ ਭੋਗ 04 ਮਾਰਚ ਨੂੰ ਪਾਏ ਜਾਣਗੇ। ਉਹਨਾਂ ਦੱਸਿਆ ਕਿ ਹੋਲੇ ਮਹੱਲੇ ਮੌਕੇ ਵੱਡੀ ਗਿਣਤੀ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਤੇ ਖਾਲਸਾ ਪੰਥ ਦੀ ਆਮਦ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਰੰਗ ਰੋਗਨ ਦੀ ਸੇਵਾ ਗੁਰਦੁਆਰਾ ਗੁਰੂ ਕੇ ਬਾਗ ਮੁੱਖ ਪ੍ਰਬੰਧਕ ਬਾਬਾ ਸਤਨਾਮ ਸਿੰਘ ਜੀ ਨੂੰ ਦਿੱਤੀ ਗਈ ਹੈ ਜਿਨ੍ਹਾਂ ਵੱਲੋਂ ਖਾਲਸਾ ਪੰਥ ਦੇ ਪ੍ਰਗਟ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰੰਗ ਰੋਗਨ ਦੀ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਵਾਰ ਹੋਲੇ ਮਹੱਲੇ ਮੌਕੇ ਸੰਗਤਾਂ ਲਈ ਵਾਟਰ ਪਰੂਫ ਟੈਂਟ ਅਤੇ ਵਾਟਰ ਪਰੂਫ ਰਿਹਾਇਸ਼ਾਂ ਵੀ ਵੱਡੇ ਪੱਧਰ 'ਤੇ ਬਣਾਈਆਂ ਜਾ ਰਹੀਆਂ ਹਨ। ਇਸ ਮੌਕੇ ਮੀਤ ਮੈਨੇਜਰ ਭੁਪਿੰਦਰ ਸਿੰਘ, ਮੀਤ ਮੈਨੇਜਰ ਐਡਵੋਕੇਟ ਜਸਵੀਰ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ ਹਾਜ਼ਰ ਸਨ।

# ਸੜਕੀ ਨਿਯਮਾਂ ਦੀ ਪਾਲਣਾ ਹੈ ਜ਼ਰੂਰੀ ਤਾਂ ਹੀ ਦੁਰਘਟਨਾ ਤੋਂ ਬਣੇਗੀ ਦੂਰੀ: ਰਿਜਨਲ ਟਰਾਂਸਪੋਰਟ ਅਫ਼ਸਰ



ਫਾਜ਼ਿਲਕਾ, 28 ਜਨਵਰੀ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀਆਂ ਹਦਾਇਤਾਂ 'ਤੇ ਐਸ.ਡੀ.ਐਮ. ਫਾਜ਼ਿਲਕਾ ਵੀਰਪਾਲ ਕੌਰ ਦੀ ਰਹਿਨੁਮਾਈ ਹੇਠ ਫਾਜ਼ਿਲਕਾ ਵਿਖੇ ਮਨਾਏ ਜਾ ਰਹੇ ਕੌਮੀ ਸੜਕ ਸੁਰੱਖਿਆ ਮਹੀਨਾ ਤਹਿਤ ਟਰਾਂਸਪੋਰਟ ਵਿਭਾਗ, ਟ੍ਰੈਫਿਕ ਪੁਲਿਸ ਤੇ ਸਿਖਿਆ ਵਿਭਾਗ ਵੱਲੋਂ ਵੱਖ-ਵੱਖ ਗਤੀਵਿਧੀਆਂ ਰਾਹੀਂ ਸੜਕੀ ਨਿਯਮਾਂ ਬਾਰੇ ਪ੍ਰੇਰਿਤ ਕੀਤਾ ਜਾ ਰਿਹਾ ਹੈ। ਰਿਜਨਲ ਟਰਾਂਸਪੋਰਟ ਅਫਸਰ ਵੀਰਪਾਲ ਕੌਰ ਨੇ ਕਿਹਾ ਕਿ ਸਕੂਲਾਂ ਵਿਚ ਕੈਂਪ ਲਗਾਏ ਜਾ ਰਹੇ ਹਨ ਤੇ ਪੋਸਟਰ/ਬੈਨਰਾਂ ਦੀ ਵੰਡ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੜਕ ਸੁਰੱਖਿਆ ਪ੍ਰਤੀ ਨਾਗਰਿਕਾਂ ਨੂੰ ਜਾਗਰੂਕ ਕਰਦਿਆਂ ਲੇਖ ਲਿਖਣ ਮੁਕਾਬਲੇ ਕਰਵਾਏ ਜਾ ਰਹੇ ਹਨ।ਸਕੂਲੀ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਦੌਰਾਨ ਸੜਕੀ ਨਿਯਮਾਂ ਦੀ ਪਾਲਣਾ ਕਰਨ ਪ੍ਰਤੀ ਪ੍ਰਣ ਵੀ ਦਿਵਾਇਆ ਜਾ ਰਿਹਾ ਹੈ ਕਿ ਉਹ ਖੁਦ ਵੀ ਇਸਦੀ ਪਾਲਣਾ ਕਰਨਗੇ ਤੇ ਹੋਰਨਾਂ ਨੂੰ ਵੀ ਇਸਦੀ ਪਾਲਣਾ ਕਰਨ ਪ੍ਰਤੀ ਜਾਗਰੂਕ ਕਰਨਗੇ।ਟਰਾਂਸਪੋਰਟ ਵਿਭਾਗ ਤੋਂ ਸ. ਸੁਖਚਰਨ ਸਿੰਘ ਏ.ਟੀ.ਓ ਨੇ ਕਿਹਾ ਕਿ ਬਜ਼ਾਰਾਂ, ਟੈਕਸੀ ਸਟੈਂਡ, ਜਨਤਕ ਥਾਵਾਂ ਆਦਿ ਵੱਖ-ਵੱਖ ਥਾਵਾਂ 'ਤੇ ਜਾ ਕੇ ਟੀਮਾਂ ਵੱਲੋਂ ਜਨਤਕ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਾਹਨ ਦੀ ਸਪੀਡ ਘੱਟ ਰੱਖਣ, ਵਹੀਕਲ ਚਲਾਉਂਦੇ ਸਮੇਂ ਹੈਲਮੇਟ ਦੀ ਵਰਤੋਂ, ਰੈਡ ਲਾਈਟ ਸਮੇਂ ਰੁਕਣਾ, ਸੀਟ ਬੈਲਟ ਦੀ ਵਰਤੋਂ ਕਰਨ, ਸ਼ਰਾਬ ਪੀ ਕੇ ਗੱਡੀ ਨਾ ਚਲਾਉਣ ਬਾਰੇ ਪ੍ਰੇਰਿਤ ਕੀਤਾ।

# ਰੇਤੇ ਵਾਲੀ ਭੈਣੀ ਵਿਖੇ ਮੁਫ਼ਤ ਸਿਲਾਈ ਕੇਂਦਰ ਦੀ ਸ਼ੁਰੂਆਤ, ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਵੱਲ ਮਜ਼ਬੂਤ ਕਦਮ

ਫਾਜ਼ਿਲਕਾ, 28 ਜਨਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਹਲਕਾ ਫਾਜ਼ਿਲਕਾ ਦੀਆ ਵਿੱਚ ਔਰਤਾਂ ਦੇ ਸਸ਼ਕਤੀਕਰਨ ਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਮਕਸਦ ਨਾਲ ਟੀਮ ਪੂਜਾ ਲੂਥਰਾ ਵੱਲੋਂ ਇੱਕ ਹੋਰ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਗਣਤੰਤਰ ਦਿਵਸ ਦੇ ਸ਼ੁਭ ਮੌਕੇ 'ਤੇ ਪਿੰਡ ਰੇਤੇ ਵਾਲੀ ਭੈਣੀ ਵਿਖੇ ਇੱਕ ਮੁਫ਼ਤ ਸਿਲਾਈ ਕੇਂਦਰ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਪਿੰਡ ਤੇ ਨੇੜਲੇ ਖੇਤਰਾਂ ਦੀਆਂ ਔਰਤਾਂ ਤੇ ਲੜਕੀਆਂ ਨੂੰ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਦਾ ਰਾਹ ਖੁੱਲ੍ਹਿਆ ਹੈ। ਇਹ ਸਮਾਜ ਸੇਵਾ ਦਾ ਉਪਰਾਲਾ ਸੁਸਾਇਟੀ ਦੇ ਸਕੱਤਰ ਸੁਭਾਸ਼ ਕੰਬੋਜ ਦੇ ਜਨਮਦਿਨ 'ਤੇ ਗਣਤੰਤਰ ਦਿਵਸ ਮੌਕੇ ਚੁਣਿਆ ਗਿਆ, ਜਿਸਨੂੰ ਸੁਸਾਇਟੀ ਵੱਲੋਂ ਸਮਾਜ ਲਈ ਸਮਰਪਿਤ ਇੱਕ ਵਿਸ਼ੇਸ਼ ਦਿਨ ਵਜੋਂ ਮਨਾਇਆ ਗਿਆ।ਟੀਮ ਪੂਜਾ ਲੂਥਰਾ ਲੰਬੇ ਸਮੇਂ ਤੋਂ ਸਮਾਜ ਭਲਾਈ ਦੇ ਕੰਮਾਂ ਵਿੱਚ ਸਰਗਰਮ ਹੈ ਤੇ ਇਸ ਤੋਂ ਪਹਿਲਾਂ ਵੀ ਕਈ ਪਿੰਡਾਂ ਵਿੱਚ ਅਜਿਹੇ ਕੇਂਦਰ ਸਥਾਪਤ ਕਰ ਚੁੱਕੀ ਹੈ।ਇਸ ਮੌਕੇ 'ਤੇ ਟੀਮ ਦੀ ਮੁੱਖ ਸਦੱਸਯ ਪੂਜਾ ਲੂਥਰਾ ਨੇ ਦੱਸਿਆ ਕਿ ਸਿਲਾਈ ਕੇਂਦਰ ਖੋਲ੍ਹਣ ਦਾ ਮੁੱਖ ਮੰਤਵ ਹਲਕੇ ਦੀਆਂ ਔਰਤਾਂ ਤੇ ਲੜਕੀਆਂ ਨੂੰ ਸਿਲਾਈ-ਕਢਾਈ ਦੀ ਮੁਫ਼ਤ ਸਿਖਲਾਈ ਦੇ ਕੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣਾ ਹੈ ਤਾਂ ਜੋ ਉਹ ਘਰ ਬੈਠਿਆਂ ਹੀ ਆਪਣਾ ਰੁਜ਼ਗਾਰ ਸ਼ੁਰੂ ਕਰ ਸਕਣ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਔਰਤਾਂ ਦਾ



ਖੁਦਮੁਖਤਿਆਰ ਹੋਣਾ ਬਹੁਤ ਜ਼ਰੂਰੀ ਹੈ ਤੇ ਇਹ ਕੇਂਦਰ ਉਸੇ ਦਿਸ਼ਾ ਵਿੱਚ ਇੱਕ ਢੁੱਕਵਾਂ ਕਦਮ ਹੈ।ਇਸ ਮੌਕੇ ਸੁਸਾਇਟੀ ਦੇ ਸਕੱਤਰ ਸੁਭਾਸ਼ ਕੰਬੋਜ ਨੇ ਕਿਹਾ ਕਿ ਔਰਤਾਂ ਨੂੰ ਸਵੈ-ਨਿਰਭਰ ਬਣਾਉਣਾ ਹੀ ਸੁਸਾਇਟੀ ਦਾ ਮੁੱਖ ਲਕਸ਼ ਹੈ।ਉਨ੍ਹਾਂ ਦੱਸਿਆ ਕਿ ਜਦੋਂ ਔਰਤ ਮਜ਼ਬੂਤ ਹੁੰਦੀ ਹੈ, ਤਾਂ ਪੂਰਾ ਪਰਿਵਾਰ ਤੇ ਸਮਾਜ ਮਜ਼ਬੂਤ ਹੁੰਦਾ ਹੈ। ਅਜਿਹੇ ਉਪਰਾਲੇ ਅੱਗੇ ਵੀ ਜਾਰੀ ਰਹਿਣਗੇ ਤਾਂ ਜੋ ਵੱਧ ਤੋਂ ਵੱਧ ਮਹਿਲਾਵਾਂ ਨੂੰ ਲਾਭ ਪਹੁੰਚ ਸਕੇ। ਪਿੰਡ ਵਾਸੀਆਂ ਤੇ ਸਿਖਿਆਰਥਣਾਂ ਵੱਲੋਂ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ ਗਈ ਤੇ ਟੀਮ ਪੂਜਾ ਲੂਥਰਾ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਔਰਤਾਂ ਦੇ ਭਵਿੱਖ ਨੂੰ ਸੰਵਾਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਗਣਤੰਤਰ ਦਿਵਸ 'ਤੇ ਟਰੈਕਟਰ ਮਾਰਚ ਕੱਢਿਆ



ਅਮਲੋਹ, 28 ਜਨਵਰੀ (ਜਸਵੰਤ ਸਿੰਘ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਨੇ ਗਣਤੰਤਰ ਦਿਵਸ ਮੌਕੇ ਅਮਲੋਹ ਵਿੱਚ ਕਿਸਾਨੀ ਮੰਗਾਂ ਨੂੰ ਲੈ ਕੇ ਪ੍ਰਧਾਨ ਦਵਿੰਦਰ ਸਿੰਘ ਰੈਹਿਲ ਦੀ ਅਗਵਾਈ ਵਿੱਚ ਟਰੈਕਟਰ ਮਾਰਚ ਪਿੰਡ ਭੱਦਲਥੂਹਾਂ ਤੋਂ ਅਮਲੋਹ ਤੱਕ ਕੱਢਿਆ ਗਿਆ। ਇਸ ਮੌਕੇ ਉਨ੍ਹਾਂ ਬਿਜਲੀ ਬਿਲ, ਬੀਜ ਬਿਲ, ਚਾਰ ਲੇਬਰ ਕੋਡ, ਮਨਰੇਗਾ ਸੋਧ ਕਾਨੂੰਨਾਂ ਦੀ ਵਾਪਸੀ ਦੇ ਨਾਲ ਨਾਲ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਜਿਨ੍ਹਾਂ ਵਿਚ ਐਮਐਸਪੀ ਦੀ ਕਾਨੂੰਨ ਗਰੰਟੀ, ਕਿਸਾਨਾਂ ਖਿਲਾਫ਼ ਦਰਜ ਕੇਸਾਂ ਦੀ ਵਾਪਸੀ, ਫਸਲਾਂ ਦੇ ਬੀਮੇ ਦੀ ਨੀਤੀ ਆਦਿ ਸ਼ਾਮਲ ਹਨ। ਇਸ ਮੌਕੇ ਪ੍ਰਧਾਨ ਦਵਿੰਦਰ ਸਿੰਘ ਰੈਹਿਲ, ਮੀਤ ਪ੍ਰਧਾਨ ਹਰਜੀਤ ਸਿੰਘ, ਯਾਸੀਨ ਮੁਹੰਮਦ ਕੈਸ਼ੀਅਰ, ਹਰਵਿੰਦਰ ਸਿੰਘ ਸਕੱਤਰ, ਮੈਂਬਰ ਜਰਨੈਲ ਸਿੰਘ, ਮੈਂਬਰ ਪਵਨ ਕੁਮਾਰ, ਲਖਵੀਰ ਸਿੰਘ, ਸਲਾਕਾਰ ਪਰਗਟ ਸਿੰਘ ਗੋਗਾ, ਸਕੱਤਰ ਹਰਵਿੰਦਰ ਸਿੰਘ ਵਿੱਕੀ, ਗੁਰਮੀਤ ਸਿੰਘ, ਗੁਰਸੇਵਕ ਸਿੰਘ, ਪ੍ਰਭਜੋਤ ਸਿੰਘ ਤੇ ਜੱਸਾ ਰਤੀਆ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਨੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ

ਮੰਡੀ ਗੋਬਿੰਦਗੜ੍ਹ, 28 ਜਨਵਰੀ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਵਿਖੇ 77ਵਾਂ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬੁੱਤ ਅੱਗੇ ਫੁੱਲ ਚੜ੍ਹਾਉਣ ਨਾਲ ਹੋਈ। ਇਸ ਉਪਰੰਤ ਅਮਰ ਅਜ਼ਾਦੀ ਘੁਲਾਟੀਏ ਤੇ ਦੇਸ਼ ਭਗਤ ਯੂਨੀਵਰਸਿਟੀ ਦੀ ਪ੍ਰੇਰਨਾਦਾਇਕ ਹਸਤੀ ਜੋ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਸਹਿਯੋਗੀ ਵੀ ਸਨ, ਸ. ਲਾਲ ਸਿੰਘ ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਲੰਬੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਨੂੰ ਅੱਗੇ



ਵਧਾਉਂਦੇ ਹੋਏ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਰਾਸ਼ਟਰੀ ਝੰਡਾ ਲਹਿਰਾ ਕੇ ਸਮਾਰੋਹ ਦੀ ਅਗਵਾਈ ਕੀਤੀ, ਜਿਸ ਉਪਰੰਤ ਐਨਸੀਸੀ ਕੈਡਿਟਾਂ ਨੇ ਤਿਰੰਗੇ ਨੂੰ ਅਨੁਸ਼ਾਸਿਤ ਸਲਾਮੀ ਦਿੱਤੀ। ਲੈਫਟੀਨੈਂਟ ਤਾਬਿਸ਼ ਅਲੀ ਖਾਨ ਤੇ ਸਬ-ਲੈਫਟੀਨੈਂਟ ਚਮਨਪ੍ਰੀਤ ਕੌਰ ਦੀ ਅਗਵਾਈ ਹੇਠ ਫੌਜ, ਜਲ ਸੈਨਾ ਤੇ ਹਵਾਈ ਸੈਨਾ ਦੇ ਵਿੰਗਾਂ ਦੁਆਰਾ ਸ਼ਾਨਦਾਰ ਪਰੇਡ ਕੀਤੀ ਗਈ। ਇਸ ਮੌਕੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੇ ਨੌਜਵਾਨਾਂ ਨੂੰ ਜਾਤ ਤੇ ਧਾਰਮਿਕ ਵਖਰੇਵਿਆਂ ਤੋਂ ਉੱਪਰ ਉੱਠਣ ਤੇ ਮਿਆਰੀ ਸਿੱਖਿਆ ਰਾਹੀਂ ਆਪਣੇ ਆਪ ਨੂੰ ਰਾਸ਼ਟਰ ਪ੍ਰਤੀ ਸਮਰਪਿਤ ਕਰਨ ਦਾ ਸੱਦਾ ਦਿੱਤਾ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਰਾਸ਼ਟਰੀ ਮਾਣ, ਸੰਵਿਧਾਨਕ ਕਦਰਾਂ-ਕੀਮਤਾਂ ਤੇ ਨੌਜਵਾਨ ਪ੍ਰੇਰਨਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਨੂੰ 1947 ਵਿੱਚ ਆਜ਼ਾਦੀ ਮਿਲੀ ਸੀ ਪਰ ਅਸਲ ਅਰਥਾਂ ਵਿੱਚ ਸੱਚੀ ਆਜ਼ਾਦੀ 26 ਜਨਵਰੀ 1950 ਨੂੰ ਸੰਵਿਧਾਨ ਦੇ ਲਾਗੂ ਹੋਣ ਨਾਲ ਮਿਲੀ। ਸਟੇਜ ਦੀ ਕਾਰਵਾਈ ਪ੍ਰੋਫੈਸਰ ਡਾ. ਅਜੈਪਾਲ ਸਿੰਘ ਨੇ ਚਲਾਈ।ਉਨ੍ਹਾਂ ਦੇਸ਼ ਭਗਤੀ ਦੀਆਂ ਕਵਿਤਾਵਾਂ ਵੀ ਪੇਸ਼ ਕੀਤੀਆਂ। ਇਸ ਮੌਕੇ ਯੂਨੀਵਰਸਿਟੀ ਦੇ ਅਧਿਕਾਰੀ, ਫੈਕਲਟੀ ਤੇ ਵਿਦਿਆਰਥੀਆਂ ਨੇ ਭਾਸ਼ਣ ਤੇ ਸੱਭਿਆਚਾਰਕ ਪ੍ਰਦਰਸ਼ਨਾਂ ਰਾਹੀਂ ਹਾਜ਼ਰੀ ਲਗਵਾਈ। ਪ੍ਰੋਗ੍ਰਾਮ ਵਿੱਚ ਡਿਪਟੀ ਰਜਿਸਟਰਾਰ ਡਾ. ਪਰਵੀਨ ਰਾਠੀ, ਡਾਇਰੈਕਟਰ ਡਾ. ਅਜੇ ਗੁਪਤਾ, ਡਾ. ਅਮਨ ਸ਼ਰਮਾ, ਰਵਿੰਦਰ ਮਾਨ, ਸੀਐਸਓ ਬਲਜੀਤ ਸਿੰਘ, ਨਰੇਸ਼ ਸ਼ਰਮਾ, ਕਿਰਨ ਰਾਜਪੂਤ, ਲੜਕਿਆਂ ਦੇ ਹੈਡ ਵਾਰਡਨ ਬਲਜਿੰਦਰ ਸਿੰਘ, ਲੜਕੀਆਂ ਦੇ ਹੈਂਡ ਵਾਰਡਨ ਨਰਿੰਦਰ ਕੌਰ, ਜਸਵਿੰਦਰ ਸਿੰਘ ਤੇ ਅਮਨਦੀਪ ਸਿੰਘ ਹਾਜ਼ਰ ਸਨ।

# ਕੋਟਕਪੂਰਾ ਹਲਕੇ ਦੇ ਪਿੰਡਾਂ ਦੀਆਂ ਸੜਕਾਂ ਲਈ 43 ਕਰੋੜ ਤੋਂ ਵੱਧ ਦੀ ਰਕਮ ਮਨਜ਼ੂਰ: ਸਪੀਕਰ ਸੰਧਵਾਂ

ਕੋਟਕਪੂਰਾ, 28 ਜਨਵਰੀ (ਵਿਪਨ ਗੋਇਲ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੋਟਕਪੂਰਾ ਹਲਕੇ ਦੇ ਲੋਕਾਂ ਨੂੰ ਵੱਡੀ ਸੁਗਾਤ ਦਿੰਦਿਆਂ ਹਲਕੇ ਦੀਆਂ ਸੜਕਾਂ ਦੇ ਨਵੀਨੀਕਰਨ ਤੇ ਚੌੜਾਈ ਵਧਾਉਣ ਲਈ ਲਗਭਗ 44 ਕਰੋੜ ਰੁਪਏ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਜਿਸ ਤਹਿਤ ਭਾਗ-1 ਅਧੀਨ ਕੁੱਲ 15 ਸੜਕਾਂ ਦੇ ਵਿਕਾਸ ਕਾਰਜ ਮਨਜ਼ੂਰ ਕੀਤੇ ਗਏ ਹਨ, ਜਿਨ੍ਹਾਂ 'ਤੇ ਕੁੱਲ 4336.07 ਲੱਖ ਰੁਪਏ ਖਰਚ ਕੀਤੇ ਜਾਣਗੇ।ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਪੂਰਾ ਹੋਣ ਨਾਲ ਪਿੰਡਾਂ ਤੇ ਸ਼ਹਿਰਾਂ ਦੀ ਆਪਸੀ ਕੁਨੈਕਟੀਵਿਟੀ ਮਜ਼ਬੂਤ ਹੋਵੇਗੀ, ਆਵਾਜਾਈ ਸੁਖਾਲੀ ਬਣੇਗੀ ਤੇ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵੱਡਾ ਸੁਧਾਰ ਆਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਨੂੰ ਆਧੁਨਿਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ



ਦੱਸਿਆ ਕਿ ਮਨਜ਼ੂਰ ਹੋਈਆਂ ਸੜਕਾਂ ਵਿੱਚ ਕੰਮੇਆਣਾ ਤੋਂ ਡੱਗੋ ਰੋਮਾਣਾ ਤੋਂ ਫਿੱਡੇ ਕਲਾਂ ਤੱਕ ਲਈ 732.93 ਲੱਖ ਰੁਪਏ, ਕਲੇਰ ਤੋਂ ਕੋਟ ਸੁਖੀਆ ਤੋਂ ਪੰਜਗਰਾਈਂ ਤੱਕ ਲਈ 686.95 ਲੱਖ ਰੁਪਏ, ਕੋਟਕਪੂਰਾ ਤੋਂ ਦੇਵੀਵਾਲਾ, ਸਿਰਸੜੀ ਹੁੰਦੇ ਹੋਏ ਕੋਟ ਸੁਖੀਆ ਲਈ 26.36 ਲੱਖ ਰੁਪਏ, ਕੋਟਕਪੂਰਾ-ਫ਼ਰੀਦਕੋਟ ਸੜਕ 'ਤੇ ਸੰਧਵਾਂ ਤੋਂ ਚਾਹਲ ਤੱਕ ਲਈ 223.03 ਲੱਖ ਰੁਪਏ, ਕੋਟਕਪੂਰਾ-ਮੁਕਤਸਰ ਸੜਕ ਤੋਂ ਕੋਠੇ ਬੇਰਵਾਲਾ ਤੋਂ ਦੁਆਰੇਆਣਾ ਤੱਕ ਲਈ 47.33 ਲੱਖ ਰੁਪਏ, ਕੋਟਕਪੂਰਾ ਤੋਂ ਬਾਹਮਣਵਾਲਾ, ਬਾਜ਼ੀਗਰ ਬਸਤੀ ਹੁੰਦੇ ਹੋਏ ਕੋਠੇ ਬੱਲਾਂ ਤੱਕ ਲਈ 63.80 ਲੱਖ ਰੁਪਏ, ਕੋਟਕਪੂਰਾ-ਬਠਿੰਡਾ ਸੜਕ ਤੋਂ ਕੋਟਕਪੂਰਾ-ਜੈਤੋ ਸੜਕ (23 ਫੁੱਟ ਚੌੜੀ ਸੜਕ) ਲਈ 113.37 ਲੱਖ ਰੁਪਏ, ਲਾਲੇਆਣਾ ਢਾਬ ਗੁਰੂ ਕੀ ਰੋਡ ਤੋਂ ਢੈਪਈ ਤੱਕ 29.01 ਲੱਖ ਰੁਪਏ, ਮੌੜ ਤੋਂ ਸੁਹਾਗ ਤੱਕ 44.57 ਲੱਖ ਰੁਪਏ, ਕੋਟਕਪੂਰਾ ਤੋਂ ਕੋਠੇ ਧਾਲੀਵਾਲ, ਦੁਆਰੇਆਣਾ ਹੁੰਦੇ ਹੋਏ ਢੀਮਾਂਵਾਲੀ ਤੱਕ ਲਈ 1223.38 ਲੱਖ ਰੁਪਏ, ਸੰਧਵਾਂ ਤੋਂ ਸਿਖਾਂਵਾਲਾ ਤੱਕ ਲਈ 249.70 ਲੱਖ ਰੁਪਏ, ਕੋਟਕਪੂਰਾ ਤੋਂ ਸਿਖਾਂਵਾਲਾ ਤੋਂ ਨੱਥੇਵਾਲਾ ਟਾਵਰ ਤੱਕ ਲਈ 581.44 ਲੱਖ ਰੁਪਏ, ਫਿਰਨੀ ਢੁੱਡੀ ਤੋਂ ਚੱਕ ਢੁੱਡੀ ਤੋਂ ਪ੍ਰਾਇਮਰੀ ਸਕੂਲ ਤੱਕ (ਸੈਕਸ਼ਨ-ਏ) ਲਈ 187.12 ਲੱਖ ਰੁਪਏ, ਭਾਣਾ ਤੋਂ ਸੰਧਵਾਂ ਤੱਕ ਲਈ 63.54 ਲੱਖ ਰੁਪਏ ਤੇ ਭਾਣਾ ਤੋਂ ਪੱਕਾ ਤੱਕ (ਪਿੰਡ ਦੀ ਹੱਦ ਤੱਕ) ਲਈ 63.54 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ। ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਕੰਮ 31 ਮਾਰਚ ਤੱਕ ਉੱਚ ਮਿਆਰ ਅਨੁਸਾਰ ਪੂਰੇ ਕਰਵਾਏ ਜਾਣਗੇ।

# ਰਾਣਾ ਹਸਪਤਾਲ 'ਚ ਗਣਤੰਤਰ ਦਿਵਸ ਮਨਾਇਆ



ਸ੍ਰੀ ਫਤਹਿਗੜ੍ਹ ਸਾਹਿਬ, 28 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਰਾਣਾ ਹਸਪਤਾਲ ਵਿੱਚ ਭਾਰਤ ਦਾ ਗਣਤੰਤਰ ਦਿਵਸ ਉਤਸ਼ਾਹ ਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਝੰਡਾ ਲਹਿਰਾਉਣ ਦੀ ਰਸਮ ਡਾ. ਹਿਤੇਂਦਰ ਸੂਰੀ ਤੇ ਡਾ. ਦੀਪਿਕਾ ਸੂਰੀ ਵੱਲੋਂ ਨਿਭਾਈ ਗਈ। ਸਮਾਗਮ ਵਿੱਚ ਹਸਪਤਾਲ ਦੇ ਡਾਕਟਰ, ਨਰਸਿੰਗ ਸਟਾਫ, ਪੈਰਾਮੈਡੀਕਲ ਸਟਾਫ, ਪ੍ਰਸ਼ਾਸਕੀ ਕਰਮਚਾਰੀ ਤੇ ਮਰੀਜ਼ ਹਾਜ਼ਰ ਰਹੇ।ਝੰਡਾ ਲਹਿਰਾਉਣ ਤੋਂ ਬਾਅਦ ਸਾਰੇ ਹਾਜ਼ਰ ਲੋਕਾਂ ਵੱਲੋਂ ਮਿਲ ਕੇ ਰਾਸ਼ਟਰੀ ਗੀਤ ਗਾਇਆ ਗਿਆ। ਪੂਰੇ ਹਸਪਤਾਲ ਵਿੱਚ ਦੇਸ਼ਭਗਤੀ, ਏਕਤਾ ਤੇ ਸਨਮਾਨ ਦਾ ਮਾਹੌਲ ਬਣਿਆ ਰਿਹਾ। ਸਟਾਫ ਤੇ ਮਰੀਜ਼ਾਂ ਨੇ ਪੂਰੇ ਮਨ ਨਾਲ ਸਮਾਗਮ ਵਿੱਚ ਭਾਗ ਲਿਆ, ਜਿਸ ਨਾਲ ਸਮਾਰੋਹ ਯਾਦਗਾਰ ਬਣ ਗਿਆ।ਇਸ ਮੌਕੇ 'ਤੇ ਡਾ. ਹਿਤੇਂਦਰ ਸੂਰੀ ਤੇ ਡਾ. ਦੀਪਿਕਾ ਸੂਰੀ ਨੇ ਗਣਤੰਤਰ ਦਿਵਸ ਦੀ ਮਹੱਤਤਾ 'ਤੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਦਿਨ ਸਾਨੂੰ ਭਾਰਤੀ ਸੰਵਿਧਾਨ ਵਿੱਚ ਦਰਜ ਸਮਾਨਤਾ, ਨਿਆਂ ਤੇ ਜ਼ਿੰਮੇਵਾਰੀ ਦੇ ਮੂਲ ਸਿਧਾਂਤਾਂ ਨੂੰ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ।ਉਨ੍ਹਾਂ ਨੇ ਸਭ ਨੂੰ ਇਹ ਮੂਲ ਆਪਣੇ ਨਿੱਜੀ ਤੇ ਪੇਸ਼ਾਵਰ ਜੀਵਨ ਵਿੱਚ ਅਪਨਾਉਣ ਲਈ ਉਤਸ਼ਾਹਿਤ ਕੀਤਾ।ਸਮਾਗਮ ਦੇ ਅੰਤ ਵਿੱਚ ਹਸਪਤਾਲ ਦੇ ਸਾਰੇ ਕਰਮਚਾਰੀਆਂ ਤੇ ਮਰੀਜ਼ਾਂ ਨੂੰ ਮਿਠਾਈਆਂ ਵੰਡੀਆਂ ਗਈਆਂ। ਇਹ ਸਮਾਰੋਹ ਦੇਸ਼ਭਗਤੀ ਤੇ ਸਮਾਜਿਕ ਜ਼ਿੰਮੇਵਾਰੀ ਦੇ ਸੁਨੇਹੇ ਨਾਲ ਸਫਲਤਾਪੂਰਵਕ ਸੰਪੰਨ ਹੋਇਆ।ਰਾਣਾ ਹਸਪਤਾਲ ਦਾ ਇਹ ਆਯੋਜਨ ਸਿਹਤ ਸੇਵਾ ਦੇ ਨਾਲ ਨਾਲ ਰਾਸ਼ਟਰੀ ਤੇ ਸਮਾਜਿਕ ਫਰਜ਼ਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਮੌਕੇ 'ਤੇ ਝੰਡਾ ਲਹਿਰਾਉਣ ਦੀ ਰਸਮ ਡਾ. ਹਿਤੇਂਦਰ ਸੂਰੀ ਤੇ ਡਾ. ਦੀਪਿਕਾ ਸੂਰੀ ਵੱਲੋਂ ਨਿਭਾਈ ਗਈ।

# 36 ਸਾਲ ਬਾਅਦ ਪ੍ਰਧਾਨ ਅਵਤਾਰ ਸਿੰਘ ਤਾਰੀ ਜੰਡੀਰ ਹੋ ਰਹੇ ਨੇ ਸੇਵਾ ਮੁਕਤ

ਭੋਗਪੁਰ, 28 ਜਨਵਰੀ (ਅਮਰਜੀਤ ਸਿੰਘ ਸੈਣੀ ਜੰਡੀਰ): ਪ੍ਰਧਾਨ ਅਵਤਾਰ ਸਿੰਘ ਤਾਰੀ ਜੰਡੀਰ ਨਾਲ ਸੇਵਾ ਮੁਕਤੀ 'ਤੇ ਵਿਸ਼ੇਸ਼ ਮੁਲਾਕਾਤ ਹੋਈ। ਪ੍ਰਧਾਨ ਅਵਤਾਰ ਸਿੰਘ ਤਾਰੀ 31 ਜਨਵਰੀ ਨੂੰ ਨੰਗਲ ਭਾਖੜਾ ਡੈਮ ਤੋਂ ਸੇਵਾ ਮੁਕਤ ਹੋਣ ਜਾ ਰਹੇ ਹਨ। ਅੱਜ ਉਹਨਾਂ ਨੇ ਮੁਲਾਕਾਤ ਸਮੇਂ ਦੱਸਿਆ. ਕਿ ਅਵਤਾਰ ਸਿੰਘ ਤਾਰੀ ਜੰਡੀਰ ਸਪੁੱਤਰ ਸ੍ਰ. ਕਰਮ ਸਿੰਘ ਜੰਡੀਰ ਸਪੁੱਤਰ ਬਾਬਾ ਬਿਸ਼ਨ ਸਿੰਘ ਜੰਡੀਰ ਜੋ ਕੇ ਪਿੰਡ ਜੰਡੀਰ ਜ਼ਿਲ੍ਹਾ ਜਲੰਧਰ ਪ੍ਰਾਇਮਰੀ ਸਿੱਖਿਆ ਪਿੰਡ ਜੰਡੀਰ ਤੋਂ ਪ੍ਰਾਪਤ ਕਰਕੇ ਨੰਗਲ ਡੈਮ ਵਿਖੇ ਸਰਕਾਰੀ ਹਾਈ ਸਕੂਲ ਨੰਗਲ ਤੋਂ ਦਸਵੀਂ ਪਾਸ ਕਰਨ ਉਪਰੰਤ ਨੰਗਲ ਸ਼ਹਿਰ ਵਿਖੇ ਇਲੈਕਟਰੀਕਲ ਟ੍ਰੇਡ ਦੀ ਆਈ ਟੀ ਆਈ ਪਾਸ ਕਰਕੇ ਭਾਖੜਾ ਡੈਮ ਵਿਖੇ ਇਲੈਕਟਰੀਕਲ ਵਿਭਾਗ ਵਿੱਚ 1-5-1990 ਨੂੰ ਨੌਕਰੀ ਸ਼ੁਰੂ ਕੀਤੀ ਅਤੇ ਅੱਜ 31-1-2026 ਨੂੰ ਲਗਭਗ 36 ਸਾਲ ਦੀ ਨੌਕਰੀ ਕਰਨ ਤੋਂ ਬਾਅਦ ਸੇਵਾ ਮੁਕਤ ਹੋਣ ਜਾ ਰਹੇ ਹਨ। ਅਵਤਾਰ ਸਿੰਘ ਤਾਰੀ ਜੰਡੀਰ ਨੇ ਨੌਕਰੀ ਦੌਰਾਨ ਜਿੱਥੇ ਆਪਣੇ ਸਰਕਾਰੀ ਕੰਮ ਨੂੰ ਮਿਹਨਤ ਤੇ ਇਮਾਨਦਾਰੀ ਦੇ ਨਾਲ ਕਰਨ ਦੀ ਕੋਸ਼ਿਸ਼ ਕੀਤੀ, ਉੱਥੇ ਧਾਰਮਿਕ ਸਮਾਜਿਕ ਖੇਤਰ ਵਿੱਚ ਵੀ ਅੱਗੇ ਹੋ ਕੇ ਅਹਿਮ ਯੋਗਦਾਨ ਪਾਇਆ ਤੇ ਅੱਜ ਵੀ ਪਾ ਰਹੇ ਹਨ। ਇਸ ਦੇ ਨਾਲ ਅਵਤਾਰ ਸਿੰਘ ਤਾਰੀ ਜੰਡੀਰ ਟ੍ਰੇਡ ਯੂਨੀਅਨ ਵਿੱਚ ਵੀ ਸਿਰ ਕੱਢ ਆਗੂ ਹਨ ਅਤੇ ਬੀਬੀਐਮਬੀ ਕਰਮਚਾਰੀ ਸੰਘ ਦੇ ਤਿੰਨ ਵਾਰ ਪ੍ਰਧਾਨ ਵੀ ਰਹੇ ਅਤੇ ਭਾਰਤੀਯ ਮਜ਼ਦੂਰ ਸੰਘ ਦੇ ਪ੍ਰਦੇਸ਼ ਸਕੱਤਰ ਰਹੇ ਇਸ ਦੌਰਾਨ ਅਵਤਾਰ ਸਿੰਘ ਤਾਰੀ ਜੰਡੀਰ ਨੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਦਿਆਂ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਪਰਮਾਤਮਾ ਅਵਤਾਰ ਸਿੰਘ ਤਾਰੀ ਜੰਡੀਰ ਨੂੰ ਸਰਕਾਰੀ ਨੌਕਰੀ ਤੋਂ ਬਾਅਦ ਲੰਮੀ ਉਮਰ ਬਖਸ਼ੇ ਤੇ ਸਮਾਜਿਕ ਧਾਰਮਿਕ ਤੇ ਮੁਲਾਜ਼ਮਾਂ ਦੀ ਸੇਵਾ ਕਰਨ ਦੀ ਤਾਕਤ ਬਖਸ਼ੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਬਾਇਓਟੈਕਨੋਲੋਜੀ ਵਿਦਿਆਰਥੀਆਂ ਦਾ ਚਾਣਕਿਆ ਬੇਕਰੀ ਐਂਡ ਡੇਅਰੀ ਪ੍ਰੋਡਕਟਸ ਪ੍ਰਾਈਵੇਟ ਲਿਮਟਿਡ ਦਾ ਉਦਯੋਗਿਕ ਦੌਰਾ



ਸ੍ਰੀ ਫਤਹਿਗੜ੍ਹ ਸਾਹਿਬ, 28 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਦੇ ਬਾਇਓਟੈਕਨੋਲੋਜੀ ਵਿਭਾਗ ਵੱਲੋਂ ਮੰਡੀ ਗੋਬਿੰਦਗੜ੍ਹ ਸਥਿਤ ਚਾਣਕਿਆ ਬੇਕਰੀ ਐਂਡ ਡੇਅਰੀ ਪ੍ਰੋਡਕਟਸ ਪ੍ਰਾਈਵੇਟ ਲਿਮਟਿਡ ਦਾ ਇੱਕ ਅਕਾਦਮਿਕ ਉਦਯੋਗਿਕ ਦੌਰਾ ਆਯੋਜਿਤ ਕੀਤਾ ਗਿਆ। ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਫੂਡ ਪ੍ਰੋਸੈਸਿੰਗ ਤੇ ਡੇਅਰੀ ਉਦਯੋਗ ਨਾਲ ਸਬੰਧਤ ਹਕੀਕਤੀ ਉਦਯੋਗਿਕ ਪ੍ਰਕਿਰਿਆਵਾਂ ਬਾਰੇ ਪ੍ਰਯੋਗਿਕ ਅਨੁਭਵ ਪ੍ਰਦਾਨ ਕਰਨਾ ਸੀ। ਇਹ ਦੌਰਾ ਪ੍ਰੋ. (ਡਾ.) ਪਰਿਤਪਾਲ ਸਿੰਘ, ਵਾਈਸ-ਚਾਂਸਲਰ, ਤੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਦੀ ਪ੍ਰੇਰਣਾ ਤੇ ਸਹਿਯੋਗ ਨਾਲ ਸੰਪੰਨ ਹੋਇਆ, ਜੋ ਸਦਾ ਉਦਯੋਗ-ਅਕਾਦਮੀਆਂ ਸਾਂਝ ਨੂੰ ਮਜ਼ਬੂਤ ਕਰਨ ਤੇ ਵਿਦਿਆਰਥੀਆਂ ਵਿੱਚ ਅਨੁਭਵਾਤਮਕ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਹਮਾਇਤੀ ਹਨ।ਇਹ ਦੌਰਾ ਡਾ. ਰੁਪਿੰਦਰ ਕੌਰ, ਮੁਖੀ, ਬਾਇਓਟੈਕਨੋਲੋਜੀ ਵਿਭਾਗ, ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ। ਦੌਰੇ ਦੌਰਾਨ ਇਰ. ਨਵਜੀਤ ਕੌਰ ਤੇ ਡਾ. ਪੁਨੀਤ ਕੌਰ ਵਿਦਿਆਰਥੀਆਂ ਦੇ ਨਾਲ ਮੌਜੂਦ ਰਹੇ, ਜਦਕਿ ਦੌਰੇ ਦੀ ਵਿਵਸਥਾ ਡਾ. ਕਮਲਜੀਤ ਕੌਰ, ਇੰਚਾਰਜ ਟ੍ਰੇਨਿੰਗ ਐਂਡ ਪਲੇਸਮੈਂਟ, ਦੇ ਸਹਿਯੋਗ ਨਾਲ ਕੀਤੀ ਗਈ।ਦੌਰੇ ਦੌਰਾਨ ਸ੍ਰੀ ਸਕਸੈਨਾ ਵੱਲੋਂ ਬੇਕਰੀ ਤੇ ਡੇਅਰੀ ਯੂਨਿਟਾਂ ਵਿੱਚ ਅਪਨਾਈਆਂ ਜਾ ਰਹੀਆਂ ਉਤਪਾਦਨ ਪ੍ਰਕਿਰਿਆਵਾਂ, ਆਧੁਨਿਕ ਮਸ਼ੀਨਰੀ, ਸਫਾਈ ਤੇ ਸਿਹਤ ਮਿਆਰ, ਤੇ ਗੁਣਵੱਤਾ ਨਿਯੰਤਰਣ ਪ੍ਰਣਾਲੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

# ਸੂਦ ਡੈਂਟਲ ਹਸਪਤਾਲ ਦੀ ਮਾਲਕ ਡਾ. ਰੂਪਲ ਸੂਦ ਦਾ ਗਣਤੰਤਰ ਦਿਵਸ ਮੌਕੇ ਸਨਮਾਨ

ਅਮਲੋਹ, 28 ਜਨਵਰੀ (ਜਸਵੰਤ ਸਿੰਘ): ਸੂਦ ਡੈਂਟਲ ਹਸਪਤਾਲ, ਮੰਡੀ ਗੋਬਿੰਦਗੜ੍ਹ ਦੀ ਮਾਲਕ ਤੇ ਦੰਦਾਂ ਦੇ ਮਾਹਰ ਡਾ. ਹਿਮਾਂਸ਼ੂ ਸੂਦ ਐਮਡੀਐਸ ਦੀ ਪਤਨੀ ਦੰਦਾਂ ਦੀ ਮਾਹਰ ਸਮਾਜ ਸੇਵੀ ਡਾ. ਰੂਪਲ ਸੂਦ ਗੋਲਡ ਮੈਡਲਿਸਟ ਦਾ ਗਣਤੰਤਰ ਦਿਵਸ ਮੌਕੇ ਸਬ ਡਵੀਜ਼ਨ ਪੱਧਰ ਦੇ ਸਮਾਗਮ ਵਿਚ ਐਸਡੀਐਮ ਚੇਤਨ ਬੰਗੜ ਵੱਲੋਂ ਵਿਸ਼ੇਸ਼ ਸਨਮਾਨ ਕਰਦੇ ਹੋਏ ਉਸ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਪ੍ਰਸ਼ੰਸਾ ਪੱਤਰ ਤੇ ਯਾਦਗਾਰੀ ਚਿੰਨ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ, ਡੀਐਸਪੀ ਗੁਰਦੀਪ ਸਿੰਘ ਸੰਧੂ, ਐਸਐਚਓ ਹਰਕੀਰਤ ਸਿੰਘ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਚੰਦ ਸਿੰਘ, ਤਹਿਸੀਲਦਾਰ ਚਤਿੰਦਰ ਕੁਮਾਰ, ਨਾਇਬ ਤਹਿਸੀਲਦਾਰ ਮੰਡੀ



ਗੋਬਿੰਦਗੜ੍ਹ ਹਰਪਾਲ ਸਿੰਘ, ਸੀਡੀਪੀਓ ਹਰਜੀਤ ਕੌਰ, ਮਾਰਕੀਟ ਕਮੇਟੀ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੋਤ, ਜ਼ਿਲ੍ਹਾ ਪਰਿਸ਼ਦ ਮੈਂਬਰ ਸ਼ਿੰਗਾਰਾ ਸਿੰਘ ਸਲਾਣਾ, ਡੀਐਫਐਸਓ ਜਸਪਾਲ ਕੌਰ ਤੇ ਕਾਰਜ ਸਾਧਕ ਅਫ਼ਸਰ ਚੇਤੰਨ ਸ਼ਰਮਾ ਹਾਜ਼ਰ ਸਨ ਜਦੋਂ ਕਿ ਸਟੇਜ ਸਕੱਤਰ ਦਾ ਫ਼ਰਜ਼ ਭਗਵਾਨ ਦਾਸ ਮਾਜਰੀ ਨੇ ਬਾਖੂਬੀ ਨਿਭਾਇਆ। ਇਥੇ ਇਹ ਵਰਨਣਯੋਗ ਹੈ ਕਿ ਅਮਲੋਹ ਨਿਵਾਸੀ ਡਾ. ਸੂਦ ਨੇ ਵਿਦਿਆ ਦੇ ਖੇਤਰ ਦੌਰਾਨ ਬੀਡੀਐਸ ਵਿਚ ਗੋਲਡ ਮੈਡਲ ਹਾਸਲ ਕੀਤਾ। ਇਸ ਨੇ ਆਪਣੇ ਪਤੀ ਡਾ. ਸੂਦ ਨਾਲ ਮਿਲ ਕੇ ਦਰਜਨ ਤੋਂ ਵੱਧ ਮੁਫ਼ਤ ਮੈਡੀਕਲ ਕੈਂਪ ਲਗਾਏ ਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਨ੍ਹਾਂ ਵੱਖ-ਵੱਖ ਸਕੂਲਾਂ ਵਿਚ ਵੀ ਕੈਂਪ ਲਗਾ ਕੇ ਬੱਚਿਆਂ ਦੇ ਦੰਦਾਂ ਦਾ ਚੈਕਅੱਪ ਕੀਤਾ ਤੇ ਦੰਦਾਂ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਉਨ੍ਹਾਂ ਨੂੰ ਜਾਗਰੂਕ ਕੀਤਾ।

# ਸਰਕਾਰ ਨੇ ਸਰਕਾਰੀ ਸਕੂਲਾਂ 'ਚ ਸਿੱਖਿਆ ਕ੍ਰਾਂਤੀ ਲਿਆ ਕੇ ਵੱਡੀ ਉਪਲਬਧੀ ਹਾਸਲ ਕੀਤੀ: ਡਾ. ਹਰਮਿੰਦਰ ਸਿੰਘ ਬਖਸ਼ੀ

ਗੜ੍ਹਸ਼ੰਕਰ, 28 ਜਨਵਰੀ (ਅਜਮੇਰ ਸਿੰਘ ਭਨੋਟ): ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਦੇ ਵਿੱਚ ਸਿੱਖਿਆ ਕ੍ਰਾਂਤੀ ਲਿਆ ਕੇ ਵੱਡੀ ਉਪਲਬਧੀ ਹਾਸਿਲ ਕੀਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਹਰਮਿੰਦਰ ਸਿੰਘ ਬਖਸ਼ੀ ਪੰਜਾਬ ਇੰਡਸਟਰੀ ਬੋਰਡ ਅਤੇ ਇੰਚਾਰਜ ਸਿੱਖਿਆ ਕ੍ਰਾਂਤੀ ਦੋਆਬਾ ਜ਼ੋਨ ਨੇ ਗੜ੍ਹਸ਼ੰਕਰ ਵਿੱਖੇ ਮੀਡੀਆ ਨੂੰ ਸੰਬੋਧਨ ਕਰਨ ਦੌਰਾਨ ਕਹੇ। ਇਸ ਮੌਕੇ ਡਾਕਟਰ ਹਰਮਿੰਦਰ ਸਿੰਘ ਬਖਸ਼ੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਟੀਚਾ ਹੈ ਕਿ ਸਰਕਾਰੀ ਸਕੂਲਾਂ ਦੇ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲੱਬਧ ਕਰਵਾਈਆਂ ਜਾ ਸਕਣ, ਜਿਨ੍ਹਾਂ ਵਿੱਚ



ਸਕੂਲਾਂ ਦੀ ਚਾਰਦੀਵਾਰੀ, ਆਲੀਸ਼ਾਨ ਬਿਲਡਿੰਗ, ਡਿਜੀਟਲ ਲੈਬ ਅਤੇ ਸਿੱਖਿਆ ਨਾਲ ਜੁੜਿਆ ਹੋਇਆ ਸਮਾਨ ਹੋਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਦੇ ਵਿੱਚ 4 ਸਾਲਾਂ ਦੀ ਕਾਰਜਸ਼ੈਲੀ ਦੌਰਾਨ ਲੋਕਪੱਖੀ ਫੈਸਲੇ ਲਏ ਹਨ, ਜਿਨ੍ਹਾਂ ਨੂੰ ਲੈਕੇ ਲੋਕ ਪੂਰੀ ਤਰ੍ਹਾਂ ਸੰਤੁਸ਼ਟ ਨਜ਼ਰ ਆ ਰਹੇ ਹਨ।

# ਪੰਜਾਬ ਐਮ.ਟੀ.ਬੀ. ਟੀਮ ਦੀ ਚੋਣ ਲਈ ਪਟਿਆਲਾ ਵਿਖੇ ਓਪਨ ਟਰਾਇਲ ਅੱਜ: ਸ਼ੈਲੰਦਰ ਪਾਠਕ

ਸ੍ਰੀ ਫ਼ਤਹਿਗੜ੍ਹ ਸਾਹਿਬ, 28 ਜਨਵਰੀ (ਹਰਪ੍ਰੀਤ ਕੌਰ ਟਿਵਾਣਾ): ਅਰੁਣਾਚਲ ਪ੍ਰਦੇਸ਼ ਵਿੱਚ ਹੋਣ ਵਾਲੀ ਮਾਊਂਟੇਨ ਟੇਰੇਨ ਬਾਈਕ (ਐਮਟੀਬੀ) ਨੈਸ਼ਨਲ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਲਈ ਪੰਜਾਬ ਰਾਜ ਸਾਈਕਲਿੰਗ ਟੀਮ ਦੇ ਗਠਨ ਸਬੰਧੀ ਓਪਨ ਚੋਣ ਟਰਾਇਲ 29 ਜਨਵਰੀ ਨੂੰ ਜਾਗੋ-ਅਕਾਲ ਅਕੈਡਮੀ ਰੋਡ ਪਿੰਡ ਕਾਲਵਾ (ਪਟਿਆਲਾ) ਵਿਖੇ ਕਰਵਾਏ ਜਾਣਗੇ, ਜਿਸ ਵਿਚ ਪੁਰਸ਼ ਤੇ ਮਹਿਲਾ ਪੰਜਾਬ ਦੇ ਮੂਲ ਨਿਵਾਸੀ ਸਾਰੇ ਯੋਗ ਸਾਈਕਲਿੰਗ ਖਿਡਾਰੀ ਇਨ੍ਹਾਂ ਵਿੱਚ ਭਾਗ ਲੈ ਸਕਦੇ ਹਨ। ਐਡਹਾਕ ਕਮੇਟੀ ਦੇ ਚੇਅਰਮੈਨ ਤੇ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸੰਯੁਕਤ ਸਕੱਤਰ ਸ਼ੈਲੰਦਰ ਪਾਠਕ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿਚ ਮੈਨ ਤੇ ਵੂਮੈਨ ਐਥਲੀਟ (19 ਸਾਲ ਤੇ ਇਸ ਤੋਂ ਉੱਪਰ), ਮੈਨ ਅੰਡਰ-23, ਮੈਨ ਤੇ ਵੂਮੈਨ ਜੂਨੀਅਰ



(17 ਤੇ 18 ਸਾਲ) ਤੇ ਯੂਥ ਬੋਆਇਜ਼ ਤੇ ਗਰਲਜ਼ (14 ਸਾਲ ਤੇ ਇਸ ਤੋਂ ਘੱਟ) ਦੇ ਸ਼ਾਮਲ ਹੋਣਗੇ ਜੋ ਪੰਜਾਬ ਦਾ ਡੋਮਿਸਾਇਲ ਸਰਟੀਫਿਕੇਟ, ਆਧਾਰ ਕਾਰਡ ਤੇ ਦੋ ਪਾਸਪੋਰਟ ਸਾਈਜ਼ ਫੋਟੋ ਨਾਲ ਲੈ ਕੇ ਆਉਣ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਹੋਰ ਵਿਅਕਤੀ ਜਾਂ ਸੰਸਥਾ ਵੱਲੋਂ ਕਰਵਾਏ ਗਏ ਟਰਾਇਲ ਜਾਂ ਚੋਣ ਪ੍ਰਕਿਰਿਆ ਨੂੰ ਗੈਰ-ਅਧਿਕਾਰਤ ਤੇ ਅਵੈਧ ਮੰਨਿਆ ਜਾਵੇਗਾ। ਉਨ੍ਹਾਂ ਪੰਜਾਬ ਦੇ ਸਾਰੇ ਸਾਈਕਲਿੰਗ ਖਿਡਾਰੀਆਂ ਨੂੰ ਕਿਸੇ ਵੀ ਗੈਰ-ਅਧਿਕਾਰਤ ਵਿਅਕਤੀ ਜਾਂ ਸੰਸਥਾ ਵੱਲੋਂ ਕਰਵਾਈਆਂ ਜਾਣ ਵਾਲੀਆਂ ਚੈਂਪੀਅਨਸ਼ਿਪਾਂ ਜਾਂ ਟਰਾਇਲਜ਼ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਵੱਲੋਂ 25 ਦਸੰਬਰ 2025 ਨੂੰ ਪੰਜਾਬ ਵਿੱਚ ਸਾਈਕਲਿੰਗ ਗਤਿਵਿਧੀਆਂ ਦੇ ਸੁਚੱਜੇ ਸੰਚਾਲਨ ਤੇ ਖਿਡਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਤੋਂ ਬਚਾਉਣ ਦੇ ਮਕਸਦ ਨਾਲ ਐਡ-ਹੌਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਆਪਣੇ ਨਿਯੁਕਤ ਅਬਜ਼ਰਵਰਾਂ ਅਤੇ ਪ੍ਰੈਜ਼ੀਡੈਂਟ ਕਮਿਸ਼ਨ ਪੈਨਲ ਦੇ ਨਿਯੁਕਤ ਪ੍ਰਤਿਨਿਧੀ ਦੀ ਨਿਗਰਾਨੀ ਹੇਠ ਓਪਨ ਟਰਾਇਲ ਕਰਵਾਏਗੀ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ : ਰਜਿਸਟ੍ਰੇਸ਼ਨ ਸ਼ੁਰੂ, ਯਾਤਰਾ 1 ਤੋਂ



ਲੁਧਿਆਣਾ, 28 ਜਨਵਰੀ (ਵਿਸ਼ਾਲ ਸ਼ਰਮਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਦੂਜੇ ਪੜਾਅ ਤਹਿਤ ਤੀਰਥ ਯਾਤਰਾ 1 ਫਰਵਰੀ, 2026 ਤੋਂ ਸ਼ੁਰੂ ਕੀਤੀ ਜਾ ਰਹੀ ਹੈ ਅਤੇ ਯਾਤਰੀ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਰਜਿਸਟ੍ਰੇਸ਼ਨ ਸਬੰਧੀ ਫਾਰਮ ਬੂਥ ਪੱਧਰ ਉੱਤੇ ਭਰਵਾਏ ਜਾਣਗੇ। ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇਗੀ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ। ਇਸ ਲਈ ਰਜਿਸਟ੍ਰੇਸ਼ਨ ਵਾਸਤੇ ਵੋਟਰ ਕਾਰਡ ਲਾਜ਼ਮੀ ਹੋਵੇਗਾ। ਉਹਨਾਂ ਕਿਹਾ ਕਿ ਹਰੇਕ ਰਜਿਸਟਰਡ ਵਿਅਕਤੀਆਂ ਵਿੱਚੋਂ ਹਰੇਕ ਬੂਥ ਤੋਂ ਡਰਾਅ ਰਾਹੀਂ 40 ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਸ਼ਰਧਾਲੂਆਂ ਨੂੰ ਇਸ ਯਾਤਰਾ ਦੌਰਾਨ ਤਿੰਨ ਦਿਨ ਤੇ ਦੋ ਰਾਤਾਂ ਦੀ ਠਹਿਰ ਮੁਹੱਈਆ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੁਧਿਆਣਾ ਦੇ ਸਾਰੇ 14 ਵਿਧਾਨ ਸਭਾ ਹਲਕਿਆਂ ਤੋਂ ਸ਼ਰਧਾਲੂਆਂ ਦੀ ਚੋਣ ਕੀਤੀ ਜਾਵੇਗੀ। ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਰਵਾਈ ਜਾਵੇਗੀ। ਉਹਨਾਂ ਕਿਹਾ ਕਿ ਇਸ ਸਕੀਮ ਅਧੀਨ ਸਾਰੇ ਵਰਗਾਂ,ਧਰਮਾਂ ਵੱਖ-ਵੱਖ ਆਮਦਨ ਗਰੁੱਪਾਂ ਅਤੇ ਖਿੱਤਿਆਂ ਨਾਲ ਸਬੰਧਤ ਲੋਕ ਯਾਤਰਾ ਉੱਤੇ ਜਾ ਰਹੇ ਹਨ। ਸ਼ਰਧਾਲੂਆਂ ਨੂੰ ਏ.ਸੀ. ਬੱਸਾਂ, ਹੋਟਲਾਂ ਦੀ ਠਹਿਰ ਦੇ ਨਾਲ-ਨਾਲ ਖਾਣਾ ਵੀ ਮੁਹੱਈਆ ਕੀਤਾ ਜਾਵੇਗਾ। ਹਰੇਕ ਬੱਸ ਵਿੱਚ ਯਾਤਰੂਆਂ ਦੀ ਮਦਦ ਲਈ ਇਕ ਸਹਾਇਕ ਵੀ ਹੋਵੇਗਾ। ਹਿਮਾਂਸ਼ੂ ਜੈਨ ਨੇ ਕਿ ਇਹ ਸਕੀਮ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਫ਼ਲਸਫ਼ੇ ਦੇ ਅਨੁਸਾਰ ਸ਼ੁਰੂ ਕੀਤੀ ਗਈ ਹੈ ਜਿਨ੍ਹਾਂ ਲੋਕਾਈ ਨੂੰ ਪਿਆਰ,ਭਾਈਚਾਰਕ ਸਾਂਝ ਤੇ ਅਮਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਦੇਸ਼ ਭਰ ਦੇ ਇਨ੍ਹਾਂ ਧਾਰਮਿਕ ਸਥਾਨਾਂ ਦੀ ਯਾਤਰਾ ਨਹੀਂ ਕਰ ਸਕਿਆ। ਉਹਨਾ ਕਿਹਾ ਕਿ ਸਰਕਾਰ ਨੇ ਸ਼ਰਧਾਲੂਆਂ ਨੂੰ ਦੇਸ਼ ਤੇ ਸੂਬੇ ਦੀਆਂ ਵੱਖ-ਵੱਖ ਪਵਿੱਤਰ ਥਾਵਾਂ ਦੀ ਯਾਤਰਾ ਕਰਨ ਦੀ ਸਹੂਲਤ ਦੇਣ ਲਈ ਇਹ ਸਕੀਮ ਸ਼ੁਰੂ ਕੀਤੀ ਹੈ ਜਿਸ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

## ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਵੱਡਾ ਅਸਰ : ਅਜਿੰਦਰ ਪਾਲ ਕੌਰ



ਲੁਧਿਆਣਾ, 28 ਜਨਵਰੀ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ ਵੱਲੋਂ ਲਿਆਂਦੀ ਗਈ ਨਵੀਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤੋਂ ਪ੍ਰਭਾਵਿਤ ਹੋ ਕੇ ਹਲਕਾ ਆਤਮ ਨਗਰ ਵਿੱਚ ਲਗਾਤਾਰ 2 ਦਿਨ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਸਿਲਸਿਲਾ ਜਾਰੀ ਰਿਹਾ। ਕੱਲ੍ਹ ਵਾਰਡ ਨੰ. 42 ਵਿੱਚ ਅਤੇ ਅੱਜ ਵਾਰਡ ਨੰ. 47 ਵਿੱਚ ਮਾਲਵਾ ਸੈਂਟਰਲ ਜ਼ੋਨ ਇੰਚਾਰਜ ਅਜਿੰਦਰ ਪਾਲ ਕੌਰ ਜੀ, ਜ਼ਿਲ੍ਹਾ ਇੰਚਾਰਜ ਮਹਿਲਾ ਵਿੰਗ ਮਨੀਸ਼ਾ ਕਪੂਰ ਜੀ, ਹਲਕੇ ਦੇ ਕੋਆਰਡੀਨੇਟਰ ਸੁਖਪ੍ਰੀਤ ਕੌਰ ਜੀ ਅਤੇ ਬਲਾਕ ਇੰਚਾਰਜ ਡਿੰਪਲ ਵਾਸਨ ਜੀ ਦੀ ਮੌਜੂਦਗੀ ਵਿੱਚ ਬਹੁਤ ਸਾਰੀਆਂ ਮਹਿਲਾਵਾਂ ਨੇ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਫੈਸਲਾ ਕੀਤਾ। ਇਸ ਮੌਕੇ ਵਾਰਡ ਨੰ. 47 ਵਿੱਚ ਨਵੇ ਵਾਰਡ ਸਕੱਤਰ ਪ੍ਰਿਆ ਪਾਸੀ ਜੀ ਦੀ ਵੀ ਨਿਯੁਕਤੀ ਕੀਤੀ ਗਈ ਅਤੇ ਉਹਨਾਂ ਨਾਲ ਹੋਰ ਕਈ ਮਹਿਲਾਵਾਂ ਨੇ ਵੀ ਪਾਰਟੀ ਦਾ ਪੱਲਾ ਫੜਿਆ। ਇਹ ਪਰਿਵਾਰ ਕਈ ਸਾਲਾਂ ਤੋਂ ਕਾਂਗਰਸ ਨਾਲ ਜੁੜੇ ਹੋਏ ਸਨ, ਪਰ ਹਲਕਾ ਆਤਮ ਨਗਰ ਦੇ ਵਿਧਾਇਕ ਮੇਰੇ ਵੱਡੇ ਵੀਰ ਸਰਦਾਰ ਕੁਲਵੰਤ ਸਿੰਘ ਸਿੱਧੂ ਜੀ ਦੀ ਅਗਵਾਈ ਹੇਠ ਪਾਰਟੀ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਕੰਮਾਂ ਨੇ ਲੋਕਾਂ ਦੀ ਸੋਚ ਨੂੰ ਬਦਲ ਕੇ ਰੱਖ ਦਿੱਤਾ ਹੈ।

## ਥਾਣਾ ਸੁਧਾਰ ਦੀ ਪੁਲਿਸ ਵੱਲੋਂ ਚਾਈਨਾ ਡੋਰ ਵੇਚਦਾ ਵਿਅਕਤੀ ਕਾਬੂ



ਜਗਰਾਓਂ/ਦਾਖਾ, 28 ਜਨਵਰੀ (ਦਵਿੰਦਰ ਜੈਨ) : ਮਾਨਯੋਗ ਪੰਜਾਬ ਸਰਕਾਰ ਵੱਲੋਂ ਚਾਈਨਾ ਡੋਰ ਨੂੰ ਵੇਚਣ ਤੇ ਵਰਤਣ ਪਰ ਪੂਰਨ ਤੌਰ ਪਰ ਪਾਬੰਦੀ ਲਗਾਈ ਹੋਈ ਹੈ, ਜਿਸ ਸਬੰਧੀ ਸ੍ਰੀ ਅੰਕੁਰ ਗੁਪਤਾ ਆਈ.ਪੀ.ਐਸ, ਐਸ.ਐਸ.ਪੀ ਲੁਧਿਆਣਾ (ਦਿਹਾਤੀ) ਅਤੇ ਸ੍ਰੀ ਰਾਜਨ ਸ਼ਰਮਾ ਐਸ.ਪੀ (ਡੀ) ਲੁਧਿਆਣਾ (ਦਿਹਾਤੀ) ਦੇ ਦਿਸ਼ਾ ਨਿਰਦੇਸ਼ਾਂ ਹੇਠ ਵਰਿੰਦਰ ਸਿੰਘ ਖੋਸਾ (ਪੀ.ਪੀ.ਐਸ) ਉਪ ਕਪਤਾਨ ਸਬ ਡਵੀਜਨ ਦਾਖਾ ਦੀ ਸੁਪਰਵੀਜ਼ਨ ਹੇਠ ਇੰਸ: ਗੁਰਦੀਪ ਸਿੰਘ, ਮੁੱਖ ਅਫਸਰ, ਥਾਣਾ ਸੁਧਾਰ ਅਤੇ ਥਾਣਾ ਸੁਧਾਰ ਦੀ ਪੁਲਿਸ ਪਾਰਟੀ ਵੱਲੋਂ ਅੱਜ ਸੁਧਾਰ ਬਜ਼ਾਰ ਵਿੱਚ ਸੁਰਿੰਦਰ ਕੁਮਾਰ ਉਰਫ ਸੁੰਦਰ ਪੁੱਤਰ ਮੁਕੰਦ ਲਾਲ ਵਾਸੀ ਸੁਧਾਰ ਬਜ਼ਾਰ, ਥਾਣਾ ਸੁਧਾਰ ਦੀ ਦੁਕਾਨ ਵਿੱਚੋਂ ਉਸਨੂੰ ਚਾਇਨਾ/ਖਤਰਨਾਕ ਡੋਰ ਵੇਚਦਾ ਰੰਗੇ ਹੱਥੀ ਕਾਬੂ ਕੀਤਾ ਗਿਆ। ਜਿਸ ਪਾਸੋਂ ਚਾਈਨਾ/ਖਤਰਨਾਕ ਡੋਰ ਦੇ 60 ਗੱਟੂ ਬ੍ਰਾਮਦ ਹੋਣ ਤੇ ਥਾਣਾ ਸੁਧਾਰ ਵਿਖੇ ਮੁਕੱਦਮਾ ਨੰਬਰ 11 ਮਿਤੀ 26.01.2026 ਅ/ਧ 223,125 ਬੀ.ਐਨ.ਐਸ ਤਹਿਤ ਦਰਜ ਕੀਤਾ ਗਿਆ ਹੈ। ਇਸਤੋਂ ਇਲਾਵਾ ਅੱਜ ਡੀ.ਐਸ.ਪੀ ਖੋਸਾ ਵੱਲੋਂ ਸਮੇਤ ਐਸ.ਆਈ ਹਮਰਾਜ ਸਿੰਘ, ਐਸ.ਐਚ.ਓ, ਥਾਣਾ ਦਾਖਾ ਦੀ ਪੁਲਿਸ ਪਾਰਟੀ ਨਾਲ ਮੰਡੀ ਮੁੱਲਾਂਪੁਰ ਦੀਆਂ ਛੱਤਾਂ ਪਰ ਜਾ ਕੇ ਪਤੰਗਬਾਜਾਂ ਦੀ ਚੈਕਿੰਗ ਕੀਤੀ ਅਤੇ ਡਰੋਨ ਰਾਹੀ ਵੀ ਨਿਗਰਾਨੀ ਰੱਖੀ ਗਈ।ਪਤੰਗਬਾਜ਼ੀ ਕਰਦੇ ਬੱਚਿਆਂ, ਨੌਜਵਾਨਾਂ ਅਤੇ ਸ਼ਹਿਰ ਵਸਨੀਕਾਂ ਨੂੰ ਚਾਈਨਾ ਡੋਰ ਦੇ ਬੁਰੇ ਪ੍ਰਭਾਵ ਦੱਸਦੇ ਹੋਏ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ। ਡੀ.ਐਸ.ਪੀ ਖੋਸਾ ਵੱਲੋਂ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ ਗਈ ਕਿ ਉਹ ਆਪਣਾ ਇਹ ਗੋਰਖਧੰਦਾ ਬੰਦ ਕਰ ਲੈਣ ਨਹੀ ਤਾਂ ਕਾਨੂੰਨੀ ਕਾਰਵਾਈ ਭੁਗਤਣ ਲਈ ਤਿਆਰ ਰਹਿਣ। ਚਾਈਨਾ ਡੋਰ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀ ਜਾਵੇਗਾ ਅਤੇ ਜੇਕਰ ਕੋਈ ਵੀ ਚਾਈਨਾ ਡੋਰ ਦੀ ਵਰਤੋਂ ਕਰਦਾ ਫੜ੍ਹਿਆ ਗਿਆ ਤਾਂ ਉਸ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਿਨ੍ਹਾ ਦਾ ਬੱਚਾ ਚਾਈਨਾ ਡੋਰ ਨਾਲ ਪਤੰਗਬਾਜ਼ੀ ਕਰਦਾ ਫੜ੍ਹਿਆ ਗਿਆ ਤਾਂ ਬੱਚੇ ਦੇ ਨਾਲ-2 ਉਸਦੇ ਮਾਪਿਆਂ ਖਿਲ਼ਾਫ ਵੀ ਕਾਰਵਾਈ ਕੀਤੀ ਜਾਵੇਗੀ। ਡੀ.ਐਸ.ਪੀ ਖੋਸਾ ਵੱਲੋਂ ਦੱਸਿਆ ਗਿਆ ਕਿ ਚਾਈਨਾ ਡੋਰ ਨਾਲ ਇਨਸਾਨੀ ਜਾਨ ਨੂੰ ਤਾਂ ਖਤਰਾ ਹੁੰਦਾ ਹੀ ਹੈ ਪ੍ਰੰਤੂ ਇਹ ਚਾਈਨਾ ਡੋਰ ਪੰਛੀਆਂ ਲਈ ਵੀ ਬਹੁਤ ਖਤਰਨਾਕ ਹੈ। ਡੀ.ਐਸ.ਪੀ ਖੋਸਾ ਵੱਲੋਂ ਸਬ-ਡਵੀਜ਼ਨ ਦਾਖਾ ਅਧੀਨ ਆਂਉਦੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਹਨਾਂ ਦੇ ਏਰੀਆ ਵਿੱਚ ਕੋਈ ਚਾਈਨਾ ਡੋਰ ਵੇਚਦਾ ਹੈ ਤਾਂ ਉਹ ਉਸਦੀ ਸੂਚਨਾ ਪੁਲਿਸ ਪਾਸ ਦੇਣ ਅਤੇ ਸੂਚਨਾ ਦੇਣ ਵਾਲੇ ਦਾ ਨਾਮ, ਪਤਾ ਗੁਪਤ ਰੱਖਿਆ ਜਾਵੇਗਾ।

## 17 ਕਿੱਲੋਮੀਟਰ ਨਹਿਰੀ ਖਾਲਿਆਂ ਨੂੰ ਪੱਕਾ ਕਰਨ ਦਾ ਵਿਧਾਇਕ ਮਾਣੂਕੇ ਵੱਲੋਂ ਉਦਘਾਟਨ



ਜਗਰਾਓਂ, 28 ਜਨਵਰੀ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਹਲਕਾ ਜਗਰਾਉਂ ਦੇ ਕਿਸਾਨਾਂ ਲਈ ਇੱਕ ਬਹੁਤ ਹੀ ਖੁਸ਼ੀ ਵਾਲੀ ਖਬਰ ਸਾਂਝੀ ਕਰਦਿਆਂ, ਹਲਕਾ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਵੱਲੋਂ ਪਿੰਡ ਅਖਾੜਾ ਵਿਖੇ ਖਾਲਾਂ ਦੀ ਕਾਇਆ-ਕਲਪ ਕਰਨ ਦਾ ਕੰਮ ਜੰਗੀ ਪੱਧਰ ਤੇ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਨਾਲ ਪਿਛਲੇ ਲੰਬੇ ਸਮੇਂ ਤੋਂ ਨਹਿਰੀ ਪਾਣੀ ਤੋਂ ਵਾਂਝੇ ਰਕਬੇ ਨੂੰ ਮੁੜ ਸਿੰਚਾਈ ਹੇਠ ਲਿਆਂਦਾ ਜਾਵੇਗਾ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਨੇ ਦੱਸਿਆ ਕਿ ਮੋਘਾ ਬੁਰਜੀ ਨੰ. 3110/ਖੱਬਾ ਅਤੇ 9370/ਖੱਬਾ ਆਫ ਅਖਾੜਾ ਡਿਸਟੀ (ਪਿੰਡ ਅਖਾੜਾ) ਵਿਖੇ ਖਾਲ ਬਣਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਾਲਾਂ ਨੂੰ ਪੱਕਾ ਕਰਨ ਲਈ ਸਰਕਾਰ ਵੱਲੋਂ ਲਗਭਗ 345.0 ਲੱਖ ਰੁਪਏ (3.45 ਕਰੋੜ) ਦੀ ਰਾਸ਼ੀ ਖਰਚ ਕੀਤੀ ਜਾਵੇਗੀ ਅਤੇ ਇਨ੍ਹਾਂ ਖਾਲਾਂ ਦੀ ਕੁੱਲ ਲੰਬਾਈ 17.0 ਕਿਲੋਮੀਟਰ ਹੋਵੇਗੀ।

25-30 ਸਾਲਾਂ ਤੋਂ ਪਾਣੀ ਨੂੰ ਤਰਸ ਰਹੇ ਸਨ ਖੇਤ ਮੌਜੂਦਾ ਸਥਿਤੀ ਬਾਰੇ ਚਿੰਤਾ ਜ਼ਾਹਰ ਕਰਦਿਆਂ ਵਿਧਾਇਕਾ ਨੇ ਦੱਸਿਆ ਕਿ ਖਾਲਾਂ ਦੀ ਹਾਲਤ ਬਹੁਤ ਹੀ ਖਸਤਾ ਹੋਣ ਕਾਰਨ, ਇਸ ਮੋਘੇ ਦੇ ਕੁੱਲ 1192 ਏਕੜ ਸਿੰਚਾਈ ਯੋਗ ਰਕਬੇ ਵਿੱਚੋਂ ਸਿਰਫ 20-25 ਪ੍ਰਤੀਸ਼ਤ ਰਕਬੇ ਨੂੰ ਹੀ ਪਾਣੀ ਮਿਲ ਰਿਹਾ ਸੀ। ਬਾਕੀ ਦਾ ਵੱਡਾ ਹਿੱਸਾ ਪਿਛਲੇ 25-30 ਸਾਲਾਂ ਤੋਂ ਨਹਿਰੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਰਿਹਾ ਸੀ, ਜਿਸ ਕਾਰਨ ਕਿਸਾਨਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਮਿਲਣ ਨਾਲ ਜਿੱਥੇ ਫਸਲਾਂ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ ਅਤੇ ਕਿਸਾਨਾਂ ਦੀ ਆਮਦਨ ਵਧੇਗੀ, ਉੱਥੇ ਹੀ ਇਹ ਕਦਮ ਵਾਤਾਵਰਣ ਪੱਖੋਂ ਵੀ ਲਾਹੇਵੰਦ ਸਾਬਤ ਹੋਵੇਗਾ।

## ਟ੍ਰੈਫਿਕ ਵਿਵਸਥਾ ਦੇ ਬੁਰੇ ਹਾਲ : ਸੋਖੀ



ਲੁਧਿਆਣਾ 28 ਜਨਵਰੀ (ਰਵਿੰਦਰ ਸਿੰਘ ਨਿੱਝਰ): ਸ਼ਹਿਰ ਭਰ ਦੇ ਸਮੇਤ ਖਾਸਕਰ ਹਲਕਾ ਆਤਮ ਨਗਰ ਅਧੀਨ ਗਿੱਲ ਰੋਡ ਦੇ ਉੱਪਰ ਟਰੈਫਿਕ ਵਿਵਸਥਾ ਦੇ ਬੁਰੇ ਹਾਲ ਲੋਕਾਂ ਲਈ ਵੱਡੀ ਮੁਸ਼ਕਲ ਬਣ ਗਏ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਅਤੇ ਹਲਕਾ ਆਤਮ ਨਗਰ ਦੇ ਇੰਚਾਰਜ ਜਗਬੀਰ ਸਿੰਘ ਸੋਖੀ ਨੇ ਦਿਨੋ ਦਿਨ ਵੱਧ ਰਹੀ ਟਰੈਫਿਕ ਸਮੱਸਿਆ ਦੇ ਉੱਪਰ ਚਿੰਤਾ ਜਾਹਰ ਕਰਦਿਆਂ ਕੀਤਾ। ਉਨਾਂ ਕਿਹਾ ਕਿ ਹਰ ਰੋਜ਼ ਸੜਕਾਂ 'ਤੇ ਲੱਗਣ ਵਾਲੇ ਲੰਮੇ ਜਾਮਾਂ ਕਾਰਨ ਦਫ਼ਤਰ ਜਾਣ ਵਾਲੇ ਕਰਮਚਾਰੀ, ਵਿਦਿਆਰਥੀ ਅਤੇ ਐਮਰਜੈਂਸੀ ਸੇਵਾਵਾਂ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੀਆਂ ਹਨ। ਟਰੈਫਿਕ ਪੁਲਿਸ ਦੀ ਘਾਟ, ਗਲਤ ਪਾਰਕਿੰਗ ਅਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਇਸ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾ ਰਹੀ ਹੈ। ਓਨ੍ਹਾਂ ਕਿਹਾ ਕਿ ਗਿੱਲ ਰੋਡ ਨਹਿਰ ਚੌਂਕ, ਅਰੋੜਾ ਪੈਲਸ ਚੌਂਕ ਸਮੇਤ ਪੂਰੇ ਗਿੱਲ ਰੋਡ ਦੇ ਉੱਪਰ ਇੰਨੇ ਜਿਆਦਾ ਤੇ ਵੱਡੇ ਜਾਮ ਲੱਗਦੇ ਹਨ ਕਿ ਰਾਹਗੀਰਾਂ ਨੂੰ ਘੰਟਿਆਂ ਬੱਧੀ ਪਰੇਸ਼ਾਨ ਹੋਣਾ ਹੀ ਪੈਂਦਾ ਹੈ ਬਲਕਿ ਨਤੀਜੇ ਵਜੋਂ ਹਾਦਸਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੋ ਰਿਹਾ ਹੈ। ਉਨਾਂ ਕਿਹਾ ਕਿ ਇਨਾ ਹੀ ਨਹੀਂ ਵੱਡੇ ਜਾਮ ਲੱਗਣ ਦੇ ਨਾਲ ਜਿੱਥੇ ਤੇਲ, ਪੈਟਰੋਲ ਦੀ ਬਰਬਾਦੀ ਹੁੰਦੀ ਹੈ ਉੱਥੇ ਹੀ ਪ੍ਰਦੂਸ਼ਣ ਵੀ ਵਧਦਾ ਹੈ। ਜਗਬੀਰ ਸਿੰਘ ਸੋਖੀ ਨੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਟਰੈਫਿਕ ਪ੍ਰਬੰਧਾਂ ਨੂੰ ਸੁਧਾਰਿਆ ਜਾਵੇ, ਟਰੈਫਿਕ ਪੁਲਿਸ ਦੀ ਤਾਇਨਾਤੀ ਵਧਾਈ ਜਾਵੇ ਅਤੇ ਗਲਤ ਪਾਰਕਿੰਗ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਕਿਉਂਕਿ ਜੇਕਰ ਸਮੇਂ ਸਿਰ ਠੋਸ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਟਰੈਫਿਕ ਸਮੱਸਿਆ ਸ਼ਹਿਰ ਲਈ ਵੱਡਾ ਸੰਕਟ ਬਣ ਸਕਦੀ ਹੈ।

## ਦੰਦਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ



ਲੁਧਿਆਣਾ, 28 ਜਨਵਰੀ ( ਰਵਿੰਦਰ ਸਿੰਘ ਨਿੱਝਰ) : ਗੁਰੂ ਗੋਬਿੰਦ ਸਿੰਘ ਜੀ ਚੈਰੀਟੇਬਲ ਹਸਪਤਾਲ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਦੇ ਨਿੱਘੇ ਸਹਿਯੋਗ ਨਾਲ ਲਗਾਏ ਗਏ ਦੰਦਾਂ ਦੀ ਜਾਂਚ ਕੈਂਪ ਦਾ ਉਦਘਾਟਨ ਕਰਨ ਲਈ ਪੁੱਜੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਪ੍ਰਧਾਨ .ਇੰਦਰਜੀਤ ਸਿੰਘ ਮੱਕੜ ਕਿਹਾ ਕਿ ਦੰਦਾਂ ਦੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ਾਂ ਦਾ ਫਰੀ ਚੈਕਅੱਪ ਕਰਕੇ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਦਵਾਈਆਂ ਉਪਲੱਬਧ ਕਰਵਾਉਣ ਵਾਲੀ ਸੰਸਥਾ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਦਾ ਉਪਰਾਲਾ ਸਮੁੱਚੇ ਸਮਾਜ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਹਸਪਤਾਲ ਦੇ ਇੰਚਾਰਜ ਤੇ ਕੈਂਪ ਦੇ ਮੁੱਖ ਪ੍ਰਬੰਧਕ ਡਾ ਵੀਰ ਸਿੰਘ ਅਤੇ ਐਸੋ: ਦੇ ਡਾਕਟਰਾਂ ਡਾ ਜਸਪਾਲ ਸਿੰਘ, ਯਸੀਕਾ ਪੁਰੀ, ਡਾ ਦੀਪਕਾ ਗੁਪਤਾ, ਡਾ ਕੀਸਕੀਨਦਾ ਦੱਤਾ, ਡਾ ਵੀਪੁਲ ਜੈਨ, ਗਗਨ ਬਜਾਜ, ਮਨੀਸ਼ ਬਜਾਜ ਆਦਿ ਦੀ ਸ਼ਲਾਘਾ ਕੀਤੀ ਅਤੇ ਡਾਕਟਰਾਂ ਨੂੰ ਸਨਮਾਨਿਤ ਵੀ ਕੀਤਾ ਡਾ ਬੀਰ ਸਿੰਘ ਨੇ ਦੱਸਿਆ ਕਿ ਕੈਂਪ ਅੰਦਰ ਲਗਭਗ 120 ਦੇ ਕਰੀਬ ਮਰੀਜ ਪੁੱਜੇ ਜਿੰਨ੍ਹਾਂ ਦੇ ਦੰਦਾਂ ਦੀ ਜਾਂਚ ਕਰਕੇ ਉਨਾਂ ਨੂੰ ਦਵਾਈਆਂ ਵੀ ਦਿੱਤੀਆਂ। ਇਸ ਸਮੇ ਸੁਖਵਿੰਦਰ ਸਿੰਘ ਹੈਪੀ ਕੋਚਰ, ਜਸਵਿੰਦਰ ਸਿੰਘ, ਸੋਨੂੰ ਢੀਂਗਰਾ, ਪਰਮਜੀਤ ਸਿੰਘ ਸੇਠੀ, ਰਘਬੀਰ ਸਿੰਘ, ਮਨਦੀਪ ਸਿੰਘ ਪਾਹਵਾ ਅਤੇ ਫੁੰਮਣ ਸਿੰਘ ਆਦਿ ਵੀ ਮੌਜੂਦ ਸਨ।

## ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਜੱਪਤੱਪ ਚੁਪਹਿਰਾ ਸਮਾਗਮ

ਲੁਧਿਆਣਾ 28 ਜਨਵਰੀ (ਰਵਿੰਦਰ ਸਿੰਘ ਨਿੱਝਰ) : ਸਿੱਖ ਸ਼ਹੀਦਾਂ ਦੀ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਪਾਵਨ ਅਵਸਰ 'ਤੇ ਆਰੰਭ ਹੋਏ ਜੱਪਤੱਪ ਚੁਪਹਿਰਾ ਸਮਾਗਮ ਦੌਰਾਨ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ। ਸੰਗਤਾਂ ਦਾ ਉਤਸ਼ਾਹ, ਸ਼ਰਧਾ ਅਤੇ ਭਗਤੀਮਈ ਮਾਹੌਲ ਆਪ ਹੀ ਸਭ ਕੁਝ ਬਿਆਨ ਕਰ ਰਿਹਾ ਸੀ। ਦੁਪਹਿਰ 12 ਵਜੇ ਆਰੰਭ ਹੋਏ ਇਸ ਜੱਪਤੱਪ ਚੌਪਹਿਰਾ ਸਮਾਗਮ ਦੌਰਾਨ ਸ੍ਰੀ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਨਾਲ-ਨਾਲ ਗੁਰਬਾਣੀ ਕੀਰਤਨ ਦੀ ਸੁਹਾਵਣੀ ਸੇਵਾ ਨਿਭਾਈ ਗਈ, ਜਿਸ ਨਾਲ ਗੁਰਦੁਆਰਾ ਸਾਹਿਬ ਦਾ ਸਮੂਹ ਮਾਹੌਲ ਨਾਮ-ਸਿਮਰਨ ਨਾਲ ਰੰਗਿਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਅੱਜ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ, ਸਤਿਕਾਰ ਅਤੇ ਭਾਵਨਾ ਨਾਲ ਮਨਾਇਆ ਗਿਆ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕ੍ਰਿਪਾ ਸਦਕਾ ਅਤੇ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਕਰਦਿਆਂ 'ਜੱਪਤੱਪ ਚੌਪਹਿਰਾ' ਸਮਾਗਮ ਦੀ ਨਿਰੰਤਰ ਆਰੰਭਤਾ ਕੀਤੀ ਗਈ ਹੈ। ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਡੰਗ, ਪਰਮਜੀਤ ਸਿੰਘ ਲਾਇਲਪੁਰੀ, ਤਰਲੋਚਨ ਸਿੰਘ ਬੱਬਰ, ਬਲਜੀਤ ਸਿੰਘ ਦੁਖੀਆ, ਇੰਦਰਜੀਤ ਸਿੰਘ ਮੱਕੜ, ਅਰਜਨ ਸਿੰਘ ਚੀਮਾ, ਸਵਰਨ ਸਿੰਘ ਮਹੌਲੀ, ਮੋਹਣ ਸਿੰਘ ਚੌਹਾਨ, ਇੰਦਰਜੀਤ ਸਿੰਘ ਗੋਲਾ ਅਤੇ ਸੁਰਿੰਦਰਜੀਤ ਸਿੰਘ ਮੱਕੜ ਵੀ ਗੁਰੂ ਘਰ ਨਤਮਸਤਕ ਹੋਏ।

## ਗੁ: ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਅੱਜ

ਲੁਧਿਆਣਾ( ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਚੌਪਹਿਰਾ ਸਮਾਗਮ 29 ਜਨਵਰੀ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ ਨੇ ਦੱਸਿਆ ਕਿ ਇਹ ਚੌਪਹਿਰਾ ਸਮਾਗਮ ਹਰ ਹਫਤੇ ਬਾਅਦ ਦੁਪਹਿਰ 1 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੁੰਦਾ ਹੈ।

## ਸੀ.ਟੀ. ਯੂਨੀਵਰਸਿਟੀ ਦੇ ਪਹਿਲਵਾਨ ਨਵਨੀਤ ਦੀ ਖੇਲੋ ਇੰਡੀਆ ਲਈ ਚੋਣ




ਲੁਧਿਆਣਾ, 28 ਜਨਵਰੀ (ਜਤਿੰਦਰਪਾਲ ਸਿੰਘ ਛਾਬੜਾ) : ਸੀ ਟੀ ਯੂਨੀਵਰਸਿਟੀ (CTU) ਨੇ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਹੋਈ ਆਲ ਇੰਡੀਆ ਇੰਟਰ-ਯੂਨੀਵਰਸਿਟੀ ਪੁਰਸ਼ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਬਿਹਤਰੀਨ ਪ੍ਰਦਰਸ਼ਨ ਕਰਕੇ ਆਪਣੀ ਖਾਸ ਪਹਿਚਾਣ ਬਣਾਈ। ਇਸ ਵੱਡੀ ਮੁਕਾਬਲੇ ਵਿੱਚ ਦੇਸ਼ ਭਰ ਦੀਆਂ 227 ਯੂਨੀਵਰਸਿਟੀਆਂ ਦੇ 2,338 ਪਹਿਲਵਾਨਾਂ ਨੇ ਭਾਗ ਲਿਆ, ਜੋ ਇਸਨੂੰ ਭਾਰਤ ਦੀ ਸਭ ਤੋਂ ਵੱਡੀਆਂ ਅੰਤਰ-ਯੂਨੀਵਰਸਿਟੀ ਕੁਸ਼ਤੀ ਮੁਕਾਬਲਿਆਂ ਵਿੱਚੋਂ ਇੱਕ ਬਣਾਉਂਦਾ ਹੈ।

ਇਸ ਚੈਂਪੀਅਨਸ਼ਿਪ ਦੌਰਾਨ ਖਿਡਾਰੀਆਂ ਨੇ ਉੱਚ ਪੱਧਰੀ ਮੁਕਾਬਲਾ, ਅਨੁਸ਼ਾਸਨ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਮੁਕਾਬਲਾ ਨੌਜਵਾਨ ਕੁਸ਼ਤੀ ਪ੍ਰਤਿਭਾਵਾਂ ਨੂੰ ਰਾਸ਼ਟਰੀ ਪੱਧਰ 'ਤੇ ਅੱਗੇ ਲਿਆਂਦਿਆਂ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋਇਆ।

ਸੀ ਟੀ ਯੂਨੀਵਰਸਿਟੀ ਲਈ ਇਹ ਬਹੁਤ ਮਾਣ ਵਾਲਾ ਪਲ ਸੀ, ਜਦੋਂ ਯੂਨੀਵਰਸਿਟੀ ਦੇ ਪਹਿਲਵਾਨ ਨਵਨੀਤ ਨੇ ਗ੍ਰੀਕੋ-ਰੋਮਨ ਸ਼ੈਲੀ ਦੇ 87 ਕਿਲੋਗ੍ਰਾਮ ਭਾਰ ਵਰਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖੇਲੋ ਇੰਡੀਆ ਗੇਮਜ਼ ਲਈ ਕਵਾਲੀਫਾਈ ਕੀਤਾ। ਇਹ ਸਫਲਤਾ ਸੀ ਟੀ ਯੂਨੀਵਰਸਿਟੀ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਉੱਚ ਦਰਜੇ ਦੀ ਟ੍ਰੇਨਿੰਗ ਦੇਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਸ ਮੌਕੇ 'ਤੇ ਪ੍ਰੋ-ਚਾਂਸਲਰ ਡਾ. ਮਨਬੀਰ ਸਿੰਘ ਨੇ ਨਵਨੀਤ ਨੂੰ ਵਧਾਈ ਦਿੰਦਿਆਂ ਕਿਹਾ 'ਇਹ ਉਪਲਬਧੀ ਦੱਸਦੀ ਹੈ ਕਿ ਸੀ ਟੀ ਯੂਨੀਵਰਸਿਟੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਵੀ ਬਰਾਬਰ ਮਹੱਤਵ ਦਿੰਦੀ ਹੈ। ਨਵਨੀਤ ਦੀ ਖੇਲੋ ਇੰਡੀਆ ਲਈ ਚੋਣ ਸਾਰੇ ਸੀ ਟੀ ਯੂ ਪਰਿਵਾਰ ਲਈ ਮਾਣ ਦੀ ਗੱਲ ਹੈ।'

ਹੈੱਡ ਆਫ ਸਪੋਰਟਸ ਸ਼੍ਰੀ ਗੁਰਦੀਪ ਸਿੰਘ ਨੇ ਵੀ ਨਵਨੀਤ ਦੀ ਮਿਹਨਤ ਅਤੇ ਸਮਰਪਣ ਦੀ ਸਾਰਾਹਨਾ ਕਰਦਿਆਂ ਕਿਹਾ, 'ਨਵਨੀਤ ਦੀ ਸਫਲਤਾ ਉਸਦੀ ਲਗਾਤਾਰ ਮਿਹਨਤ, ਮਾਨਸਿਕ ਮਜ਼ਬੂਤੀ ਅਤੇ ਯੂਨੀਵਰਸਿਟੀ ਵੱਲੋਂ ਮਿਲੇ ਸਹਿਯੋਗ ਦਾ ਨਤੀਜਾ ਹੈ। ਹਜ਼ਾਰਾਂ ਪਹਿਲਵਾਨਾਂ ਵਿਚਕਾਰ ਮੁਕਾਬਲਾ ਕਰਕੇ ਖੇਲੋ ਇੰਡੀਆ ਲਈ ਚੁਣਿਆ ਜਾਣਾ ਵੱਡੀ ਉਪਲਬਧੀ ਹੈ।'

ਸੀ ਟੀ ਯੂਨੀਵਰਸਿਟੀ ਆਧੁਨਿਕ ਖੇਡ ਸੁਵਿਧਾਵਾਂ, ਤਜਰਬੇਕਾਰ ਕੋਚਿੰਗ ਅਤੇ ਵੱਖ-ਵੱਖ ਮੁਕਾਬਲਿਆਂ ਰਾਹੀਂ ਆਪਣੇ ਖੇਡ ਪਰਿਵੇਸ਼ ਨੂੰ ਮਜ਼ਬੂਤ ਕਰ ਰਹੀ ਹੈ, ਤਾਂ ਜੋ ਵਿਦਿਆਰਥੀਆਂ ਦਾ ਸਮੂਹਿਕ ਵਿਕਾਸ ਅਤੇ ਖੇਡਾਂ ਵਿੱਚ ਉੱਤਮਤਾ ਯਕੀਨੀ ਬਣਾਈ ਜਾ ਸਕੇ।

## ਲਾਲਾ ਲਾਜਪਤ ਰਾਏ ਦਾ ਜੀਵਨ ਸੱਚਾਈ, ਸੰਘਰਸ਼ ਅਤੇ ਸੁਤੰਤਰਤਾ ਲਈ ਪਾਠ ਪੜ੍ਹਾਉਂਦੈ : ਬਾਵਾ

ਲੁਧਿਆਣਾ, 28 ਜਨਵਰੀ (ਰਵਿੰਦਰ ਸਿੰਘ ਨਿੱਝਰ) : ਮਹਾਨ ਦੇਸ਼ ਭਗਤ ਸੁਤੰਤਰਤਾ, ਸੰਗਰਾਮੀ ਲਾਲਾ ਲਾਜਪਤ ਰਾਏ ਦਾ ਜੀਵਨ ਸੱਚਾਈ, ਸੰਘਰਸ਼ ਅਤੇ ਸੁਤੰਤਰਤਾ ਲਈ ਪਾਠ ਪੜ੍ਹਾਉਂਦਾ ਹੈ। ਇਹ ਸ਼ਬਦ ਦੇਸ਼ ਭਗਤ ਯਾਦਗਾਰੀ ਸੁਸਾਇਟੀ ਪੰਜਾਬ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਜਨਰਲ ਸਕੱਤਰ ਬਲਦੇਵ ਬਾਵਾ ਨੇ ਉਹਨਾਂ ਦੇ 161ਵੇਂ ਜਨਮ ਜਨਮ ਦਿਨ 'ਤੇ ਆਖੇ।

ਇਸ ਸਮੇਂ ਉਹਨਾਂ ਕਿਹਾ ਕਿ 30 ਜਨਵਰੀ 1948 ਨੂੰ ਮਹਾਤਮਾ ਗਾਂਧੀ ਜੀ ਦਾ ਬਲਦਾਨ ਦਿਵਸ ਹਲਕਾ ਦਾਖਾ ਵਿੱਚ ਕੈਪਟਨ ਸੰਦੀਪ ਸੰਧੂ ਹਲਕਾ ਇੰਚਾਰਜ ਦੀ ਅਗਵਾਈ ਹੇਠ ਸੂਬਾ ਪੱਧਰੀ ਸਮਾਗਮ ਕਰਕੇ ਮਨਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮਨਰੇਗਾ ਭਾਰਤ ਸਰਕਾਰ ਦੀ ਕਿਰਤੀਆਂ ਪ੍ਰਤੀ ਸਕੀਮ ਜੋ ਮਹਾਤਮਾ ਗਾਂਧੀ ਜੀ ਦੀਆਂ ਕਿਰਤੀਆਂ ਮਜ਼ਦੂਰਾਂ ਪ੍ਰਤੀ ਸੱਚੀ ਭਾਵਨਾ ਦੀ ਪ੍ਰਤੀਕ ਸੀ ਜੋ ਹਰ ਇੱਕ ਨੂੰ ਪੇਟ ਭਰ ਕੇ ਰੋਟੀ ਖਾਣ ਦਾ ਮੌਕਾ ਦਿੰਦੀ ਹੈ ਪਰ ਭਾਜਪਾ ਦੀ ਸਰਕਾਰ ਨੇ ਇਸ ਸਕੀਮ ਨੂੰ ਟੇਢੇ ਢੰਗ ਨਾਲ ਖਤਮ ਕਰਨ ਦੀ ਯੋਜਨਾ ਬਣਾ ਕੇ ਭਾਰਤ ਦੇ ਕਰੋੜਾਂ ਕਿਰਤੀਆਂ ਦੇ ਢਿੱਡ ਤੇ ਲੱਤ ਮਾਰੀ ਹੈ ਜੋ ਗਰੀਬ ਵਰਗ ਦੇ ਲੋਕਾਂ ਪ੍ਰਤੀ ਧੱਕਾ ਹੀ ਨਹੀਂ ਬਲਕਿ ਪਾਪ ਹੈ। ਜਿਸ ਲਈ ਭਾਜਪਾ ਨੂੰ ਇਸ ਪਾਪ ਲਈ ਸਜ਼ਾ ਜਰੂਰ ਮਿਲੇਗੀ। ਇਸ ਸਮੇਂ ਗੁਰਨਾਮ ਸਿੰਘ ਕਲੇਰ ਵੀ ਮੌਜੂਦ ਸਨ ।

## ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਸਬੰਧੀ ਨਗਰ ਕੀਰਤਨ ਸਜਾਇਆ



ਲੁਧਿਆਣਾ, 28 ਜਨਵਰੀ (ਰਵਿੰਦਰ ਸਿੰਘ ਨਿੱਝਰ): ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਸਬੰਧੀ ਗੁਰਦੁਆਰਾ ਰੇਰੂ ਸਾਹਿਬ, ਲਹਾਰਾ ਰੋਡ, ਵਿਖੇ ਨਗਰ ਕੀਰਤਨ ਸਜਾਇਆ ਗਿਆ। ਥਾਂ ਥਾਂ ਤੇ ਸੰਗਤਾਂ ਨੇ ਇਸ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਰਸਤੇ ਵਿੱਚ ਅਮਰ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਐਂਡ ਏਕਤਾ ਸੁਸਾਇਟੀ ਵੱਲੋਂ ਲੱਡੂਆਂ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲੇ, ਰਵਿੰਦਰ ਸਿੰਘ ਲਹਾਰਾ, ਜੋਰਾ ਸਿੰਘ, ਸੁਖਦੇਵ ਸਿੰਘ ਲੰਬਰਦਾਰ ਹਰਪਾਲ ਸਿੰਘ, ਪੱਪਾ ਸਿੰਘ, ਮੰਗਾ ਸਿੰਘ, ਪਰਮਜੀਤ ਸਿੰਘ, ਗੁਰਸੇਵਕ ਸਿੰਘ, ਰਤਨ ਜੋਤ ਸਿੰਘ, ਦਿਲਪ੍ਰੀਤ ਸਿੰਘ, ਸਨਿੰਦਰ ਸਿੰਘ, ਨਵਜੋਤ ਸਿੰਘ, ਹਰਮਨ ਸਿੰਘ ਅਤੇ ਜਸਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।

## ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 28 ਜਨਵਰੀ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਰਾਤ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਸਿੱਖ ਕੌਮ ਦੇ ਮਹਾਨ ਸ਼ਹੀਦ ਯੋਧੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸੇਸ਼ ਕੀਰਤਨ ਸਮਾਗਮ ਆਯੋਜਿਤ ਕੀਤਾ ਗਿਆ।ਜਿਸ ਵਿੱਚ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਭਾਈ ਬਲਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ ,ਰਜਿੰਦਰ ਸਿੰਘ ਡੰਗ, ਸਰਬਜੀਤ ਸਿੰਘ ਦਸ਼ਮੇਸ਼ ਪੰਪ ਵਾਲੇ, ਬਲਬੀਰ ਸਿੰਘ ਭਾਟੀਆ,ਐਨ. ਪੀ ਸਿੰਘ ਕਥੂਰੀਆਂ, ਰਘਬੀਰ ਸਿੰਘ,ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਬਚਨ ਸਿੰਘ, ਅਤੱਰ ਸਿੰਘ ਮਕੱੜ, ਅਵਤਾਰ ਸਿੰਘ ਮਿੱਢਾ ,ਹਰਪ੍ਰੀਤ ਸਿੰਘ ਨੀਟਾ, ਦਵਿੰਦਰ ਸਿੰਘ ਬਿੱਟੂ, ਹਰਚਰਨ ਸਿੰਘ ਕਾਲੜਾ, ਕਵੰਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ ਅਤੇ ਜੋਗਿੰਦਰ ਸਿੰਘ ਸਲੂਜਾ ਆਦਿ ਵੀ ਹਾਜਰ ਸਨ ।

## ਪੁਖਰਾਜ ਭੱਲਾ ਨੂੰ ਸਦਮਾ, ਦਾਦੀ ਦਾ ਦੇਹਾਂਤ



ਲੁਧਿਆਣਾ 28 ਜਨਵਰੀ (ਕਰਨੈਲ ਸਿੰਘ ਐੱਮ.ਏ.): ਫਿਲਮੀ ਕਲਾਕਾਰ ਪੁਖਰਾਜ ਭੱਲਾ ਦੇ ਦਾਦੀ ਅਤੇ ਮਰਹੂਮ ਕਮੇਡੀਅਨ ਜਸਵਿੰਦਰ ਭੱਲਾ ਦੇ ਮਾਤਾ ਜੀ ਸਤਵੰਤ ਕੌਰ (87) ਉਹਨਾਂ ਦਾ ਅੱਜ ਦੇਹਾਂਤ ਹੋ ਗਿਆ ਹੈ । ਉਹਨਾਂ ਮੁਹਾਲੀ ਵਾਲੇ ਘਰ ਵਿੱਚ ਅੰਤਿਮ ਸਾਹ ਲਏ ।ਉਹਨਾਂ ਦਾ ਸਸਕਾਰ ਅੱਜ ਮੁਹਾਲੀ ਦੇ ਬਲੌਂਗੀ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ, ਜਿੱਥੇ ਉਹਨਾਂ ਦੀ ਚਿਖਾ ਨੂੰ ਅਗਨ ਉਹਨਾਂ ਦੇ ਪੋਤੇ ਪੁਖਰਾਜ ਭੱਲਾ ਅਤੇ ਕਲਾਕਾਰ ਅਤੇ ਪੰਜਾਬ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਵੱਲੋਂ ਦਿਖਾਈ ਗਈ । ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਜਸਵਿੰਦਰ ਭੱਲਾ ਦੇ ਤੁਰ ਜਾਣ ਤੋਂ ਬਾਅਦ ਮਾਤਾ ਜੀ ਸਦਮੇ ਵਿੱਚ ਸਨ ਅਤੇ ਮਹਿਜ ਪੰਜ ਮਹੀਨਿਆਂ ਬਾਅਦ ਹੀ ਉਹ ਵੀ ਅਕਾਲ ਚਲਾਣਾ ਕਰ ਗਏ । ਉਹਨਾਂ ਦੱਸਿਆ ਕਿ ਮਾਤਾ ਜੀ ਨਮਿਤ ਅੰਤਿਮ ਅਰਦਾਸ 6 ਫ਼ਰਵਰੀ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12.30 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸ੍ਰੀ ਸਾਚਾ ਧਨ ਸਾਹਿਬ, ਫੇਜ-3 ਬੀ 1, ਮੁਹਾਲੀ ਵਿਖੇ ਹੋਵੇਗੀ।

## ਉਦਯੋਗਿਕ ਵਿਕਾਸ ਅਤੇ ਵਾਤਾਵਰਨ ਸੁਰੱਖਿਆ ਵਿੱਚ ਸੰਤੁਲਨ ਸਰਕਾਰ ਦੀ ਪਹਿਲ : ਅਰੋੜਾ




ਲੁਧਿਆਣਾ, 28 ਜਨਵਰੀ (ਵਿਸ਼ਾਲ ਸ਼ਰਮਾ/ਅੰਮ੍ਰਿਤਪਾਲ ਸਿੰਘ) : ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ (ਪੀ.ਪੀ.ਸੀ.ਬੀ), ਲੁਧਿਆਣਾ ਨੇ ਮੰਗਲਵਾਰ ਨੂੰ ਹਯਾਤ ਰੀਜੈਂਸੀ, ਲੁਧਿਆਣਾ ਵਿਖੇ ਲੁਧਿਆਣਾ ਦੇ ਉਦਯੋਗਿਕ ਭਾਈਚਾਰੇ ਨਾਲ ਸ਼ੇਪਿੰਗ ਏ ਗ੍ਰੀਨਰ ਟੂਮਾਰੋ ਸਿਰਲੇਖ ਵਾਲਾ ਇੱਕ ਵਾਤਾਵਰਣ ਸੰਵਾਦ ਆਯੋਜਿਤ ਕੀਤਾ। ਇਸ ਵਾਤਾਵਰਣ ਸੰਵਾਦ ਵਿੱਚ ਉਦਯੋਗ, ਵਣਜ ਅਤੇ ਨਿਵੇਸ਼ ਪ੍ਰੋਤਸਾਹਨ, ਸਥਾਨਕ ਸਰਕਾਰਾਂ ਅਤੇ ਬਿਜਲੀ ਮੰਤਰੀ ਪੰਜਾਬ ਸ੍ਰੀ ਸੰਜੀਵ ਅਰੋੜਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਵਾਤਾਵਰਣ ਸੰਵਾਦ ਦੀ ਪ੍ਰਧਾਨਗੀ ਪੀ.ਪੀ.ਸੀ.ਬੀ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪੀ.ਪੀ.ਸੀ.ਬੀ ਦੇ ਮੈਂਬਰ ਸਕੱਤਰ ਡਾ. ਲਵਨੀਤ ਕੁਮਾਰ ਦੂਬੇ ਵੀ ਮੌਜੂਦ ਸਨ। ਆਈ.ਆਈ.ਟੀ ਮਦਰਾਸ ਦੇ ਇੰਟਰਨੈਸ਼ਨਲ ਸੈਂਟਰ ਫਾਰ ਕਲੀਨ ਵਾਟਰ ਦੇ ਮਾਹਿਰਾਂ ਨੇ ਤਾਜ਼ੇ ਪਾਣੀ ਦੇ ਸਰੋਤਾਂ ਦੀ ਕਮੀ ਦੇ ਗੰਭੀਰ ਮੁੱਦੇ ਤੇ ਚਾਨਣਾ ਪਾਇਆ ਅਤੇ ਉਦਯੋਗਿਕ ਪਾਣੀ ਸੰਭਾਲ ਲਈ ਉੱਨਤ ਤਕਨਾਲੋਜੀਆਂ ਬਾਰੇ ਸੂਝ-ਬੂਝ ਦੇ ਨਾਲ-ਨਾਲ ਵਧੀਆ ਅਭਿਆਸਾਂ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਿਵੇਂ ਟਿਕਾਊ ਅਭਿਆਸਾਂ ਨੂੰ ਅਪਣਾਉਣ ਨਾਲ ਵਿਸ਼ਵ-ਵਿਆਪੀ ਮੁਕਾਬਲੇਬਾਜ਼ੀ ਵਧ ਸਕਦੀ ਹੈ ਅਤੇ ਵਪਾਰਕ ਸੰਭਾਵਨਾਵਾਂ ਵਿੱਚ ਸੁਧਾਰ ਹੋ ਸਕਦਾ ਹੈ।

ਬੁੱਢਾ ਦਰਿਆ ਦੇ ਪੁਨਰ ਸੁਰਜੀਤੀ ਲਈ ਰਾਜ ਸਰਕਾਰ ਦੁਆਰਾ ਗਠਿਤ ਉੱਚ-ਪੱਧਰੀ ਕਮੇਟੀ ਬਾਰੇ ਗੱਲ ਕਰਦੇ ਹੋਏ, ਉਦਯੋਗ, ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਹਵਾ ਪ੍ਰਦੂਸ਼ਣ ਘਟਾਉਣ ਲਈ ਕੈਬਨਿਟ ਕਮੇਟੀ ਦੀ ਅਗਵਾਈ ਕਰਨ ਵਾਲੇ ਇੱਕ ਸੁਵਿਧਾਕਰਤਾ ਅਤੇ ਰੈਗੂਲੇਟਰ ਵਜੋਂ ਆਪਣੀ ਦੋਹਰੀ ਭੂਮਿਕਾ ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, ਪੰਜਾਬ ਸਰਕਾਰ ਉਦਯੋਗਿਕ ਵਿਕਾਸ ਨੂੰ ਵਾਤਾਵਰਣ ਦੀ ਜ਼ਿੰਮੇਵਾਰੀ ਨਾਲ ਸੰਤੁਲਿਤ ਕਰਨ ਲਈ ਵਚਨਬੱਧ ਹੈ। ਸਾਡਾ ਧਿਆਨ ਉਦਯੋਗਾਂ ਨੂੰ ਸਮਾਂ-ਸੀਮਾਬੱਧ ਪ੍ਰਵਾਨਗੀਆਂ ਅਤੇ ਮਜ਼ਬੂਤ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਂਦੇ ਹੋਏ ਸਾਫ਼-ਸੁਥਰੇ ਈਂਧਨ ਅਤੇ ਤਕਨਾਲੋਜੀਆਂ ਨੂੰ ਅਪਣਾਉਣ ਦੇ ਯੋਗ ਬਣਾਉਣਾ ਹੈ। ਸਮਰਪਿਤ, ਉਦਯੋਗ, ਵਿਸ਼ੇਸ਼ ਉਦਯੋਗਿਕ ਪਾਰਕਾਂ ਅਤੇ ਪਹਿਲਾਂ ਤੋਂ ਪ੍ਰਵਾਨਿਤ ਰੈਗੂਲੇਟਰੀ ਢਾਂਚੇ ਦੇ ਨਾਲ, ਅਸੀਂ ਇੱਕ ਅਜਿਹਾ ਈਕੋਸਿਸਟਮ ਬਣਾ ਰਹੇ ਹਾਂ ਜਿੱਥੇ ਕਾਰੋਬਾਰ ਕਰਨ ਵਿੱਚ ਆਸਾਨੀ ਅਤੇ ਵਾਤਾਵਰਣ ਸੁਰੱਖਿਆ ਇਕੱਠੇ ਅੱਗੇ ਵਧਦੀ ਹੈ। ਪ੍ਰੋਗਰਾਮ ਦਾ ਸਮਾਪਨ ਉਨ੍ਹਾਂ ਉਦਯੋਗਾਂ ਦੇ ਸਨਮਾਨ ਨਾਲ ਹੋਇਆ ਜਿਨ੍ਹਾਂ ਨੇ ਸਾਫ਼-ਸੁਥਰੇ ਈਂਧਨ ਅਪਣਾਏ ਹਨ, ਵਾਤਾਵਰਣ ਸੁਰੱਖਿਆ ਅਤੇ ਸਾਫ਼-ਸੁਥਰੇ ਵਾਤਾਵਰਣ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਪਾਇਆ ਹੈ।

## ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਲੁਧਿਆਣਾ 28 ਜਨਵਰੀ (ਰਵਿੰਦਰ ਸਿੰਘ ਨਿੱਝਰ) : ਅਮਰ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਸੋਸਾਇਟੀ, ਦਸ਼ਮੇਸ਼ ਸੇਵਾ ਸੋਸਾਇਟੀ, ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਬਲਾਕ ਜੇ ਅਤੇ ਸਮੁੱਚੀ ਗੁਰਿੰਦਰ ਪਾਲ ਸਿੰਘ ਪੱਪੂ ਟੀਮ ਭਾਈ ਰਣਧੀਰ ਸਿੰਘ ਵੱਲੋਂ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਕੀਤੇ ਗਏ ਜਿਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ।ਐਚ ਆਈ ਬਲਾਕ ਵਿੱਚ ਸਥਿਤ ਤੀਸਰੀ ਬਟਾਲੀਅਨ ਦੇ ਜਵਾਨਾਂ ਵੱਲੋਂ ਕਮਾਂਡੈਂਟ ਰਾਜ ਕੁਮਾਰ ਜਲਹੋਤਰਾ ਦੀ ਅਗਵਾਈ ਹੇਠ ਤੀਸਰੀ ਭਾਰਤੀ ਰਿਜ਼ਰਵ ਬਟਾਲੀਨ ਹੈੱਡ ਕਵਾਟਰ ਦੇ ਸਾਹਮਣੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਸਹਿਤ ਸਲਾਮੀ ਦਿੱਤੀ ਗਈ ਅਤੇ ਫੁੱਲਾਂ ਦੀ ਵਰਖਾ ਕੀਤੀ ਗਈ । ਪ੍ਰਬੰਧਕਾਂ ਵੱਲੋਂ ਤੀਸਰੀ ਬਟਾਲੀਅਨ ਦੇ ਜਵਾਨਾਂ ਨੂੰ ਸਨਮਾਨਿਤ ਕੀਤਾ ਗਿਆ। ਸਮੁੱਚੀ ਗੁਰਿੰਦਰਪਾਲ ਸਿੰਘ ਪੱਪੂ ਟੀਮ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਮੰਦਰ ਕਮੇਟੀਆਂ, ਦੁਕਾਨਦਾਰ ਵੀਰਾਂ ਅਤੇ ਇਲਾਕਾ ਨਿਵਾਸੀਆਂ ਨੂੰ ਸਨਮਾਨ ਨਿਸ਼ਾਨੀ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਲ੍ਹਾ ਅਕਾਲੀ ਜੱਥੇ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ, ਡਾ ਹਿਤੇਸ਼ਇੰਦਰ ਸਿੰਘ ਗਰੇਵਾਲ, ਭਾਰਤ ਭੂਸ਼ਣ ਆਸ਼ੂ, ਕ੍ਰਿਸ਼ਨ ਕੁਮਾਰ ਬਾਵਾ, ਪਵਨ ਦੀਵਾਨ, ਜਥੇਦਾਰ ਅਵਤਾਰ ਸਿੰਘ ਬਿੱਟਾ, ਪਰਉਪਕਾਰ ਸਿੰਘ ਘੁੰਮਣ, ਬਾਬਾ ਸੁਖਬੀਰ ਸਿੰਘ, ਜ਼ਿਲ੍ਹਾ ਅਕਾਲੀ ਜਥੇ ਦੇ ਸੀਨੀਅਰ ਮੀਤ ਪ੍ਰਧਾਨ ਜਗਜੀਤ ਸਿੰਘ ਅਰੋੜਾ, ਗੁਰਦੀਪ ਸਿੰਘ ਲੀਲ, ਜਸਬੀਰ ਸਿੰਘ ਦੂਆ, ਪ੍ਰਿਤਪਾਲ ਸਿੰਘ, ਇੰਦਰਜੀਤ ਸਿੰਘ ਇੰਦੀ, ਤਰਸੇਮ ਸਿੰਘ ਭਿੰਡਰ, ਐਡਵੋਕੇਟ ਬਿਕਰਮ ਸਿੰਘ ਸਿੱਧੂ, ਉਮਰਾਓ ਸਿੰਘ ਛੀਨਾ, ਜਸਵੰਤ ਸਿੰਘ ਛਾਪਾ, ਕੁਲਵਿੰਦਰ ਸ਼ਰਮਾ ਕਿੰਦਾ, ਮਨਮੋਹਨ ਸਿੰਘ ਮਨੀ, ਹਰਪ੍ਰੀਤ ਸਿੰਘ ਮੱਖੂ , ਗੁਰਮੀਤ ਸਿੰਘ , ਇੰਦਰਜੀਤ ਸਿੰਘ ਗੋਲਾ, ਤਜਿੰਦਰ ਸਿੰਘ ਡੰਗ, ਬਲਜੀਤ ਸਿੰਘ ਬਿੰਦਰਾ, ਰਕੇਸ਼ ਬਜਾਜ, ਕਵਲਦੀਪ ਸਿੰਘ ਬਹਿਲ, ਗੁਰਪ੍ਰੀਤ ਸਿੰਘ ਬੇਦੀ, ਹਰਪ੍ਰੀਤ ਸਿੰਘ ਬੇਦੀ, ਅਸ਼ੋਕ ਸੱਚਰ, ਅਮਰਜੀਤ ਸਿੰਘ ਬੱਬੂ, ਗੁਲਬਹਾਰ ਸਿੰਘ ਗੁੱਲੂ, ਪ੍ਰਭਜੋਤ ਸਿੰਘ ਆਦਿ ਨੂੰ ਸਮੁੱਚੀ ਪੱਪੂ ਟੀਮ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਦਸ਼ਮੇਸ਼ ਸਿੰਘ ਸਭਾ ਦੇ ਮੁੱਖ ਸੇਵਾਦਾਰ ਤਜਿੰਦਰ ਪਾਲ ਸਿੰਘ ਨੇ ਕਿਹਾ ਕਿ ਸਵਰਗੀ ਗੁਰਿੰਦਰ ਪਾਲ ਸਿੰਘ ਪੱਪੂ ਪਿਛਲੇ ਲੰਬੇ ਸਮੇਂ ਤੋਂ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਨਗਰ ਕੀਰਤਨ ਸਜਾਉਂਦੇ ਆ ਰਹੇ ਸੀ ਅਸੀਂ ਉਸੇ ਪ੍ਰਥਾ ਨੂੰ ਅੱਗੇ ਚਲਾਉਂਦੇ ਹੋਏ ਇਹ ਨਗਰ ਕੀਰਤਨ ਸਜਾ ਰਹੇ ਹਾਂ। ਇਸ ਮੌਕੇ ਐਡਵੋਕੇਟ ਗਗਨਪ੍ਰੀਤ ਸਿੰਘ ਆਦਿ ਵੀ ਹਾਜ਼ਰ ਸਨ।

## ਪੱਤਰਕਾਰ ਰਾਜੂ ਭਾਟੀਆ ਨੂੰ ਗਹਿਰਾ ਸਦਮਾ, ਮਾਤਾ ਦਾ ਦੇਹਾਂਤ



ਸਾਹਨੇਵਾਲ/ਕੁਹਾੜਾ 28 ਜਨਵਰੀ (ਕੁਲਦੀਪ ਸਿੰਘ): ਕੇ.ਡੀ.ਟੀ. ਨਿਊਜ਼ ਦੇ ਹਲਕਾ ਸਾਹਨੇਵਾਲ ਤੋਂ ਇੰਚਾਰਜ ਅਤੇ ਡੇਲੀ ਪੰਜਾਬੀ ਮੇਲ ਅਖਬਾਰ ਦੇ ਪੱਤਰਕਾਰ ਰਾਜੂ ਭਾਟੀਆ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ, ਜਦੋਂ ਉਹਨਾਂ ਦੇ ਮਾਤਾ ਸ਼੍ਰੀ ਮਤੀ ਬਿਮਲਾ ਰਾਣੀ ਜੀ ਬੀਤੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਮਾਤਾ ਜੀ ਦਾ ਸਸਕਾਰ ਅੱਜ ਪਿੰਡ ਨੰਦਪੁਰ ਦੀ ਪ੍ਰੇਮ ਕਾਲੋਨੀ ਸਾਹਨੇਵਾਲ ਵਿਖੇ ਕੀਤੇ ਗਿਆ।

ਮਾਤਾ ਜੀ ਦੀ ਅੰਤਿਮ ਅਰਦਾਸ ਅਤੇ ਭੋਗ 30 ਜਨਵਰੀ ਸ਼ੁੱਕਰਵਾਰ ਨੂੰ ਦੁਪਹਿਰ 1 ਤੋਂ 2 ਵਜੇ ਮੰਦਿਰ ਬਾਬਾ ਬਾਲਕ ਨਾਥ ਅਤੇ ਦੁਰਗਾ ਮਾਤਾ ਜੀ, ਧਰੋੜ ਰੋਡ,ਪਿੰਡ ਨੰਦਪੁਰ,ਸਾਹਨੇਵਾਲ ਵਿਖੇ ਪਵੇਗਾ।

## ਬੁੱਲੇ ਸ਼ਾਹ ਦੀ ਮਜ਼ਾਰ ਤੋੜਨਾ ਫਿਰਕਾਪ੍ਰਸਤਾਂ ਦੀ ਅਤਿ ਨਿੰਦਣਯੋਗ ਗਤੀਵਿਧੀ : ਜਮਹੂਰੀ ਜੱਥੇਬੰਦੀਆਂ

ਲੁਧਿਆਣਾ, 28 ਜਨਵਰੀ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਦੀਆਂ ਜਨਤਕ ਇਨਕਲਾਬੀ ਜਮਹੂਰੀ ਤੇ ਤਰਕਸ਼ੀਲ ਜੱਥੇਬੰਦੀਆਂ ਨੇ ਮਹਾਨ ਪੰਜਾਬੀ ਸੂਫ਼ੀ ਕਵੀ ਬਾਬਾ ਬੁੱਲੇ ਸ਼ਾਹ ,ਜਿਹਨਾਂ ਮਨੁੱਖੀ ਕਦਰਾਂ ਕੀਮਤਾਂ 'ਤੇ ਪਹਿਰਾ ਦਿੰਦਿਆਂ ਧਰਮਾਂ ਦੇ ਸੌੜੇ ਹਿਤਾਂ ਵਾਲੇ ਫਿਰਕਾਪ੍ਰਸਤਾਂ ਨੂੰ ਆਪਣੀਆਂ ਰਚਨਾਵਾਂ ਰਾਹੀਂ ਚੁਣੌਤੀ ਦਿੱਤੀ,ਜ਼ਿਹਨਾਂ ਦੀ ਮਜ਼ਾਰ ਤੋੜਨ ਵਾਲੇ ਤੱਤਾਂ ਦੀ ਸਖ਼ਤ ਨਿੰਦਾ ਕੀਤੀ ਹੈ। ਜੱਥੇਬੰਦੀਆਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ, ਇਨਕਲਾਬੀ ਮਜ਼ਦੂਰ ਕੇਂਦਰ ਸ਼ਾਮਲ ਹਨ। ਇਹਨਾਂ ਦੇ ਆਗੂਆਂ ਜਸਵੰਤ ਜ਼ੀਰਖ, ਪ੍ਰੋ ਏ ਕੇ ਮਲੇਰੀ, ਡਾ ਹਰਬੰਸ ਗਰੇਵਾਲ, ਬਲਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਾ ਸੁਰਿੰਦਰ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਇਸ ਮੁਜਰਮਾਨਾ ਘਟਨਾਂ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਭਾਜਪਾ ਦੀ ਫਿਰਕੂ ਵਿਚਾਰਧਾਰਾ ਨੂੰ ਚੁਣੌਤੀ ਦੇਣ ਦਾ ਸੱਦਾ ਦਿੱਤਾ। ਉਹਨਾਂ ਬਾਬਾ ਬੁੱਲੇ ਸ਼ਾਹ ਵੱਲੋਂ ਆਪਣੇ ਸਮੇਂ ਵਿੱਚ ਧਰਮਾਂ ਦੇ ਨਾਂ ਹੇਠ ਮਨੁੱਖਤਾ ਵਿਰੋਧੀ ਜ਼ਹਿਰ ਘੋਲਣ ਵਾਲੀਆਂ ਤਾਕਤਾਂ ਨੂੰ ਦਿੱਤਾ ਚੁਣੌਤੀ ਨੂੰ ਅੱਗੇ ਵਧਾਉਣ ਲਈ ਇਨਸਾਫ ਪਸੰਦ ਸ਼ਕਤੀਆਂ ਨੂੰ ਅੱਗੇ ਆ ਕੇ ਆਵਾਜ਼ ਉਠਾਉਣ ਵੱਲ ਜ਼ੋਰ ਦੇਣ ਦੀ ਲੋੜ ਜ਼ਾਹਰ ਕੀਤੀ । ਉਹਨਾਂ ਭਾਜਪਾ ਸਰਕਾਰ ਵੱਲੋਂ ਅਜਿਹੇ ਅਨਸਰਾਂ ਦੀ ਪਿੱਠ ਥਪਥਪਾਉਣ ਦੀ ਵੀ ਸਖ਼ਤ ਨਿਖੇਧੀ ਕਰਦਿਆਂ ਇਸ ਦੀ ਧਰਮਾਂ ਤੇ ਅਧਾਰਤ ਮਨੁੱਖਤਾ ਵਿਰੋਧੀ ਫਿਰਕੂ ਨਫ਼ਰਤ ਖ਼ਿਲਾਫ਼ ਲੋਕ ਲਾਮਬੰਦੀ ਕਰਨ ਵੱਲ ਜਮਹੂਰੀ ਜੱਥੇਬੰਦੀਆਂ ਨੂੰ ਇਕੱਠੇ ਹੋ ਕੇ ਅੱਗੇ ਆਣ ਨੂੰ ਸਮੇਂ ਦੀ ਲੋੜ ਗਰਦਾਨਿਆ।



# ਗੋਲਗੱਪੇ ਖਾਣ ਨਾਲ ਹੋ ਸਕਦੀਆਂ ਹਨ ਕਿਹੜੀਆਂ ਗੰਭੀਰ ਬਿਮਾਰੀਆਂ ?

ਅਪੂਰਵ ਅਮੀਨ

**ਪਿਛਲੇ** ਹਫ਼ਤੇ ਗੁਜਰਾਤ ਦੇ ਗਾਂਧੀਨਗਰ ਵਿੱਚ ਦੂਸ਼ਿਤ ਪਾਣੀ ਕਾਰਨ ਟਾਈਫਾਈਡ ਦੇ ਕਈ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਜ਼ਿਆਦਾਤਰ ਮਰੀਜ਼ ਬੱਚੇ ਸਨ। ਇਸ ਸਥਿਤੀ ਦੇ ਮੱਦੇਨਜ਼ਰ ਪ੍ਰਸ਼ਾਸਨ ਹਰਕਤ ਵਿੱਚ ਆਇਆ ਅਤੇ ਸੂਬੇ ਦੇ ਉਪ-ਮੁੱਖ ਮੰਤਰੀ ਹਰਸ਼ ਸੰਘਵੀ ਵੀ ਸ਼ਨੀਵਾਰ ਨੂੰ ਗਾਂਧੀਨਗਰ ਸਿਵਲ ਹਸਪਤਾਲ ਪਹੁੰਚੇ ਸਨ। ਇਸੇ ਦੌਰਾਨ, ਅਹਿਮਦਾਬਾਦ ਵਿੱਚ ਵੀ ਦੱਖਣ, ਪੂਰਬ ਅਤੇ ਮੱਧ, ਤਿੰਨੋ ਅਹਿਮਦਾਬਾਦ ਮਿਊਸਪਲ ਕਾਰਪੋਰੇਸ਼ਨ ਦੇ ਖੇਤਰਾਂ ਵਿੱਚ ਟਾਈਫਾਈਡ, ਪੀਲੀਆ, ਹੈਜ਼ਾ ਅਤੇ ਉਲਟੀ-ਦਸਤ ਸਮੇਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਮਾਮਲਿਆਂ ਵਿੱਚ ਵਾਧੇ ਕਾਰਨ, ਨਗਰ ਨਿਗਮ ਨੇ 6 ਜਨਵਰੀ ਨੂੰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੋਲਗੱਪੇ ਵੇਚਣ ਵਾਲਿਆਂ ਖ਼ਿਲਾਫ਼ ਸਿਹਤ ਵਿਭਾਗ ਰਾਹੀ ਜਾਂਚ ਕਰਨ ਦਾ ਹੁਕਮ ਦਿੱਤੇ ਹਨ। ਸਿਹਤ ਵਿਭਾਗ ਵਿੱਚ ਲੰਬੇ ਸਮੇਂ ਤੋਂ 'ਕੰਮ ਨਾ ਕਰਨ' ਦੀਆਂ ਸ਼ਿਕਾਇਤਾਂ ਆ ਰਹੀਆਂ ਸਨ। ਇਸ ਸਬੰਧ ਵਿੱਚ ਨਗਰ ਕਮਿਸ਼ਨਰ ਨੇ ਸ਼ਹਿਰ ਵਿੱਚ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਦੇ ਵਧਦੇ ਮਾਮਲਿਆਂ ਨੂੰ ਕੰਟਰੋਲ ਕਰਨ ਲਈ ਕਦਮ ਨਾ ਚੁੱਕਣ ਵਾਲੇ ਇੰਚਾਰਜ ਮੈਡੀਕਲ ਅਫ਼ਸਰ ਦੀ ਝਾੜ-ਝੰਬ ਵੀ ਕੀਤੀ ਹੈ। ਹਾਲ ਹੀ ਵਿੱਚ, ਨਗਰ ਨਿਗਮ ਨੇ ਦੱਖਣ, ਪੂਰਬ ਅਤੇ ਮੱਧ ਸਮੇਤ ਤਿੰਨ ਖੇਤਰਾਂ ਦੇ ਵੱਖ-ਵੱਖ ਇਲਾਕਿਆਂ ਵਿੱਚੋਂ 544 ਕਿਲੋਗ੍ਰਾਮ ਸੜੇ ਹੋਏ ਆਲੂ, ਚਟਨੀ ਅਤੇ 428 ਲੀਟਰ ਪਾਣੀ ਵਾਲੇ ਖ਼ਰਾਬ ਹੋ ਚੁੱਕੇ ਖਾਧ ਪਦਾਰਥਾਂ ਨੂੰ ਨਸ਼ਟ ਕੀਤਾ ਹੈ। ਮੱਧ ਖੇਤਰ ਵਿੱਚ 64, ਦੱਖਣੀ ਖੇਤਰ ਵਿੱਚ 48 ਅਤੇ ਪੂਰਬੀ ਖੇਤਰ ਵਿੱਚ 30 ਰੇਹੜੀ-ਫੜ੍ਹੀ ਵਾਲਿਆਂ ਦੀ ਜਾਂਚ ਕੀਤੀ ਗਈ ਅਤੇ 90 ਨੋਟਿਸ ਜਾਰੀ ਕੀਤੇ ਗਏ। ਗੋਲਗੱਪਿਆਂ ਲਈ ਤਿਆਰ ਕੀਤਾ ਗਿਆ 428 ਲੀਟਰ ਪਾਣੀ, ਆਲੂ ਮਸਾਲਾ ਅਤੇ ਚਟਨੀ ਨਸ਼ਟ ਕਰ ਦਿੱਤੀ ਗਈ ਅਤੇ ਜੁਰਮਾਨੇ ਵਜੋਂ 21 ਹਜ਼ਾਰ ਰੁਪਏ ਤੋਂ ਵੱਧ ਦੀ ਰਕਮ ਵਸੂਲੀ ਗਈ। ਇਸ ਤੋਂ ਇਲਾਵਾ, ਫੂਡ ਵਿਭਾਗ ਨੇ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ 2006 ਦੇ ਤਹਿਤ ਖਾਣ ਦੇ ਅਯੋਗ ਮੰਨੇ ਜਾਣ ਵਾਲੇ ਖਾਧ ਪਦਾਰਥਾਂ ਨੂੰ ਜਾਂਚ ਲਈ ਸਰਕਾਰੀ ਲੈਬਾਰਟਰੀ ਵਿੱਚ ਭੇਜਿਆ।

## ਗੋਲਗੱਪੇ ਨਾਲ ਇਹ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ ?

ਗੋਲਗੱਪੇ ਭਾਰਤ ਵਿੱਚ ਸੜਕਾਂ ਉੱਤੇ ਮਿਲਣ ਵਾਲੇ ਪਦਾਰਥਾਂ ਵਿੱਚੋਂ ਇੱਕ ਹੈ, ਪਰ ਇਸ ਦੀ ਗੁਣਵੱਤਾ ਉੱਤੇ ਹਮੇਸ਼ਾ ਸਵਾਲ ਉੱਠਦੇ ਰਹਿੰਦੇ ਹਨ। ਕੌਮੀ ਗਾਹਕ ਸੁਰੱਖਿਆ ਏਜੰਸੀ ਦੇ ਪ੍ਰਧਾਨ ਜਸਵੰਤ ਸਿੰਘ ਵਾਘੇਲਾ ਨੇ ਕਿਹਾ, "ਇੰਦੌਰ ਅਤੇ ਗਾਂਧੀਨਗਰ ਵਿੱਚ ਦੂਸ਼ਿਤ ਪਾਣੀ ਕਾਰਨ ਟਾਈਫਾਈਡ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਿਸਟਮ ਨੂੰ ਅਲਰਟ ਕਰ ਦਿੱਤਾ ਗਿਆ ਸੀ। ਕਿਉਂਕਿ ਗੋਲਗੱਪੇ ਇੱਕ ਸਟ੍ਰੀਟ ਫੂਡ ਹੈ, ਇਸ ਲਈ ਅਹਿਮਦਾਬਾਦ ਨਗਰ ਨਿਗਮ ਵੱਲੋਂ ਇਸ ਦੀ ਜਾਂਚ ਕਰਨ ਦਾ ਹੁਕਮ ਦਿੱਤੇ ਗਏ ਹਨ।" ਉਨ੍ਹਾਂ ਨੇ ਕਿਹਾ, "ਉਹ ਉਨ੍ਹਾਂ ਥਾਵਾਂ 'ਤੇ ਵੀ ਨਜ਼ਰ ਰੱਖ ਸਕਦੇ ਹਨ ਜਿੱਥੇ ਗੋਲਗੱਪੇ ਅਤੇ ਮਿਨਰਲ ਵਾਟਰ ਦੀਆਂ ਬੋਤਲਾਂ ਦੀ ਜ਼ਿਆਦਾਤਰ ਪੈਕੇਜਿੰਗ ਕੀਤੀ ਜਾਂਦੀ ਹੈ। ਉਹ ਲੋਕ ਸੈਂਪਲ ਲੈ ਕੇ ਨਿਗਮ ਦੀ ਲੈਬਾਰਟਰੀ ਵਿੱਚ ਭੇਜਦੇ ਹਨ।" "ਜੇਕਰ ਤਲੇ ਹੋਏ ਆਲੂ ਜਾਂ ਹੋਰ ਸਮਾਨ ਖਾਣ ਦੇ ਲਾਇਕ ਨਹੀ ਹੁੰਦਾ, ਤਾਂ ਉਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਜਾਂਦਾ ਹੈ।" ਫਿਰ ਸਭ ਤੋਂ ਅਹਿਮ ਸਵਾਲ ਉੱਠਦਾ ਹੈ, ਗੋਲਗੱਪੇ ਹੀ ਕਿਉਂ? ਗੋਲਗੱਪਿਆਂ ਵਿੱਚ ਅਜਿਹਾ ਕੀ ਹੈ ਜਿਸ ਨਾਲ ਬਿਮਾਰੀ ਫੈਲ ਰਹੀ ਹੈ? ਅਸੀ ਗੋਲਗੱਪੇ ਦੀਆਂ ਰੇਹੜੀਆਂ 'ਤੇ ਮਿਲਣ ਵਾਲੇ ਭਾਂਡਿਆਂ ਅਤੇ ਹੋਰ ਖਾਧ ਪਦਾਰਥਾਂ ਬਾਰੇ ਸਿਹਤ ਮਾਹਿਰਾਂ ਦੀ ਰਾਇ ਜਾਣਨ ਦੀ ਕੋਸ਼ਿਸ਼ ਕੀਤੀ। ਮੈਡੀਕਲ ਕੰਸਲਟੈਂਟ ਡਾ. ਅਜੈ ਪਰਮਾਰ ਨੇ ਗੱਲ ਕਰਦਿਆਂ ਦੱਸਿਆ ਕਿ ਗੋਲਗੱਪੇ ਵਿੱਚ ਵਰਤਿਆ ਜਾਣ ਵਾਲਾ ਪਾਣੀ ਗੰਦਾ ਹੋ ਸਕਦਾ ਹੈ। ਇਹ ਹੈਪੇਟਾਈਟਸ-ਏ ਅਤੇ ਹੈਪੇਟਾਈਟਸ-ਈ ਵਰਗੇ ਕੁਝ ਵਾਇਰਸਾਂ ਨੂੰ ਵਧਾਉਂਦਾ ਹੈ। ਇਹ ਵਾਇਰਸ ਪੀਲੀਏ ਦਾ ਕਾਰਨ ਬਣਦੇ ਹਨ। "ਪੀਲੀਆ ਪਾਣੀ ਨਾਲ ਫੈਲਣ ਵਾਲੀ ਬਿਮਾਰੀ ਹੈ। ਇਸ ਤੋਂ ਇਲਾਵਾ, ਸਾਲਮੋਨੇਲਾ ਟਾਈਫੀ ਵਰਗੇ ਬੈਕਟੀਰੀਆ ਟਾਈਫਾਈਡ ਦਾ ਕਾਰਨ ਬਣਦੇ ਹਨ। ਨਾਲ ਹੀ, ਈ-ਕੋਲਾਈ ਨਾਮਕ ਬੈਕਟੀਰੀਆ ਘਤਕ ਦਸਤ ਅਤੇ ਕਦੇ-ਕਦੇ ਹੈਜ਼ੇ ਦਾ ਕਾਰਨ ਬਣਦੇ ਹਨ ਅਤੇ ਜੇਕਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਖ਼ੂਨੀ ਦਸਤ ਵੀ ਲੱਗ ਸਕਦੇ ਹਨ।"

## ਬੇਹੇ ਗੋਲਗੱਪੇ ਖਾਣ ਨਾਲ ਕੀ ਹੋ ਸਕਦਾ ਹੈ ?

ਖੁਰਾਕ ਅਤੇ ਪੋਸ਼ਣ ਵਿੱਚ ਪੀਐੱਚਡੀ (ਡਾਈਟ ਅਤੇ ਨਿਊਟ੍ਰੀਸ਼ਨ ਸਲਾਹਕਾਰ) ਡਾ. ਪੂਰਵੀ ਪਾਰਿਖ ਨੇ ਦੱਸਿਆ ਕਿ ਸੜਕ ਕਿਨਾਰੇ ਮਿਲਣ ਵਾਲੇ ਗੋਲਗੱਪਿਆਂ ਦੇ ਸਿਹਤ ਸਬੰਧੀ ਖ਼ਤਰੇ ਉਸ ਦੀ ਸਮੱਗਰੀ ਦੇ ਸਰੋਤ ਅਤੇ ਸਾਫ਼-ਸਫ਼ਾਈ ਵਿੱਚ ਲੁਕੇ ਹੋਏ ਹਨ। ਡਾ. ਪੂਰਵੀ ਕਹਿੰਦੇ ਹਨ, "ਜ਼ਿਆਦਾਤਰ ਵਿਕਰੇਤਾ ਹੁਣ ਗੋਲਗੱਪੇ ਕੇਂਦਰੀ ਸਪਲਾਇਰਾਂ ਤੋਂ ਮੰਗਵਾਉਂਦੇ ਹਨ, ਜਿਨ੍ਹਾਂ ਨੂੰ ਪਾਮੋਲਿਨ ਤੇਲ ਜਾਂ ਵਨਸਪਤੀ ਤੇਲ ਵਿੱਚ ਵੱਡੀ ਮਾਤਰਾ ਵਿੱਚ ਤਲਿਆ ਜਾਂਦਾ ਹੈ ਅਤੇ ਫਿਰ ਵਾਰ-ਵਾਰ ਗਰਮ ਕੀਤਾ ਜਾਂਦਾ ਹੈ। ਅਜਿਹੇ ਤੇਲ ਆਕਸੀਡਾਈਜ਼ਡ ਲਿਪਿਡ ਪੈਦਾ ਕਰਦੇ ਹਨ, ਜੋ ਐਸਿਡਿਟੀ, ਇੰਸੁਲਿਨ ਰੋਧਕਤਾ ਅਤੇ ਲਿਪਿਡ ਅਸੰਤੁਲਨ ਨੂੰ ਵਧਾਉਣ ਲਈ ਜਾਣੇ ਜਾਂਦੇ ਹਨ।" "ਇੱਕ ਹੋਰ ਖ਼ਤਰਾ ਗਲਤ ਤਰੀਕੇ ਨਾਲ ਸਟੋਰ ਕੀਤੇ ਜਾਂ ਅੱਧ-ਪਚੱਧੇ ਖ਼ਰਾਬ ਆਲੂਆਂ ਦੀ ਵਰਤੋਂ ਹੈ। ਜਦੋਂ ਆਲੂ ਸੜ ਜਾਂਦੇ ਹਨ ਅਤੇ ਵਾਰ-ਵਾਰ ਖਾਧੇ ਜਾਂਦੇ ਹਨ, ਤਾਂ ਉਨ੍ਹਾਂ ਵਿੱਚ ਮੌਜੂਦ ਕੁਦਰਤੀ ਗਲਾਈਕੋਐਲਕਲੋਇਡ ਜ਼ਹਿਰ, ਸੋਲੇਨਾਈਨ ਦਾ ਪੱਧਰ ਵੱਧ ਜਾਂਦਾ ਹੈ। ਸੋਲੇਨਾਈਨ ਦੇ ਸੰਪਰਕ ਵਿੱਚ ਆਉਣ ਨਾਲ ਆਂਦਰਾਂ ਵਿੱਚ ਜਲਣ, ਜੀਅ ਕੱਚਾ ਹੋਣਾ, ਸਿਰਦਰਦ ਅਤੇ ਨਿਊਰੋਲੋਜੀਕਲ ਤਣਾਅ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।" "ਇਸ ਤੋਂ ਇਲਾਵਾ, ਘਟੀਆ ਕੁਆਲਿਟੀ ਦਾ ਆਟਾ, ਨਕਲੀ ਫਲੇਵਰ ਅਤੇ ਪਾਣੀ ਦੀ ਗੁਣਵੱਤਾ ਵਿੱਚ ਅਸਥਿਰਤਾ ਕਾਰਨ ਦਸਤ, ਟਾਈਫਾਈਡ ਅਤੇ ਹੈਪੇਟਾਈਟਸ ਏ ਸਮੇਤ ਗੈਸਟ੍ਰੋਇੰਟੇਸਟਾਈਨਲ (ਪੇਟ ਦੀ ਲਾਗ) ਇਨਫੈਕਸ਼ਨ ਹੋ ਸਕਦੀ ਹੈ।" ਡਾ. ਅਜੈ ਪਰਮਾਰ ਦਾ ਕਹਿਣਾ ਹੈ ਕਿ ਗੋਲਗੱਪਿਆਂ ਨਾਲ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜ਼ਿਆਦਾ ਫੈਲਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਿੰਬੂ ਦੇ ਰਸ ਦੀ ਬਜਾਏ ਸਟਰਿਕ ਐਸਿਡ ਜਾਂ ਸਸਤੇ ਟਾਰਟਰਿਕ ਐਸਿਡ ਵਰਗੇ ਨਕਲੀ ਪਦਾਰਥਾਂ ਦੀ ਵਰਤੋਂ ਕਰਨ ਨਾਲ ਗਲੇ ਵਿੱਚ ਸੋਜ, ਉੱਪਰਲੇ ਸਾਹ ਮਾਰਗ ਦੀ ਇਨਫੈਕਸ਼ਨ (ਯੂਆਰਟੀਆਈ), ਜ਼ੁਕਾਮ, ਖੰਘ ਅਤੇ ਇੱਥੋਂ ਤੱਕ ਕਿ ਸਾਹ ਲੈਣ ਵਿੱਚ ਤਕਲੀਫ਼ ਵੀ ਹੋ ਸਕਦੀ ਹੈ।

## ਕਿਸ ਤਰ੍ਹਾਂ ਦੇ ਗੋਲਗੱਪੇ ਖਾਣਾ ਫਾਇਦੇਮੰਦ ਹੁੰਦਾ ਹੈ ?

ਡਾ. ਪੂਰਵੀ ਕਹਿੰਦੇ ਹਨ, "ਮੈਂ ਗੋਲਗੱਪੇ ਨੂੰ ਦੁਸ਼ਮਣ ਨਹੀ ਮੰਨਦੀ, ਪਰ ਇਸ ਨੂੰ ਬਣਾਉਣ ਦੀ ਪ੍ਰਕਿਰਿਆ ਵਿੱਚ ਗੁਣਵੱਤਾ ਅਤੇ ਸਾਫ਼-ਸਫ਼ਾਈ ਰੱਖੀ ਜਾਣੀ ਚਾਹੀਦੀ ਹੈ। ਇਸ ਨੂੰ ਕਦੇ-ਕਦਾਈ ਖਾਣਾ ਠੀਕ ਹੈ, ਪਰ ਇਸ ਨੂੰ ਰੋਜ਼ਾਨਾ ਨਾਸ਼ਤੇ ਵਜੋਂ ਨਹੀ ਵਰਤਿਆ ਜਾ ਸਕਦਾ ਅਤੇ ਜਿੱਥੋਂ ਤੱਕ ਹੋ ਸਕੇ, ਘਰ ਦੇ ਬਣੇ ਗੋਲਗੱਪੇ ਹੀ ਖਾਣੇ ਚਾਹੀਦੇ ਹਨ।" ਉਹ ਕਹਿੰਦੇ ਹਨ, "ਤਾਜ਼ਾ ਪੁਦੀਨਾ, ਧਨੀਆ, ਮਸਾਲੇ, ਉਬਲੇ ਹੋਏ ਛੋਲੇ, ਸਾਫ਼ ਆਲੂ ਅਤੇ ਪੁਣੇ ਹੋਏ ਜਾਂ ਉਬਲੇ ਹੋਏ ਪਾਣੀ ਨਾਲ ਸਾਵਧਾਨੀ ਨਾਲ ਤਿਆਰ ਕੀਤੇ ਘਰ ਦੇ ਬਣੇ ਗੋਲਗੱਪੇ ਹਾਜ਼ਮੇ ਵਿੱਚ ਮਦਦ ਕਰ ਸਕਦੇ ਹਨ।" ਪੁਦੀਨਾ ਅਤੇ ਧਨੀਆ ਆਂਦਰਾਂ ਵਿੱਚ ਹਾਜ਼ਮੇ ਵਿੱਚ ਸਹਾਇਤਾ ਕਰਦੇ ਹਨ, ਜੀਰਾ ਅਤੇ ਅਦਰਕ ਹਾਜ਼ਮੇ ਦੇ ਰਸਾਂ (ਐਨਜ਼ਾਈਮਾਂ) ਨੂੰ ਸਹਾਰਾ ਦਿੰਦੇ ਹਨ। ਜਦਕਿ ਛੋਲੇ ਫਾਈਬਰ ਅਤੇ ਪ੍ਰੋਟੀਨ ਰਾਹੀ ਲਗਾਤਾਰ ਉਰਜਾ ਪ੍ਰਦਾਨ ਕਰਦੇ ਹਨ। ਇਸ ਲਈ ਡਾ. ਅਜੈ ਪਰਮਾਰ ਕਹਿੰਦੇ ਹਨ, "ਸਟ੍ਰੀਟ ਫੂਡ ਵਿੱਚ ਸਫ਼ਾਈ ਕਾਇਮ ਰੱਖਣੀ ਬਹੁਤ ਮੁਸ਼ਕਲ ਹੈ। ਤੁਹਾਨੂੰ ਅਜਿਹੀ ਜਗ੍ਹਾ ਜਾਣਾ ਚਾਹੀਦਾ ਹੈ ਜਿੱਥੇ ਗੋਲਗੱਪੇ ਬਣਾਉਂਦੇ ਸਮੇਂ ਟੋਪੀ ਅਤੇ ਮਾਸਕ ਦੀ ਵਰਤੋਂ ਕੀਤੀ ਜਾਂਦੀ ਹੋਵੇ ਅਤੇ ਆਮ ਪਾਣੀ ਦੀ ਜਗ੍ਹਾ ਮਿਨਰਲ ਵਾਟਰ ਦੀ ਵਰਤੋਂ ਕੀਤੀ ਜਾਂਦੀ ਹੋਵੇ।"

> "ਮੈਂ ਗੋਲਗੱਪੇ ਨੂੰ ਦੁਸ਼ਮਣ ਨਹੀਂ ਮੰਨਦੀ, ਪਰ ਇਸ ਨੂੰ ਬਣਾਉਣ ਦੀ ਪ੍ਰਕਿਰਿਆ ਵਿੱਚ ਗੁਣਵੱਤਾ ਅਤੇ ਸਾਫ਼-ਸਫ਼ਾਈ ਰੱਖੀ ਜਾਣੀ ਚਾਹੀਦੀ ਹੈ। ਇਸ ਨੂੰ ਕਦੇ-ਕਦਾਈਂ ਖਾਣਾ ਠੀਕ ਹੈ, ਪਰ ਇਸ ਨੂੰ ਰੋਜ਼ਾਨਾ ਨਾਸ਼ਤੇ ਵਜੋਂ ਨਹੀਂ ਵਰਤਿਆ ਜਾ ਸਕਦਾ ਅਤੇ ਜਿੱਥੋਂ ਤੱਕ ਹੋ ਸਕੇ, ਘਰ ਦੇ ਬਣੇ ਗੋਲਗੱਪੇ ਹੀ ਖਾਣੇ ਚਾਹੀਦੇ ਹਨ।
>
> ਡਾ. ਪੂਰਵੀ ਪਾਰਿਖ
> ਡਾਈਟ ਅਤੇ ਨਿਊਟ੍ਰੀਸ਼ਨ ਸਲਾਹਕਾਰ



# ਮੱਖਣ ਮਾਨ ਦਾ 'ਰੰਗਾਂ ਦੀ ਗੁਫ਼ਤਗੂ' ਲੋਕ ਹਿੱਤਾਂ ਦਾ ਪਹਿਰੇਦਾਰ ਕਾਵਿ-ਸੰਗ੍ਰਹਿ

ਉਜਾਗਰ ਸਿੰਘ
94178 13072

**ਮੱਖਣ** ਮਾਨ ਲੋਕ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੀਆਂ ਕਵਿਤਾਵਾਂ ਲਿਖਦਾ ਹੈ। ਚਰਚਾ ਅਧੀਨ 'ਰੰਗਾਂ ਦੀ ਗੁਫ਼ਤਗੂ' ਉਸਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸਦਾ ਇੱਕ 'ਬਿਰਸਾ ਮੁੰਡਾ ਦਾ ਪੁਨਰ ਜਨਮ' ਕਾਵਿ-ਸੰਗ੍ਰਹਿ 2019 ਵਿੱਚ ਪ੍ਰਕਾਸ਼ਿਤ ਹੋ ਚੁੱਕਾ ਹੈ। ਉਸਦਾ 'ਬਿਰਸਾ ਮੁੰਡਾ ਦਾ ਪੁਨਰ ਜਨਮ' ਕਾਵਿ-ਸੰਗ੍ਰਹਿ ਕਾਫ਼ੀ ਚਰਚਾ ਵਿੱਚ ਰਿਹਾ ਹੈ, ਇੱਕ ਕਿਸਮ ਨਾਲ ਇਸ ਕਾਵਿ-ਸੰਗ੍ਰਹਿ ਦੇ ਪ੍ਰਕਾਸ਼ਿਤ ਹੋਣ ਨਾਲ ਉਹ ਸਾਹਿਤਕ ਗਲਿਆਰਿਆਂ ਵਿੱਚ ਕਵੀ ਦੇ ਤੌਰ 'ਤੇ ਜਾਣਿਆਂ ਜਾਣ ਲੱਗ ਪਿਆ ਸੀ। ਭਾਵੇਂ ਇਸ ਤੋਂ ਪਹਿਲਾਂ ਉਸਦਾ ਮੌਲਿਕ ਕਹਾਣੀ-ਸੰਗ੍ਰਹਿ 'ਖੌਲਦੇ ਪਾਣੀ' (ਪੰਜਾਬੀ) ਤੇ 'ਸਿਮਰਤੀ ਭੋਜ' ਕਹਾਣੀ-ਸੰਗ੍ਰਹਿ (ਹਿੰਦੀ) ਵਿੱਚ ਪ੍ਰਕਾਸ਼ਤ ਹੋ ਚੁੱਕੇ ਸਨ। ਇਸ ਤੋਂ ਇਲਾਵਾ ਚਾਰ ਸੰਪਾਦਿਤ ਕਹਾਣੀ-ਸੰਗ੍ਰਹਿ 'ਵਗਦੇ ਪਾਣੀ', 'ਪੱਥਰਾਂ 'ਤੇ ਤੁਰਦੇ ਲੋਕ', 'ਨਵੀ ਕਹਾਣੀ ਨਵੇਂ ਨਕਸ਼-1' ਅਤੇ 'ਨਵੀ ਕਹਾਣੀ ਨਵੇਂ ਨਕਸ਼-2' ਵੀ ਪ੍ਰਕਾਸ਼ਿਤ ਹੋ ਚੁੱਕੇ ਹਨ। ਮੱਖਣ ਮਾਨ ਦਾ 'ਰੰਗਾਂ ਦੀ ਗੁਫ਼ਤਗੂ' ਆਪਣੀ ਕਿਸਮ ਦਾ ਨਿਵੇਕਲਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਵੱਖੋ-ਵੱਖਰੇ ਰੰਗ ਵਿਖੇਰਦੀਆਂ 45 ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ, ਜਿਹੜੀਆਂ ਸਮਾਜ ਦੇ ਹਰ ਵਰਗ ਪ੍ਰੰਤੂ ਖਾਸ ਤੌਰ 'ਤੇ ਦਲਿਤ ਸਮਾਜ ਦੀ ਪ੍ਰਤੀਨਿਧਤਾ ਕਰਦੀਆਂ ਲੱਗਦੀਆਂ ਹਨ। ਇਸ ਕਾਵਿ-ਸੰਗ੍ਰਹਿ ਵਿੱਚ ਸ਼ਾਇਰ ਨੇ ਸਮਾਜ ਦੇ ਦੱਬੇ ਕੁਚਲੇ ਗ਼ਰੀਬ ਲੋਕਾਂ ਦੀ ਜਦੋਜਹਿਦ ਵਾਲੀ ਜ਼ਿੰਦਗੀ ਦੀ ਤ੍ਰਾਸਦੀ ਨਾਲ ਸੰਬੰਧਤ ਕਵਿਤਾਵਾਂ ਲਿਖੀਆਂ ਹਨ। ਇਹ ਕਵਿਤਾਵਾਂ ਗ਼ਰੀਬੀ ਕਰਕੇ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਸੰਤਾਪ ਹੰਢਾ ਰਹੇ ਲੋਕਾਂ ਦੀ ਬਰਾਬਰੀ ਦੇ ਹੱਕ ਲੈਣ ਲਈ ਇੱਕਮੁਠਤਾ ਨਾਲ ਜੁੱਟ ਕੇ ਕੰਮ ਕਰਨ ਦੀ ਪ੍ਰੇਰਨਾ ਕਰਦੀਆਂ ਹਨ। ਉਸਦੀਆਂ ਕਵਿਤਾਵਾਂ ਲੋਕਾਈ ਦਾ ਦਰਦ-ਦੁਖਾਂਤ, ਜ਼ੋਰ-ਜ਼ਬਰਦਸਤੀ, ਜ਼ਬਰ-ਜ਼ੁਲਮ ਅਤੇ ਹੋ ਰਹੀ ਬੇਇਨਸਾਫ਼ੀ ਦੀ ਪੀੜਾ ਨੂੰ ਉਘਾੜਦੀਆਂ ਹਨ, ਤਾਂ ਜੋ ਇਹ ਲੋਕ ਆਪਣੇ ਹੱਕਾਂ ਬਾਰੇ ਜਾਗਰੂਕ ਹੋ ਕੇ ਸਮਾਨਤਾ ਦੇ ਹੱਕ ਪ੍ਰਾਪਤ ਕਰ ਸਕਣ। ਮੱਖਣ ਮਾਨ ਦੀਆਂ ਕਵਿਤਾਵਾਂ ਸਿਰਫ ਇਨ੍ਹਾਂ ਲੋਕਾਂ ਦੇ ਦੁਖਾਂਤ ਦਾ ਪ੍ਰਗਟਾਵਾ ਹੀ ਨਹੀ ਕਰਦੀਆਂ ਸਗੋਂ, ਸਮਾਜ, ਸਰਕਾਰਾਂ, ਸਿਆਸਤਦਾਨਾਂ ਅਤੇ ਪ੍ਰਬੰਧਕਾਂ ਨੂੰ ਸਵਾਲ ਵੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਮੁੱਖ ਮੰਤਵ ਗ਼ਰੀਬ ਵਰਗ, ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਉਨ੍ਹਾਂ ਦੇ ਆਪਣੇ ਦੁਖਾਂਤ ਬਾਰੇ ਸੁਚੇਤ ਕਰਨਾ ਹੈ। ਜੇਕਰ ਗ਼ਰੀਬ ਲੋਕ ਸੁਚੇਤ ਹੋ ਜਾਣਗੇ ਤਾਂ ਆਪਣੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਯੋਜਨਾਬੱਧ ਢੰਗ ਨਾਲ ਲੜਾਈ ਲੜ ਸਕਦੇ ਹਨ। ਇਨ੍ਹਾਂ ਵਰਗਾਂ ਦਾ ਭਲਾ ਰਾਜਨੀਤਕ ਪ੍ਰਣਾਲੀ ਰਾਹੀ ਹੀ ਹੋ ਸਕਦਾ ਹੈ, ਇਸ ਲਈ ਸ਼ਾਇਰ ਦੀਆਂ ਕਵਿਤਾਵਾਂ ਰਾਜਨੀਤਕ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕਰਨ ਵਾਲੀਆਂ ਹਨ। ਇਹ ਕਵਿਤਾਵਾਂ ਜ਼ਾਤ-ਪਾਤ ਤੇ ਉਚ-ਨੀਚ ਦੀ ਪ੍ਰਵਿਰਤੀ ਰਾਹੀ ਸਮਾਜਿਕ ਪ੍ਰਣਾਲੀ ਵੱਲੋਂ ਇਨ੍ਹਾਂ ਵਰਗਾਂ ਦੇ ਸਵੈ-ਮਾਣ ਨੂੰ ਖ਼ਤਮ ਕਰਨ ਲਈ ਕੀਤੀਆਂ ਜਾਂਦੀਆਂ ਕਾਰਵਾਈਆਂ ਨੂੰ ਰੋਕਣ ਵਿੱਚ ਸਹਾਈ ਹੋਣਗੀਆਂ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਰਾਜਨੀਤਕ ਲੋਕਾਂ ਦੀ ਕੂੜ ਰਾਜਨੀਤੀ ਨੂੰ ਸਮਝਣ ਲਈ ਪ੍ਰੇਰਿਤ ਕਰਦੀਆਂ ਹਨ। ਸ਼ਾਇਰ ਦਲਿਤ ਵਰਤਾਰੇ ਦੀ ਰਾਜਨੀਤੀ ਨੂੰ ਭਲੀ ਪ੍ਰਕਾਰ ਸਮਝਦਾ ਹੋਇਆ, ਇਨ੍ਹਾਂ ਕਵਿਤਾਵਾਂ ਦੇ ਮਾਧਿਅਮ ਰਾਹੀ ਸਰਕਾਰ ਦੀ ਆਰਥਿਕ ਤੇ ਪ੍ਰਬੰਧਕੀ ਨੀਤੀ ਦਾ ਪ੍ਰਗਟਾਵਾ ਵੀ ਕਰਦਾ ਹੈ, ਜਿਸ ਨਾਲ ਰਾਜਨੀਤੀ ਵਿੱਚ ਧਰਮ, ਮੂਲਵਾਦ, ਫ਼ਿਰਕਾਪ੍ਰਸਤੀ ਦੇ ਤਾਣੇ-ਬਾਣੇ ਨਾਲ ਜਕੜਿਆ ਹੋਇਆ ਹੈ। ਸ਼ਾਇਰ ਆਪਣੀ 'ਸ਼ਾਹ ਰਗ 'ਚ ਬੁਝਦੀ ਜਗਦੀ ਕੈਨਵਸ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ ਕਿ ਗ਼ਰੀਬ ਦਲਿਤ 'ਤੇ ਜੋ ਅਤਿਆਚਾਰ ਹੋ ਰਹੇ ਹਨ, ਇਹ ਹਲਕਾਏ ਲੋਕਾਂ ਦੀ ਮਾਨਸਿਕਤਾ ਹੈ ਕਿ ਉਹ ਦਲਿਤਾਂ ਨੂੰ ਪੈਰ-ਪੈਰ 'ਤੇ ਕੁਚਲ ਰਹੇ ਹਨ। ਇਸ ਕਵਿਤਾ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ:

**ਹਲਕਾਅ ਦੀ ਦਹਿਸ਼ਤ**
**ਕਿੱਥੋਂ-ਕਿੱਥੋਂ ਦੀ ਹੋ ਆਈ ਹੈ**
**ਕੋਈ ਵੀ ਕੋਨਾ ਮਹਿਫ਼ੂਜ਼ ਨਹੀ ਬਚਿਆ ਹੈ**
**ਜ਼ਿੰਦਗੀ ਦਾ ਪਹੀਆ ਲੀਹੋਂ ਲਹਿ ਗਿਆ ਹੈ**
**ਹਲਕਾਈ ਕਤੀੜ**
**ਕਿਸੇ ਅਬਦਾਲੀ ਜਾਂ ਗਜ਼ਨਬੀ ਵਾਂਗ**
**ਲੈਸ ਹੋ ਕੇ ਨਹੀ ਆਈ**
**ਉਹ ਤਾਂ ਸਾੜ੍ਹ-ਸਤੀ ਬਣ**
**ਸਾਡੀਆਂ ਬਰੂਹਾਂ 'ਚ ਚੁੱਪ-ਚੁਪੀਤੇ**
**ਦਾਖ਼ਲ ਹੋਈ**
**ਬਹੁਤ ਕੁੱਝ ਤਹਿਸ-ਨਹਿਸ ਕਰ ਗਈ**
**ਤੇ ਅਸੀ ਡਰਦੇ ਮਾਰੇ**
**ਘਰਾਂ 'ਚ ਕੱਛੂਕੁੰਮੇ ਬਣ ਗਏ ਹਾਂ**

ਇਸ ਇੱਕ ਕਵਿਤਾ ਵਿੱਚ ਅਨੇਕਾਂ ਸਵਾਲ ਖੜ੍ਹੇ ਕੀਤੇ ਗਏ ਹਨ, ਜਿਨ੍ਹਾਂ ਦਾ ਜਵਾਬ ਦਲਿਤ ਸਮਾਜ ਸਰਕਾਰਾਂ ਤੋਂ ਮੰਗਦਾ ਹੈ। ਸ਼ਾਇਰ ਆਪਣੀਆਂ ਕਵਿਤਾਵਾਂ ਵਿੱਚ ਵਹਿਮਾਂ- ਭਰਮਾ ਦੇ ਜੰਜ਼ਾਲ ਵਿੱਚੋਂ ਨਿਕਲਕੇ ਬਗ਼ਾਬਤ ਦੀ ਰੌ ਉਸਾਰਨ ਦੀ ਤਾਕੀਦ ਕਰਦਾ ਹੈ। ਮੱਖਣ ਮਾਨ ਆਪਣੀਆਂ ਕਵਿਤਾਵਾਂ ਵਿੱਚ ਦੱਸਦਾ ਹੈ ਕਿ ਮੁਹੱਬਤਾਂ ਸਰੀਰਾਂ ਨਾਲ ਨਹੀ ਸਗੋਂ ਮੁਹੱਬਤ ਇਨਸਾਨ ਦੀ ਇਨਸਾਨ ਰਾਹੀ ਮਾਨਵਤਾ ਦੀ ਪਛਾਣ ਦਾ ਦੂਸਰਾ ਨਾਮ ਹੈ। ਸ਼ਾਇਰ ਨੇ ਦੁਨਿਆਵੀ ਮੁਹੱਬਤ ਦੇ ਅਰਥ ਬਦਲਣ ਦੀ ਵਕਾਲਤ ਕੀਤੀ ਹੈ। ਇਸ਼ਕ-ਹਕੀਕੀ ਤੇ ਇਸ਼ਕ-ਮਜਾਜ਼ੀ ਦੇ ਅੰਤਰ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਸਰੀਰਕ ਖਿਚ ਪਿਤਰੀ ਸੋਚ ਦਾ ਪ੍ਰਤੀਕ ਹੈ। ਸ਼ਾਇਰ ਇਨਸਾਨ ਨੂੰ ਇਸ ਖਲਜਗਣ ਵਿੱਚੋਂ ਬਾਹਰ ਨਿਕਲਣ ਦੀ ਪ੍ਰੇਰਨਾ ਕਰਦਾ ਹੈ। 'ਸਪੇਸ ਕਿਤੇ ਵੀ ਨਹੀਂ' ਸਿਰਲੇਖ ਵਾਲੀ ਕਵਿਤਾ ਵਿੱਚ ਸ਼ਾਇਰ ਲਿਖਦਾ ਹੈ ਕਿ ਲੋਕਾਂ ਨੂੰ ਧਰਮ ਦੇ ਨਾਂ 'ਤੇ ਗੁੰਮਰਾਹ ਕੀਤਾ ਜਾਂਦਾ ਹੈ। ਲੋਕ ਧਰਮਾਂ ਦੇ ਚੱਕਰ ਵਿੱਚ ਫਸ ਗਏ ਹਨ:

**ਲਵ ਜਹਾਦ**
**ਕਿਸ ਚੱਕਰਵਿਊ ਵਿੱਚ ਘਿਰ ਗਏ ਸੀ ਆਪਾਂ**
**ਮੈਂ ਕਦੇ ਮਸੀਤ ਨਹੀ ਵੇਖੀ ਸੀ**
**ਤੂੰ ਕਦੇ ਮੰਦਰ**
**ਪਰ ਚਿਣ ਦਿੱਤੇ ਗਏ ਸਾਂ**
**ਕਿਸੇ ਸਾਜ਼ਿਸ਼ ਦੇ ਤਹਿਤ**
**ਮਜ਼ਹਬ ਦੀਆਂ ਨੀਹਾਂ ਵਿੱਚ**

ਮੁਹੱਬਤ ਰੂਹ ਦੀ ਖ਼ੁਰਾਕ ਹੁੰਦੀ ਹੈ। ਇਹ ਆਪਸੀ, ਮਿਲਵਰਤਨ, ਸਹਿਹੋਂਦ, ਸਹਿਨਸ਼ੀਲਤਾ ਅਤੇ ਸਲੀਕੇ ਦੀ ਪ੍ਰਤੀਕ ਹੁੰਦੀ ਹੈ। ਇਸਨੂੰ ਇਸ਼ਕ ਦੇ ਨਾਲ ਜੋੜਕੇ ਵੇਖਣਾ ਬਹੁਤਾ ਸਾਰਥਿਕ ਨਹੀ ਹੁੰਦਾ। ਇਹ ਤਹਿਜ਼ੀਬ ਦਾ ਦੂਜਾ ਨਾਮ ਹੈ। ਮੁਹੱਬਤ ਵਾਲੀਆਂ ਕਵਿਤਾਵਾਂ ਰਿਸ਼ਤਿਆਂ ਨੂੰ ਪਛਾਣਨ 'ਤੇ ਜ਼ੋਰ ਦਿੰਦੀਆਂ ਹਨ। ਸ਼ਾਇਰ ਦੀਆਂ ਮੁਹੱਬਤ ਨਾਲ ਸੰਬੰਧਤ ਕਵਿਤਾਵਾਂ ਵੀ ਸਮਾਜਿਕਤਾ ਦੀ ਪੈਰਵੀ ਕਰਦੀਆਂ ਹਨ। ਸਮਾਜਿਕ ਕਦਰਾਂ ਕੀਮਤਾਂ ਦੀ ਗਿਰਾਵਟ ਅਤੇ ਸਮਾਜਵਾਦੀ ਸਿਧਾਂਤਾਂ ਤੋਂ ਕਿਨਾਰਾਕਸ਼ੀ ਦਾ ਦੁਖਾਂਤ ਪੇਸ਼ ਕਰਦੀਆਂ ਹਨ। ਰਿਸ਼ਤੇ ਇੱਕ ਦੂਜੇ ਦੇ ਪੂਰਕ ਬਣਨੇ ਚਾਹੀਦੇ ਹਨ। ਪੰਜਾਬ ਦੀ ਵਿਰਾਸਤ ਬਹੁਤ ਅਮੀਰ ਹੈ, ਪ੍ਰੰਤੂ ਪਰੰਪਰਾਵਾਂ ਅਤੇ ਰੀਤੀ ਰਿਵਾਜ਼ ਇਸਤੇ ਭਾਰੂ ਹਨ। 'ਤ੍ਰਿਹਾਏ ਸੇਕ ਦੀ ਠਾਰ', 'ਮੁਕਤੀ ਦੁਆਰ', 'ਚਾਹਤ ਦਾ ਯਟੋਪੀਆ', 'ਇੱਕ ਗੱਲ ਜੇ ਮੈਂ ਕਹਾਂ', 'ਤੇਰੇ ਨਾਮ ਦੀਆਂ ਵਾਰਾਂ' ਅਤੇ 'ਕੁੜੀਆਂ ਚਿੜੀਆਂ ਤੇ ਪੱਥਰ' ਸਿਰਲੇਖ ਵਾਲੀਆਂ ਕਵਿਤਾਵਾਂ ਸਮਾਜ ਵਿੱਚ ਇਸਤਰੀਆਂ 'ਤੇ ਹੋ ਰਹੇ ਦੁਰਾਚਾਰਾਂ ਤੇ ਜ਼ਿਆਦਤੀਆਂ ਦੀ ਗਵਾਹੀ ਭਰਦੀਆਂ ਹਨ। ਔਰਤ ਨਾਲ ਹਰ ਰਿਸ਼ਤੇ ਵਿੱਚ ਅਣਹੋਣੀਆਂ ਹੋ ਰਹੀਆਂ ਹਨ, ਬਲਾਤਕਾਰ, ਕੁੱਟ-ਮਾਰ, ਬੇਇਨਸਾਫ਼ੀ, ਨੀਵਾਂ ਸਮਝਣਾ, ਨਿਹੋਰੇ ਮਾਰਨੇ, ਤਾਅਨੇ ਮਿਹਣੇ, ਬੰਦਸ਼ਾਂ, ਪਤੀ ਪਰਮੇਸ਼ਰ ਹੋਣਾ, ਸਮਾਜਿਕ ਵਿਤਕਰਾ, ਸੈਕਸੁਅਲ ਹਰਾਸਮੈਂਟ, ਰੋਣ ਵੀ ਨਹੀ ਦੇਣਾ ਅਤੇ ਭਰੂਣ ਹੱਤਿਆ ਵਰਗੀਆਂ ਲਾਹਣਤਾ ਨੂੰ ਚੁਪ ਕਰਕੇ ਸਹਿਣਾ ਔਰਤ ਦੀ ਤ੍ਰਾਸਦੀ ਦਰਸਾਉਦੀਆਂ ਕਵਿਤਾਵਾਂ ਹਨ। ਦੇਸ਼ ਲਈ ਨਾਮਣਾ ਖੱਟਣ ਵਾਲੀਆਂ ਪਹਿਲਵਾਨ ਲੜਕੀਆਂ ਜੇ ਰਾਜਨੀਤਕ ਲੋਕਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਹਨ ਤਾਂ ਆਮ ਇਸਤਰੀਆਂ ਦਾ ਕੀ ਹਾਲ ਹੋਵੇਗਾ। ਇਸ ਦੇ ਨਾਲ ਹੀ ਸ਼ਾਇਰ ਔਰਤ ਨੂੰ ਹੁਣ ਅਬਲਾ ਨਹੀ ਦਲੇਰੀ ਫੜਨ ਦੀ ਤਾਕੀਦ ਵੀ ਕਰਦਾ ਹੈ। ਇਸਤਰੀਆਂ ਨਾਲ ਬਿਨਾ ਵਜਾਹ ਦੇ ਝਗੜੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾਉਂਦੇ ਹਨ। ਹਰ ਗ਼ਲਤ ਕੰਮ ਦੀ ਜ਼ਿੰਮੇਵਾਰ ਔਰਤ ਨੂੰ ਠਹਿਰਾਇਆ ਜਾਂਦਾ ਹੈ। ਔਰਤਾਂ ਨੂੰ ਰਿਸ਼ਤਿਆਂ ਦੇ ਬੰਧਨ ਵਿੱਚ ਬੰਨ੍ਹਕੇ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਉਹ ਉਦਾਸ ਤੇ ਨਿਰਾਸ਼ ਰਹਿੰਦੀਆਂ ਹਨ, ਪ੍ਰੰਤੂ ਮੱਖਣ ਮਾਨ ਦੀਆਂ ਕਵਿਤਾਵਾਂ ਇਨ੍ਹਾਂ ਵਿਸੰਗਤੀਆਂ ਦਾ ਮੁਕਾਬਲਾ ਕਰਨ ਲਈ ਹੱਲਾਸ਼ੇਰੀ ਵੀ ਦਿੰਦੀਆਂ ਹਨ। 'ਰੋਹਿਤ ਵੇਮੂਲਾ ਦਾ ਖ਼ਤ' ਸਿਰਲੇਖ ਵਾਲੀ ਕਵਿਤਾ ਵੀ ਕਈ ਸਵਾਲ ਖੜ੍ਹੇ ਕਰਦੀ ਹੈ। ਆਜ਼ਾਦੀ ਦੀਆਂ ਬਰਕਤਾਂ ਆਮ ਲੋਕਾਂ ਨੂੰ ਮਿਲ ਨਹੀ ਰਹੀਆਂ, ਫ਼ਿਰਕਾਪ੍ਰਸਤੀ ਦਾ ਦੌਰ ਹੈ, ਭੀੜਤੰਤਰ ਘੱਟ ਗਿਣਤੀਆਂ ਤੇ ਤਸ਼ੱਦਦ ਕਰ ਰਿਹਾ ਹੈ, ਸਮਾਜਿਕ ਵਿਤਕਰੇ ਹੋ ਰਹੇ ਹਨ, ਸ਼ਾਇਰ ਇਨ੍ਹਾਂ ਵਿਰੁੱਧ ਲੜਾਈ ਲੜਨ ਦੀ ਪ੍ਰੇਰਨਾ ਕਰਦਾ ਹੈ। ਹਾਕਮਾ ਦੀ ਨੀਅਤ ਸਾਫ਼ ਨਹੀ, ਰੀਝਾਂ ਪੂਰੀਆਂ ਨਹੀ ਹੋ ਰਹੀਆਂ ਅਤੇ ਖ਼ੁਸ਼ਹਾਲੀ ਦੀ ਥਾਂ ਮੰਦਹਾਲੀ ਦਾ ਦੌਰ ਹੈ। 'ਅੰਬੇਦਕਰ ਕਿੱਥੇ ਹੈ?' ਕਵਿਤਾ ਦੇਸ਼ ਵਾਸੀਆਂ ਦੇ ਭਾਰਤੀ ਸੰਵਿਧਾਨ ਦੇ ਸਿਧਾਂਤਾਂ ਤੋਂ ਮੁੱਖ ਮੋੜਨ ਦੀ ਤ੍ਰਾਸਦੀ ਦਾ ਬਿਰਤਾਂਤ ਹੈ, ਕਿਉਂਕਿ ਜਿਹੜੇ ਸਪਨੇ ਸਿਰਜਕੇ ਸੰਵਿਧਾਨ ਬਣਾਇਆ ਸੀ, ਭਾਰਤੀ ਉਨ੍ਹਾਂ 'ਤੇ ਪਹਿਰਾ ਦੇਣ ਦੀ ਥਾਂ ਉਸਦੇ ਵਿਰੁੱਧ ਕਾਰਵਾਈਆਂ ਕਰ ਰਹੇ ਹਨ। ਸਰਕਾਰਾਂ ਦੀ ਅਣਵੇਖੀ ਨੂੰ ਭਾਰਤੀ ਵੀ ਅਣਡਿਠ ਕਰ ਰਹੇ ਹਨ। ਸਿਰਫ ਇੱਕ ਦਿਨ ਸੰਵਿਧਾਨ ਦੇ ਨਿਰਮਾਤਾ ਨੂੰ ਯਾਦ ਕਰਕੇ ਕਾਰਵਾਈ ਪਾ ਦਿੰਦੇ ਹਨ। 'ਰੇਤ 'ਚ ਤੈਰਦੀਆਂ ਜਾਮਣੀ ਨਦੀਆਂ' ਸਿਰਲੇਖ ਵਾਲੀ ਕਵਿਤਾ ਵਿੱਚ ਸਾਹਿਤਕਾਰਾਂ ਖਾਸ ਤੌਰ 'ਤੇ ਕਵੀਆਂ ਵੱਲੋਂ ਸਮਾਜ ਪ੍ਰਤੀ ਆਪਣੀ ਜਵਾਬਦੇਹੀ ਨਿਭਾਉਣ ਦੀ ਥਾਂ ਬੇਫ਼ਜ਼ੂਲ ਰਚਨਾਵਾਂ ਲਿਖੀਆਂ ਜਾ ਰਹੀਆਂ ਹਨ, ਜਿਹੜੀਆਂ ਲੋਕ ਹਿੱਤਾਂ ਦੀ ਤਰਜ਼ਮਾਨੀ ਨਹੀ ਕਰਦੀਆਂ। ਆਧੁਨਿਕਤਾ ਨੇ ਨੈਟ ਤੇ ਮੋਬਾਈਲ ਰਾਹੀ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਇਆ ਹੈ। ਲੋਕ ਦੋਹਰੇ ਕਿਰਦਾਰ ਵਾਲੇ ਹਨ, ਪੰਜਾਬ ਸਰਾਪਿਆ ਪਿਆ ਹੈ, ਨਸ਼ੇ ਭਾਰੂ ਹਨ, ਮਾਵਾਂ ਪੁੱਤ ਨਹੀ ਖੁਦਕਸ਼ੀਆਂ ਜੰਮਦੀਆਂ ਹਨ, ਗੁੰਡਿਆਂ ਦਾ ਰਾਜ ਹੈ, ਇਨਸਾਫ਼ ਨਹੀ ਮਿਲਦਾ, ਨੇਕੀ ਤੇ ਬਦੀ ਭਾਰੂ ਹੈ। ਇਨ੍ਹਾਂ ਵਿਸ਼ਿਆਂ ਦੇ ਦੁਆਲੇ ਮੱਖਣ ਮਾਨ ਦੀਆਂ ਕਵਿਤਾਵਾਂ ਘੁੰਮਦੀਆਂ ਹਨ। ਉਹ ਲੋਕ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਸ਼ਾਇਰ ਹੈ। ਭਵਿਖ ਵਿੱਚ ਮੱਖਣ ਮਾਨ ਤੋਂ ਇਸ ਤੋਂ ਵੀ ਵਧੀਆ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।




ਡਾ. ਗੁਰਦੀਪ ਸਿੰਘ ਸੰਧੂ
94173-75266



# ਬਿਨਾ ਸੰਤੋਖ ਨਹੀ ਕੋਊ ਰਾਜੈ

**ਕਾਮ**, ਕ੍ਰੋਧ, ਲੋਭ, ਮੋਹ, ਹੰਕਾਰ ਜੀਵਨ ਦੀਆਂ ਮੂਲ ਪ੍ਰਵਿਰਤੀਆਂ ਹਨ। ਜੀਵਨ ਦੀ ਉਤਪਤੀ, ਪਣਪਣ ਅਤੇ ਸੁਭਾਇਮਾਨ ਹੋਣ ਵਿੱਚ ਇਨ੍ਹਾਂ ਪ੍ਰਵਿਰਤੀਆਂ ਦਾ ਬਹੁਤ ਅਹਿਮ ਯੋਗਦਾਨ ਰਿਹਾ ਹੈ। ਹੁਣ ਤੱਕ ਦੇ ਹੋਂਦ ਵਿੱਚ ਆਏ ਧਰਮ, ਸੱਭਿਆਚਾਰ ਅਤੇ ਵਿਚਾਰਧਾਰਾਵਾਂ ਮਨੁੱਖ ਨੂੰ ਆਪਣਾ ਜੀਵਨ ਸਹੀ ਢੰਗ ਨਾਲ ਜਿਉਣ ਲਈ, ਇਨ੍ਹਾਂ ਮੂਲ ਪ੍ਰਵਿਰਤੀਆਂ ਸੰਗ ਸਹਿਜ ਦਾ ਰਿਸ਼ਤਾ ਅਪਣਾ ਕੇ ਚੱਲਣ ਦੀ ਸਿੱਖਿਆ ਦਿੰਦੀਆਂ ਆ ਰਹੀਆਂ ਹਨ। ਸਹਿਜ ਮਾਰਗ ਇਨ੍ਹਾਂ ਸੋਚਾਂ ਵਿੱਚੋਂ ਹੀ ਪੈਦਾ ਹੋਇਆ ਹੈ। ਜਦੋਂ ਵੀ ਮਨੁੱਖ ਇਨ੍ਹਾਂ ਮੂਲ ਪ੍ਰਵਿਰਤੀਆਂ ਨੂੰ ਆਪਣੇ ਉੱਪਰ ਭਾਰੂ ਕਰ ਲੈਂਦਾ ਹੈ ਅਤੇ ਇਨ੍ਹਾਂ ਦੀ ਪੂਰਤੀ ਨੂੰ ਹੀ ਆਪਣਾ ਜੀਵਨ ਮਕਸਦ ਬਣਾ ਲੈਂਦਾ ਹੈ ਤਦ ਉਹ ਕਈ ਭਟਕਣਾਵਾਂ, ਨਿਰਾਸ਼ਾਵਾਂ, ਸੰਕਟਾਂ, ਸਮੱਸਿਆਵਾਂ ਆਦਿ ਵਿੱਚ ਉਲਝ ਜਾਂਦਾ ਹੈ। ਇਹ ਸਾਰੀਆਂ ਪ੍ਰਵਿਰਤੀਆਂ ਮਨੁੱਖ ਨੂੰ ਬਹੁਤ ਲੁਭਾਵਣੇ ਢੰਗ ਨਾਲ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਲੋਭ ਇਨ੍ਹਾਂ ਵਿੱਚੋਂ ਇੱਕ ਅਹਿਮ ਪ੍ਰਵਿਰਤੀ ਹੈ। ਲੋਭ (ਲਾਲਚ) ਦੀਆਂ ਜੜ੍ਹਾਂ ਸਵਾਰਥ ਵਿੱਚ ਹੁੰਦੀਆਂ ਹਨ। ਜ਼ਿੰਦਗੀ ਜਿਉਣ ਲਈ ਸੁਆਰਥੀ ਬਣਨਾ ਪੈਂਦਾ ਹੈ, ਪਰ ਕੇਵਲ ਸੁਆਰਥ ਉੱਪਰ ਆਧਾਰਿਤ ਜ਼ਿੰਦਗੀ ਨੂੰ ਆਦਰਸ਼, ਖ਼ੂਬਸੂਰਤ ਅਤੇ ਸਫਲ ਜ਼ਿੰਦਗੀ ਨਹੀ ਕਿਹਾ ਜਾ ਸਕਦਾ। ਕੁੱਲੀ, ਗੁੱਲੀ ਅਤੇ ਜੁੱਲੀ (ਰੋਟੀ, ਕੱਪੜਾ ਅਤੇ ਮਕਾਨ) ਜੀਵਨ ਦੀਆਂ ਬੁਨਿਆਦੀ ਲੋੜਾਂ ਹਨ, ਇਨ੍ਹਾਂ ਨੂੰ ਪੂਰਾ ਕਰਨ ਦੀ ਇੱਛਾ ਕਰਨਾ ਹਰ ਮਨੁੱਖ ਦਾ ਅਧਿਕਾਰ ਹੈ ਜੋ ਉਸ ਦੇ ਸੁਆਰਥ ਵਿੱਚੋਂ ਪੈਦਾ ਹੋਇਆ ਹੈ। ਆਪਣੇ ਇਸ ਅਧਿਕਾਰ (ਸੁਆਰਥ) ਦੀ ਪ੍ਰਾਪਤੀ ਲਈ ਯਤਨਸ਼ੀਲ ਹੋਣਾ ਵਾਜਬ ਹੈ ਅਤੇ ਇਹ ਸਕਾਰਾਤਮਕ ਸੁਆਰਥ ਹੈ। ਇਹ ਮਨੁੱਖ ਦੀ ਬੁਨਿਆਦੀ ਪ੍ਰਵਿਰਤੀ ਹੈ। ਆਪਣੇ ਇਸ ਸਵਾਰਥ ਦੀ ਪੂਰਤੀ ਲਈ ਜ਼ਰੂਰੀ ਨਹੀ ਕਿ ਮਨੁੱਖ ਦੂਸਰਿਆਂ ਲਈ ਦੁੱਖ ਪੈਦਾ ਕਰੇ ਜਾਂ ਆਪਣੀ ਜ਼ਿੰਦਗੀ ਦੀ ਸਹਿਜਤਾ ਨੂੰ ਹੀ ਨਸ਼ਟ ਕਰ ਲਵੇ। ਸਹਿਜ ਰਹਿੰਦਿਆਂ ਵੀ ਆਪਣੇ ਜੀਵਨ ਨੂੰ ਭਰਭੂਰ ਬਣਾਇਆ ਜਾ ਸਕਦਾ ਹੈ। ਆਪਣਾ ਜੀਵਨ ਪੱਧਰ ਉੱਚਾ ਚੁੱਕਣ ਲਈ ਆਪਣੇ ਆਪ ਨੂੰ ਸਮਰੱਥ ਬਣਾਉਣਾ ਚਾਹੀਦਾ ਹੈ, ਜੀਵਨ ਜਿਉਣ ਦੀ ਕਲਾ ਸਿੱਖਣੀ ਚਾਹੀਦੀ ਹੈ, ਆਪਣੀ ਚਾਦਰ ਨੂੰ ਆਪਣੇ ਪਸਾਰੇ ਜਾਣ ਵਾਲੇ ਪੈਰਾਂ ਦੀ ਹਾਣੀ ਬਣਾਉਣ ਦੇ ਕਾਬਲ ਹੋਣਾ ਚਾਹੀਦਾ ਹੈ। ਚਾਦਰ ਅਤੇ ਪੈਰਾਂ ਵਿਚਕਾਰ ਸਮਤੋਲ ਸਿਰਜਣਾ ਪਵੇਗਾ। ਬਹੁਤ ਕੁਝ ਜੀਵਨ ਵਿੱਚ ਅਜਿਹਾ ਆਉਂਦਾ ਹੈ, ਜਿਸ ਤੋਂ ਮੁਤਾਸਿਰ ਹੋ ਚਾਦਰ ਛੋਟੀ ਲੱਗਣ ਲੱਗ ਜਾਂਦੀ ਹੈ। ਇਹ ਲਾਲਸਾ ਹੀ ਲਾਲਚ (ਲੋਭ) ਨੂੰ ਭੜਕਾਉਂਦੀ ਹੈ। ਲਾਲਸਾ ਦੀ ਭੱਠੀ ਤਪਣ ਤੋਂ ਬਾਅਦ ਫਿਰ ਸ਼ਾਂਤ ਨਹੀ ਹੁੰਦੀ। ਜੀਵਨ ਅੰਦਰ ਭਟਕਣਾ ਸ਼ੁਰੂ ਹੋ ਜਾਂਦੀ ਹੈ, ਜਿਸ ਦਾ ਸ਼ਿਕਾਰ ਹੋਇਆ ਬੰਦਾ ਆਪਣੀ ਲਾਲਸਾ ਨੂੰ ਤ੍ਰਿਪਤ ਕਰਨ ਲਈ ਕੋਈ ਵੀ ਹਰਬਾ ਵਰਤਣ ਤੋਂ ਪਰਹੇਜ਼ ਨਹੀ ਕਰਦਾ। ਉਹ ਆਪਣੀ ਜ਼ਿੰਦਗੀ ਦਾ ਰਿਦਮ ਗੁਆ ਲੈਂਦਾ ਹੈ। ਲੋਭ ਰੂਪੀ ਪ੍ਰਵਿਰਤੀ ਉਸ ਉੱਪਰ ਭਾਰੂ ਹੋ ਜਾਂਦੀ ਹੈ ਅਤੇ ਉਹ ਉਸ ਦਾ ਗੁਲਾਮ ਬਣਾ ਜਾਂਦਾ ਹੈ। ਉਹ ਆਪਣੇ ਸਾਰੇ ਸੁੱਖ-ਚੈਨ ਆਪਣੀ ਇਸ ਧੁਨ ਤੋਂ ਕੁਰਬਾਨ ਕਰ ਆਪਣੀ ਲਾਲਸਾ ਦੀ ਪੂਰਤੀ ਵਿੱਚ ਹੀ ਗਲਤਾਨ ਹੋ ਜਾਂਦਾ ਹੈ। ਆਪਣੇ ਲਾਲਚ ਦੀ ਪੂਰਤੀ ਲਈ ਕਈ ਵਾਰੀ ਮਨੁੱਖ ਇੰਨਾ ਸੁਆਰਥੀ ਹੋ ਜਾਂਦਾ ਹੈ ਕਿ ਉਹ ਆਪਣੇ ਥੋੜ੍ਹੇ ਜਿਹੇ ਫਾਇਦੇ ਲਈ ਦੂਸਰਿਆਂ ਦੀ ਮੁਕੰਮਲ ਤਬਾਹੀ ਹੋ ਜਾਣ ਦੀ ਵੀ ਪਰਵਾਹ ਨਹੀ ਕਰਦਾ। ਮਨੁੱਖ ਦੇ ਖਾਣ ਪੀਣ ਵਾਲੇ ਪਦਾਰਥਾਂ ਵਿੱਚ ਵਧ ਰਹੀ ਮਿਲਾਵਟ ਅਤੇ ਨਕਲੀ ਖਾਧ ਪਦਾਰਥ ਤਿਆਰ ਕਰਨ ਦਾ ਵਧ ਰਿਹਾ ਰੁਝਾਨ ਮਨੁੱਖੀ ਜੀਵਨ ਦੀ ਤਬਾਹੀ ਦਾ ਆਧਾਰ ਬਣ ਰਹੇ ਹਨ। ਨਸ਼ਿਆਂ ਦਾ ਫੈਲ ਰਿਹਾ ਕਾਰੋਬਾਰ ਨਾ ਕੇਵਲ ਵਰਤਮਾਨ ਮਨੁੱਖੀ ਜੀਵਨ ਦੀ ਤਬਾਹੀ ਦਾ ਆਧਾਰ ਹੈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਬਰਬਾਦ ਕਰਨ ਦਾ ਮਾਧਿਅਮ ਬਣ ਰਿਹਾ ਹੈ। ਸੱਤਾ ਦੇ ਲੋਭ ਵਿੱਚ ਅੰਨ੍ਹੇ ਹੋਏ ਸਿਆਸਤਦਾਨ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ, ਮੁੜ ਸੱਤਾ ਵਿੱਚ ਆਉਣ ਲਈ ਅਜਿਹੇ ਅਮਾਨਵੀ ਕਾਰੋਬਾਰ ਨਾਲ ਜੁੜੇ ਹੋਏ ਲੋਕਾਂ ਦੀ ਨਾ ਕੇਵਲ ਪੁਸ਼ਤ ਪਨਾਹੀ ਕਰਦੇ ਹਨ ਸਗੋਂ ਆਪ ਵੀ ਇਸ ਦਾ ਹਿੱਸਾ ਬਣ ਕੇ ਨਾਜਾਇਜ਼ ਧਨ ਕਮਾਉਣ ਦੇ ਰਾਹ ਤੁਰ ਪੈਂਦੇ ਹਨ। ਮਨੁੱਖ ਨੂੰ ਬਚਪਨ ਤੋਂ ਹੀ ਇਹ ਸਿਖਾਇਆ ਜਾਂਦਾ ਹੈ ਕਿ ਲਾਲਚ ਬੁਰੀ ਬਲਾ ਹੈ। ਮਨੁੱਖ ਅੰਦਰ ਅਜਿਹੀ ਕਿਹੜੀ ਅਸੁਰੱਖਿਆ ਦੀ ਭਾਵਨਾ ਮੌਜੂਦ ਹੈ ਜਿਹੜੀ ਉਸ ਨੂੰ ਲਾਲਚ ਰੂਪੀ ਹਵਸ ਦੇ 'ਬਲਾ' ਹੋਣ ਦੇ ਬਾਵਜੂਦ ਆਪਣੀ ਮਜ਼ਬੂਤ ਪਕੜ ਵਿੱਚ ਲੈ ਲੈਂਦੀ ਹੈ? ਜਦੋਂ ਅਸੀ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਦੇਖਦੇ ਹਾਂ ਤਾਂ ਇਹ ਸੱਚ ਬੜੀ ਸ਼ਿੱਦਤ ਨਾਲ ਸਾਹਮਣੇ ਆਉਂਦਾ ਹੈ ਕਿ ਸਾਧਾਰਨ ਤੋਂ ਲੈ ਕੇ ਵਿਸ਼ੇਸ਼ ਤੱਕ ਹਰ ਬੰਦਾ ਇਸ ਲਾਲਚ ਰੂਪੀ ਪ੍ਰਵਿਰਤੀ ਦਾ ਸ਼ਿਕਾਰ ਹੈ। ਇਹ ਲਾਲਚ ਮਨੁੱਖ ਨੂੰ ਉਚਿਤ-ਅਣਉਚਿਤ ਹਰ ਤਰੀਕੇ ਨਾਲ ਸਾਧਨ, ਸਹੂਲਤਾਂ, ਦੌਲਤ ਸਿਰਜਣ ਲਈ ਆਕਰਸ਼ਿਤ ਕਰਦਾ ਹੈ। ਮਨੁੱਖ ਦੀ ਇਸ ਪ੍ਰਵਿਰਤੀ ਵਿੱਚੋਂ ਸਮਾਜ ਅੰਦਰ ਬਹੁਤ ਵੱਡੀਆਂ ਅਲਾਮਤਾਂ ਜਿਵੇਂ ਰਿਸ਼ਵਤਖੋਰੀ, ਬੇਈਮਾਨੀ, ਮਿਲਾਵਟਖੋਰੀ, ਨਸ਼ਿਆਂ ਦਾ ਕਾਰੋਬਾਰ, ਲੁੱਟਾਂ-ਖੋਹਾਂ, ਚੋਰੀਆਂ, ਡਾਕੇ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਆਰਥਿਕ ਅਪਰਾਧ ਆਦਿ ਹੁੰਦੇ ਹਨ। ਮਨੁੱਖ ਦੀ ਕਮਜ਼ੋਰੀ ਬਣ ਚੁੱਕੀ ਲਾਲਚ ਰੂਪੀ ਇਸ ਪ੍ਰਵਿਰਤੀ ਦਾ ਫਾਇਦਾ ਉਠਾਉਣ ਵਾਲੇ ਅਨੇਕਾਂ ਸ਼ੈਤਾਨ ਦਿਮਾਗ਼ ਨਵੀਆਂ-ਨਵੀਆਂ ਤਕਨੀਕਾਂ ਅਤੇ ਵਿਧੀਆਂ ਰਾਹੀ ਮਨੁੱਖ ਦੇ ਸਾਹਮਣੇ ਅਨੇਕ ਤਰ੍ਹਾਂ ਦੇ ਲਾਲਚ ਰੂਪੀ ਸੁਹਾਵਣੇ ਬਾਗ਼ ਦਿਖਾ ਕੇ ਉਨ੍ਹਾਂ ਦੀ ਲੁੱਟ ਲਈ ਆਪਣਾ ਰਾਹ ਪੱਧਰਾ ਕਰ ਲੈਂਦੇ ਹਨ। ਸਾਧਾਰਨ ਅਤੇ ਘੱਟ ਸਮਝਦਾਰ ਬੰਦੇ ਇਨ੍ਹਾਂ ਸ਼ੈਤਾਨੀ ਚਾਲਾਂ ਦਾ ਸ਼ਿਕਾਰ ਹੋ ਜਾਣ, ਸਮਝ ਆਉਂਦਾ ਹੈ, ਪਰ ਜਦੋਂ ਅਸੀ ਬਹੁਤ ਵੱਡੇ ਵੱਡੇ ਵਪਾਰੀਆਂ, ਅਧਿਕਾਰੀਆਂ, ਨੇਤਾਵਾਂ ਨੂੰ ਇਸ ਮੱਕੜਜਾਲ ਦਾ ਸ਼ਿਕਾਰ ਹੁੰਦੇ ਵੇਖਦੇ ਹਾਂ ਤਾਂ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ ਕਿ ਆਖਰ ਮਨੁੱਖ ਦੀ ਲਾਲਚ ਰੂਪੀ ਹਵਸ ਦਾ ਅੰਤ ਕਿਸੇ ਮੁਕਾਮ 'ਤੇ ਜਾ ਕੇ ਹੋਵੇਗਾ ਵੀ ਜਾਂ ਨਹੀ? ਬਹੁਤ ਸਾਰੇ ਲੋਕ ਸਾਡੇ ਆਲੇ ਦੁਆਲੇ ਅਜਿਹੇ ਮੌਜੂਦ ਹਨ ਜੋ ਅਕਸਰ ਇਹ ਕਹਿੰਦੇ ਰਹਿੰਦੇ ਹਨ ਕਿ ਰੱਬ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਅਤੇ ਲੋੜ ਨਾਲੋਂ ਜ਼ਿਆਦਾ ਦਿੱਤਾ ਹੈ। ਉਹੀ ਲੋਕ ਕਿਸੇ ਪਾਸਿਓ ਵੀ ਚਾਰ ਪੈਸੇ ਹੋਰ ਕਮਾਉਣ ਲਈ ਮੌਕਾ ਮਿਲਣ 'ਤੇ ਸਭ ਕੁਝ ਭੁੱਲ ਭਲਾ ਕਿ ਉਸ ਮੌਕੇ ਦਾ ਲਾਹਾ ਲੈਣ ਲਈ ਤਿਆਰ ਹੋ ਜਾਂਦੇ ਹਨ। ਸਬਰ, ਸੰਤੋਖ ਤੋਂ ਬਿਨਾਂ ਮਨੁੱਖ ਨੂੰ ਕੋਈ ਵੀ ਪਦਾਰਥਕ ਧਨ, ਸਹੂਲਤ ਸੰਤੁਸ਼ਟ ਨਹੀ ਕਰ ਸਕਦੀ। ਸੰਤੁਸ਼ਟੀ ਦੇ ਅਹਿਸਾਸ ਤੋਂ ਬਿਨਾਂ ਆਨੰਦ ਸੰਭਵ ਹੀ ਨਹੀ ਹੈ। ਸਦੀਆਂ ਤੋਂ ਧਰਮ, ਸਮਾਜ ਅਤੇ ਸਿੱਖਿਆ ਮਨੁੱਖ ਅੰਦਰੋਂ ਲਾਲਚ ਦੀ ਇਸ ਪ੍ਰਵਿਰਤੀ ਨੂੰ ਘਟਾਉਣ ਲਈ ਯਤਨਸ਼ੀਲ ਹਨ। ਇਸ ਦਿਸ਼ਾ ਵਿੱਚ ਮਨੁੱਖ ਨੂੰ ਗੁਰਬਾਣੀ ਤੋਂ ਸੇਧ ਲੈਣ ਦੀ ਲੋੜ ਹੈ; ਬਿਨਾ ਸੰਤੋਖ ਨਹੀ ਕੋਊ ਰਾਜੈ।।



# ਪੀੜ੍ਹੀਆਂ ਦਾ ਸਫ਼ਰ; ਕੱਲ੍ਹ, ਅੱਜ ਤੇ ਭਲਕ

ਜਗਦੀਸ਼ ਸਿੰਘ ਗਣੇਸ਼ਪੁਰ
94655-76022

**ਮਨੁੱਖੀ** ਇਤਿਹਾਸ ਸਿਰਫ਼ ਸਾਲਾਂ ਜਾਂ ਸਦੀਆਂ ਨਾਲ ਨਹੀ, ਸਗੋਂ ਪੀੜ੍ਹੀਆਂ ਦੇ ਨਾਮਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਹਰ ਪੀੜ੍ਹੀ ਆਪਣੇ ਨਾਲ ਇੱਕ ਵੱਖਰਾ ਸੰਸਾਰ, ਵੱਖਰੇ ਸੁਪਨੇ ਅਤੇ ਵੱਖਰੀਆਂ ਚੁਣੌਤੀਆਂ ਲਿਆਉਂਦੀ ਹੈ। ਪੱਛਮੀ ਸਮਾਜ ਸ਼ਾਸਤਰੀਆਂ ਨੇ 20ਵੀ ਸਦੀ ਦੇ ਮੱਧ ਵਿੱਚ ਪੀੜ੍ਹੀਆਂ ਨੂੰ ਨਾਮ ਦੇਣ ਦੀ ਰੀਤ ਸ਼ੁਰੂ ਕੀਤੀ। ਇਹ ਸਦੀਵੀ ਸੱਚ ਹੈ ਕਿ ਇਤਿਹਾਸ ਸਿਰਫ਼ ਜੰਗਾਂ, ਖੋਜਾਂ ਜਾਂ ਕ੍ਰਾਂਤੀਆਂ ਨਾਲ ਹੀ ਨਹੀ ਲਿਖਿਆ ਜਾਂਦਾ ਸਗੋਂ ਇਹ ਉਨ੍ਹਾਂ ਲੋਕਾਂ ਦੇ ਜੀਵਨ-ਚਿੰਨ੍ਹਾਂ ਵਿੱਚ ਵੀ ਵੱਸਦਾ ਹੈ ਜਿਨ੍ਹਾਂ ਨੇ ਉਹ ਸਮਾਂ ਬਿਤਾਇਆ ਹੋਵੇ। ਉਨ੍ਹਾਂ ਦੇ ਸੁਪਨੇ, ਜੀਵਨ-ਸ਼ੈਲੀਆਂ ਤੇ ਮੁਸ਼ਕਿਲਾਂ ਮਿਲ ਕੇ ਇੱਕ ਪੀੜ੍ਹੀ ਬਣਾਉਂਦੀਆਂ ਹਨ। ਸਾਈਲੈਂਟ ਪੀੜ੍ਹੀ ਤੋਂ ਲੈ ਕੇ ਅੱਜ ਦੀ ਅਲਫ਼ਾ ਪੀੜ੍ਹੀ ਤੱਕ, ਹਰ ਨਾਮ 'ਚ ਇੱਕ ਕਹਾਣੀ ਹੈ: ਹੌਸਲੇ ਦੀ, ਬਦਲਾਅ ਦੀ ਅਤੇ ਉਮੀਦ ਦੀ। 'ਜੈਨਰੇਸ਼ਨ ਜ਼ੈੱਡ' ਨੇਪਾਲ ਦੇ ਘਟਨਾਕ੍ਰਮ ਤੋਂ ਬਾਅਦ ਦੁਨੀਆ 'ਚ ਅੱਜਕੱਲ੍ਹ ਇੱਕ ਚਰਚਿਤ ਸ਼ਬਦ ਹੈ ਕਿਉਂਕਿ ਇਹ ਨੌਜਵਾਨਾਂ ਦੀ ਬਦਲਦੀ ਸੋਚ ਦਾ ਪ੍ਰਤੀਕ ਹੈ। ਜੈਨਰੇਸ਼ਨ ਜ਼ੈੱਡ ਨਵੀਨਤਾ, ਸੁਤੰਤਰਤਾ ਅਤੇ ਸਮਾਜਿਕ ਪ੍ਰਭਾਵ ਦਾ ਪ੍ਰਤੀਕ ਬਣ ਰਹੀ ਹੈ, ਜਿਸ ਕਾਰਨ ਉਹ ਗੱਲਬਾਤ ਦਾ ਕੇਂਦਰ ਹੈ। ਮੋਮਬੱਤੀਆਂ ਤੋਂ ਸਮਾਰਟਫੋਨਾਂ ਤੱਕ, ਚੁੱਪ ਤੋਂ ਗਲੋਬਲ ਆਵਾਜ਼ਾਂ ਤੱਕ, ਹਰ ਪੀੜ੍ਹੀ ਨੇ ਇਤਿਹਾਸ ਦੀ ਮਸ਼ਾਲ ਫੜ ਭਵਿੱਖ ਦੀ ਪੀੜ੍ਹੀ ਦਾ ਰਾਹ ਰੁਸ਼ਨਾਇਆ ਹੈ। ਆਓ, ਇਸ ਹੀ ਸੰਦਰਭ 'ਚ ਇਨ੍ਹਾਂ ਪੀੜ੍ਹੀਆਂ ਬਾਬਤ ਗੱਲਬਾਤ ਕਰੀਏ।

**ਲੋਸਟ ਜੈਨਰੇਸ਼ਨ (1883-1900):** ਲੋਸਟ ਯਾਨੀ ਕਿ ਗੁੰਮ ਹੋਈ ਪੀੜ੍ਹੀ, ਉਹ ਜਨਸੰਖਿਆ ਸਮੂਹ ਸੀ ਜੋ ਪਹਿਲੇ ਵਿਸ਼ਵ ਯੁੱਧ ਦੌਰਾਨ ਸ਼ੁਰੂਆਤੀ ਬਾਲਗਤਾ ਤੱਕ ਪਹੁੰਚਿਆ ਸੀ। 'ਲੋਸਟ' ਇਸ ਲਈ ਕਿਹਾ ਗਿਆ ਕਿਉਂਕਿ ਉਹ ਜੰਗ ਦੇ ਜ਼ਖ਼ਮਾਂ ਅਤੇ ਆਪਣੀ ਪਛਾਣ ਦੀ ਬੇਚੈਨ ਖੋਜ ਵਿੱਚ ਗੁੰਮ ਹੋ ਗਏ ਸਨ। ਇਹ ਉਸ ਨੌਜਵਾਨ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਪਹਿਲੇ ਵਿਸ਼ਵ ਯੁੱਧ (1914-1918) ਦੌਰਾਨ ਅਤੇ ਇਸ ਤੋਂ ਬਾਅਦ ਜਵਾਨ ਹੋਈ। ਯੁੱਧ ਦੀ ਭਾਰੀ ਤਬਾਹੀ, ਬੇਹਿਸਾਬ ਜਾਨਾਂ ਦੇ ਨੁਕਸਾਨ ਅਤੇ ਸਮਾਜਿਕ ਉਥਲ-ਪੁਥਲ ਕਾਰਨ ਇਹ ਪੀੜ੍ਹੀ ਰਵਾਇਤੀ ਦੇਸ਼ ਭਗਤੀ, ਨੈਤਿਕਤਾ ਅਤੇ ਸਥਿਰਤਾ ਵਾਲੀਆਂ ਕਦਰਾਂ-ਕੀਮਤਾਂ ਤੋਂ ਨਿਰਾਸ਼ ਹੋ ਗਈ। ਲੇਖਕਾਂ, ਕਲਾਕਾਰਾਂ ਅਤੇ ਵਿਚਾਰਕਾਂ ਨੇ ਪੁਰਾਣੇ ਨਿਯਮਾਂ ਨੂੰ ਰੱਦ ਕਰਦੇ ਹੋਏ ਜ਼ਿੰਦਗੀ ਦੇ ਨਵੇਂ ਅਰਥ ਲੱਭਣ ਦੀ ਕੋਸ਼ਿਸ਼ ਕੀਤੀ। ਇਹ ਪੀੜ੍ਹੀ ਅਧਿਕਾਰ 'ਤੇ ਸਵਾਲ ਉਠਾਉਂਦੀ, ਜੈਜ਼ ਸੰਗੀਤ, ਯਾਤਰਾਵਾਂ ਅਤੇ ਆਧੁਨਿਕ ਜੀਵਨਸ਼ੈਲੀ ਨੂੰ ਅਪਣਾਉਂਦੀ ਹੋਈ ਵੀ ਅੰਦਰੋਂ ਡੂੰਘੀ ਨਿਰਾਸ਼ਾ ਛੁਪਾਉਣ ਦਾ ਯਤਨ ਕਰਦੀ ਸੀ।

**ਗ੍ਰੇਟੈਸਟ ਜੈਨਰੇਸ਼ਨ (1901-1927) :** ਗ੍ਰੇਟੈਸਟ ਜੈਨਰੇਸ਼ਨ ਉਹ ਮਰਦਾਂ ਅਤੇ ਔਰਤਾਂ ਦੀ ਪੀੜ੍ਹੀ ਨੂੰ ਕਿਹਾ ਜਾਂਦਾ ਹੈ ਜੋ ਮਹਾਂਮੰਦੀ (1930 ਦੇ ਦਹਾਕੇ) ਦੇ ਸਮੇਂ ਵਿੱਚ ਜਵਾਨ ਹੋਏ ਅਤੇ ਦੂਜੇ ਵਿਸ਼ਵ ਯੁੱਧ (1939-1945) ਵਿੱਚ ਲੜੇ ਜਾਂ ਉਸ ਦੀ ਜਿੱਤ ਵਿੱਚ ਯੋਗਦਾਨ ਪਾਇਆ। ਮੁਸ਼ਕਿਲ ਹਾਲਾਤ ਨੇ ਉਨ੍ਹਾਂ ਵਿੱਚ ਹਿੰਮਤ, ਬਲੀਦਾਨ ਅਤੇ ਸਹਿਨਸ਼ੀਲਤਾ ਵਰਗੇ ਗੁਣ ਪੈਦਾ ਕੀਤੇ। ਕਈ ਲੋਕ ਸੈਨਿਕਾਂ ਵਜੋਂ ਜੰਗ ਵਿੱਚ ਉਤਰੇ, ਜਦੋਂਕਿ ਹੋਰਾਂ ਨੇ ਫੈਕਟਰੀਆਂ, ਖੇਤਾਂ ਅਤੇ ਕਮਿਊਨਿਟੀਆਂ ਵਿੱਚ ਕੰਮ ਕਰਕੇ ਯੁੱਧ ਯਤਨਾਂ ਨੂੰ ਸਮਰਥਨ ਦਿੱਤਾ। ਉਹ ਆਰਥਿਕ ਤੰਗੀਆਂ, ਰਾਸ਼ਨਬੰਦੀ ਅਤੇ ਨਿੱਜੀ ਨੁਕਸਾਨਾਂ ਦੇ ਬਾਵਜੂਦ ਫਰਜ਼ ਅਤੇ ਦੇਸ਼ ਭਗਤੀ ਦੀ ਮਜ਼ਬੂਤ ਭਾਵਨਾ ਨਾਲ ਇਕੱਠੇ ਰਹੇ। ਜੰਗ ਤੋਂ ਬਾਅਦ ਉਨ੍ਹਾਂ ਨੇ ਦੇਸ਼ਾਂ ਨੂੰ ਦੁਬਾਰਾ ਖੜ੍ਹਾ ਕੀਤਾ, ਆਰਥਿਕ ਵਿਕਾਸ ਨੂੰ ਗਤੀ ਦਿੱਤੀ ਅਤੇ ਆਧੁਨਿਕ ਲੋਕਤੰਤਰ, ਨਾਗਰਿਕ ਅਧਿਕਾਰਾਂ ਅਤੇ ਤਕਨੀਕੀ ਤਰੱਕੀ ਦੀ ਨੀਹ ਰੱਖੀ।

**ਸਾਈਲੈਂਟ (ਚੁੱਪ) ਪੀੜ੍ਹੀ (1928-1945):** ਮੰਦਭਾਗੀ ਮਹਾਂਮੰਦੀ ਤੇ ਦੂਜੇ ਵਿਸ਼ਵ ਯੁੱਧ ਦੇ ਦੌਰ ਵਿੱਚ ਜਨਮੀ ਇਹ ਪੀੜ੍ਹੀ ਸਰੋਤਾਂ ਦੀ ਘਾਟ, ਜੰਗ ਦੇ ਡਰ ਅਤੇ ਤਿਆਗ ਦੇ ਮਾਹੌਲ 'ਚ ਪਲੀ। ਇਹ 'ਚੁੱਪ' ਇਸ ਲਈ ਨਹੀ ਸੀ ਕਿ ਉਨ੍ਹਾਂ ਕੋਲ ਆਵਾਜ਼ ਨਹੀ ਸੀ, ਪਰ ਇਸ ਲਈ ਕਿ ਜਿਊਣ ਲਈ ਸਹਿਣਸ਼ੀਲਤਾ ਤੇ ਅਨੁਸ਼ਾਸਨ ਲਾਜ਼ਮੀ ਸਨ। ਇਹ ਉਹ ਲੋਕ ਹਨ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਜਿਉਂਦੇ ਰਹੇ। ਇਹ ਨਾਮ 1950 ਦੇ ਦਹਾਕੇ ਦੇ ਟਾਈਮ ਮੈਗਜ਼ੀਨ ਦੇ ਇੱਕ ਲੇਖ ਤੋਂ ਆਇਆ ਹੈ ਅਤੇ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਪੀੜ੍ਹੀ ਦੇ ਬੱਚਿਆਂ ਨੂੰ ਦੇਖਿਆ ਜਾਣਾ ਅਤੇ ਸੁਣਿਆ ਨਾ ਜਾਣਾ ਸਿਖਾਇਆ ਗਿਆ ਸੀ।

**ਬੇਬੀ ਬੂਮਰਜ਼ (1946-1964) :** ਜਦੋਂ ਜੰਗ ਖ਼ਤਮ ਹੋਈ ਤਾਂ ਸ਼ਾਂਤੀ ਤੇ ਆਸ ਨੇ ਜਨਮ ਦਰ ਵਧਾਈ, ਇਸ ਲਈ ਇਨ੍ਹਾਂ ਨੂੰ 'ਬੇਬੀ ਬੂਮਰਜ਼' ਕਿਹਾ ਗਿਆ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਜਨਮ ਦਰ ਦੇ ਵੱਡੇ ਵਾਧੇ ਕਾਰਨ ਉਨ੍ਹਾਂ ਦਾ ਨਾਮ ਇਸ ਤਰ੍ਹਾਂ ਰੱਖਿਆ ਗਿਆ ਹੈ। ਇਹ ਸਮੂਹ 1946 'ਚ ਸ਼ੁਰੂ ਹੁੰਦਾ ਹੈ ਅਤੇ 1964 ਦੇ ਆਸਪਾਸ ਪੈਦਾ ਹੋਏ ਲੋਕਾਂ ਨਾਲ ਖ਼ਤਮ ਹੁੰਦਾ ਹੈ, ਜਦੋਂ ਜਨਮ ਦਰ ਦੁਬਾਰਾ ਘਟਣੀ ਸ਼ੁਰੂ ਹੋਈ। ਇਹ ਪੀੜ੍ਹੀ ਨਵੀ ਖ਼ੁਸ਼ਹਾਲੀ ਵਿੱਚ ਵਧੀ, ਟੈਲੀਵਿਜ਼ਨ ਨੇ ਘਰਾਂ ਨੂੰ ਰੌਸ਼ਨ ਕੀਤਾ, ਟੀਕਾਕਰਨ ਨੇ ਬਿਮਾਰੀਆਂ ਨੂੰ ਹਰਾਇਆ ਤੇ ਅਰਥ-ਵਿਵਸਥਾਵਾਂ ਵਿੱਚ ਤੇਜ਼ੀ ਆਈ। ਇਨ੍ਹਾਂ ਨੇ ਪਰਿਵਾਰ, ਨੌਕਰੀ ਤੇ ਸੁਰੱਖਿਆ ਨੂੰ ਪ੍ਰਮੁੱਖਤਾ ਦਿੱਤੀ, ਪਰ ਉਨ੍ਹਾਂ ਦੀ ਖਪਤ ਨੇ ਵਾਤਾਵਰਨ ਤੇ ਅਰਥ-ਵਿਵਸਥਾ ਉੱਤੇ ਭਾਰੀ ਬੋਝ ਵੀ ਛੱਡਿਆ।

**ਜੈਨਰੇਸ਼ਨ ਐਕਸ (1965-1980) :** ਜੈਨਰੇਸ਼ਨ ਐਕਸ ਨੂੰ ਅਕਸਰ 'ਇਤਿਹਾਸ ਦਾ ਵਿਚਕਾਰਲਾ ਬੱਚਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਐਨਾਲਾਗ ਤੋਂ ਡਿਜ਼ੀਟਲ ਤੱਕ ਦਾ ਸਫ਼ਰ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਕੋਲ ਟਾਈਪਰਾਈਟਰ ਵੀ ਸੀ ਅਤੇ ਨਿੱਜੀ ਕੰਪਿਊਟਰ ਵੀ। ਇਨ੍ਹਾਂ ਨੇ ਚਿੱਠੀਆਂ ਵੀ ਲਿਖੀਆਂ ਅਤੇ ਈ-ਮੇਲ ਵੀ ਭੇਜੀਆਂ। ਕੰਮਕਾਜੀ ਜੀਵਨ 'ਚ ਇਨ੍ਹਾਂ ਨੇ ਲਚਕੀਲੇਪਣ ਤੇ ਸੰਤੁਲਨ ਦੀ ਕਦਰ ਕੀਤੀ। ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀ ਹੈ ਕਿ ਇਹ ਪੀੜ੍ਹੀ ਕਿੱਥੋਂ ਸ਼ੁਰੂ ਹੁੰਦੀ ਹੈ ਅਤੇ ਕਿੱਥੋਂ ਖ਼ਤਮ ਹੁੰਦੀ ਹੈ, ਪਰ ਇਹ ਲਗਭਗ 1980 ਤੋਂ 1995 ਤੱਕ ਪੈਦਾ ਹੋਏ ਹਨ।

**ਮਿਲੇਨੀਅਲਸ/ਜੈਨਰੇਸ਼ਨ ਵਾਈ (1981-1996) :** ਇਸ ਜੈਨਰੇਸ਼ਨ ਦੇ ਸਮੇਂ ਦੌਰਾਨ ਜਵਾਨ ਹੋਏ ਮਿਲੇਨੀਅਲਸ ਨੇ ਇੰਟਰਨੈੱਟ ਦੇ ਯੁੱਗ ਵਿੱਚ ਅੱਖਾਂ ਖੋਲ੍ਹੀਆਂ। ਇਨ੍ਹਾਂ ਦੀ ਸਫਲਤਾ ਸਿਰਫ਼ ਪੈਸੇ ਨਾਲ ਨਹੀ ਸਗੋਂ ਤਜਰਬਿਆਂ ਨਾਲ ਮਾਪੀ ਜਾਂਦੀ ਹੈ। ਇਨ੍ਹਾਂ ਦੀ ਯੋਗਤਾ ਦੀ ਪਰਖ ਯਾਤਰਾਵਾਂ, ਰਚਨਾਤਮਕਤਾ ਅਤੇ ਸੁਤੰਤਰਤਾ ਨਾਲ ਕੀਤੀ ਜਾਂਦੀ ਹੈ, ਪਰ ਇਨ੍ਹਾਂ ਦਾ ਰਸਤਾ ਆਸਾਨ ਨਹੀ ਸੀ। ਕਰਜ਼ੇ ਅਤੇ ਨੌਕਰੀਆਂ ਦੀ ਅਸਥਿਰਤਾ ਨੇ ਉਨ੍ਹਾਂ ਨੂੰ ਬਹੁਤ ਕੁਝ ਸਿਖਾਇਆ। ਫਿਰ ਵੀ ਇਨ੍ਹਾਂ ਨੇ ਉੱਦਮਤਾ, ਨਵ-ਸੋਚ ਅਤੇ ਆਲਮੀ ਸਰਗਰਮੀਆਂ 'ਚ ਆਪਣੀ ਪਛਾਣ ਬਣਾਈ। ਇਸ ਪੀੜ੍ਹੀ ਨੂੰ ਸਵਾਲ ਪੁੱਛਣ ਵਾਲੀ ਪੀੜ੍ਹੀ ਵੀ ਕਿਹਾ ਜਾਂਦਾ ਹੈ।

**ਜੈਨਰੇਸ਼ਨ ਜ਼ੈੱਡ (1997-2012):** ਇਹ ਸੱਚੇ ਡਿਜ਼ੀਟਲ ਹਨ। ਸਮਾਰਟਫੋਨ ਅਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਜਨਮੀ ਇਸ ਪੀੜ੍ਹੀ ਲਈ ਜਾਣਕਾਰੀ ਦੇ ਸਮੁੰਦਰ ਵਿੱਚ ਸੱਚ ਤੇ ਝੂਠ ਨੂੰ ਵੱਖ ਕਰਨਾ ਸਭ ਤੋਂ ਵੱਡੀ ਚੁਣੌਤੀ ਹੈ। ਜੈਨ ਜ਼ੈੱਡ ਨੇ ਪਹਿਲੀ ਵਾਰ ਸੰਸਾਰ ਨੂੰ ਸੱਚੇ ਅਰਥਾਂ ਵਿੱਚ 'ਗਲੋਬਲ ਪਿੰਡ' ਬਣਾਇਆ। ਉਨ੍ਹਾਂ ਨੇ ਡਿਜ਼ੀਟਲ ਦਰਵਾਜ਼ੇ ਖੋਲ੍ਹੇ ਜਿੱਥੇ ਅਲਫਾ ਪੀੜ੍ਹੀ ਨੇ ਅੰਦਰ ਵਧਣਾ ਸੀ। ਅੱਜ ਦਾ ਸਮਾਂ ਜਨਰੇਸ਼ਨ ਜ਼ੈੱਡ ਦਾ ਹੈ। ਉਨ੍ਹਾਂ ਦੇ ਮਾਪਿਆਂ ਜਾਂ ਦਾਦੇ-ਦਾਦੀਆਂ ਨੇ ਡਿਜ਼ੀਟਲ ਦੁਨੀਆ ਵਿੱਚ ਹੌਲੀ-ਹੌਲੀ ਕਦਮ ਰੱਖਿਆ ਸੀ, ਪਰ ਜਨਰੇਸ਼ਨ ਜ਼ੈੱਡ ਉਸ ਦੇ ਅੰਦਰ ਹੀ ਜੰਮਿਆ ਹੈ। ਉਨ੍ਹਾਂ ਦੇ ਬਚਪਨ ਦੇ ਸਾਥੀ ਟਾਈਪਰਾਈਟਰ ਜਾਂ ਟੀਵੀ ਨਹੀ, ਸਗੋਂ ਸਮਾਰਟਫੋਨ, ਸੋਸ਼ਲ ਮੀਡੀਆ ਅਤੇ ਵਾਈ-ਫਾਈ ਸਨ। ਉਨ੍ਹਾਂ ਦੇ ਹੱਥ ਵਿੱਚ ਸਕਰੀਨ ਹੀ ਕਲਾਸਰੂਮ ਹੈ, ਖੇਡ ਮੈਦਾਨ ਹੈ ਅਤੇ ਦੋਸਤਾਂ ਦੀ ਸਭਾ ਵੀ। ਉਹ ਯੂਟਿਊਬ ਵੀਡੀਓਜ਼ ਰਾਹੀ ਸਿੱਖਦੇ ਹਨ, ਇੰਸਟਾਗ੍ਰਾਮ ਰਾਹੀ ਦੋਸਤ ਬਣਾਉਂਦੇ ਹਨ ਅਤੇ ਡਿਸਕੋਰਡ ਰਾਹੀ ਵਿਚਾਰ ਸਾਂਝੇ ਕਰਦੇ ਹਨ। ਇਸ ਸਰਹੱਦ ਰਹਿਤ ਡਿਜ਼ੀਟਲ ਦੁਨੀਆ ਦੇ ਕਿਸੇ ਵੀ ਕੋਨੇ ਨਾਲ ਆਸਾਨੀ ਨਾਲ ਗੱਲ ਕਰ ਸਕਦੇ ਹਨ।

**ਜੈਨਰੇਸ਼ਨ ਅਲਫ਼ਾ (2013-2025):** ਮਿਲੇਨੀਅਲਜ਼ ਅਤੇ ਜੈਨਰੇਸ਼ਨ ਜ਼ੈੱਡ ਤੋਂ ਬਾਅਦ ਹੁਣ ਦੁਨੀਆ ਜੈਨਰੇਸ਼ਨ ਅਲਫਾ ਦਾ ਸਵਾਗਤ ਕਰ ਰਹੀ ਹੈ। ਇਹ ਉਹ ਬੱਚੇ ਹਨ ਜੋ ਲਗਭਗ 2010 ਤੋਂ ਬਾਅਦ ਜੰਮੇ ਹਨ। ਅੱਜ ਦੇ ਬੱਚੇ ਜੈਨ ਅਲਫਾ ਪੀੜ੍ਹੀ ਦੇ ਹਨ। ਇਹ ਮਿਲੇਨੀਅਲ ਮਾਪਿਆਂ ਦੇ ਬੱਚੇ ਅਤੇ ਜੈਨਰੇਸ਼ਨ ਜ਼ੈੱਡ ਦੇ ਛੋਟੇ ਭਰਾ-ਭੈਣ ਹਨ। ਇਹ ਸਮਾਰਟ ਡਿਵਾਈਸਾਂ, ਮਸ਼ੀਨੀ ਸੂਝ-ਬੂਝ ਅਤੇ ਵਰਚੁਅਲ ਕਲਾਸਰੂਮਾਂ ਦੇ ਯੁੱਗ ਵਿੱਚ ਵਧ ਰਹੇ ਹਨ। ਇਨ੍ਹਾਂ ਲਈ ਕੋਡਿੰਗ ਉਸ ਤਰ੍ਹਾਂ ਹੀ ਆਮ ਹੋਵੇਗੀ ਜਿੰਨੀ ਬੂਮਰਜ਼ ਲਈ ਲਿਖਾਈ ਸੀ। ਅਲਫ਼ਾ ਪੀੜ੍ਹੀ ਏਆਈ ਅਤੇ ਮਨੁੱਖੀ ਜੀਵਨ ਦੇ ਸਾਂਝੇ ਸੰਸਾਰ ਦੀ ਨੀਹ ਰੱਖੇਗੀ। ਉਨ੍ਹਾਂ ਲਈ ਮਨੁੱਖ ਅਤੇ ਮਸ਼ੀਨ ਦਾ ਇਕੱਠੇ ਕੰਮ ਕਰਨਾ ਆਮ ਗੱਲ ਹੋਵੇਗੀ। ਜਿੱਥੇ ਜੈਨਰੇਸ਼ਨ ਜ਼ੈੱਡ 'ਵਾਈ-ਫਾਈ' ਵਿੱਚ ਜੰਮੀ, ਉੱਥੇ ਜਨਰੇਸ਼ਨ ਅਲਫਾ ਆਰਟੀਫਿਸ਼ਿਅਲ ਇੰਟੈਲੀਜੈਂਸ ਵਿੱਚ ਪਲ ਰਹੀ ਹੈ।

# ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਹੀ "ਯੁੱਧ ਨਸ਼ਿਆਂ ਵਿਰੁੱਧ" ਜਿੱਤਿਆ ਜਾ ਸਕਦਾ ਹੈ: ਕਰਮਬੀਰ ਘੁੰਮਣ

ਦਸੂਹਾ, 28 ਜਨਵਰੀ (ਹੁਸ਼ਿਆਰਪੁਰ): ਦਸੂਹਾ ਹਲਕੇ ਨੂੰ ਖੇਡਾਂ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਮਾਡਲ ਬਣਾਉਣ ਲਈ ਵਿਧਾਇਕ ਐਡਵੋਕੇਟ ਕਰਮਬੀਰ ਘੁੰਮਣ ਨੇ ਵਚਨਬੱਧਤਾ ਦੁਹਰਾਈ ਹੈ। ਬੁਧੀਜੀਵੀ ਤੇ ਸਮਾਜ ਸੇਵਕ ਪ੍ਰੋਫੈਸਰ ਸੰਜੀਵ ਕੁਮਾਰ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਦਸੂਹਾ ਵਿੱਚ ਖੇਡ ਗਤਿਵਿਧੀਆਂ ਲਈ ਹਰ ਸੰਭਵ ਸਹੂਲਤ ਉਪਲਬਧ ਕਰਵਾਈ ਜਾਵੇਗੀ।



ਵਿਧਾਇਕ ਘੁੰਮਣ ਨੇ ਦੱਸਿਆ ਕਿ ਜਨਤਾ ਦੀ ਸਹੂਲਤ ਲਈ ਓਵਰਬ੍ਰਿਜ ਹੇਠ ਓਪਨ ਜਿਮਨੇਜ਼ੀਅਮ ਸ਼ੁਰੂ ਕੀਤਾ ਜਾ ਰਿਹਾ ਹੈ, ਜਦਕਿ ਬੈਡਮਿੰਟਨ ਸੈਟਅੱਪ ਅਤੇ ਗਰਾਊਡ ਸਹੂਲਤਾਂ ਪਹਿਲਾਂ ਹੀ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਉਪਰਾਲਿਆਂ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਕੇ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਨੇੜੇ ਭਵਿੱਖ ਵਿੱਚ ਦਸੂਹਾ ਵਿੱਚ ਮਜ਼ਬੂਤ ਖੇਡ ਅਤੇ ਨਾਗਰਿਕ ਢਾਂਚਾ ਤਿਆਰ ਹੋਵੇਗਾ। ਇਹ ਸਭ ਕੁਝ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੰਭਵ ਹੋ ਰਿਹਾ ਹੈ। ਇਸ ਮੌਕੇ ਉਨ੍ਹਾਂ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੇ ਦੂਜੇ ਚਰਨ ਦੀ ਸ਼ੁਰੂਆਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਸਰਕਾਰ ਦੀ ਪ੍ਰਾਥਮਿਕਤਾ ਹੈ।

ਵਿਧਾਇਕ ਨੇ ਦੱਸਿਆ ਕਿ ਦਸੂਹਾ ਨਾਲ ਜੁੜੀਆਂ ਮੁੱਖ ਸੜਕਾਂ ਅਤੇ ਲਿੰਕ ਸੜਕਾਂ ਦੀ ਮੁਰੰਮਤ ਤੇ ਸੁਧਾਰ ਲਈ ਵੱਡੀ ਰਕਮ ਮਨਜ਼ੂਰ ਕੀਤੀ ਗਈ ਹੈ, ਜਿਸ ਨਾਲ ਆਵਾਜਾਈ ਸੁਗਮ ਹੋਵੇਗੀ ਅਤੇ ਇਲਾਕੇ ਦੇ ਵਿਕਾਸ ਨੂੰ ਤੇਜ਼ੀ ਮਿਲੇਗੀ।

ਐਡਵੋਕੇਟ ਕਰਮਬੀਰ ਘੁੰਮਣ ਨੇ ਆਪਣੇ ਸੁਪਨੇ ਬਾਰੇ ਕਿਹਾ ਕਿ ਉਹ ਦਸੂਹਾ ਹਲਕੇ ਨੂੰ ਪੰਜਾਬ ਦੇ ਸਭ ਤੋਂ ਵਿਕਸਿਤ ਹਲਕਿਆਂ ਵਿੱਚ ਸ਼ਾਮਲ ਦੇਖਣਾ ਚਾਹੁੰਦੇ ਹਨ, ਅਤੇ ਇਸ ਮਿਸ਼ਨ ਨੂੰ ਸਾਕਾਰ ਕਰਨ ਲਈ ਉਹ ਨਿਰੰਤਰ ਕੰਮ ਕਰ ਰਹੇ।

# ਦੂਨ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ 'ਚ ਗਣਤੰਤਰ ਦਿਵਸ ਮਨਾਇਆ



ਗੁਰਦਾਸਪੁਰ 28 ਜਨਵਰੀ (ਜਸਵਿੰਦਰ ਸਿੰਘ): ਦੂਨ ਇੰਟਰਨੈਸ਼ਨਲ ਸਕੂਲ ਵਿੱਚ ਗਣਤੰਤਰ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ ਇਸ ਮੌਕੇ ਡਾਇਰੈਕਟਰ ਸਰਦਾਰ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਸ੍ਰੀਮਤੀ ਊਸ਼ਾ ਸ਼ਰਮਾ ਜੀ ਨੇ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਸਕੂਲ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ ਗਣਤੰਤਰ ਦਿਵਸ ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ ਪ੍ਰਿੰਸੀਪਲ ਸ੍ਰੀਮਤੀ ਊਸ਼ਾ ਸ਼ਰਮਾ ਜੀ ਨੇ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦੇ ਨਾਲ ਹੀ ਸਾਰਿਆਂ ਨੂੰ ਆਪਣੇ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਮੌਲਿਕ ਕਰਤਵਾਂ ਦੀ ਪਾਲਣਾ ਪ੍ਰਤੀ ਜਾਗਰੂਕ ਕੀਤਾ ਤਾਂ ਜੋ ਅਸੀ ਰਲ ਕੇ ਰਾਸ਼ਟਰ ਨਿਰਮਾਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਸਕੀਏ।

# ਮੋਹਾਲੀ ਵਿਖੇ ਗਣਤੰਤਰ ਦਿਵਸ ਮਨਾਇਆ



ਮੋਹਾਲੀ, 28 ਜਨਵਰੀ (ਹਰਦੀਪ ਕੌਰ): ਸੈਕਟਰ-88 ਸਥਿਤ ਪੁਰਬ ਪ੍ਰੀਮੀਅਮ ਅਪਾਰਟਮੈਂਟਸ ਵਿੱਚ 77ਵਾਂ ਗਣਤੰਤਰ ਦਿਵਸ ਪੂਰੇ ਜੋਸ਼, ਅਨੁਸ਼ਾਸਨ ਅਤੇ ਦੇਸ਼ਭਗਤੀ ਦੀ ਭਾਵਨਾ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਝੰਡਾ ਲਹਿਰਾਉਣ ਤੇ ਰਾਸ਼ਟਰਗਾਨ ਨਾਲ ਹੋਈ, ਜਿਸ ਵਿੱਚ ਸੋਸਾਇਟੀ ਦੇ ਵੱਡੀ ਗਿਣਤੀ ਵਿੱਚ ਨਿਵਾਸੀਆਂ ਨੇ ਭਾਗ ਲਿਆ। ਇਸ ਮੌਕੇ ਸੋਸਾਇਟੀ ਅੰਦਰ ਵੱਖ-ਵੱਖ ਖੇਡ ਤੇ ਫਿਟਨੈੱਸ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਬੱਚਿਆਂ ਲਈ ਦੌੜ ਤੇ ਸਾਈਕਲਿੰਗ, ਨੌਜਵਾਨਾਂ ਲਈ ਦੌੜ, ਸ਼ਾਟ ਪੁੱਟ, ਜੈਵਲਿਨ ਥਰੋ ਅਤੇ ਟੱਗ ਆਫ ਵਾਰ ਵਰਗੀਆਂ ਰੋਮਾਂਚਕ ਮੁਕਾਬਲਿਆਂ ਨੇ ਸਭ ਦਾ ਧਿਆਨ ਖਿੱਚਿਆ। ਆਰਮ ਰੈਸਲਿੰਗ (ਪੰਜਾ) ਅਤੇ ਪੁਸ਼-ਅਪ ਮੁਕਾਬਲੇ ਸਮਾਗਮ ਦਾ ਖਾਸ ਆਕਰਸ਼ਣ ਰਹੇ। ਵਰਿਸ਼ਠ ਨਾਗਰਿਕਾਂ ਦੀ ਸਰਗਰਮ ਭਾਗੀਦਾਰੀ ਨੇ ਸਮੂਹ ਸਮਾਗਮ ਨੂੰ ਪ੍ਰੇਰਣਾਦਾਇਕ ਬਣਾਇਆ। ਜੇਤੂਆਂ ਨੂੰ ਇਨਾਮ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਆਯੋਜਨ ਰਾਹੀ ਸਰੀਰਕ ਤੰਦਰੁਸਤੀ, ਆਪਸੀ ਏਕਤਾ ਅਤੇ ਸਮਾਜਿਕ ਭਾਗੀਦਾਰੀ ਦਾ ਮਜ਼ਬੂਤ ਸੰਦੇਸ਼ ਦਿੱਤਾ ਗਿਆ।ਸੋਸਾਇਟੀ ਅਧਿਕਾਰੀਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨਾ ਕੇਵਲ ਸਿਹਤ ਨੂੰ ਮਜ਼ਬੂਤ ਕਰਦੇ ਹਨ, ਸਗੋਂ ਭਾਈਚਾਰਕ ਸਾਂਝ ਅਤੇ ਸਮਾਜਿਕ ਏਕਤਾ ਨੂੰ ਵੀ ਮਜ਼ਬੂਤ ਕਰਦੇ ਹਨ। ਸਮਾਗਮ ਦਾ ਸਮਾਪਨ ਦੇਸ਼ ਦੀ ਏਕਤਾ, ਅਖੰਡਤਾ ਤੇ ਸੰਵਿਧਾਨ ਪ੍ਰਤੀ ਆਦਰ ਦੇ ਸੰਕਲਪ ਨਾਲ ਕੀਤਾ ਗਿਆ।

# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦਾਂ ਨੂੰ ਵੰਡੇ ਮਹੀਨਾਵਾਰ ਸਹਾਇਤਾ ਰਾਸ਼ੀ ਦੇ ਚੈੱਕ

ਫਿਰੋਜ਼ਪੁਰ, 28 ਜਨਵਰੀ (ਹਰਪਾਲ ਸਿੰਘ ਖਾਲਸਾ): ਸੇਵੀਅਰ ਸਿੰਘ ਵੱਜੋ ਜਾਣੇ ਜਾਂਦੇ ਦੁੱਬਈ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵੀ ਡਾ ਐਸ ਪੀ ਸਿੰਘ ਉਬਰਾਏ ਦੀ ਯੋਗ ਅਗਵਾਈ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋ ਫਿਰੋਜਪੁਰ ਸਿਟੀ ਦੇ ਬੱਸ ਸਟੈਂਡ ਅੰਦਰ ਬਣੇ ਕਾਮਰੇਡ ਦਿਆਲ ਸਿੰਘ ਸੰਧੂ ਯਾਦਗਾਰੀ ਹਾਲ ਵਿੱਚ ਕਰਵਾਏ ਗਏ ਸਾਦੇ ਸਮਾਗਮ ਦੋਰਾਨ ਫਿਰੋਜਪੁਰ ਸਿਟੀ ਅਤੇ ਛਾਉਣੀ ਨਾਲ ਸਬੰਧਿਤ 30 ਜਰੂਰਤ ਮੰਦਾਂ, ਵਿਧਵਾਵਾਂ ਅਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈਕ ਵੰਡੇ ਗਏ । ਇਹ ਚੈਕ ਸੰਸਥਾ ਦੇ ਜਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਦੀ ਦੇਖਰੇਖ ਹੇਠ ਸਿਟੀ ਅਤੇ ਛਾਉਣੀ ਇੰਚਾਰਜ ਬਲਵਿੰਦਰ ਪਾਲ ਸ਼ਰਮਾ ਅਤੇ ਰਣਧੀਰ ਜੋਸ਼ੀ ਵੱਲੋ ਵੰਡੇ ਗਏ।



ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ,ਸਿਟੀ ਅਤੇ ਛਾਉਣੀ ਦੇ ਇਸਤਰੀ ਵਿੰਗ ਦੇ ਇੰਚਾਰਜ ਮੈਡਮ ਤਲਵਿੰਦਰ ਕੌਰ ਵੱਲੋ ਦੱਸਿਆ ਗਿਆ ਦੱਸਿਆ ਕਿ ਸੰਸਥਾ ਦੇ ਬਾਨੀ ਡਾ ਐਸ ਪੀ ਸਿੰਘ ਓਬਰਾਏ ਵੱਲੋ ਲੰਮੇ ਸਮੇਂ ਤੋਂ ਲੋੜਵੰਦਾ ਦੀ ਭਲਾਈ ਦੇ ਕਿਸੇ ਹੋਰ ਤੋ ਮਾਲੀ ਮੱਦਦ ਲਏ ਆਪਣੀ ਕਿਰਤ ਕਮਾਈ ਵਿੱਚੋ ਲਗਾਤਾਰ ਆਰਥਿਕ ਸਹਾਇਤਾ ਕੀਤੀ ਜਾ ਰਹੀ ਹੈ ਉਨ੍ਹਾਂ ਦੱਸਿਆ ਕਿ ਫਿਰੋਜਪੁਰ ਜਿਲ੍ਹੇ ਅੰਦਰ ਪੰਜ ਅਧੁਨਿਕ ਸਹੂਲਤਾਂ ਵਾਲੀਆਂ ਮੈਡੀਕਲ ਲੈਬੋਰਟਰੀਆਂ, ਫਿਜ਼ੀਓਥਰੈਪੀ ਸੈਂਟਰ, ਫਰੀ ਕੰਪਿਊਟਰ ਸੈਂਟਰ,ਫਰੀ ਸਿਲਾਈ ਸੈਂਟਰ, ਅੱਖਾਂ ਦੇ ਫਰੀ ਚੈੱਕਅਪ ਕੈਂਪ,ਲੋੜਵੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ,ਐਂਬੂਲੈਂਸ ਅਤੇ ਜ਼ਿਲ੍ਹੇ ਅੰਦਰ ਲਗਭਗ ਡੇਢ ਲੱਖ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦੇ ਮਹੀਨਾਵਾਰ ਚੈੱਕ ਲੋੜਵੰਦ ਪਰਿਵਾਰਾਂ ਨੂੰ ਵੰਡੇ ਜਾਂਦੇ ਹਨ।

# ਗਿਆਨ ਸਿੰਘ ਠੇਕੇਦਾਰ ਨੇ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਮੌਕੇ ਲੰਗਰ ਲਗਾਇਆ

ਧਾਰੀਵਾਲ, 28 ਜਨਵਰੀ (ਅਸ਼ੋਕ ਕੁਮਾਰ): ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਮੌਕੇ ਸਵਰਗੀਏ ਗਿਆਨ ਸਿੰਘ ਠੇਕੇਦਾਰ ਦੇ ਸਮੂਹ ਪਰਿਵਾਰ ਵੱਲੋ ਤਿੱਬੜੀ ਰੋਡ ਤੇ ਵੱਖ-ਵੱਖ ਪਕਵਾਨਾਂ ਦਾ ਲੰਗਰ ਲਗਾਇਆ ਗਿਆ। ਜਿਸ ਦੌਰਾਨ ਰਾਹਗਿਰਾਂ ਨੇ ਲੰਗਰ ਛਕਿਆ ਅਤੇ ਵਾਹਿਗੁਰੂ ਜੀ ਦਾ ਸੁਕਰਾਨਾ ਕੀਤਾ। ਇਸ ਮੌਕੇ ਤੇ ਗਿਆਨ ਸਿੰਘ ਠੇਕੇਦਾਰ ਦੇ ਸਪੁੱਤਰ ਬਲਵਿੰਦਰ ਸਿੰਘ, ਹਰਪਿੰਦਰ ਸਿੰਘ, ਗੁਰਚਰਨ ਸਿੰਘ ਅਤੇ ਪ੍ਰੀਤਮ ਸਿੰਘ ਨੇ ਦੱਸਿਆ ਕਿ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਉਨ੍ਹਾਂ ਨੇ ਪਰਿਵਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਹਰ ਸਾਲ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਮੌਕੇ ਲੰਗਰ ਲਗਾਇਆ ਜਾਂਦਾ ਹੈ ਜਿਸ ਦੌਰਾਨ ਇਲਾਕੇ ਦੇ ਨੌਜਵਾਨ ਲੰਗਰ ਵਰਤਾਉਣ ਦੀ ਸੇਵਾ ਨਿਭਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਇਸ ਦੌਰਾਨ ਕਾਕਾ ਪ੍ਰਭਦੀਪ ਸਿੰਘ ਖੇੜਾ ਅਤੇ ਕਾਕਾ ਦਮਨਦੀਪ ਸਿੰਘ ਨੇ ਬੜ੍ਹੀ ਸਰਧਾ ਭਾਵਨਾ ਅਤੇ ਸਤਿਕਾਰ ਸਾਹਿਤ ਲੰਗਰ ਅਤੇ ਜਲ ਦੀ ਸੇਵਾ ਨਿਭਾਈ।



# ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐਨ.ਐਸ.ਏ ਲਾਉਣ ਦੀ ਮੰਗ ਕਰਨਾ ਲੋਕਤੰਤਰ ਦਾ ਘਾਣ

ਲਹਿਰਾਗਾਗਾ, 28 ਜਨਵਰੀ (ਗੁਰਦੀਪ ਸਿੰਘ): ਲੋਕ ਸਭਾ ਹਲਕਾ ਸ਼੍ਰੀ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਉੱਤੇ ਸਰਕਾਰ ਵੱਲੋ ਤੀਜੀ ਵਾਰ ਰਾਸ਼ਟਰੀ ਸੁਰੱਖਿਆ ਕਾਨੂੰਨ) ਐਨ.ਐਸ.ਏ) ਲਗਾਉਣ ਦੀ ਮੰਗ ਕਰਨਾ ਲੋਕਤੰਤਰ ਕਦਰਾਂ ਕੀਮਤਾਂ ਦਾ ਖੁੱਲਾ ਘਾਣ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਸੰਤ ਸਿੰਘ ਭੁਟਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਲਹਿਰਾਗਾਗਾ ਅਤੇ ਬਾਬਰਜੀਤ ਸਿੰਘ ਗਰੇਵਾਲ ਯੂਥ ਅਕਾਲੀ ਆਗੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ, ਉਨਾਂ ਕਿਹਾ ਕਿ ਐਨ.ਐਸ.ਏ. ਦੇ ਬਹਾਨੇ ਅੰਮ੍ਰਿਤਪਾਲ ਸਿੰਘ ਨੂੰ ਜੇਲ ਵਿੱਚ ਬੰਦ ਰੱਖਣਾ ਸਿਰਫ ਇੱਕ ਵਿਅਕਤੀ ਦੀ ਆਜ਼ਾਦੀ ਤੇ ਹੀ ਨਹੀ ਸਗੋਂ ਖਡੂਰ ਸਾਹਿਬ ਹਲਕੇ ਦੇ ਲੱਖਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਬਰਾਬਰ ਹੈ, ਭੁਟਾਲ ਤੇ ਗਰੇਵਾਲ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੇ ਸੰਵਿਧਾਨਿਕ ਢੰਗ ਨਾਲ ਲੋਕਤੰਤਰਿਕ ਪ੍ਰਕਿਰਿਆ ਅਧੀਨ ਚੋਣ ਲੜੀ ਤੇ ਵੱਡੇ ਮਾਰਜਨ ਨਾਲ ਜਿੱਤ ਪ੍ਰਾਪਤ ਕੀਤੀ, ਪਰ ਸਮੇਂ ਦੀ ਸਰਕਾਰ ਨੇ ਲੋਕਾਂ ਵੱਲੋ ਚੁਣੇ ਜਾਣ ਦੇ ਬਾਵਜੂਦ ਅਜੇ ਵੀ ਉਹਨਾਂ ਨੂੰ ਜੇਲ ਵਿੱਚ ਰੱਖਿਆ ਜਾਣਾ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨੂੰ ਕਤਲ ਕਰਨ ਦੇ ਬਰਾਬਰ ਹੈ, ਉਨਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਤੁਰੰਤ ਇਸ ਤਾਨਾਸ਼ਾਹੀ ਸੋਚ ਤੋਂ ਬਾਹਰ ਆਵੇ ਤੇ ਲੋਕ ਤਾਂਤਰਿਕ ਮਰਿਆਦਾਵਾਂ ਦੀ ਪਾਲਣਾ ਕਰਦਿਆਂ ਅੰਮ੍ਰਿਤਪਾਲ ਸਿੰਘ ਉੱਤੇ ਲਾਇਆ ਗਿਆ ਐਨ ਐਸ ਏ ਰੱਦ ਕਰਵਾ ਕੇ ਖਡੂਰ ਸਾਹਿਬ ਹਲਕੇ ਦੇ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੇ।



# ਗਣਤੰਤਰ ਦਿਵਸ ਮੌਕੇ ਇੰਟਰਨੈਸ਼ਨਲ ਅਬੈਕਸ ਮੁਕਾਬਲੇ ਦੇ ਜੇਤੂ ਵਿਦਿਆਰਥੀ ਸਨਮਾਨਿਤ




ਰਾਮਪੁਰਾ ਫੂਲ, 28 ਜਨਵਰੀ (ਮਨਪ੍ਰੀਤ ਮਿੰਟੂ): ਚੈਂਪੀਅਨਜ਼ ਇੰਟਰਨੈਸ਼ਨਲ ਅਬੈਕਸ ਮੁਕਾਬਲੇ ਵਿੱਚ ਜਿੱਤ ਹਾਸਿਲ ਕਰਨ ਵਾਲੇ ਰਾਮਪੁਰਾ ਫੂਲ ਸਬ ਡਿਵੀਜਨ ਦੇ 5 ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਸਮਾਗਮ ਦੌਰਾਨ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਸ਼ਾਰਪ ਬ੍ਰੇਨਸ ਏਜੂਕੇਸ਼ਨ ਦੇ ਡਾਇਰਕੈਟਰ ਰੰਜੀਵ ਗੋਇਲ ਨੇ ਦੱਸਿਆ ਕਿ ਰਾਮਪੁਰਾ ਫੂਲ ਦੇ ਵਿਦਿਆਰਥੀ ਆਵਿਆ ਗਰੋਵਰ ਸਪੁੱਤਰੀ ਡਾ: ਨਰਿੰਦਰ ਗਰੋਵਰ, ਪੂਰਵੀ ਸਪੁੱਤਰੀ ਤਰੇਸਮ ਲਾਲ, ਗੀਤਾਂਸ ਗਰਗ ਸਪੁੱਤਰ ਵਿਸ਼ਵਦੀਪ ਗਰਗ, ਪ੍ਰਤਿਭਾ ਸਪੁੱਤਰੀ ਸੌਰਵ ਗੁਪਤਾ ਅਤੇ ਭਗਤਾ ਭਾਈਕਾ ਦੀ ਵਰਤਿਕਾ ਗਰਗ ਸਪੁੱਤਰੀ ਅਜੈ ਗਰਗ ਨੇ 31 ਦੇਸ਼ਾਂ ਦੇ 30 ਹਜ਼ਾਰ ਤੋ ਵੱਧ ਵਿਦਿਆਰਥੀਆਂ ਦੇ ਹੋਏ ਇੰਟਰਨੈਸ਼ਨਲ ਅਬੈਕਸ ਮੁਕਾਬਲੇ ਵਿੱਚ ਜਿੱਤ ਹਾਸਿਲ ਕਰਕੇ ਇਲਾਕੇ ਅਤੇ ਜਿਲ੍ਹੇ ਦਾ ਨਾਮ ਰੋਸ਼ਨ ਕੀਤਾ ਸੀ। ਇਨ੍ਹਾਂ ਵਿਦਿਆਰਥੀਆਂ ਨੂੰ ਐਸਡੀਐਮ ਫੂਲ ਸੁਨੀਲ ਫੋਗਾਟ ਆਈਏਐਸ, ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਡੀਐਸਪੀ ਮਨੋਜ ਕੁਮਾਰ, ਨਾਇਬ ਤਹਿਸੀਲਦਾਰ ਵਿਕਾਸ ਕੁਮਾਰ ਅਤੇ ਹੋਰਾਂ ਅਧਿਕਾਰੀਆਂ ਨੇ ਸਨਮਾਨ ਚਿੰਨ੍ਹ ਅਤੇ ਪ੍ਰਸ਼ੰਸਾ ਪੱਤਰ ਭੇਟ ਕੀਤਾ।

# ਦੇਸ਼ ਭਗਤ ਯੂਨੀਵਰਸਿਟੀ, ਏ.ਆਈ ਸਿੱਖਿਆ ਵਾਲੀ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣੀ

ਮੰਡੀ ਗੋਬਿੰਦਗੜ੍ਹ, 28 ਜਨਵਰੀ: ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੇ ਔਰੇਂਜਸ਼ਾਰਕ ਏਆਈ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਦੇ ਇੱਕ ਡਿਵੀਜ਼ਨ, ਨੀਵਏਆਈ ਨਾਲ ਅਕਾਦਮਿਕ-ਉਦਯੋਗ ਭਾਈਵਾਲੀ ਸਥਾਪਤ ਕਰ ਕੇ ਭਾਰਤ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ। ਇਹ ਸਹਿਯੋਗ ਉਦਯੋਗ-ਏਕੀਕ੍ਰਿਤ, ਵਿਸ਼ਵ ਪੱਧਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਸਿੱਖਿਆ ਪ੍ਰਦਾਨ ਕਰਦਾ ਹੈ।




ਡੀਬੀਯੂ ਕੈਂਪਸ ਵਿੱਚ ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਅਤੇ ਡਾ. ਅਰਜੁਨ ਸਿੰਘ ਬੇਦੀ, ਨੀਵਏਆਈ ਦੇ ਸੰਸਥਾਪਕ ਦੁਆਰਾ ਚਾਂਸਲਰ ਡਾ. ਜ਼ੋਰਾ ਸਿੰਘ ਦੀ ਮੌਜੂਦਗੀ ਵਿੱਚ ਸਮਝੌਤਾ ਪੱਤਰ (ਐਮਓਯੂ) 'ਤੇ ਹਸਤਾਖਰ ਕੀਤੇ। ਇਹ ਗਠਜੋੜ ਅਸਲ-ਸੰਸਾਰ ਉਦਯੋਗ ਅਭਿਆਸਾਂ ਨੂੰ ਅੰਤਰਰਾਸ਼ਟਰੀ ਅਕਾਦਮਿਕ ਮਿਆਰਾਂ ਨਾਲ ਮਿਲਾਉਂਦਾ ਹੈ। ਇਹ ਬੀ.ਟੈਕ ਸੀਐਸਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਵਿਦਿਆਰਥੀਆਂ ਨੂੰ ਏਆਈ ਸਿਖਲਾਈ, ਗਲੋਬਲ ਖੋਜ ਅਤੇ ਨਵੀਨਤਾ-ਅਧਾਰਤ ਅਨੁਭਵਾਂ ਨਾਲ ਲੈਸ ਕਰਦਾ ਹੈ।

ਇਸ ਮੌਕੇ ਨੀਵ ਏਆਈ ਦੀ ਸੀਨੀਅਰ ਗਲੋਬਲ ਲੀਡਰਸ਼ਿਪ ਜਿਸ ਵਿਚ ਡਾ. ਅਰਜੁਨ ਸਿੰਘ ਬੇਦੀ; ਸ਼੍ਰੀ ਲੌਰੇਂਟ ਜੈਰੀ, ਸ਼੍ਰੀ ਸ਼ਿਖਰ ਦੂਬੇ ਅਤੇ ਸ਼੍ਰੀ ਸ਼ਿਵੇਂਦਰ ਸੋਫਤ ਅਤੇ ਡੀਬੀਯੂ ਦੀ ਨੁਮਾਇੰਦਗੀ ਡਾ. ਖੁਸ਼ਬੂ ਬਾਂਸਲ, ਡਿਪਟੀ ਡਾਇਰੈਕਟਰ - ਇੰਜੀਨੀਅਰਿੰਗ ਅਤੇ ਸੀਨੀਅਰ ਫੈਕਲਟੀ ਨੇ ਕੀਤੀ।

ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ, "ਦੇਸ਼ ਭਗਤ ਯੂਨੀਵਰਸਿਟੀ ਹਰੇਕ ਕਾਰਜ ਲਈ ਮੋਹਰੀ ਹੈ।" "ਨੀਵ ਨਾਲ ਸਾਂਝੇਦਾਰੀ ਕਰਨ ਵਾਲੀ ਭਾਰਤ ਦੀ ਪਹਿਲੀ ਯੂਨੀਵਰਸਿਟੀ ਹੋਣ ਦੇ ਨਾਤੇ, ਅਸੀ ਭਵਿੱਖ ਲਈ ਤਿਆਰ ਸਿੱਖਿਆ, ਗਲੋਬਲ ਉਦਯੋਗ ਏਕੀਕਰਨ ਲਈ ਵਚਨਬੱਧ ਹਾਂ। ਏ ਆਈ ਹਰ ਖੇਤਰ ਨੂੰ ਮੁੜ ਆਕਾਰ ਦੇ ਰਿਹਾ ਹੈ - ਇਹ ਗੱਠਜੋੜ ਸਾਡੇ ਵਿਦਿਆਰਥੀਆਂ ਨੂੰ ਗਲੋਬਲ ਹੁਨਰ, ਨੈਤਿਕ ਬੁਨਿਆਦ ਅਤੇ ਨਵੀਨਤਾਕਾਰੀ ਮੁਹਾਰਤ ਨਾਲ ਲੈਸ ਕਰਦਾ ਹੈ।"

ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਅੱਗੇ ਕਿਹਾ ਕਿ ਇਹ ਭਾਈਵਾਲੀ ਡੀਬੀਯੂ ਦੇ ਗਲੋਬਲ ਅਕਾਦਮਿਕ ਏਕੀਕਰਨ, ਖੋਜ-ਅਧਾਰਤ ਸਿਖਲਾਈ, ਅਤੇ ਉਦਯੋਗ-ਅਨੁਕੂਲ ਪਾਠਕ੍ਰਮ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦੀ ਹੈ, ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੀਐਚਡੀ ਸਲਾਹਕਾਰਾਂ ਅਤੇ ਵਿਹਾਰਕ ਏਆਈ ਐਪਲੀਕੇਸ਼ਨਾਂ ਨਾਲ ਜੋੜਦੀ ਹੈ।

ਇਹ ਇਤਿਹਾਸਕ ਗੱਠਜੋੜ ਡੀਬੀਯੂ ਦੀ ਨਵੀਨਤਾ-ਕੇਂਦ੍ਰਿਤ, ਉਦਯੋਗ-ਅਨੁਕੂਲ ਉੱਚ ਸਿੱਖਿਆ ਵਿੱਚ ਅਗਵਾਈ ਨੂੰ ਮਜ਼ਬੂਤ ਕਰਦਾ ਹੈ ਅਤੇ ਭਾਰਤ ਭਰ ਵਿੱਚ ਏਆਈ ਪ੍ਰੋਗਰਾਮਾਂ ਲਈ ਮਿਆਰ ਉੱਚਾ ਚੁੱਕਦਾ ਹੈ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਸੀ.ਡੀ.ਪੀ.ਓ. ਨੂੰ ਦਿੱਤਾ ਨੋਟਿਸ

ਸਮਰਾਲਾ, 28 ਜਨਵਰੀ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ): ਬਲਾਕ ਸਮਰਾਲਾ ਦੇ ਸਮੂਹ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਇੱਕ ਭਰਵੀਂ ਮੀਟਿੰਗ ਪਰਮਜੀਤ ਕੌਰ ਪ੍ਰਧਾਨ ਬਲਾਕ ਸਮਰਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਆਂਗਨਵਾੜੀ ਮੁਲਾਜਮ ਯੂਨੀਅਨ ਪੰਜਾਬ ਜੋ ਕਿ ਭਾਰਤੀ ਟ੍ਰੇਡ ਯੂਨੀਅਨ ਕੇਂਦਰ (ਸੀਟੂ) ਅਤੇ ਅਖਿਲ ਭਾਰਤੀ ਆਂਗਨਵਾੜੀ ਵਰਕਰ ਅਤੇ ਹੈਲਪਰ ਫੈਡਰੇਸ਼ਨ ਨਾਲ ਸਬੰਧਿਤ ਇਕਾਈ ਹੈ, ਨੇ ਸਮੂਹ ਟਰੇਡ ਯੂਨੀਅਨਾਂ ਨਾਲ ਮਿਲ ਕੇ 12 ਫਰਵਰੀ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਸਬੰਧੀ ਸੀ.ਡੀ.ਪੀ.ਓ. ਸਮਰਾਲਾ ਨੂੰ ਦੇਸ਼ ਵਿਆਪੀ ਹੜਤਾਲ ਦਾ ਲਿਖਤੀ ਨੋਟਿਸ ਦੇਣ ਉਪਰੰਤ ਇਕੱਤਰ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ 17 ਸੂਤਰੀ ਮੰਗ ਪੱਤਰ ਸਬੰਧੀ ਜਾਣਕਾਰੀ ਦਿੱਤੀ। ਸ਼ੁਰੂਆਤੀ ਬਾਲ ਅਵਸਥਾ ਦੇਖਭਾਲ ਅਤੇ ਸਿੱਖਿਆ ਦੇ ਅਧਿਕਾਰ ਲਈ ਕਾਨੂੰਨ ਬਣਾਇਆ ਜਾਵੇ। ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਗ੍ਰੇਡ 3 ਅਤੇ ਗ੍ਰੇਡ 4 ਦੇ ਸਰਕਾਰੀ ਕਰਮਚਾਰੀਆਂ ਵਜੋਂ ਨਿਯਮਿਤ ਕੀਤਾ ਜਾਵੇ। ਆਂਗਨਵਾੜੀ ਵਰਕਰ ਮੁਲਾਜਮਾਂ ਨੂੰ ਘੱਟ ਘੱਟ 26000 ਰੁਪਏ ਪ੍ਰਤੀ ਮਹੀਨਾ ਤਨਖਾਹ ਅਤੇ 10000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ। ਦੇਸ਼ ਭਰ ਵਿੱਚ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਲਈ ਇੱਕੋ ਜਿਹੀਆਂ ਸੇਵਾ ਸ਼ਰਤਾਂ ਲਾਗੂ ਕੀਤੀਆਂ ਜਾਣ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਰਣਜੀਤ ਕੌਰ ਲੱਧੜਾਂ ਕੈਸ਼ੀਅਰ, ਹਰਦੀਪ ਕੌਰ ਕਾਰਜਕਾਰਨੀ ਪ੍ਰਧਾਨ, ਕਮਲਜੀਤ ਕੌਰ ਰਾਜੇਵਾਲ ਜਨਰਲ ਸਕੱਤਰ, ਮਨਜੀਤ ਕੌਰ, ਕਰਮਜੀਤ ਕੌਰ, ਹਰਪ੍ਰੀਤ ਕੌਰ ਬਗਲੀ ਸਰਕਲ, ਕੁਲਵੰਤ ਕੌਰ, ਸ਼ਾਂਤੀ, ਰਣਧੀਰ ਕੌਰ ਬਰਧਾਲਾਂ, ਹਰਪ੍ਰੀਤ ਕੌਰ ਬਗਲੀ, ਕੁਲਵੀਰ ਕੌਰ, ਸਰਬਜੀਤ ਕੌਰ ਦਿਆਲਪੁਰਾ, ਹਰਪ੍ਰੀਤ ਕੌਰ, ਬਲਜਿੰਦਰ ਕੌਰ, ਜੀਵਨ ਕੌਰ, ਸੰਦੀਪ ਕੌਰ, ਜਸਪ੍ਰੀਤ ਕੌਰ, ਕਰਮਜੀਤ ਕੌਰ ਆਦਿ ਤੋਂ ਇਲਾਵਾ ਬਲਾਕ ਸਮਰਾਲਾ ਦੀਆਂ ਆਂਗਨਵਾੜੀ ਵਰਕਰ ਅਤੇ ਹੈਲਪਰ ਹਾਜਰ ਸਨ। ਅਖੀਰ ਪਰਮਜੀਤ ਕੌਰ ਨੇ ਸਮੂਹ ਵਰਕਰਾਂ ਅਤੇ ਹੈਲਪਰਾਂ ਨੂੰ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਦੀ ਅਪੀਲ ਕੀਤੀ ਅਤੇ ਮੀਟਿੰਗ ਵਿੱਚ ਹਾਜ਼ਰ ਵਰਕਰ ਅਤੇ ਹੈਲਪਰਾਂ ਦਾ ਧੰਨਵਾਦ ਕੀਤਾ।

# ਰਾਮਪੁਰਾ ਫੂਲ 'ਚ ਨੂੰ ਪੁਸਤਕ ਮੇਲਾ

ਰਾਮਪੁਰਾ ਫੂਲ, 28 ਜਨਵਰੀ (ਮਨਪ੍ਰੀਤ ਮਿੰਟੂ): ਬੱਚਿਆਂ, ਨੌਜਵਾਨਾਂ ਅਤੇ ਹਰ ਸ਼ਹਿਰੀ /ਪੇਂਡੂ ਨੂੰ ਪੁਸਤਕਾਂ ਨਾਲ ਜੋੜਨ ਅਤੇ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ 21 ਅਤੇ 22 ਫਰਵਰੀ ਨੂੰ ਰਾਮਪੁਰਾ ਫੂਲ ਵਿਖੇ ਇੱਕ ਵਿਸ਼ਾਲ ਪੁਸਤਕ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪੁਸਤਕ ਮੇਲਾ ਪੁਨਰ ਜੋਤੀ ਹਸਪਤਾਲ ਦੇ ਨਾਲ ਲੱਗਦੇ ਪੀਡਬਲਿਯੂਡੀ ਮੈਦਾਨ ਵਿੱਚ ਲਗਾਇਆ ਜਾਵੇਗਾ।

ਇਸ ਸਬੰਧੀ 27 ਜਨਵਰੀ ਦੀ ਸ਼ਾਮ ਨੂੰ ਰਾਮਪੁਰਾ ਫੂਲ ਇਲਾਕੇ ਦੇ ਪੁਸਤਕ ਪ੍ਰੇਮੀਆਂ ਦੀ ਇਕੱਤਰਤਾ ਬ੍ਰਾਹਮਣ ਸਭਾ ਦੇ ਹਾਲ ਵਿੱਚ ਹੋਈ, ਜਿਸ ਵਿੱਚ ਪੁਸਤਕ ਮੇਲੇ ਦੀ ਵਿਉਤਬੰਦੀ ਅਤੇ ਰੂਪ ਰੇਖਾ ਤੈਅ ਕੀਤੀ ਗਈ।

ਵਿਚਾਰ-ਵਟਾਂਦਰੇ ਦੌਰਾਨ ਮਹਿਸੂਸ ਕੀਤਾ ਗਿਆ ਕਿ ਪੰਜਾਬ ਦੇ ਕੁੱਝ ਗਿਣਤੀ ਦੇ ਸ਼ਹਿਰਾਂ ਵਿੱਚ ਹੀ ਪੁਸਤਕ ਮੇਲੇ ਲੱਗਦੇ ਹਨ, ਜਦਕਿ ਅਜੋਕੇ ਸਮੇਂ ਵਿੱਚ ਪੁਸਤਕਾਂ ਦੀ ਮਹੱਤਤਾ ਪਹਿਲਾਂ ਨਾਲੋਂ ਕਈ ਗੁਣਾ ਵਧ ਗਈ ਹੈ।

ਗੱਲਬਾਤ ਕਰਦਿਆਂ ਸੁਖਰਾਜ, ਵਰਿੰਦਰ ਦੀਵਾਨਾ ਅਤੇ ਜੰਟਾ ਸਿੰਘ ਨੇ ਕਿਹਾ ਕਿ ਮਾੜਾ ਸੱਭਿਆਚਾਰ ਅਤੇ ਨਸ਼ੇ ਬੱਚਿਆਂ ਤੇ ਨੌਜਵਾਨਾਂ ਨੂੰ ਗਲਤ ਰਾਹਾਂ ਵੱਲ ਧੱਕ ਰਹੇ ਹਨ, ਜਿਸਦੇ ਮੱਦੇਨਜ਼ਰ ਪੁਸਤਕ ਮੇਲਾ ਇੱਕ ਸਿਹਤਮੰਦ ਅਤੇ ਸਕਾਰਾਤਮਕ ਬਦਲ ਸਾਬਤ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ ਨਾਟਕ, ਭਾਸ਼ਣ, ਕਵੀ ਦਰਬਾਰ, ਵਿਚਾਰ-ਚਰਚਾ, ਰੂਬਰੂ ਪ੍ਰੋਗਰਾਮ, ਪੁਸਤਕ ਅਤੇ ਚਿੱਤਰ ਪ੍ਰਦਰਸ਼ਨੀਆਂ ਵੀ ਕਰਵਾਈਆਂ ਜਾਣਗੀਆਂ।

ਉਨ੍ਹਾਂ ਅੱਗੇ ਦੱਸਿਆ ਕਿ ਬੱਚਿਆਂ ਅਤੇ ਵਿਦਿਆਰਥੀਆਂ ਲਈ ਸੁੰਦਰ ਲਿਖਾਈ ਵਰਕਸ਼ਾਪ, ਸੁੰਦਰ ਲਿਖਾਈ ਮੁਕਾਬਲੇ, ਸ਼ਬਦ-ਜੋੜ, ਵਿਆਕਰਣ ਸੰਬੰਧੀ ਜਾਣਕਾਰੀਆਂ ਅਤੇ ਹੋਰ ਕਈ ਰਚਨਾਤਮਕ ਗਤੀਵਿਧੀਆਂ ਮੇਲੇ ਦਾ ਹਿੱਸਾ ਹੋਣਗੀਆਂ। ਇਸ ਮੌਕੇ ਨੌਜਵਾਨ ਕਵੀਆਂ ਤੋਂ ਲੈ ਕੇ ਮਸ਼ਹੂਰ ਲੇਖਕਾਂ ਤੱਕ ਦੀ ਹਾਜ਼ਰੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੇਗੀ। ਪੁਸਤਕ ਪ੍ਰੇਮੀ ਇਲਾਕਾ ਰਾਮਪੁਰਾ ਫੂਲ ਵੱਲੋਂ ਇਸ ਪੁਸਤਕ ਮੇਲੇ ਨੂੰ ਕਾਮਯਾਬ ਬਣਾਉਣ ਲਈ ਹਰ ਵਰਗ ਤੋਂ ਸਹਿਯੋਗ ਦੀ ਅਪੀਲ ਕੀਤੀ ਗਈ ਹੈ।

ਇਸ ਮੌਕੇ ਹਰਪ੍ਰੀਤ ਸ਼ਰਮਾ, ਸੁਖਮੰਦਰ ਸਿੰਘ ਪਿੱਥੋ, ਮਨਜੋਤ ਸਿੱਧੂ ਜਿਉਂਦ, ਹਰਵਿੰਦਰ ਸਿੰਘ ਭੈਣੀ, ਜਗਤਾਰ ਸਿੰਘ ਭੁੱਲਰ, ਬਲਵੀਰ ਸਿੰਘ ਜੇਠੂਕੇ, ਜਗਦੀਪ ਕੁਮਾਰ, ਦਰਸ਼ਨ ਸਿੰਘ ਮੰਡੀ ਕਲਾਂ ਆਦਿ ਹਾਜ਼ਰ ਸਨ।

# ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ਼ ਕਾਲਜਿਜ਼ ਵਿੱਚ ਗਣਤੰਤਰ ਦਿਵਸ ਮਨਾਇਆ

ਰਾਮਪੁਰਾ ਫੂਲ, 28 ਜਨਵਰੀ (ਮਨਪ੍ਰੀਤ ਮਿੰਟੂ): ਬਾਬਾ ਮੋਨੀ ਜੀ ਮਹਾਰਾਜ ਗਰੁੱਪ ਆਫ਼ ਕਾਲਜਿਜ ਲਹਿਰਾ ਮੁਹੱਬਤ (ਬਠਿੰਡਾ) ਵਿੱਚ 26 ਜਨਵਰੀ ਨੂੰ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਰੀ ਡਾਸਨਫਰਾਂਸੀਸ ਅਤੇ ਡਿਗਰੀ ਕਾਲਜ ਦੇ ਪ੍ਰਿੰਸੀਪਲ ਡਾ. ਰਜਨੀ ਚੌਧਰੀ ਵੱਲੋ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਤੇ ਵਿਦਿਆਰਥਣਾਂ ਵਲੋ ਰਾਸ਼ਟਰੀ ਗੀਤ ਗਾਇਆ ਗਿਆ। ਇਸ ਦੌਰਾਨ ਪ੍ਰਿੰਸੀਪਲ ਸਾਹਿਬਾਨ ਦੁਆਰਾ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਗਣਤੰਤਰ ਦਿਵਸ ਦੀ ਮਹੱਤਤਾ 'ਤੇ ਪ੍ਰਕਾਸ਼ ਪਾਉਂਦਿਆਂ ਕਿਹਾ ਕਿ ਸੰਵਿਧਾਨ ਸਾਡੇ ਅਧਿਕਾਰਾਂ ਦੇ ਨਾਲ-ਨਾਲ ਕਰਤੱਵਾਂ ਦੀ ਵੀ ਯਾਦ ਦਵਾਉਂਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ, ਏਕਤਾ ਅਤੇ ਦੇਸ਼ ਸੇਵਾ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਦੇਸ਼ ਭਗਤੀ ਗੀਤਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਨੇ ਸਮਾਗਮ ਨੂੰ ਹੋਰ ਰੌਣਕਮਈ ਬਣਾਇਆ। ਇਸ ਦੌਰਾਨ ਡਿਗਰੀ ਕਾਲਜ ਦੇ ਸਮੂਹ ਸਟਾਫ਼ ਮੈਂਬਰ ਪ੍ਰੋ. ਅਮਨਿੰਦਰ ਕੌਰ , ਪ੍ਰੋ. ਮੋਨਿਕਾ ਗਰਗ, ਪ੍ਰੋ. ਰਮਨਦੀਪ ਕੌਰ, ਪ੍ਰੋ. ਅਵਨੀਤ ਕੌਰ , ਪ੍ਰੋ. ਸੁਖਦੀਪ ਕੌਰ , ਪ੍ਰੋ. ਲਵਪ੍ਰੀਤ ਕੌਰ , ਪ੍ਰੋ. ਰੁਚੀਕਾ, ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਜਗਪ੍ਰੀਤ ਕੌਰ , ਪ੍ਰੋ.ਨਵਜੋਤ ਕੌਰ, ਪ੍ਰੋ. ਰਵਿੰਦਰ ਕੌਰ ,ਪ੍ਰੋ. ਸਰਬਜੀਤ ਕੌਰ, ਪ੍ਰੋ. ਅਕਾਸਦੀਪ , ਪ੍ਰੋ. ਜਸਕਰਨ ਸਿੰਘ ਅਤੇ ਪ੍ਰੋ. ਕੁਲਦੀਪ ਸਿੰਘ ਅਤੇ ਨਰਸਿੰਗ ਕਾਲਜ ਦੇ ਸਮੂਹ ਸਟਾਫ਼ ਮੈਂਬਰ ਵਾਈਸ ਪ੍ਰਿੰਸੀਪਲ ਮੈਡਮ ਸ਼ਿਖਾ ਚੋਪੜਾ, ਅਸਿਸਟੈਂਟ ਪ੍ਰੋ. ਕੁਲਦੀਪ ਕੌਰ, ਅਸਿਸਟੈਂਟ ਪ੍ਰੋ. ਸ਼ਿਵਾਲੀ ਸ਼ਰਮਾ, ਅਸਿਸਟੈਂਟ ਪ੍ਰੋ. ਨਵਦੀਪ ਕੌਰ, ਮੈਡਮ ਪੂਨਮ, ਜ਼ਰਨਿਗਾ, ਕਮਲਜੀਤ ਕੌਰ ਬਾਠ , ਮੈਡਮ ਸ਼ਿਵਾਨੀ, ਮੈਡਮ ਯਸ਼ਲੀਨ ਕੌਰ , ਮੈਡਮ ਲਵਪ੍ਰੀਤ ਕੌਰ , ਮੈਡਮ ਪਲਵੀ , ਮੈਡਮ ਲਖਵਿੰਦਰ ਕੌਰ , ਮੈਡਮ ਸੰਜਨਾ , ਮੈਡਮ ਮਹਿਕਪ੍ਰੀਤ ਕੌਰ, ਮੈਡਮ ਹਰਮਨਪ੍ਰੀਤ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਆਂਚਲ, ਮੈਡਮ ਨਹੀਸ਼ਨਾ ਅਤੇ ਕਲੀਸਰ ਤੇਜਵਿੰਦਰ ਸਿੰਘ ਆਦਿ ਅਧਿਆਪਕ ਸ਼ਾਮਿਲ ਸਨ।

# ਬੀ.ਬੀ.ਐੱਸ ਇੰਡੋ ਕੈਨੇਡੀਅਨ ਸਕੂਲ ਮਲੂਕਾ 'ਚ ਗਣਤੰਤਰਤਾ ਦਿਵਸ ਧੂਮਧਾਮ ਨਾਲ ਮਨਾਇਆ

ਭਗਤਾ ਭਾਈਕਾ, 28 ਜਨਵਰੀ (ਸਵਰਨ ਸਿੰਘ ਭਗਤਾ): ਐਡਵੋਕੇਟ ਬਾਵਾ ਯਸ਼ਪ੍ਰੀਤ ਸਿੰਘ ਬਰਾੜ ਦੀ ਅਗਵਾਈ ਹੇਠ ਚੱਲ ਰਹੀ ਬੀ.ਬੀ.ਐੱਸ ਇੰਡੋ ਕੈਨੇਡੀਅਨ ਸਕੂਲ ਮਲੂਕਾ ਵਿੱਚ 77ਵਾਂ ਗਣਤੰਤਰਤਾ ਦਿਵਸ ਬੜੇ ਉਤਸ਼ਾਹ ਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ, ਜਿਸ ਦੀ ਰਸਮ ਸਕੂਲ ਪ੍ਰਿੰਸੀਪਲ ਡਾ. ਧਵਨ ਕੁਮਾਰ ਵੱਲੋਂ ਅਦਾ ਕੀਤੀ ਗਈ। ਇਸ ਉਪਰੰਤ ਰਾਸ਼ਟਰਗਾਨ ਗਾਇਆ ਗਿਆ ਤੇ ਸਾਰੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੇ ਦੇਸ਼ ਪ੍ਰਤੀ ਨਿਸ਼ਠਾ ਦੀ ਸੌਹ ਚੁੱਕੀ।



ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਧਵਨ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਣਤੰਤਰਤਾ ਦਿਵਸ ਸਾਨੂੰ ਭਾਰਤੀ ਸੰਵਿਧਾਨ ਦੀ ਮਹਾਨਤਾ ਅਤੇ ਆਪਣੇ ਅਧਿਕਾਰਾਂ ਨਾਲ ਨਾਲ ਫ਼ਰਜ਼ਾਂ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਹੀ ਦੇਸ਼ ਦਾ ਭਵਿੱਖ ਹੈ ਤੇ ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਤੇ ਇਮਾਨਦਾਰੀ ਨਾਲ ਅੱਗੇ ਵਧਦਿਆਂ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ਭਗਤੀ ਗੀਤ, ਕਵਿਤਾਵਾਂ, ਭਾਸ਼ਣ ਤੇ ਰੰਗਾਰੰਗ ਸਾਂਸਕ੍ਰਿਤਿਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਹਾਜ਼ਰ ਦਰਸ਼ਕਾਂ ਦਾ ਮਨ ਮੋਹ ਲਿਆ। ਨੰਨੇ-ਮੁੰਨੇ ਬੱਚਿਆਂ ਦੀਆਂ ਸੁਹਾਵਣੀਆਂ ਪ੍ਰਸਤੁਤੀਆਂ ਨੇ ਖ਼ਾਸ ਆਕਰਸ਼ਣ ਬਣਾਇਆ। ਸੰਵਿਧਾਨ ਸਾਨੂੰ ਬਰਾਬਰੀ, ਨਿਆਂ ਤੇ ਆਜ਼ਾਦੀ ਦੇ ਅਧਿਕਾਰ ਦਿੰਦਾ ਹੈ ਤੇ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀ ਸਮਾਜਿਕ ਜ਼ਿੰਮੇਵਾਰੀ ਤੇ ਨੈਤਿਕ ਮੁੱਲਾਂ ਨੂੰ ਆਪਣੇ ਜੀਵਨ 'ਚ ਅਪਣਾਈਏ।

ਅੰਤ 'ਚ ਪੂਰਾ ਸਕੂਲ ਪਰਿਵਾਰ "ਵੰਦੇ ਮਾਤਰਮ" ਤੇ "ਭਾਰਤ ਮਾਤਾ ਕੀ ਜੈ" ਦੇ ਨਾਅਰਿਆਂ ਨਾਲ ਗੂੰਜ ਉੱਠਿਆ ਤੇ ਸਮਾਗਮ ਦੇਸ਼ ਭਗਤੀ ਦੇ ਜਜ਼ਬੇ ਨਾਲ ਸੰਪੰਨ ਹੋਇਆ।

# ਬੀ.ਬੀ.ਐਮ.ਬੀ ਹਸਪਤਾਲ ਤਲਵਾੜਾ 'ਚ ਮੁਫ਼ਤ ਡਾਕਟਰੀ ਜਾਂਚ

ਤਲਵਾੜਾ, 28 ਜਨਵਰੀ (ਚ.ਨ.ਸ.) ਭਾਖੜਾ ਬਿਆਸ ਪ੍ਰਬੰਧ ਬੋਰਡ ਦੇ ਬੀ.ਬੀ.ਐਮ.ਬੀ ਹਸਪਤਾਲ ਵਿਚ 30 ਜਨਵਰੀ 2026 ਨੂੰ ਫੋਰਟਿਸ ਹਸਪਤਾਲ ਜਲੰਧਰ ਤੋਂ ਮਾਹਿਰ ਡਾਕਟਰਾਂ ਦੀ ਹਾਜਰੀ ਵਿਚ ਇਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਬੀ.ਬੀ.ਐਮ.ਬੀ ਤਲਵਾੜਾ ਦੇ ਮੁੱਖ ਇੰਜਨੀਅਰ ਸ੍ਰੀ ਰਾਕੇਸ਼ ਗੁਪਤਾ ਨੇ ਦਿੱਤੀ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਕੈਂਪ ਵਿਚ ਬੀਬੀਐਮ ਦੇ ਸਟਾਫ ਤੋਂ ਇਲਾਵਾ ਇਲਾਕੇ ਦੇ ਆਮ ਲੋਕ ਵੀ ਪੰਹੁਚ ਸਕਦੇ ਹਨ ਅਤੇ ਇਸ ਮੁਫ਼ਤ ਕੈਂਪ ਦਾ ਲਾਭ ਲੈ ਸਕਦੇ ਹਨ। ਇਸ ਕੈਂਪ ਵਿਚ ਫੋਰਟਿਸ ਹਸਪਤਾਲ ਜਲੰਧਰ ਤੋਂ ਗੁਰਦੇ ਤੇ ਪੇਸਾਬ ਰੋਗਾਂ ਦੇ ਮਾਹਿਰ ਡਾ: ਓਕਾਂਰ ਸਿੰਘ, ਨਿਊਰੋਸਰਜਰੀ ਦੇ ਮਾਹਿਰ ਡਾ: ਤੁਸ਼ਾਰ ਅਰੋੜਾ ਅਤੇ ਇਸਤਰੀ ਰੋਗਾਂ ਦੇ ਮਾਹਿਰ ਡਾ:(ਮੇਜਰ) ਅਮਨਦੀਪ ਕੌਰ ਆਪਣੀਆਂ ਸੇਵਾਵਾਂ ਦੇਣ ਲਈ ਪਹੁੰਚਣਗੇ। ਉਨ੍ਹਾਂ ਨੇ ਬੀ.ਬੀ.ਐਮ.ਬੀ ਸਟਾਫ ਤੋਂ ਇਲਾਵਾ ਇਲਾਕੇ ਦੇ ਹੋਰ ਸਾਰੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ 30 ਜਨਵਰੀ 2026 ਨੂੰ ਬੀ.ਬੀ.ਐਮ.ਬੀ ਹਸਪਤਾਲ ਵਿਚ ਸਵੇਰੇ 10 ਤੋਂ ਬਾਅਦ ਦੁਪਹਿਰ 2 ਵਜੇ ਤੱਕ ਲੱਗਣ ਵਾਲੇ ਇਸ ਕੈਂਪ ਵਿਚ ਪਹੁੰਚ ਕੇ ਉਹ ਵੱਧ ਤੋਂ ਵੱਧ ਇਸ ਕੈਂਪ ਦਾ ਲਾਹਾ ਲੈਣ। ਕੈਂਪ ਲਈ ਰਜਿਸਟ੍ਰੇਸ਼ਨ ਸਵੇਰੇ 9 ਵਜੇ ਸ਼ੁਰੂ ਹੋ ਜਾਵੇਗੀ ਅਤੇ ਪਹਿਲਾ ਆਓ ਪਹਿਲਾਂ ਪਾਓ ਦੇ ਅਧਾਰ ਤੇ ਜਾਂਚ ਕੀਤੀ ਜਾਵੇਗੀ। ਇਸ ਮੌਕੇ ਮੁਫਤ ਈਸੀਜੀ ਟੈਸਟ, ਬਲੱਡ ਸੂਗਰ ਟੈਸਟ ਵੀ ਕੀਤੇ ਜਾ ਸਕਣਗੇ।

# ਅਕਾਲੀ ਦਲ ਪੰਜਾਬ ਦਾ ਪਾਣੀ ਹਰਿਆਣਾ ਨੂੰ ਨਹੀਂ ਜਾਣ ਦੇਵੇਗਾ: ਅਮਰਜੀਤ ਸਿੰਘ ਚਾਵਲਾ

ਸ੍ਰੀ ਆਨੰਦਪੁਰ ਸਾਹਿਬ, 28 ਜਨਵਰੀ (ਤਰਲੋਚਨ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋ ਐਸ.ਵਾਈ.ਐਲ. ਨਹਿਰ ਸਬੰਧੀ ਦਿੱਤੇ ਗਏ ਬਿਆਨ 'ਤੇ ਸਖ਼ਤ ਇਤਰਾਜ਼ ਜਤਾਉਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਕੀਮਤ 'ਤੇ ਪੰਜਾਬ ਦਾ ਪਾਣੀ ਹਰਿਆਣਾ ਨੂੰ ਨਹੀ ਜਾਣ ਦੇਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਇਹ ਕਹਿਣਾ ਕਿ "ਪਹਿਲਾਂ ਪਾਣੀ ਤੈਅ ਹੋ ਜਾਵੇ, ਫਿਰ ਨਹਿਰ ਵੀ ਬਣਾ ਲਵਾਂਗੇ", ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ।

ਭਾਈ ਚਾਵਲਾ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ ਅਤੇ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਜ਼ਰ ਆ ਰਹੀ ਹੈ।

ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਦੇ ਹੋਏ ਐਸ.ਵਾਈ.ਐਲ. ਨਹਿਰ ਨਾਲ ਸੰਬੰਧਿਤ ਜ਼ਮੀਨਾਂ ਕਿਸਾਨਾਂ ਨੂੰ ਵਾਪਸ ਕਰਕੇ ਉਨ੍ਹਾਂ ਨੂੰ ਮਾਲਿਕ ਬਣਾਇਆ ਸੀ, ਜੋ ਕਿ ਇੱਕ ਇਤਿਹਾਸਕ ਫੈਸਲਾ ਸੀ।

ਭਾਈ ਚਾਵਲਾ ਨੇ ਇਹ ਵੀ ਦੋਸ਼ ਲਗਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੇ ਨੇਤਾ ਸੰਦੀਪ ਪਾਠਕ ਪਹਿਲਾਂ ਹੀ ਹਰਿਆਣਾ ਨੂੰ ਪਾਣੀ ਦੇਣ ਦੀ ਹਮਾਇਤ ਕਰ ਚੁੱਕੇ ਹਨ, ਜਿਸ ਤੋ ਸਾਫ਼ ਹੁੰਦਾ ਹੈ ਕਿ "ਆਪ" ਸਰਕਾਰ ਪੰਜਾਬ ਦੇ ਪਾਣੀਆਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ।

ਉਨ੍ਹਾਂ ਅਖੀਰ ਟਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਪਾਣੀ, ਧਰਤੀ ਅਤੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਹਰ ਮੋਰਚੇ 'ਤੇ ਡਟ ਕੇ ਸੰਘਰਸ਼ ਕਰੇਗਾ।

# ਅੰਮ੍ਰਿਤਧਾਰੀ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਡੀ.ਐੱਸ.ਜੀ.ਐੱਮ.ਸੀ ਉਠਾਵੇਗੀ: ਕਾਲਕਾ

ਨਵੀ ਦਿੱਲੀ, 28 ਜਨਵਰੀ, (ਚ.ਨ.ਸ.): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐੱਸ.ਜੀ.ਐੱਮ.ਸੀ) ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਨੇ ਦੱਸਿਆ ਹੈ ਕਿ ਜਿਹੜੇ ਪਰਿਵਾਰ ਪੂਰੀ ਤਰ੍ਹਾਂ ਅੰਮ੍ਰਿਤਧਾਰੀ ਹੋਣਗੇ, ਉਨ੍ਹਾਂ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਿੱਖੀ ਸਰੂਪ, ਗੁਰਮਤਿ ਮੂਲਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਨਾਲ ਹੋਰ ਮਜ਼ਬੂਤੀ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਵੱਡਾ ਉਪਰਾਲਾ ਹੈ।



ਸ. ਹਰਮੀਤ ਸਿੰਘ ਕਾਲਕਾ ਨੇ ਅੱਗੇ ਦੱਸਿਆ ਕਿ ਖਾਲਸਾ ਸਾਜਨਾ ਦਿਵਸ ਦੇ ਸ਼ੁਭ ਮੌਕੇ 'ਤੇ 13 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਸਥਿਤ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਵਿਸ਼ਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਜਾਵੇਗਾ। ਇਸ ਪਾਵਨ ਸਮਾਗਮ ਦੌਰਾਨ ਉਹਨਾਂ ਅੰਮ੍ਰਿਤਧਾਰੀ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ, ਜਿਨ੍ਹਾਂ ਨੇ ਸਿੱਖੀ ਦੇ ਮਰਯਾਦਾ ਜੀਵਨ ਨੂੰ ਅਪਣਾਇਆ ਹੈ।

ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਖੰਡੇ-ਬਾਟੇ ਦੀ ਪਾਹੁਲ ਗ੍ਰਹਿਣ ਕਰਕੇ ਅੰਮ੍ਰਿਤਧਾਰੀ ਬਣਨ ਅਤੇ ਗੁਰੂ ਸਾਹਿਬਾਨ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਗੁਰਮਤਿ ਅਨੁਸਾਰ ਢਾਲਣ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਹਰ ਐਤਵਾਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਤੇ ਹਰ ਬੁੱਧਵਾਰ ਨੂੰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਨਿਯਮਿਤ ਤੌਰ 'ਤੇ ਅੰਮ੍ਰਿਤ ਸੰਚਾਰ ਹੁੰਦਾ ਹੈ, ਜਿੱਥੇ ਸੰਗਤ ਸਹਿਜਤਾ ਨਾਲ ਅੰਮ੍ਰਿਤ ਗ੍ਰਹਿਣ ਕਰ ਸਕਦੀ ਹੈ। ਸ. ਹਰਮੀਤ ਸਿੰਘ ਕਾਲਕਾ ਨੇ ਵਿਸ਼ਵਾਸ ਜਤਾਇਆ ਕਿ ਡੀ.ਐੱਸ.ਜੀ.ਐੱਮ.ਸੀ ਦਾ ਇਹ ਉਪਰਾਲਾ ਸਿੱਖ ਕੌਮ ਵਿੱਚ ਨਵੀਂ ਚੇਤਨਾ, ਧਾਰਮਿਕ ਜਾਗਰੂਕਤਾ ਅਤੇ ਸਿੱਖੀ ਪ੍ਰਤੀ ਡੂੰਘੀ ਨਿਸ਼ਠਾ ਨੂੰ ਹੋਰ ਮਜ਼ਬੂਤ ਕਰੇਗਾ ਤੇ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਬਣੇਗਾ।

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਚੀਆ ਸੀਡਜ਼ ਖਾਣਾ ਸਿਹਤ ਨੂੰ ਪੈ ਸਕਦੈ ਮਹਿੰਗਾ!

ਜ਼ਿਆਦਾਤਰ ਲੋਕ ਪੌਸ਼ਟਿਕ ਤੱਤਾਂ ਨਾਲ ਭਰਪੂਰ ਚੀਆ ਸੀਡਸ ਦੇ ਸਿਹਤ ਲਾਭਾਂ ਬਾਰੇ ਜਾਣਦੇ ਹੋਣਗੇ। ਹਾਲਾਂਕਿ, ਬਹੁਤ ਘੱਟ ਲੋਕ ਜਾਣਦੇ ਹਨ ਕਿ ਚੀਆ ਸੀਡਸ ਸਿਹਤ ਲਈ ਨੁਕਸਾਨਦੇਹ ਵੀ ਹੋ ਸਕਦੇ ਹਨ। ਜੇਕਰ ਤੁਸੀਂ ਚੀਆ ਸੀਡਸ ਦਾ ਸਹੀ ਮਾਤਰਾ



ਅਤੇ ਸਹੀ ਤਰੀਕੇ ਨਾਲ ਸੇਵਨ ਨਹੀਂ ਕੀਤਾ ਜਾਂਦਾ, ਤਾਂ ਤੁਹਾਨੂੰ ਕੁਝ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਗਟ ਹੈਲਥ 'ਤੇ ਪੈ ਸਕਦੈ ਮਾੜਾ ਪ੍ਰਭਾਵ ;** ਜ਼ਿਆਦਾ ਮਾਤਰਾ ਵਿੱਚ ਚੀਆ ਸੀਡਸ ਦਾ ਸੇਵਨ ਤੁਹਾਡੀ ਗਟ ਹੈਲਥ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ। ਜੇ ਤੁਸੀਂ ਪੇਟ ਦੀਆਂ ਸਮੱਸਿਆਵਾਂ ਤੋਂ ਬਚਣਾ ਚਾਹੁੰਦੇ ਹੋ, ਤਾਂ ਤੁਹਾਨੂੰ ਸੀਮਾ ਦੇ ਅੰਦਰ ਚੀਆ ਸੀਡਸ ਦਾ ਸੇਵਨ ਕਰਨਾ ਚਾਹੀਦਾ ਹੈ। ਬਹੁਤ ਜ਼ਿਆਦਾ ਚੀਆ ਸੀਡਸ ਖਾਣ ਨਾਲ ਬਲੋਟਿੰਗ, ਕਬਜ਼ ਅਤੇ ਗੈਸ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਬਲੱਡ ਪ੍ਰੈਸ਼ਰ ਘੱਟ ਕਰ ਸਕਦਾ ਹੈ ;** ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਲੋਕਾਂ ਨੂੰ ਅਕਸਰ ਚੀਆ ਬੀਡਸ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਕਿਉਂਕਿ ਚੀਆ ਸੀਡਸ ਵਿੱਚ ਪਾਏ ਜਾਣ ਵਾਲੇ ਤੱਤ ਬਲੱਡ ਪ੍ਰੈਸ਼ਰ ਨੂੰ ਘਟਾਉਣ ਵਿੱਚ ਅਸਰਦਾਰ ਸਾਬਤ ਹੋ ਸਕਦੇ ਹਨ। ਹਾਲਾਂਕਿ, ਘੱਟ ਬਲੱਡ ਪ੍ਰੈਸ਼ਰ ਤੋਂ ਪੀੜਤ ਲੋਕਾਂ ਨੂੰ ਚੀਆ ਸੀਡਸ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਉਨ੍ਹਾਂ ਦੀ ਸਿਹਤ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਸਕਦੇ ਹਨ। ਇਸ ਤੋਂ ਇਲਾਵਾ, ਚੀਆ ਸੀਡਸ ਦਾ ਸੇਵਨ ਚਮੜੀ ਦੀ ਐਲਰਜੀ ਦਾ ਕਾਰਨ ਵੀ ਬਣ ਸਕਦਾ ਹੈ।

**ਤੁਹਾਡਾ ਖ਼ੂਨ ਪਤਲਾ ਹੋ ਸਕਦਾ ਹੈ ;** ਕੀ ਤੁਸੀਂ ਜਾਣਦੇ ਹੋ ਕਿ ਚੀਆ ਸੀਡਸ ਤੁਹਾਡੇ ਖ਼ੂਨ ਨੂੰ ਪਤਲਾ ਕਰ ਸਕਦੇ ਹਨ? ਜੇ ਤੁਸੀਂ ਕਿਸੇ ਸਿਹਤ ਮਾਹਿਰ ਦੀ ਸਲਾਹ ਤੋਂ ਬਿਨਾਂ ਬਹੁਤ ਜ਼ਿਆਦਾ ਚੀਆ ਸੀਡਸ ਦਾ ਸੇਵਨ ਕਰਦੇ ਹੋ, ਤਾਂ ਤੁਹਾਡਾ ਖ਼ੂਨ ਪਤਲਾ ਹੋ ਸਕਦਾ ਹੈ। ਇਸ ਲਈ ਤੁਹਾਨੂੰ ਆਪਣੀ ਡੇਲੀ ਡਾਇਟ ਪਲਾਨ ਵਿੱਚ ਚੀਆ ਸੀਡਸ ਨੂੰ ਧਿਆਨ ਨਾਲ ਸ਼ਾਮਲ ਕਰਨਾ ਚਾਹੀਦਾ ਹੈ, ਨਹੀਂ ਤਾਂ ਤੁਹਾਨੂੰ ਬਾਅਦ ਵਿੱਚ ਪਛਤਾਵਾ ਹੋ ਸਕਦਾ ਹੈ।

## ਆਸਟ੍ਰੇਲੀਆ ਦੇ ਮਹਾਨ ਕ੍ਰਿਕਟਰ ਬ੍ਰੈਡਮੈਨ ਦੀ ਬੈਗੀ ਗ੍ਰੀਨ ਟੋਪੀ 2.92 ਕਰੋੜ 'ਚ ਵਿਕੀ

ਸਿਡਨੀ, 28 ਜਨਵਰੀ, (ਚ.ਨ.ਸ.) : ਆਸਟਰੇਲੀਆ ਦੇ ਮਹਾਨ ਕ੍ਰਿਕਟਰ ਸਰ ਡੋਨਾਲਡ (ਡੌਨ) ਬ੍ਰੈਡਮੈਨ ਦੀ ਬੈਗੀ ਗ੍ਰੀਨ ਟੋਪੀ ਦੀ ਨਿਲਾਮੀ ਕੀਤੀ ਗਈ ਹੈ। ਗੋਲਡ ਕੋਸਟ ਵਿੱਚ ਹੋਈ ਨਿਲਾਮੀ ਵਿੱਚ ਇੱਕ ਅਣਪਛਾਤੇ ਖਰੀਦਦਾਰ ਨੇ ਇਸ ਨੂੰ 460,000 ਆਸਟਰੇਲੀਆਈ ਡਾਲਰ (ਲਗਭਗ 2.92 ਕਰੋੜ ਰੁਪਏ) ਵਿੱਚ ਖਰੀਦਿਆ। ਇਹ ਉਹੀ ਟੋਪੀ ਹੈ ਜੋ ਬ੍ਰੈਡਮੈਨ ਨੇ 1947-48 ਵਿੱਚ ਸੁਤੰਤਰ ਭਾਰਤ ਖ਼ਿਲਾਫ਼ ਪਹਿਲੀ ਟੈਸਟ ਸੀਰੀਜ਼ ਦੌਰਾਨ ਪਹਿਨੀ ਸੀ।ਬ੍ਰੈਡਮੈਨ ਨੇ ਆਪਣੀ ਆਖਰੀ ਘਰੇਲੂ ਟੈਸਟ ਸੀਰੀਜ਼



(1947-48) ਤੋਂ ਬਾਅਦ ਇਹ ਟੋਪੀ ਭਾਰਤੀ ਓਪਨਿੰਗ ਗੇਂਦਬਾਜ਼ ਸ਼੍ਰੀਰੰਗਾ ਸੋਹਣੀ (ਐੱਸ.ਡਬਲਯੂ. ਸੋਹਣੀ) ਨੂੰ ਤੋਹਫ਼ੇ ਵਜੋਂ ਦਿੱਤੀ। ਸੋਹਣੀ ਪਰਿਵਾਰ ਨੇ ਇਸ ਨੂੰ ਲਗਭਗ 75 ਸਾਲਾਂ ਤੱਕ ਸੁਰੱਖਿਅਤ ਰੱਖਿਆ ਅਤੇ ਇਸ ਨੂੰ ਕਦੇ ਵੀ ਜਨਤਕ ਤੌਰ 'ਤੇ ਪ੍ਰਦਰਸ਼ਿਤ ਨਹੀਂ ਕੀਤਾ।ਲਾਇਡਜ਼ ਨਿਲਾਮੀ ਦੇ ਸੀਓਓ ਲੀ ਹੇਮਜ਼ ਨੇ ਇਸ ਟੋਪੀ ਨੂੰ ÷ਕ੍ਰਿਕਟ ਦੀ ਦੁਨੀਆ ਦਾ ਸਭ ਤੋਂ ਕੀਮਤੀ ਖਜ਼ਾਨਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਟੋਪੀ ਤਿੰਨ ਪੀੜ੍ਹੀਆਂ ਤੋਂ ਬੰਦ ਕਰਕੇ ਰੱਖੀ ਗਈ ਸੀ। ਪਰਿਵਾਰ ਦਾ ਇੱਕ ਨਿਯਮ ਸੀ ਕਿ ਜਦੋਂ ਪਰਿਵਾਰ ਕੋਈ ਮੈਂਬਰ 16 ਸਾਲ ਦਾ ਹੋ ਜਾਂਦਾ ਹੈ, ਤਾਂ ਉਨ੍ਹਾਂ ਨੂੰ ਸਿਰਫ਼ ਪੰਜ ਮਿੰਟ ਲਈ ਕੈਪ ਦੇਖਣ ਦੀ ਆਗਿਆ ਦਿੱਤੀ ਜਾਂਦੀ ਸੀ।ਭਾਰਤੀ ਕ੍ਰਿਕਟਰ ਸ਼੍ਰੀਰੰਗਾ ਸੋਹਣੀ ਨੇ 1947-48 ਦੀ ਲੜੀ ਦਾ ਸਿਰਫ਼ ਪਹਿਲਾ ਟੈਸਟ ਮੈਚ ਖੇਡਿਆ। ਭਾਵੇਂ ਉਹ ਵਿਕਟ ਨਹੀਂ ਲੈ ਸਕਿਆ, ਪਰ ਉਸ ਨੇ ਉਸ ਮੈਚ ਦੀ ਪਹਿਲੀ ਗੇਂਦ ਸੁੱਟੀ ਸੀ। ਇਹ ਸੁਤੰਤਰ ਭਾਰਤ ਦੇ ਕ੍ਰਿਕਟ ਇਤਿਹਾਸ ਦੀ ਪਹਿਲੀ ਗੇਂਦ ਵੀ ਸੀ। ਇਸ ਮੈਚ ਤੋਂ ਬਾਅਦ ਬ੍ਰੈਡਮੈਨ ਨੇ ਸੋਹਣੀ ਨੂੰ ਯਾਦਗਾਰੀ ਚਿੰਨ੍ਹ ਵਜੋਂ ਆਪਣੀ ਕੈਪ ਦਿੱਤੀ।

## ਸਟੇਟ ਤਾਇਕਵਾਂਡੋ ਚੈਂਪੀਅਨਸ਼ਿਪ ਵਿੱਚ ਨਿਊ ਦਿੱਲੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਕੀਤਾ ਰੋਸ਼ਨ



ਪਟਿਆਲਾ, 28 ਜਨਵਰੀ, (ਚ.ਨ.ਸ.) : ਰਾਜਪੁਰਾ ਸਥਿਤ ਸਕਾਲਰਜ਼ ਪਬਲਿਕ ਸਕੂਲ ਵਿੱਚ ਆਯੋਜਿਤ ਸਟੇਟ ਤਾਇਕਵਾਂਡੋ ਚੈਂਪੀਅਨਸ਼ਿਪ ਵਿੱਚ ਨਿਊ ਦਿੱਲੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।

ਕਲਾਸ ਚੌਥੀ ਦੇ ਵਿਦਿਆਰਥੀ ਅਮਨਜੋਤ ਸਿੰਘ, ਯਦਵੀ ਅਤੇ ਤੇਗਪ੍ਰੀਤ ਸਿੰਘ ਨੇ ਆਪਣੀ ਕਾਬਲਿਯਤ ਨਾਲ ਸੋਨੇ ਦੇ ਤਗ਼ਮੇ ਜਿੱਤੇ, ਕਲਾਸ ਤੀਜੀ ਦੇ ਵਿਦਿਆਰਥੀ ਦਕਸ਼ ਵਰਮਾ ਨੇ ਕਾਂਸੀ ਦਾ ਤਗਮਾ ਹਾਸਲ ਕੀਤਾ।

ਇਸ ਉਪਲਬਧੀ 'ਤੇ ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਦਰਦੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਹਰਸਿਮਰਨਜੀਤ ਕੌਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ (ਅਜਮੇਰ ਸਿੰਘ) ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਬੱਚਿਆਂ ਦੀ ਮਿਹਨਤ, ਅਨੁਸ਼ਾਸਨ ਅਤੇ ਲਗਨ ਦਾ ਨਤੀਜਾ ਹੈ। ਉਨ੍ਹਾਂ ਨੇ ਆਸ ਜਤਾਈ ਕਿ ਭਵਿੱਖ ਵਿੱਚ ਵੀ ਵਿਦਿਆਰਥੀ ਇਸੇ ਤਰ੍ਹਾਂ ਸਕੂਲ ਦਾ ਮਾਣ ਵਧਾਉਂਦੇ ਰਹਿਣਗੇ।

### ਈਰਾਨ ਸੰਕਟ: ਕਰੰਸੀ 'ਰਿਆਲ' ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ 'ਤੇ !

## ਇੰਟਰਨੈਟ ਬਲੈਕਆਊਟ, ਹਿੰਸਾ ਪ੍ਰਦਰਸ਼ਨਾਂ ਵਿੱਚ 6000 ਤੋਂ ਵੱਧ ਮੌਤਾਂ,41,800 ਤੋਂ ਵੱਧ ਲੋਕ ਗ੍ਰਿਫ਼ਤਾਰ

ਦੁਬਈ, 28 ਜਨਵਰੀ, (ਚ.ਨ.ਸ.) : ਇਰਾਨ ਵਿੱਚ ਆਰਥਿਕ ਤੰਗੀ ਕਾਰਨ ਭੜਕੀ ਹਿੰਸਾ ਅਤੇ ਪ੍ਰਦਰਸ਼ਨਾਂ ਨੇ ਭਿਆਨਕ ਰੂਪ ਧਾਰ ਲਿਆ ਹੈ। ਅਮਰੀਕਾ ਸਥਿਤ 'ਹਿਊਮਨ ਰਾਈਟਸ ਐਕਟੀਵਿਸਟ



ਨਿਊਜ਼ ਏਜੰਸੀ' ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਰਾਨੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਵਿੱਚ ਮਰਨ ਵਾਲਿਆਂ ਵਿੱਚ 86 ਬੱਚੇ ਅਤੇ 49 ਅਜਿਹੇ ਨਾਗਰਿਕ ਸ਼ਾਮਲ ਹਨ ਜੋ ਪ੍ਰਦਰਸ਼ਨਾਂ ਦਾ ਹਿੱਸਾ ਵੀ ਨਹੀਂ ਸਨ। ਹੁਣ ਤੱਕ 41,800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।ਇਰਾਨੀ ਪ੍ਰਸ਼ਾਸਨ ਨੇ ਦੇਸ਼ ਵਿੱਚ ਇਤਿਹਾਸ ਦੀ ਸਭ ਤੋਂ ਸਖ਼ਤ 'ਇੰਟਰਨੈੱਟ ਬਲੈਕਆਊਟ' ਲਗਾਈ ਹੋਈ ਹੈ, ਤਾਂ ਜੋ ਅੰਦਰੂਨੀ ਖ਼ਬਰਾਂ ਵਿਸ਼ਵ ਤੱਕ ਨਾ ਪਹੁੰਚ ਸਕਣ। ਹਾਲਾਂਕਿ ਸਰਕਾਰ ਮੌਤਾਂ ਦੀ ਗਿਣਤੀ ਸਿਰਫ਼ 3,117 ਦੱਸ ਰਹੀ ਹੈ ਪਰ ਕਾਰਕੁਨਾਂ ਦਾ ਕਹਿਣਾ ਹੈ ਕਿ ਅਸਲ ਅੰਕੜਾ ਕਿਤੇ ਜ਼ਿਆਦਾ ਖ਼ੌਫ਼ਨਾਕ ਹੈ।ਇਸ ਦੇ ਨਾਲ ਹੀ, ਇਰਾਨ ਦੀ ਕਰੰਸੀ 'ਰਿਆਲ' ਇਤਿਹਾਸ ਦੇ ਸਭ ਤੋਂ ਹੇਠਲੇ ਪੱਧਰ (15 ਲੱਖ ਰਿਆਲ ਪ੍ਰਤੀ ਡਾਲਰ) 'ਤੇ ਪਹੁੰਚ ਗਈ ਹੈ, ਜਿਸ ਨੇ ਆਮ ਜਨਤਾ ਦਾ ਲੱਕ ਤੋੜ ਦਿੱਤਾ ਹੈ। ਰਿਆਲ ਦੀ ਕੀਮਤ ਪਿਛਲੇ 10 ਸਾਲਾਂ ਵਿੱਚ 32,000 ਤੋਂ ਡਿੱਗ ਕੇ 15 ਲੱਖ ਪ੍ਰਤੀ ਡਾਲਰ ਤੱਕ ਪਹੁੰਚ ਗਈ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਨੇ ਕਰੰਸੀ ਸਬਸਿਡੀਆਂ ਖ਼ਤਮ ਕਰ ਦਿੱਤੀਆਂ ਹਨ ਅਤੇ ਬਦਲੇ ਵਿੱਚ ਲੋਕਾਂ ਨੂੰ ਮਹੀਨਾਵਾਰ ਸਿਰਫ਼ 7 ਡਾਲਰ ਦੇ ਕਰੀਬ ਸਹਾਇਤਾ ਦਿੱਤੀ ਜਾ ਰਹੀ ਹੈ, ਜੋ ਵਧਦੀ ਮਹਿੰਗਾਈ ਦੇ ਸਾਹਮਣੇ ਨਿਗੂਣੀ ਹੈ। ਰੋਜ਼ਾਨਾ ਵਰਤੋਂ ਦੀਆਂ ਵਸਤੂਆਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਜਨਤਾ ਵਿੱਚ ਗੁੱਸਾ ਵਧਦਾ ਜਾ ਰਿਹਾ ਹੈ, ਜੋ ਕਿਸੇ ਵੀ ਸਮੇਂ ਵੱਡੀ ਬਗ਼ਾਵਤ ਦਾ ਰੂਪ ਲੈ ਸਕਦਾ ਹੈ।ਦੂਜੇ ਪਾਸੇ, ਅਮਰੀਕਾ ਅਤੇ ਇਰਾਨ ਵਿਚਾਲੇ ਫੌਜੀ ਟਕਰਾਅ ਦਾ ਖਤਰਾ ਵਧ ਗਿਆ ਹੈ। ਅਮਰੀਕੀ ਜੰਗੀ ਬੇੜਾ USS ਅਬ੍ਰਾਹਮ ਲਿੰਕਨ ਆਪਣੇ ਵਿਨਾਸ਼ਕਾਰੀ ਜਹਾਜ਼ਾਂ ਸਮੇਤ ਮੱਧ ਪੂਰਬ ਪਹੁੰਚ ਚੁੱਕਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਫੌਜੀ ਕਾਰਵਾਈ ਦੀ ਦਿੱਤੀ ਗਈ ਧਮਕੀ ਤੋਂ ਬਾਅਦ ਇਰਾਨ ਪੱਖੀ ਅਤਿਵਾਦੀ ਸਮੂਹਾਂ ਨੇ ਵੀ ਜਵਾਬੀ ਹਮਲਿਆਂ ਦੀ ਚਿਤਾਵਨੀ ਦਿੱਤੀ ਹੈ।

## ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਵਿੱਚ ਭਾਰਤ ਦਾ ਦੌਰਾ ਕਰਨਗੇ, ਤਰੀਕ ਦਾ ਨਹੀਂ ਹੋਇਆ ਐਲਾਨ

ਓਟਵਾ, 28 ਜਨਵਰੀ (ਚ.ਨ.ਸ.) : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖਤ ਹੋਣਗੇ।ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ



ਕਰਨਗੇ ਪਰ ਇਸ ਸਬੰਧੀ ਹਾਲੇ ਤਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ।ਹਾਜਸਨ ਨੇ ਕਿਹਾ, 'ਇਸ ਸਾਲ ਕਿਸੇ ਸਮੇਂ ਪ੍ਰਧਾਨ ਮੰਤਰੀ ਮਾਰਕ ਕਾਰਨ ਦੇ ਦੌਰੇ ਦੀ ਯੋਜਨਾ ਹੈ। ਇਸ ਸਬੰਧੀ ਅਸੀਂ ਪਹਿਲਾਂ ਭਾਰਤ ਦਾ ਦੌਰਾ ਕਰ ਕੇ ਖਾਕਾ ਤਿਆਰ ਕਰੇਗਾ ਤੇ ਸਾਡੇ ਕੰਮ ਦੀ ਚਾਲ ਤੋਂ ਬਾਅਦ ਹੀ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਰੀਕ ਐਲਾਨੀ ਜਾਵੇਗੀ।ਗਲੋਬ ਐਂਡ ਮੇਲ ਨੇ ਰਾਇਟਰਜ਼ ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਨਾਲ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿੱਚ ਸ਼ੁਰੂ ਹੋਵੇਗੀ।ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਜੀ20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਹੋਈ ਸੀ।

## ਫਰਾਂਸ ਵਿੱਚ 15 ਸਾਲ ਤੋਂ ਘੱਟ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਬਿੱਲ ਪਾਸ

ਪੈਰਿਸ, 28 ਜਨਵਰੀ, (ਚ.ਨ.ਸ.) : ਫਰਾਂਸ ਦੀ ਸੰਸਦ ਦੇ ਹੇਠਲੇ ਸਦਨ ਨੇ ਇੱਕ ਬਿੱਲ ਪਾਸ ਕੀਤਾ ਹੈ ਜਿਸ ਅਨੁਸਾਰ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਵਰਤਣ 'ਤੇ ਪਾਬੰਦੀ ਲਗਾਈ ਜਾਵੇਗੀ। ਇਹ ਬਿੱਲ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਵੱਲੋਂ ਬੱਚਿਆਂ ਨੂੰ ਵੱਧ ਸਕਰੀਨ ਟਾਈਮ ਤੋਂ ਬਚਾਉਣ ਲਈ ਸਮਰਥਿਤ ਕੀਤਾ ਗਿਆ ਹੈ।



ਨੈਸ਼ਨਲ ਅਸੈਂਬਲੀ ਵਿੱਚ ਇਹ ਬਿੱਲ 130 ਵੋਟਾਂ ਨਾਲ ਪਾਸ ਹੋਇਆ, ਜਦਕਿ 21 ਵੋਟਾਂ ਵਿਰੋਧ ਵਿੱਚ ਪਈਆਂ। ਹੁਣ ਇਹ ਸੈਨੇਟ (ਉਪਰੀ ਸਦਨ) ਵਿੱਚ ਜਾਵੇਗਾ। ਮੈਕਰੋਂ ਨੇ ਇਸਨੂੰ ਫਰਾਂਸੀਸੀ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਲਈ ਵੱਡਾ ਕਦਮ ਕਿਹਾ। ਬਿੱਲ ਵਿੱਚ ਹਾਈ ਸਕੂਲਾਂ ਵਿੱਚ ਮੋਬਾਈਲ ਫੋਨ 'ਤੇ ਪਾਬੰਦੀ ਦਾ ਪ੍ਰਬੰਧ ਵੀ ਹੈ। ਜੇ ਇਹ ਕਾਨੂੰਨ ਬਣਦਾ ਹੈ ਤਾਂ ਫਰਾਂਸ ਆਸਟ੍ਰੇਲੀਆ ਤੋਂ ਬਾਅਦ ਦੂਜਾ ਦੇਸ਼ ਹੋਵੇਗਾ ਜਿਸਨੇ ਨਾਬਾਲਗਾਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ। ਇਹ ਨਿਯਮ 2026 ਦੇ ਸਕੂਲ ਸਾਲ ਦੀ ਸ਼ੁਰੂਆਤ ਤੋਂ ਨਵੇਂ ਖਾਤਿਆਂ 'ਤੇ ਲਾਗੂ ਹੋਣਗੇ। ਮੌਜੂਦਾ ਖਾਤਿਆਂ ਨੂੰ 31 ਦਸੰਬਰ 2026 ਤੱਕ ਬੰਦ ਕਰਨਾ ਹੋਵੇਗਾ। ਕੁਝ ਨੇਤਾਵਾਂ ਅਤੇ ਸੰਸਥਾਵਾਂ ਨੇ ਇਸਨੂੰ ਡਿਜ਼ਿਟਲ ਪਿਤ੍ਰਸੱਤਾ ਅਤੇ ਬਹੁਤ ਸਧਾਰਣ ਹੱਲ ਕਿਹਾ। ਬੱਚਿਆਂ ਦੀ ਸੁਰੱਖਿਆ ਲਈ ਕੰਮ ਕਰਨ ਵਾਲੀਆਂ 9 ਸੰਸਥਾਵਾਂ ਨੇ ਕਿਹਾ ਕਿ ਬੱਚਿਆਂ ਨੂੰ ਬੈਨ ਕਰਨ ਦੀ ਬਜਾਏ ਪਲੇਟਫਾਰਮਾਂ ਨੂੰ ਜ਼ਿੰਮੇਵਾਰ ਬਣਾਇਆ ਜਾਵੇ।

## ਆਸਟ੍ਰੇਲੀਆ ਵਿਚ ਰਿਕਾਰਡ ਤੋੜ ਗਰਮੀ, ਪਾਰਾ 50 ਡਿਗਰੀ ਸੈਲਸੀਅਸ ਤੱਕ ਪੁੱਜਾ

ਵੈਲਿੰਗਟਨ, 28 ਜਨਵਰੀ, (ਚ.ਨ.ਸ.) : ਭਿਆਨਕ ਗਰਮੀ ਨਾਲ ਜੂਝ ਰਹੇ ਆਸਟਰੇਲੀਆ ਦੇ ਕੁਝ ਹਿਸਿਆਂ ਵਿਚ ਬੀਤੇ ਤਾਪਮਾਨ ਲਗਭਗ 50 ਡਿਗਰੀ ਸੈਲਸੀਅਸ ਤਕ ਪਹੁੰਚ ਗਿਆ। ਵਿਕਟੋਰੀਆ ਰਾਜ ਦੇ ਪੇਂਡੂ ਕਸਬਿਆਂ ਹੋਪੇਟੂਨ ਅਤੇ ਵਾਲਪੌਪ ਵਿਚ ਸ਼ੁਰੂ ਵਿਚ ਵੱਧ ਤੋਂ ਵੱਧ ਤਾਪਮਾਨ 48.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਜੇਕਰ ਰਾਤ ਭਰ ਵਿਚ ਇਸ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਇਹ 2009 ਵਿਚ ਸਥਾਪਤ ਰਿਕਾਰਡ ਨੂੰ ਤੋੜ ਦੇਵੇਗਾ। ਮੰਗਲਵਾਰ ਦੀ ਤੇਜ਼ ਗਰਮੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਵਿਕਟੋਰੀਆ ਦੇ ਅਧਿਕਾਰੀਆਂ ਨੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਕਿਉਂਕਿ ਜੰਗਲੀ ਅੱਗ ਬੇਕਾਬੂ ਹੋ ਕੇ ਫੈਲ ਰਹੀ ਹੈ। ਰਾਜ ਦੇ



ਸਭ ਤੋਂ ਵੱਡੇ ਸ਼ਹਿਰ ਮੈਲਬੌਰਨ ਵਿਚ ਵੀ ਗੰਭੀਰ ਗਰਮੀ ਦਾ ਦੌਰ ਸ਼ੁਰੂ ਹੋ ਗਿਆ।ਸ਼ਾਇਦ ਤੇਜ਼ ਗਰਮੀ ਦਾ ਸਭ ਤੋਂ ਗੰਭੀਰ ਪ੍ਰਭਾਵ ਮੈਲਬੌਰਨ ਪਾਰਕ ਵਿਚ ਮਹਿਸੂਸ ਕੀਤਾ ਗਿਆ, ਜਿੱਥੇ ਵਧਦੇ ਤਾਪਮਾਨ ਕਾਰਨ ਆਸਟਰੇਲੀਅਨ ਓਪਨ ਟੈਨਿਸ ਟੂਰਨਾਮੈਂਟ ਦੇ ਬਾਹਰ ਆਮ ਭੀੜ ਕਾਫ਼ੀ ਘੱਟ ਗਈ ਸੀ। ਤਾਪਮਾਨ ਵਿਚ ਗਿਰਾਵਟ ਆਉਣ ਦੀ ਉਮੀਦ ਹੈ, ਹਾਲਾਂਕਿ ਗਰਮੀ ਦੀ ਲਹਿਰ ਹਫ਼ਤੇ ਦੇ ਅੰਤ ਤਕ ਜਾਰੀ ਰਹਿਣ ਦੀ ਉਮੀਦ ਹੈ। ਆਸਟਰੇਲੀਆ ਵਿਚ ਹੁਣ ਤਕ ਦੀ ਸਭ ਤੋਂ ਭਿਆਨਕ ਗਰਮੀ ਵਿਚਾਲੇ ਇਸੇ ਮਹੀਨੇ ਦੀ ਸ਼ੁਰੂਆਤ ਵਿਚ ਲੂ ਚੱਲੀ ਸੀ।

## ਲੋਕ ਸਭਾ ਸਪੀਕਰ ਵੱਲੋਂ ਲਾਲਾ ਲਾਜਪਤ ਰਾਏ ਦੀ ਜਨਮ ਵਰ੍ਹੇਗੰਢ ਮੌਕੇ ਸ਼ਰਧਾ ਦੇ ਫੁੱਲ ਭੇਟ



ਨਵੀਂ ਦਿੱਲੀ, 28 ਜਨਵਰੀ, (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਸੰਵਿਧਾਨ ਭਵਨ ਦੇ ਕੇਂਦਰੀ ਹਾਲ ਵਿੱਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੀ ਜਨਮ ਵਰ੍ਹੇਗੰਢ ਦੇ ਮੌਕੇ 'ਤੇ ਉਨ੍ਹਾਂ ਦੀ ਤਸਵੀਰ 'ਤੇ ਫੁੱਲ ਚੜ੍ਹਾਏ। ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਅਤੇ ਰਸਾਇਣ ਅਤੇ ਖਾਦ ਮੰਤਰੀ, ਸ਼੍ਰੀ ਜਗਤ ਪ੍ਰਕਾਸ਼ ਨੱਡਾ; ਰਾਜ ਸਭਾ ਦੇ ਉਪ ਚੇਅਰਮੈਨ, ਸ਼੍ਰੀ ਹਰੀਵੰਸ਼; ਸੰਸਦ ਮੈਂਬਰਾਂ, ਸਾਬਕਾ ਸੰਸਦ ਮੈਂਬਰਾਂ ਅਤੇ ਹੋਰ ਪਤਵੰਤਿਆਂ ਨੇ ਵੀ ਸੰਵਿਧਾਨ ਭਵਨ ਦੇ ਕੇਂਦਰੀ ਹਾਲ ਵਿੱਚ ਲਾਲਾ ਲਾਜਪਤ ਰਾਏ ਦੀ ਤਸਵੀਰ 'ਤੇ ਫੁੱਲ ਚੜ੍ਹਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ, ਲੋਕ ਸਭਾ ਦੇ ਸਕੱਤਰ ਜਨਰਲ, ਸ਼੍ਰੀ ਉਤਪਲ ਕੁਮਾਰ ਸਿੰਘ ਅਤੇ ਰਾਜ ਸਭਾ ਦੇ ਸਕੱਤਰ ਜਨਰਲ, ਸ਼੍ਰੀ ਪੀ.ਸੀ. ਮੋਦੀ ਨੇ ਵੀ ਲਾਲਾ ਲਾਜਪਤ ਰਾਏ ਨੂੰ ਸ਼ਰਧਾਂਜਲੀ ਭੇਟ ਕੀਤੀ। ਲੋਕ ਸਭਾ ਸਕੱਤਰੇਤ ਵੱਲੋਂ ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਲਾਲਾ ਲਾਜਪਤ ਰਾਏ ਦੀ ਸ਼ਖਸੀਅਤ ਅਤੇ ਕੰਮਾਂ ਬਾਰੇ ਇੱਕ ਕਿਤਾਬਚਾ ਪਤਵੰਤਿਆਂ ਨੂੰ ਭੇਟ ਕੀਤਾ ਗਿਆ। ਲਾਲਾ ਲਾਜਪਤ ਰਾਏ ਦੀ ਤਸਵੀਰ ਦਾ ਉਦਘਾਟਨ 17 ਨਵੰਬਰ, 1956 ਨੂੰ ਸੰਸਦ ਦੇ ਕੇਂਦਰੀ ਹਾਲ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੁਆਰਾ ਕੀਤਾ ਗਿਆ ਸੀ।

## ਖੇਤੀਬਾੜੀ ਮੰਤਰਾਲੇ ਨੇ ਤਾਮਿਲਨਾਡੂ ਵਿੱਚ ਐਫ.ਪੀ.ਓ.ਐਸ. ਨੂੰ ਮਜ਼ਬੂਤ ਕਰਨ ਲਈ ਉਚ-ਪੱਧਰੀ ਕਮੇਟੀ ਦਾ ਗਠਨ ਕੀਤਾ: ਸ਼ਿਵਰਾਜ ਸਿੰਘ ਚੌਹਾਨ

ਨਵੀਂ ਦਿੱਲੀ,28 ਜਨਵਰੀ, (ਅੰਮ੍ਰਿਤਪਾਲ ਸਿੰਘ) : ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਤਾਮਿਲਨਾਡੂ ਵਿੱਚ ਕਿਸਾਨ ਉਤਪਾਦਕ ਸੰਗਠਨਾਂ ਨੂੰ ਮਜ਼ਬੂਤ ਕਰਨ, ਉਨ੍ਹਾਂ ਦੇ ਕੰਮਕਾਜ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਦੇ ਵਿਸਥਾਰ ਅਤੇ ਪਹੁੰਚ ਨੂੰ ਬਿਹਤਰ ਬਣਾਉਣ ਲਈ ਉਪਾਵਾਂ ਦੀ ਸਿਫਾਰਸ਼ ਕਰਨ ਲਈ ਇੱਕ ਉੱਚ-ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਇਹ ਪਹਿਲ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਦੇ ਦਖਲ ਤੋਂ ਬਾਅਦ ਕੀਤੀ ਗਈ ਹੈ, ਜਿਨ੍ਹਾਂ ਨੇ ਤਾਮਿਲਨਾਡੂ ਦੇ ਇਰੋਡ ਦੇ ਆਪਣੇ ਹਾਲੀਆ ਦੌਰੇ ਦੌਰਾਨ, ਐਫ.ਪੀ.ਓ.ਐਸ. ਨੂੰ ਦਰਪੇਸ਼ ਸਮੱਸਿਆਵਾਂ ਨੂੰ ਉਜਾਗਰ ਕੀਤਾ ਅਤੇ ਇੱਕ ਵਿਆਪਕ ਅਤੇ ਜ਼ਮੀਨੀ ਮੁਲਾਂਕਣ ਦੁਆਰਾ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਮੇਂ ਸਿਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਹ ਫੈਸਲਾ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਦੇ ਹਾਲ ਹੀ ਵਿੱਚ ਇਰੋਡ ਦੌਰੇ ਤੋਂ ਬਾਅਦ ਲਿਆ



ਗਿਆ ਹੈ, ਜਿਸ ਦੌਰਾਨ ਐਫ.ਪੀ.ਓ.ਐਸ. ਨੂੰ ਦਰਪੇਸ਼ ਸੰਚਾਲਨ, ਤਕਨੀਕੀ ਅਤੇ ਮਾਰਕੀਟ ਚੁਣੌਤੀਆਂ 'ਤੇ ਕਿਸਾਨਾਂ ਅਤੇ ਹਿੱਸੇਦਾਰਾਂ ਨਾਲ ਚਰਚਾ ਕੀਤੀ ਗਈ ਸੀ। ਇਨ੍ਹਾਂ ਸੁਝਾਵਾਂ 'ਤੇ ਤੁਰੰਤ ਕਾਰਵਾਈ ਕਰਦੇ ਹੋਏ, ਮੰਤਰਾਲੇ ਨੇ ਰਾਜ ਵਿੱਚ ਐਫ.ਪੀ.ਓ.ਐਸ. ਦੀ ਕਾਰਗੁਜ਼ਾਰੀ ਦਾ ਅਧਿਐਨ ਕਰਨ ਅਤੇ ਸੁਧਾਰਾਤਮਕ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਇੱਕ ਕਮੇਟੀ ਦੇ ਗਠਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਮੇਟੀ ਐਫ.ਪੀ.ਓ.ਐਸ. ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮੁੱਦਿਆਂ ਦੀ ਜਾਂਚ ਕਰੇਗੀ, ਜਿਸ ਵਿੱਚ ਸੰਸਥਾਗਤ ਸ਼ਾਸਨ ਅਤੇ ਪ੍ਰਬੰਧਨ ਅਭਿਆਸ, ਵਪਾਰਕ ਸੰਚਾਲਨ ਅਤੇ ਸਥਿਰਤਾ, ਤਕਨੀਕੀ ਸਹਾਇਤਾ ਅਤੇ ਵਿਸਥਾਰ ਲਿੰਕੇਜ, ਏਕੀਕਰਨ, ਮੁੱਲ ਵਾਧਾ, ਅਤੇ ਮਾਰਕੀਟਿੰਗ ਚੁਣੌਤੀਆਂ, ਨਾਲ ਹੀ ਸਮਰੱਥਾ ਨਿਰਮਾਣ ਅਤੇ ਮਾਰਗਦਰਸ਼ਨ ਲੋੜਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਕਮੇਟੀ ਬਿਹਤਰ ਕਾਰੋਬਾਰੀ ਅਤੇ ਸੰਚਾਲਨ ਮਾਡਲਾਂ, ਬਿਹਤਰ ਤਕਨੀਕੀ ਸਹਾਇਤਾ ਅਤੇ ਸਲਾਹਕਾਰ ਸਹਾਇਤਾ, ਸੰਸਥਾਗਤ ਏਕੀਕਰਨ ਅਤੇ ਤਾਲਮੇਲ, ਅਤੇ ਮਜ਼ਬੂਤ ਬਾਜ਼ਾਰ ਸਬੰਧਾਂ ਅਤੇ ਪ੍ਰਚਾਰ ਗਤੀਵਿਧੀਆਂ ਰਾਹੀਂ ਐਫ.ਪੀ.ਓ ਕਾਰਜਾਂ ਨੂੰ ਮਜ਼ਬੂਤ ਕਰਨ ਲਈ ਉਪਾਵਾਂ ਦੀ ਸਿਫ਼ਾਰਸ਼ ਕਰੇਗੀ। ਇਹ ਤਾਮਿਲਨਾਡੂ ਵਿੱਚ ਮਹੱਤਵਪੂਰਨ ਫਸਲਾਂ ਅਤੇ ਪ੍ਰਣਾਲੀਆਂ 'ਤੇ ਕੇਂਦ੍ਰਿਤ ਹੋਵੇਗਾ, ਜਿਸ ਵਿੱਚ ਕੇਲਾ, ਹਲਦੀ, ਨਾਰੀਅਲ, ਟੈਪੀਓਕਾ, ਅਤੇ ਕੁਦਰਤੀ ਅਤੇ ਜੈਵਿਕ ਖੇਤੀ ਪ੍ਰਣਾਲੀਆਂ ਸ਼ਾਮਲ ਹਨ।

ਕਮੇਟੀ ਆਪਣੀ ਅੰਤਿਮ ਰਿਪੋਰਟ ਦੋ ਮਹੀਨਿਆਂ ਦੇ ਅੰਦਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੂੰ ਸੌਂਪੇਗੀ। ਆਈਸੀਏਆਰ-ਨੈਸ਼ਨਲ ਰਿਸਰਚ ਸੈਂਟਰ ਆਨ ਬਨਾਨਾ (ਐਨਆਰਸੀਬੀ), ਤਿਰੂਚਿਰਾਪੱਲੀ, ਕੇਵੀਕੇ ਦੇ ਸਹਿਯੋਗ ਨਾਲ, ਆਈਸੀਏਆਰ-ਏਟੀਏਆਰਆਈ, ਹੈਦਰਾਬਾਦ ਰਾਹੀਂ, ਮੇਜ਼ਬਾਨ ਸੰਸਥਾ ਵਜੋਂ ਕੰਮ ਕਰੇਗਾ ਅਤੇ ਮੀਟਿੰਗਾਂ, ਫੀਲਡ ਵਿਜ਼ਿਟਾਂ ਅਤੇ ਰਿਪੋਰਟ ਸੰਕਲਨ ਲਈ ਜ਼ਰੂਰੀ ਲੌਜਿਸਟਿਕਲ ਅਤੇ ਸਕੱਤਰੇਤ ਸਹਾਇਤਾ ਪ੍ਰਦਾਨ ਕਰੇਗਾ।


### ਜਨਮ ਦਿਨ ਮੁਬਾਰਕ



ਅੰਸ਼ਪ੍ਰੀਤ ਸਿੰਘ



ਹਰਨੂਰ ਸਿੰਘ



ਸ਼ਿਵਾਂਸ ਬਾਂਸਲ



ਦਰਸ਼ਨ ਸਿੰਘ ਤੇ ਹਰਮਨਪ੍ਰੀਤ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ



ਪੰਡਿਤ ਧਰਮਪਾਲ ਤੇ ਜਸਪ੍ਰੀਤ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ


### ਦੇਸ਼ ਦੇ 77ਵੇਂ ਗਣਤੰਤਰ ਦਿਵਸ 'ਤੇ ਸਵਾਮੀ ਰਾਮਦੇਵ ਨੇ ਪੰਜ ਪ੍ਰਣ ਦਿੱਤੇ

## 'ਭਾਰਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕ, ਫੌਜੀ ਅਤੇ ਅਧਿਆਤਮਿਕ ਸ਼ਕਤੀ ਬਣਾਉਣ ਦੀ ਲੋੜ ਹੈ; ਪੂਰੀ ਦੁਨੀਆਂ ਨੂੰ ਭਾਰਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ'

ਹਰਿਦੁਆਰ, , 28 ਜਨਵਰੀ, (ਅੰਮ੍ਰਿਤਪਾਲ ਸਿੰਘ) : ਪਤੰਜਲੀ ਯੋਗਪੀਠ ਦੇ ਜਨਰਲ ਸਕੱਤਰ ਆਚਾਰੀਆ ਬਾਲਕ੍ਰਿਸ਼ਨ ਦੇ ਸੁਪਰੀਮ ਪ੍ਰਧਾਨ ਸਵਾਮੀ ਰਾਮਦੇਵ ਜੀ ਨੇ ਪਤੰਜਲੀ ਵੈਲਨੈੱਸ, ਫੇਜ਼ 2 ਵਿਖੇ ਝੰਡਾ ਲਹਿਰਾਇਆ ਅਤੇ ਦੇਸ਼ ਵਾਸੀਆਂ ਨੂੰ 77ਵੇਂ ਗਣਤੰਤਰ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ @ਤੇ ਸਵਾਮੀ ਜੀ ਨੇ ਸਵਦੇਸ਼ੀ ਸਿੱਖਿਆ, ਸਵਦੇਸ਼ੀ ਦਵਾਈ, ਸਵਦੇਸ਼ੀ ਅਰਥਵਿਵਸਥਾ, ਸਵਦੇਸ਼ੀ ਸਨਾਤਨ ਜੀਵਨ ਸ਼ੈਲੀ ਅਤੇ ਸਵਦੇਸ਼ੀ ਸਾਧਨਾਂ ਰਾਹੀਂ ਇੱਕ ਸਵੈ-ਨਿਰਭਰ ਵਿਕਸਤ ਭਾਰਤ ਦੇ ਪੰਜ ਪ੍ਰਣ ਲੈ ਕੇ ਦੇਸ਼ ਦੀ ਸੇਵਾ ਕਰਨ ਦੀ ਗੱਲ ਕੀਤੀ।

ਸਵਾਮੀ ਜੀ ਨੇ ਕਿਹਾ ਕਿ ਕੁਝ ਥਾਵਾਂ 'ਤੇ ਟੈਰਿਫ ਅੱਤਵਾਦ ਚੱਲ ਰਿਹਾ ਹੈ, ਕੁਝ ਥਾਵਾਂ 'ਤੇ ਸੱਤਾ ਲਈ ਪਾਗਲਪਨ ਹੈ, ਕੁਝ ਥਾਵਾਂ 'ਤੇ ਦੌਲਤ ਲਈ ਪਾਗਲਪਨ ਹੈ, ਅਤੇ ਕੁਝ ਥਾਵਾਂ 'ਤੇ ਧਾਰਮਿਕ ਪਾਗਲਪਨ ਹੈ। ਅਤੇ ਭਾਰਤ ਵਿੱਚ, ਸਨਾਤਨ ਧਰਮੀਆਂ




ਵਿੱਚ ਵੀ, ਇੱਕ ਦੂਜੇ 'ਤੇ ਦੋਸ਼ ਲਗਾ ਕੇ ਗਊ, ਗੰਗਾ ਅਤੇ ਪਾਲਕੀ ਦੇ ਨਾਮ 'ਤੇ ਪਾਗਲਪਨ ਫੈਲਾਉਣ ਦੀ ਗੱਲ ਹੋ ਰਹੀ ਹੈ। ਅਮਰੀਕਾ ਨੇ ਕੈਨੇਡਾ



ਨੂੰ 100% ਟੈਰਿਫ, ਅਤੇ ਕਦੇ ਭਾਰਤ 'ਤੇ 25-50%, ਅਤੇ ਕਦੇ ਕੁਝ ਦੇਸ਼ਾਂ 'ਤੇ 500% ਟੈਰਿਫ ਦੀ ਧਮਕੀ ਦਿੱਤੀ। ਦੁਨੀਆ ਬਹੁਤ ਖਤਰਨਾਕ ਦੌਰ ਵਿੱਚੋਂ ਲੰਘ ਰਹੀ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਅਸੀਂ ਇੱਕ ਸੰਯੁਕਤ ਭਾਰਤ, ਇੱਕ ਮਹਾਨ ਭਾਰਤ, ਇੱਕ ਸਿਹਤਮੰਦ, ਖੁਸ਼ਹਾਲ ਅਤੇ ਇੱਕਜੁੱਟ ਭਾਰਤ ਬਣਾਉਣਾ ਚਾਹੁੰਦੇ ਹਾਂ, ਤਾਂ ਗਣਤੰਤਰ ਦਿਵਸ 'ਤੇ, ਸਾਨੂੰ ਸਵਦੇਸ਼ੀ ਸਿੱਖਿਆ, ਸਵਦੇਸ਼ੀ ਦਵਾਈ, ਸਵਦੇਸ਼ੀ ਅਰਥਵਿਵਸਥਾ, ਸਵਦੇਸ਼ੀ ਸਨਾਤਨ ਜੀਵਨ ਢੰਗ ਅਤੇ ਆਪਣੀ ਸਨਾਤਨ ਵਿਰਾਸਤ ਨੂੰ ਸਰਵਉੱਚ ਸਨਮਾਨ ਅਤੇ ਮਹਿਮਾ ਦੇਣੀ ਚਾਹੀਦੀ ਹੈ, ਅਤੇ ਆਪਣੇ ਫਰਜ਼ ਦੇ ਮਾਰਗ 'ਤੇ ਵਚਨਬੱਧਤਾ ਨਾਲ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਅਸੀਂ ਭਾਰਤ ਨੂੰ ਦੁਨੀਆ ਦੀ ਸਭ ਤੋਂ ਵੱਡੀ ਆਰਥਿਕ ਸ਼ਕਤੀ, ਸਭ ਤੋਂ ਵੱਡੀ ਫੌਜੀ ਸ਼ਕਤੀ, ਸਭ ਤੋਂ ਵੱਡੀ ਰਾਜਨੀਤਿਕ, ਸਮਾਜਿਕ ਅਤੇ ਅਧਿਆਤਮਿਕ ਸ਼ਕਤੀ ਵਿੱਚ ਵਿਕਸਤ ਕਰ ਸਕੀਏ, ਅਤੇ ਪੂਰੀ ਦੁਨੀਆ ਭਾਰਤ ਤੋਂ ਪ੍ਰੇਰਨਾ ਲੈ ਸਕੇ। ਉਨ੍ਹਾਂ ਨੇ ਸਵਦੇਸ਼ੀ ਰਾਹੀਂ ਇੱਕ ਸਵੈ-ਨਿਰਭਰ, ਵਿਕਸਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਬਾਰੇ ਗੱਲ ਕੀਤੀ।

ਉਨ੍ਹਾਂ ਦੇਸ਼ ਵਾਸੀਆਂ ਨੂੰ ਸਵਦੇਸ਼ੀ ਦਾ ਪ੍ਰਣ ਲੈਣ, ਮੈਕਾਲੇ ਦੀ ਸਿੱਖਿਆ ਦਾ ਬਾਈਕਾਟ ਕਰਨ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਰੀਆਂ ਬੁਰਾਈਆਂ ਅਤੇ ਆਪਸੀ ਟਕਰਾਅ ਦੇ ਸਾਰੇ ਰੂਪਾਂ ਨੂੰ ਰੱਦ ਕਰਕੇ, ਸਾਨੂੰ ਭਾਰਤ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਨੂੰ ਮਜ਼ਬੂਤ ??ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, ÷ਮੈਂ ਉਹ ਦਿਨ ਦੇਖਣਾ ਚਾਹੁੰਦਾ ਹਾਂ ਜਦੋਂ ਇੱਕ ਰੁਪਿਆ 100 ਡਾਲਰ ਦੇ ਬਰਾਬਰ ਹੋਵੇ, ਅਤੇ ਇਹ ਸਿਰਫ਼ ਉਦੋਂ ਹੀ ਸੰਭਵ ਹੈ ਜਦੋਂ ਅਸੀਂ, 1.4 ਅਰਬ ਭਾਰਤੀ, ਅਟੁੱਟ ਸਮਰਪਣ ਨਾਲ ਯਤਨਸ਼ੀਲ ਹੁੰਦੇ ਹਾਂ। ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੀ ਕਦਰ ਕੀਤੀ ਜਾਵੇ, ਸਾਡੇ ਪਾਸਪੋਰਟਾਂ ਦੀ ਕਦਰ ਕੀਤੀ ਜਾਵੇ, ਅਤੇ ਸਾਡੇ ਨਾਗਰਿਕਾਂ ਦੀ ਕਦਰ ਕੀਤੀ ਜਾਵੇ। ਹਾਲਾਂਕਿ, ਮੌਜੂਦਾ ਸਥਿਤੀ ਅਜਿਹੀ ਹੈ ਕਿ 10-15 ਦੇਸ਼ਾਂ ਨੂੰ ਛੱਡ ਕੇ, ਦੁਨੀਆ ਦਾ ਕੋਈ ਵੀ ਵੱਡਾ ਦੇਸ਼ ਸਾਨੂੰ ਆਪਣੇ ਪਾਸਪੋਰਟਾਂ ਦੀ ਵਰਤੋਂ ਕਰਕੇ ਬਿਨਾਂ ਵੀਜ਼ਾ ਦੇ ਆਪਣੇ ਦੇਸ਼ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੰਦਾ। ਅਸੀਂ ਆਪਣੀ ਸਥਿਤੀ ਨੂੰ ਬਹੁਤ ਨੀਵੇਂ ਪੱਧਰ 'ਤੇ ਲੈ ਆਏ ਹਾਂ। ਜੇਕਰ ਅਸੀਂ ਅੱਜ ਆਪਣੇ ਦੇਸ਼ ਨੂੰ ਸ਼ਕਤੀਸ਼ਾਲੀ ਨਹੀਂ ਬਣਾਇਆ, ਤਾਂ ਅਮਰੀਕਾ, ਚੀਨ ਅਤੇ ਸਾਡਾ ਦੋਸਤ ਦੇਸ਼, ਰੂਸ ਵੀ ਸਾਡੇ ਤੋਂ ਮੂੰਹ ਮੋੜ ਲੈਣਗੇ।

ਸਵਾਮੀ ਰਾਮਦੇਵ ਨੇ ਕਿਹਾ ਕਿ ਮਾਤਾ ਗਾਂ ਨੂੰ ਰਾਸ਼ਟਰ ਮਾਤਾ ਨਹੀਂ ਸਗੋਂ ਵਿਸ਼ਵ ਮਾਤਾ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ, ਪਰ ਇਹ ਕਿਵੇਂ ਹੋਵੇਗਾ? ਇਹ ਸੱਚ ਹੈ ਕਿ ਕਾਨੂੰਨ ਪਾਸ ਹੋ ਗਿਆ ਹੈ, ਮਾਤਾ ਗਾਂ ਨੂੰ ਰਾਸ਼ਟਰ ਮਾਤਾ ਘੋਸ਼ਿਤ ਕੀਤਾ ਗਿਆ ਹੈ, ਪਰ ਮਾਤਾ ਗਾਂ ਅਤੇ ਨੰਦੀ ਕਿਵੇਂ ਬਚਣਗੇ?

# "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਸਮੀਖਿਆ ਬੈਠਕ

ਸ੍ਰੀ ਮੁਕਤਸਰ ਸਾਹਿਬ, 28 ਜਨਵਰੀ (ਐਚ ਐਸ ਕਪੂਰ): ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹੇ ਵਿੱਚ ਚਲ ਰਹੀਆਂ ਗਤਿਵਿਧੀਆਂ ਦੀ ਸਮੀਖਿਆ ਲਈ ਅੱਜ ਇੱਕ ਵਿਸਤ੍ਰਿਤ ਬੈਠਕ ਦਾ ਆਯੋਜਨ ਕੀਤਾ ਗਿਆ। ਇਸ ਬੈਠਕ ਦੀ ਪ੍ਰਧਾਨਗੀ ਯੁੱਧ ਨਸ਼ਿਆਂ ਵਿਰੁੱਧ ਦੇ ਮਾਲਵਾ ਜੋਨ ਦੇ ਇੰਚਾਰਜ ਚੁਸਪਿੰਦਰ ਸਿੰਘ ਵੱਲੋਂ ਕੀਤੀ ਗਈ। ਬੈਠਕ ਵਿੱਚ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼, ਜ਼ਿਲ੍ਹਾ ਪੁਲਿਸ ਦੇ ਸੀਨੀਅਰ ਅਧਿਕਾਰੀ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਰਹੇ। ਬੈਠਕ ਦੌਰਾਨ ਪਿੰਡ ਅਤੇ ਵਾਰਡ ਪੱਧਰ 'ਤੇ ਵਿਲੇਜ ਡਿਫੈਂਸ ਕਮੇਟੀ (VDC) ਅਤੇ ਵਾਰਡ ਡਿਫੈਂਸ ਕਮੇਟੀ (WDC) ਦੀਆਂ ਮੀਟਿੰਗਾਂ ਦੀ ਪ੍ਰਗਤੀ, ਨਸ਼ਾ ਮੁਕਤੀ ਲਈ ਤਿਆਰ ਕੀਤੀ ਗਈ ਐਪਲੀਕੇਸ਼ਨ ਦੀ ਕਾਰਗੁਜ਼ਾਰੀ, ਕਮੇਟੀ ਮੈਂਬਰਾਂ ਦੇ ਪਛਾਣ ਪੱਤਰਾਂ ਦੀ ਤਿਆਰੀ ਅਤੇ ਨਸ਼ਾ ਮੁਕਤੀ ਕੇਂਦਰਾਂ ਦੀ ਨਿਗਰਾਨੀ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।




ਚੁਸਪਿੰਦਰ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸੰਘਰਸ਼ ਨੂੰ ਜਨ-ਅੰਦੋਲਨ ਦਾ ਰੂਪ ਦੇਣ ਲਈ ਪਿੰਡਾਂ ਤੇ ਵਾਰਡਾਂ ਦੇ ਲੋਕਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ VDC/WDC ਦੀ ਮਜ਼ਬੂਤੀ ਨਾਲ ਹੀ ਸਮਾਜ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਧਾਰਿਤ ਸਮਾਂ-ਸੀਮਾ ਅੰਦਰ ਸਾਰੀਆਂ ਮੀਟਿੰਗਾਂ ਕਰਵਾਈਆਂ ਜਾਣ ਤੇ ਉਨ੍ਹਾਂ ਦੀ ਰਿਪੋਰਟਿੰਗ ਸੁਚੱਜੇ ਢੰਗ ਨਾਲ ਕੀਤੀ ਜਾਵੇ। ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਸ਼ਾ ਮੁਕਤੀ ਕੇਂਦਰਾਂ ਦੀ ਲਗਾਤਾਰ ਨਿਗਰਾਨੀ ਯਕੀਨੀ ਬਣਾਈ ਜਾਵੇ ਤੇ ਇਲਾਜ ਉਪਰੰਤ ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਰੋਜ਼ਗਾਰ ਤੇ ਮੁੜ ਵਸੇਬੇ ਨਾਲ ਜੋੜਨ ਲਈ ਠੋਸ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਨਸ਼ਿਆਂ ਦੀ ਤਸਕਰੀ ਤੇ ਵਿਕਰੀ ਵਿਰੁੱਧ ਸਖ਼ਤ ਕਾਰਵਾਈ ਲਗਾਤਾਰ ਜਾਰੀ ਰਹੇਗੀ।

ਬੈਠਕ ਦੇ ਅੰਤ ਵਿੱਚ ਇਹ ਫੈਸਲਾ ਕੀਤਾ ਗਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨਗੇ ਅਤੇ ਮੈਦਾਨੀ ਪੱਧਰ 'ਤੇ ਜਾਗਰੂਕਤਾ ਗਤਿਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਐਸਡੀਐਮ ਸ੍ਰੀ ਮੁਕਤਸਰ ਸਾਹਿਬ ਬਲਜੀਤ ਕੌਰ, ਐਸਡੀਐਮ ਗਿੱਦੜਬਾਹਾ ਜਸਪਾਲ ਸਿੰਘ, ਐਸ.ਪੀ. (ਡੀ) ਮਨਮੀਤ ਸਿੰਘ ਢਿੱਲੋਂ, ਐਸ.ਪੀ. (ਐੱਚ) ਹਰਕਮਲ ਕੌਰ, ਮਨਵੀਰ ਸਿੰਘ ਖੁੱਡੀਆਂ ਜਿਲ੍ਹਾ ਕੋਆਡੀਨੇਟਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਧੂਰੀ ਦੇ ਸੁੰਦਰੀਕਰਨ ਤੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ

# ਹਲਕੇ ਦੇ ਹਰੇਕ ਵਿਕਾਸ ਕਾਰਜ ਦੀ ਖ਼ੁਦ ਨਿਗਰਾਨੀ ਕਰ ਰਹੇ ਨੇ ਮੁੱਖ ਮੰਤਰੀ ਮਾਨ : ਓ.ਐਸ.ਡੀ.

ਧੂਰੀ, 28 ਜਨਵਰੀ (ਰਾਜੇਸ਼ਵਰ ਪਿੰਟੂ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਸ਼ਹਿਰ ਦੇ ਸਰਵਪੱਖੀ ਵਿਕਾਸ ਤੇ ਆਧੁਨਿਕ ਸ਼ਹਿਰੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਚੁੱਕਦੇ ਹੋਏ, ਮੁੱਖ ਮੰਤਰੀ ਦੇ ਓ.ਐਸ.ਡੀ ਸੁਖਵੀਰ ਸਿੰਘ ਵੱਲੋਂ ਅੱਜ ਧੂਰੀ ਹਲਕੇ ਵਿੱਚ ਕੁੱਲ 4.78 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੁੰਦਰੀਕਰਨ ਤੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਧੂਰੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਸੁੰਦਰੀਕਰਨ ਵੱਲ ਵੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਧੂਰੀ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਖ਼ੁਦ ਨਿਗਰਾਨੀ ਕਰ ਰਹੇ ਹਨ।

ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਦੇ ਵਾਰਡ ਨੰਬਰ 18 ਵਿਖੇ ਕਰੀਬ 47 ਲੱਖ ਰੁਪਏ ਅਤੇ ਵਾਰਡ ਨੰਬਰ 1 ਵਿਖੇ ਕਰੀਬ 70 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਂਦਿਆਂ ਕਿਹਾ ਕਿ ਇਨ੍ਹਾਂ ਵਾਰਡਾਂ ਵਿੱਚ ਨਵੀਂ ਬਲਾਕ ਟਾਈਲਾਂ ਲਗਾਉਣ ਸਮੇਤ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾਵੇਗਾ ਤਾਂ ਜੋ ਵਾਰਡ ਵਾਸੀਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਵਾਰਡ ਨੰਬਰ 1 ਵਿੱਚ ਸੀਵਰੇਜ ਦੀ ਸਮੱਸਿਆ ਦੇ ਸਥਾਈ ਹੱਲ ਲਈ ਖ਼ਾਕਾ ਤਿਆਰ ਕਰ ਲਿਆ ਗਿਆ ਹੈ ਤੇ ਬਹੁਤ ਜਲਦ ਇਸ ਸਮੱਸਿਆ ਨੂੰ ਖ਼ਤਮ ਕਰ ਦਿੱਤਾ ਜਾਵੇ।



ਧੂਰੀ ਸ਼ਹਿਰ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਸਮੇਤ ਅੱਜ ਧੂਰੀ ਦੇ ਐਂਟਰੀ ਪੁਆਇੰਟਾਂ ਦੇ ਕਰੀਬ 3.61 ਕਰੋੜ ਰੁਪਏ ਨਾਲ ਹੋਣ ਵਾਲੇ ਸੁੰਦਰੀਕਰਨ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਦਿਆਂ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮਲੇਰਕੋਟਲਾ ਵਾਲੇ ਪਾਸੇ ਤੋਂ ਧੂਰੀ ਦੇ ਮੁੱਖ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਅਤੇ ਅਪਗ੍ਰੇਡੇਸ਼ਨ 'ਤੇ ਕਰੀਬ 1.90 ਕਰੋੜ ਰੁਪਏ ਨਾਲ ਅਤੇ ਬਾਗੜੀਆਂ/ਨਾਭਾ ਵਾਲੇ ਪਾਸੇ ਤੋਂ ਧੂਰੀ ਦੇ ਐਂਟਰੀ ਪੁਆਇੰਟ ਦੇ ਸੁੰਦਰੀਕਰਨ ਤੇ ਅਪਗ੍ਰੇਡੇਸ਼ਨ 'ਤੇ ਕਰੀਬ 1.71 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਿਸ ਨਾਲ ਸ਼ਹਿਰ ਦੇ ਦਾਖ਼ਲੇ ਨੂੰ ਆਕਰਸ਼ਕ ਦਿੱਖ ਪ੍ਰਦਾਨ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਐਂਟਰੀ ਗੇਟਾਂ ਵਾਲੇ ਕੱਚੇ ਸਥਾਨ 'ਤੇ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾਣਗੀਆਂ ਤੇ ਨਵੇਂ ਬੂਟੇ ਲਗਾਉਣ ਸਮੇਤ ਸੜਕ ਵਿਚਾਲੇ ਡਵਾਈਡਰ, ਪਾਮ ਦੇ ਦਰੱਖਤ, ਫੈਨਸੀ ਲਾਈਟਾਂ, ਬੈਠਣ ਲਈ ਕੁਰਸੀਆਂ, ਸਾਈਨ ਬੋਰਡ, ਵੈੱਲਕਮ ਬੋਰਡ ਅਤੇ ਐਲ.ਈ.ਡੀ. ਨਾਲ ਬਣੇ ਪਾਮ ਟਰੀ ਬਣਾਏ ਜਾਣਗੇ ਜੋ ਧੂਰੀ ਸ਼ਹਿਰ ਵਿੱਚ ਦਾਖ਼ਲੇ ਸਮੇਂ ਸ਼ਹਿਰ ਨੂੰ ਨਵੀਂ ਦਿੱਖ ਪ੍ਰਦਾਨ ਕਰਨਗੇ।

ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਅਨਵਰ ਭਸੌੜ, ਐਡਵੋਕੇਟ ਹੈਪੀ ਗਰਗ, ਡਾਇਰੈਕਟਰ ਲਘੂ ਉਦਯੋਗ ਨਿਗਮ ਅਨਿਲ ਮਿੱਤਲ, ਪੁਸ਼ਪਿੰਦਰ ਸ਼ਰਮਾ, ਰਮਨਦੀਪ ਸਿੰਘ ਆਦਿ ਮੌਜੂਦ ਸਨ।

# ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਵਾਲਾ ਗਿਰੋਹ ਕਾਬੂ

ਫਰੀਦਕੋਟ, 28 ਜਨਵਰੀ (ਅਵਤਾਰ ਸਿੰਘ ਮੱਲਾ): ਡਾ. ਪ੍ਰਗਿਆ ਜੈਨ ਆਈ.ਪੀ.ਐਸ. ਐਸ.ਐਸ.ਪੀ. ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਲਗਾਤਾਰ ਸਖਤ ਕਾਰਵਾਈ ਅਮਲ ਵਿੱਚ ਲਿਆਦੀ ਜਾ ਰਹੀ ਹੈ। ਇਸੇ ਕੜੀ ਤਹਿਤ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ. (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਤੇ ਤਰਲੋਚਨ ਸਿੰਘ ਡੀ:ਐਸ:ਪੀ (ਸ:ਡ) ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾ ਤਹਿਤ ਥਾਣਾ ਸਿਟੀ ਫਰੀਦਕੋਟ ਵੱਲੋ ਤੇਜਧਾਰ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਦੀ ਤਾਕ ਵਿੱਚ ਬੈਠੇ ਗਿਰੋਹ ਵਿੱਚ ਸ਼ਾਮਲ 5 ਮੈਬਰਾ ਨੂੰ ਵਾਰਦਾਤ ਨੂੰ ਅੰਜਾਮ ਦੇਣ ਤੋ ਪਹਿਲਾ ਹੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਗਈ ਹੈ। ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਹਿਚਾਣ ਰਾਮ ਸਿੰਘ (ਵਾਸੀ ਜੋਤ ਰਾਮ ਕਲੋਨੀ), ਅਨਮੋਲ ਸਿੰਘ (ਵਾਸੀ ਬਲਬੀਰ ਬਸਤੀ) ਅਤੇ ਵਿਸ਼ਾਲ ਉਰਫ ਬੱਬੀ, ਗੁਰਲਿਆਕਤ ਸਿੰਘ ਅਤੇ ਕੁਲਵੰਤ ਸਿੰਘ ਉਰਫ ਬੋਬੀ ਜੋ ਕਿ ਫਰੀਦਕੋਟ ਦੇ ਖਾਰਾ ਦੇ ਰਿਹਾਇਸ਼ੀ ਹਨ, ਪੁਲਿਸ ਪਾਰਟੀ ਵੱਲੋਂ ਦੋਸ਼ੀਆ ਪਾਸੋ 1 ਲੋਹੇ ਦੀ ਪਾਇਪ, 1 ਕਿਰਚ, 1 ਕਿਰਚ ਟਾਈਪ ਕਾਪਾ, 1 ਦਾਤਰ ਬਰਾਮਦ ਕੀਤਾ ਗਿਆ ਹੈ।



ਕਾਰਵਾਈ ਦੇ ਵੇਰਵੇ ਇਸ ਪ੍ਰਕਾਰ ਹਨ ਕਿ ਸ.ਥ. ਗੁਰਦਿੱਤ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਤੇ ਚੈਕਿੰਗ ਦੇ ਸਬੰਧ ਵਿੱਚ ਨੇੜੇ ਸਾਦਿਕ ਚੌਂਕ ਫਰੀਦਕੋਟ ਮੌਜੂਦ ਸੀ ਤਾ ਉਹਨਾ ਨੂੰ ਇਤਲਾਹ ਮਿਲੀ ਕਿ ਇਹ ਸਾਰੇ ਦੋਸੀ ਜੋ ਲੁੱਟਾ ਖੋਹਾ ਕਰਨ ਦੇ ਆਦਿ ਹਨ ਜੋ ਦਾਣਾ ਮੰਡੀ ਫਰੀਦਕੋਟ ਗਡਾਉਨਾ ਵਾਲੀ ਸਾਈਡ ਫਰੀਦਕੋਟ ਵਿਖੇ ਲੁੱਟਾ ਖੋਹਾ ਕਰਨ ਦੀ ਯੋਜਨਾ ਬਣਾ ਰਹੇ ਹਨ। ਜਿਸ ਤੇ ਪੁਲਿਸ ਪਾਰਟੀ ਵੱਲੋ ਤੁਰੰਤ ਕਾਰਵਾਈ ਕਰਦੇ ਹੋਏ ਮੌਕੇ ਪਰ ਪਹੁੰਚ ਕੇ ਉਕਤਾਨ ਸਾਰੇ ਦੋਸ਼ੀਆ ਨੂੰ ਮੌਕੇ ਪਰ ਕਾਬੂ ਕੀਤਾ ਗਿਆ। ਇਸ ਸਬੰਧੀ ਥਾਣਾ ਸਿਟੀ ਫਰੀਦਕੋਟ ਵਿਖੇ ਮੁੱਕਦਮਾ ਨੰ. 49 ਮਿਤੀ 27.01.2026 ਅ/ਧ 112(2), 310(4), ਬੀ.ਐਨ.ਐਸ ਦਰਜ ਰਜਿਸਟਰ ਕੀਤਾ ਗਿਆ ਹੈ।

# ਅਕਾਲੀ ਦਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਸੱਚਾ ਪਹਿਰੇਦਾਰ : ਜਥੇ. ਮਕੋਰੜ ਤੇ ਕੌਹਰੀਆਂ

ਲਹਿਰਾਗਾਗਾ, 28 ਜਨਵਰੀ (ਗੁਰਦੀਪ ਸਿੰਘ): ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਸਰਬੱਤ ਦੇ ਭਲੇ ਦੀ ਗੱਲ ਕੀਤੀ ਹੈ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਪਹਿਰੇਦਾਰ ਬਣ ਕੇ ਹਰ ਔਖੀ ਘੜੀ ਵਿੱਚ ਸੂਬੇ ਲਈ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਗੁਰਦੀਪ ਸਿੰਘ ਮਕੋਰੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮੂਣਕ ਅਤੇ ਸੀਨੀਅਰ ਅਕਾਲੀ ਆਗੂ ਮਾਸਟਰ ਬਲਵਿੰਦਰ ਸਿੰਘ ਕੌਹਰੀਆਂ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਕੀਤਾ, ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬਾ ਮੋਰਚਾ, ਦਿੱਲੀ ਗੁਰਦੁਆਰਾ ਸੀਸਗੰਜ ਸਾਹਿਬ ਮੋਰਚਾ, ਐਮਰਜੈਂਸੀ ਮੋਰਚਾ, ਧਰਮ ਯੁੱਧ ਮੋਰਚਾ ਤੇ ਲੈਂਡ ਪੂਲਿੰਗ ਖਿਲਾਫ ਅਵਾਜ ਬੁਲੰਦ ਕਰਕੇ ਲੋਕਾਂ ਦੇ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕੀਤਾ ਹੈ। ਇਸ ਤੋਂ ਇਲਾਵਾ ਅਕਾਲੀ ਦਲ ਨੇ ਸਰਕਾਰ ਹੁੰਦਿਆਂ ਹਮੇਸ਼ਾ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਮੁਲਾਜ਼ਮਾਂ ਦੇ ਨਾਲ ਨਾਲ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਹੱਕਾਂ ਲਈ ਡਟ ਕੇ ਪਹਿਰਾ ਦਿੱਤਾ ਹੈ। ਇਸੇ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਹਮੇਸ਼ਾ ਪੰਜਾਬੀਆਂ ਦੀ ਮਾਂ ਪਾਰਟੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਜਥੇਦਾਰ ਮਕੋਰੜ ਤੇ ਮਾਸਟਰ ਕੌਹਰੀਆਂ ਨੇ ਅੱਗੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸੂਬੇ ਵਿੱਚ ਆਏ ਹੜ੍ਹਾਂ ਦੀ ਸਥਿਤੀ ਦੌਰਾਨ ਹਜ਼ਾਰਾਂ ਪੀੜਿਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਲੋਕਾਂ ਦੀ ਦਿਲ ਖੋਲ ਕੇ ਮਾਲੀ ਮਦਦ ਕੀਤੀ ਉਥੇ ਡੀਜ਼ਲ, ਪਾਣੀ ਕੱਢਣ ਲਈ ਪਾਈਪਾਂ ਤੇ ਇੰਜਨ ਦੇਣ ਦੇ ਨਾਲ ਨਾਲ ਪਸ਼ੂਆਂ ਲਈ ਚਾਰਾਂ ਤੇ ਪਰਿਵਾਰਾਂ ਨੂੰ ਰਾਸ਼ਨ ਵੀ ਭੇਜਿਆ, ਉਹਨਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਪ੍ਰਤੀ ਪੂਰੀ ਤਰ੍ਹਾਂ ਫੇਲ ਸਾਬਤ ਹੋਈਆਂ ਹਨ, ਸੋ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੇ ਹੋਏ ਉਨਾਂ ਕਿਹਾ ਕਿ ਆਓ ਹੁਣ ਇਕੱਠੇ ਹੋਣ ਦਾ ਸਮਾਂ ਆ ਗਿਆ ਹੈ, ਆਪਾਂ ਸਾਰੇ ਲੱਕ ਬੰਨ ਕੇ ਸਮੇਂ ਦੀਆਂ ਸਰਕਾਰਾਂ ਖਿਲਾਫ ਲੜਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰੀਏ,ਤਾਂ ਕਿ ਸਾਡਾ ਪੰਜਾਬ ਤਰੱਕੀ ਦੀਆਂ ਲੀਹਾਂ ਤੇ ਆ ਸਕੇ।



# ਪਾਥਫਾਈਂਡਰ ਗਲੋਬਲ ਸਕੂਲ ਦੇ ਵਿਦਿਆਰਥੀ ਨੇ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ

ਰਾਮਪੁਰਾ ਫੂਲ, 28 ਜਨਵਰੀ (ਮਨਪ੍ਰੀਤ ਮਿੰਟੂ): ਮੋਹਾਲੀ 'ਚ ਆਯੋਜਿਤ ਅੰਡਰ-11 ਆਲ ਇੰਡੀਆ ਨੈਸ਼ਨਲ ਰੋਲਰ ਬਾਸਕਟਬਾਲ ਸ ਕੇ ਟਿੰ ਗ ਚੈਂਪੀਅਨਸ਼ਿਪ ਵਿੱਚ ਪਾਥਫਾਈਂਡਰ ਗਲੋਬਲ ਸਕੂਲ ਦੇ ਹੋਣਹਾਰ ਤੀਜੀ ਜਮਾਤ ਦੇ ਵਿਦਿਆਰਥੀ ਸੁਖਮਨਵੀਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਹਾਸਲ ਕੀਤਾ। ਸੁਖਮਨਵੀਰ ਸਿੰਘ ਦੀ ਇਸ ਕਾਮਯਾਬੀ ਨਾਲ ਨਾ ਕੇਵਲ ਸਕੂਲ ਦਾ, ਸਗੋਂ ਮਾਪਿਆਂ ਅਤੇ ਇਲਾਕੇ ਦਾ ਨਾਮ ਵੀ ਰੌਸ਼ਨ ਹੋਇਆ ਹੈ। ਇਸ ਉਪਲਬਧੀ ਲਈ ਸਕੂਲ ਪ੍ਰਬੰਧਨ, ਅਧਿਆਪਕਾਂ ਤੇ ਕੋਚਾਂ ਵੱਲੋਂ ਉਸਨੂੰ ਵਧਾਈ ਦਿੱਤੀ ਗਈ ਤੇ ਭਵਿੱਖ ਵਿੱਚ ਹੋਰ ਵੱਡੀਆਂ ਸਫਲਤਾਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਪਾਥਫਾਈਂਡਰ ਗਲੋਬਲ ਸਕੂਲ ਸਦਾ ਹੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ, ਜਿਸ ਦਾ ਜੀਦਾ-ਜਾਗਦਾ ਉਦਾਹਰਨ ਸੁਖਮਨਵੀਰ ਸਿੰਘ ਦੀ ਇਹ ਉਪਲਬਧੀ ਹੈ।



# ਐਸ.ਡੀ.ਐਮ. ਰਾਕੇਸ਼ ਪ੍ਰਕਾਸ਼ ਗੁਪਤਾ ਨੇ ਲਹਿਰਾਇਆ ਕੌਮੀ ਝੰਡਾ

ਲਹਿਰਾਗਾਗਾ, 28 ਜਨਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): 77ਵੇਂ ਗਣਤੰਤਰਤਾ ਦਿਵਸ ਸਮਾਰੋਹ ਮੌਕੇ ਸਬ ਡਿਵੀਜ਼ਨ ਦੇ ਐਸ ਡੀ ਐਮ ਰਾਕੇਸ਼ ਪ੍ਰਕਾਸ਼ ਗੁਪਤਾ ਵਲੋਂ ਰਾਸ਼ਟਰੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਪੁਲਿਸ ਦੀ ਟੁਕੜੀ ਵਲੋਂ ਸਲਾਮੀ ਦਿੱਤੀ ਗਈ ਤੇ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਰਾਸ਼ਟਰੀ ਗੀਤ ਗਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲ ਦੇ ਪ੍ਰਧਾਨ ਕਾਂਤਾ ਗੋਇਲ, ਮਾਰਕੀਟ ਕਮੇਟੀ ਦੇ ਚੇਅਰਮੈਨ ਸਿਸਪਾਲ ਅਨੰਦ, ਤਹਿਸੀਲਦਾਰ ਅਮਰਜੀਤ ਸਿੰਘ, ਨਗਰ ਕੌਂਸਲ ਦੇ ਈਓ ਰਮਨਦੀਪ ਸ਼ਰਮਾ, ਡੀਐਸਪੀ ਰਣਵੀਰ ਸਿੰਘ, ਥਾਣਾ ਇੰਚਾਰਜ ਮਨਪ੍ਰੀਤ ਸਿੰਘ, ਚੌਂਕੀ ਇੰਚਾਰਜ ਗੁਰਦੇਵ ਸਿੰਘ, ਆੜ੍ਹਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ (ਰਬੜ), ਵੱਖ ਵੱਖ ਸਕੂਲਾਂ ਦੇ ਬੱਚੇ ਤੇ ਅਧਿਆਪਕ ਸਾਹਿਬਾਨ ਤੋਂ ਇਲਾਵਾ ਵੱਡੀ ਗਿਣਤੀ ਇਲਾਕਾ ਨਿਵਾਸੀ ਹਾਜ਼ਰ ਸਨ।



# 77ਵਾਂ ਗਣਤੰਤਰ ਦਿਵਸ ਮਨਾਇਆ



ਲਹਿਰਾਗਾਗਾ, 28 ਜਨਵਰੀ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਲਿਟਲ ਸਟਾਰ ਬਚਪਨ ਪਲੇ ਸਕੂਲ ਤੇ ਹਾਈਟਸ ਐਂਡ ਹਾਈਟਸ ਪਬਲਿਕ ਸਕੂਲ ਵਿਖੇ 77ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾ ਸਕੂਲ ਦੇ ਚੇਅਰਮੈਨ ਸੰਜੇ ਸਿੰਗਲਾ ਵਲੋਂ ਸਕੂਲ ਦੀ ਪ੍ਰਿੰਸੀਪਲ ਤੇ ਸਟਾਫ਼ ਮੈਂਬਰਾਂ ਸਮੇਤ ਝੰਡਾ ਲਹਿਰਾਇਆ ਗਿਆ। ਬੱਚਿਆਂ ਵਲੋਂ ਤਿਰੰਗੇ ਝੰਡੇ ਨੂੰ ਸਲਾਮੀ ਦੇ ਕੇ ਰਾਸ਼ਟਰ ਗਾਨ ਗਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਪ੍ਰੀਂਕਾ ਬਾਂਸਲ ਨੇ ਬੱਚਿਆਂ ਨੂੰ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ 26 ਜਨਵਰੀ 1950 ਨੂੰ ਸਾਡੇ ਦੇਸ਼ ਦਾ ਸੰਵਿਧਾਨ ਲਾਗੂ ਹੋਇਆ ਜਿਸਨੂੰ ਡਾ. ਬੀ.ਆਰ. ਅੰਬੇਦਕਰ ਦੀ ਅਗਵਾਈ ਹੇਠ ਲਿਖਿਆ ਗਿਆ। ਬੱਚਿਆਂ ਨੂੰ ਇਹ ਵੀ ਦੱਸਿਆ ਗਿਆ ਕਿ ਭਾਰਤ ਦਾ ਸੰਵਿਧਾਨ ਬਾਕੀ ਸਭ ਸੰਵਿਧਾਨਾਂ ਤੋਂ ਲੰਬਾ ਸੰਵਿਧਾਨ ਹੈ ਤੇ ਇਹ ਪੂਰਾ ਸੰਵਿਧਾਨ ਹੱਥ ਲਿਖਤ ਹੈ। ਬੱਚਿਆਂ ਨੇ ਇਸ ਦਿਵਸ ਨਾਲ ਸਬੰਧਿਤ ਕਈ ਗਤੀਵਿਧੀਆਂ ਕੀਤੀਆਂ ਜਿਵੇਂ ਕਿ ਰਾਸ਼ਟਰੀ ਚਿੰਨ੍ਹ ਬਣਾਏ, ਵੱਖ ਵੱਖ ਦੇਸ਼ ਭਗਤਾ ਦੇ ਸਲੋਗਨ ਬੋਲੇ, ਤਿਰੰਗੇ ਝੰਡੇ ਦੀ ਮਹੱਤਤਾ ਤੇ ਭਾਸ਼ਣ ਪ੍ਰਤੀਯੋਗਿਤਾ, ਗਣਤੰਤਰ ਦਿਵਸ ਦੇ ਉੱਪਰ ਪ੍ਰਸ਼ਨ ਪ੍ਰਤੀਯੋਗਿਤਾ ਆਦਿ। ਇਸ ਮੌਕੇ 'ਤੇ ਸੰਦੀਪ ਕੌਰ, ਸੋਮਾ ਕੌਰ, ਸਿੰਦਰਪਾਲ ਕੌਰ, ਹੀਨਾ ਗਰਗ, ਸਿਮਰਨਜੀਤ ਕੌਰ, ਜੈਨਮ ਖਾਂ, ਹਰਮਨਦੀਪ ਕੌਰ, ਇੰਦਰਜੀਤ ਕੌਰ, ਭਾਵਨਾ ਨਾਗਪਾਲ, ਮੀਨੂ ਰਾਣੀ, ਸੰਦੀਪ ਕੌਰ, ਰਮਾ ਰਾਣੀ, ਮਨਪ੍ਰੀਤ ਕੌਰ, ਪੂਜਾ, ਸੰਧਿਆ ਬਾਂਸਲ, ਸੋਨਮ ਸ਼ਰਮਾ, ਰਿਤਿਕਾ, ਅਨਾਮਿਕਾ ਸਿੰਗਲਾ ਤੇ ਡੀ.ਪੀ.ਈ ਦਰਬਾਰਾ ਸਿੰਘ ਸ਼ਾਮਲ ਸਨ।

# ਗਣਤੰਤਰ ਦਿਵਸ ਮੌਕੇ ਪਿੰਡ ਸ਼ੇਰਗੜ੍ਹ 'ਚ ਕਰਵਇਆ ਦੂਜਾ ਸਨਮਾਨ ਸਮਾਰੋਹ

ਅਰਨੋ, 28 ਜਨਵਰੀ (ਕਰਮਵੀਰ ਸਿੰਘ): 26 ਜਨਵਰੀ ਦਿਨ ਸੋਮਵਾਰ ਸਮੂਹ ਪਿੰਡ ਸ਼ੇਰਗੜ੍ਹ ਦੇ ਨੌਜਵਾਨਾਂ ਵੱਲੋਂ ਮਿਲਕੇ ਗਣਤੰਤਰ ਦਿਵਸ ਸਨਮਾਨ ਸਮਾਰੋਹ ਦੇ ਰੂਪ ਵਿਚ ਮਨਾਇਆ ਗਿਆ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ ਤੇ ਇਸ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਸਨ ਜਿਹਨਾਂ ਕਰਕੇ ਦੇਸ਼ ਦੇ ਹਰ ਨਾਗਰਿਕ ਨੂੰ ਤੇ ਮਹਿਲਾਵਾਂ ਨੂੰ ਬਰਾਬਰ ਦੇ ਹੱਕ ਅਧਿਕਾਰ ਮਿਲੇ । ਗਣਤੰਤਰ ਦਿਵਸ ਨੂੰ ਸਮਰਪਿਤ ਇਹ ਦੂਜਾ ਸਨਮਾਨ ਸਮਾਰੋਹ ਸੀ ਇਸ ਵਿਚ ਪਿੰਡ ਸ਼ੇਰਗੜ੍ਹ ਦੇ ਨੌਕਰੀ ਤੇ ਲੱਗੇ ਨੌਜਵਾਨਾਂ ਨੂੰ, ਖੇਡਾਂ ਵਿਚ ਕਾਮਯਾਬੀ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਇਸ ਪ੍ਰੋਗਰਾਮ ਵਿਚ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਵੱਖ ਵੱਖ ਕੌਰ ਕੋਰੋਓਗਰਾਫੀਆਂ ਕੀਤੀਆਂ ਗਈਆਂ ਜਿਹੜੀਆਂ ਕਿ ਖਿੱਚ ਦੇ ਕੇਂਦਰ ਰਹੀਆਂ ਇਸ ਸਮਰੋਹ ਵਿਚ ਸਕੂਲਾਂ ਦੇ ਵਿਦਿਆਰਥੀਆਂ ਦੇ ਨਾਲ ਨਾਲ ਪਿੰਡ ਵਾਸੀ ਤੇ ਨੇੜੇ ਤੇੜੇ ਦੇ ਪਿੰਡਾਂ ਸ਼ਹਿਰਾਂ ਵਿਚੋਂ ਵੀ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਪਹੁਚੇਂ ਪ੍ਰੋਗਰਾਮ ਵਿਚ ਬਹੁਤ ਹੀ ਜਿਆਦਾ ਸੰਖਿਆ ਵਿਚ ਲੋਕ ਮੌਜੂਦ ਰਹੇ । ਇਸ ਸਨਮਾਨ ਸਮਾਰੋਹ ਦਾ ਮੇਨ ਮਕਸਦ ਨੌਜਵਾਨਾਂ ਨੂੰ ਤੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਕੇ ਓਹਨਾ ਨੂੰ ਇਕ ਚੰਗੇ ਨਾਗਰਿਕ ਬਣਾਉਣਾ ਹੈ ਤਾਂਕਿ ਹੋਰ ਗਲਤ ਸੰਗਤ ਜਾ ਕੰਮ ਛੱਡਕੇ ਵਧੀਆ ਪੜ੍ਹਾਈ ਕਰਨ ਤੇ ਕਾਮਯਾਬ ਹੋਣ ਤੇ ਹੋਰ ਨੌਜਵਾਨ ਵਿਦਿਆਰਥੀ ਵੀ ਕਾਮਯਾਬ ਨੌਜਵਾਨਾਂ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੇ ਆਪ ਨੂੰ ਕਾਮਯਾਬ ਕਰਨ।



ਇਹ ਪ੍ਰੋਗਰਾਮ ਹਰ ਸਾਲ ਪਿੰਡ ਸ਼ੇਰਗੜ੍ਹ ਦੇ ਨੌਜਵਾਨਾਂ ਵੱਲੋਂ ਮਨਾਇਆ ਜਾਵੇਗਾ ਤਾਂਕਿ ਨੌਜਵਾਨਾਂ ਦੀ ਹੌਂਸਲਾ ਅਫਜ਼ਾਈ ਕਰਕੇ ਓਹਨਾ ਨੂੰ ਕਾਮਯਾਬ ਕੀਤਾ ਜਾ ਸਕੇ ਤੇ ਪਿੰਡ ਦੇ ਹਰ ਨਾਗਰਿਕ ਦੀ ਇਹ ਡਿਊਟੀ ਬਣਦੀ ਆ ਕਿ ਉਹ ਆਪਣੇ ਪਿੰਡ ਬਾਰੇ ਜਰੂਰ ਸੋਚਣ ਤਾਂਕਿ ਪਿੰਡ ਦਾ ਹਰ ਨੌਜਵਾਨ ਤੇ ਵਿਦਿਆਰਥੀ ਇਕ ਵਧੀਆ ਇਨਸਾਨ ਬਣੇ ਤੇ ਪਿੰਡ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇ । ਪਿੰਡ ਸ਼ੇਰਗੜ੍ਹ ਦੇ ਨੌਜਵਾਨਾਂ ਵੱਲੋਂ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਮੂਹ ਪਿੰਡ ਵਾਸੀਆਂ ਦਾ ਬਾਹਰੋ ਆਏ ਸਮਾਜ ਸੇਵੀਆਂ ਦਾ ਤੇ ਪਿੰਡ ਦੀ ਤੇ ਪਿੰਡ ਖੁਰਦ ਦੀ ਪੰਚਾਇਤ ਦਾ ਵੀ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਤੇ ਸਨਮਾਨਿਤ ਵੀ ਕੀਤਾ ਗਿਆ।

# ਮਲੂਕਾ ਦੇ ਖੇਡ ਮੇਲੇ 'ਚ ਚੇਅਰਮੈਨ ਜਤਿੰਦਰ ਭੱਲਾ ਨੇ ਲਗਵਾਈ ਹਾਜ਼ਰੀ

ਭਗਤਾ ਭਾਈ ਕਾ, 28 ਜਨਵਰੀ (ਸਵਰਨ ਸਿੰਘ ਭਗਤਾ): ਮਲੂਕਾ ਪਿੰਡ ਵਿੱਚ ਯੁਵਕ ਭਲਾਈ ਕਲੱਬ ਮਲੂਕਾ ਤੇ ਪਿੰਡ ਵਾਸੀਆਂ ਦੇ ਸਾਂਝੇ ਸਹਿਯੋਗ ਨਾਲ ਇੱਕ ਸ਼ਾਨਦਾਰ ਖੇਡ ਮੇਲੇ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਵਿੱਚ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਖੇਡ ਮੇਲੇ ਦੌਰਾਨ ਨੌਜਵਾਨਾਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ ਅਤੇ ਵੱਖ-ਵੱਖ ਖੇਡ ਮੁਕਾਬਲਿਆਂ ਰਾਹੀਂ ਖਿਡਾਰੀਆਂ ਨੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ। ਜਤਿੰਦਰ ਭੱਲਾ ਨੇ ਖੇਡ ਮੇਲੇ ਦੌਰਾਨ ਖਿਡਾਰੀਆਂ ਨਾਲ ਜਾਣ ਪਛਾਣ ਕਰਦਿਆਂ ਮੈਚ ਸ਼ੁਰੂ ਕਰਵਾਏ। ਉਨ੍ਹਾਂ ਕਿਹਾ ਕਿ ਖੇਡਾਂ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ ਸਗੋਂ ਅਨੁਸ਼ਾਸਨ, ਟੀਮ ਵਰਕ ਤੇ ਸਕਾਰਾਤਮਕ ਸੋਚ ਵੀ ਵਿਕਸਤ ਕਰਦੀਆਂ ਹਨ। ਉਨ੍ਹਾਂ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਅੱਜ ਦੇ ਨੌਜਵਾਨ ਹੀ ਕੱਲ੍ਹ ਦੇ ਦੇਸ਼ ਦਾ ਭਵਿੱਖ ਹਨ। ਇਸ ਮੌਕੇ ਜਤਿੰਦਰ ਭੱਲਾ ਨੇ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਲਗਭਗ 180 ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਜਿਸ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਖੇਡਾਂ ਲਈ ਬਿਹਤਰ ਸਹੂਲਤਾਂ ਮਿਲਣਗੀਆਂ। ਚੇਅਰਮੈਨ ਭੱਲਾ ਨੇ ਕਿਹਾ ਕਿ ਸਰਕਾਰ ਵੱਲੋਂ ਖੇਡ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਖਿਡਾਰੀਆਂ ਨੂੰ ਵਿੱਤੀ ਸਹਾਇਤਾ, ਕੋਚਿੰਗ ਅਤੇ ਆ ਧੁ ਨਿ ਕ ਸਹੂਲਤਾਂ ਵੀ ਮੁ ਹੱ ਈ ਆ ਕ ਰ ਵਾ ਈ ਆਂ ਜਾ ਰਹੀਆਂ ਹਨ। ਯੁਵਕ ਭਲਾਈ ਕਲੱਬ ਦੇ ਅਹੁਦੇਦਾਰਾਂ ਨੇ ਜਤਿੰਦਰ ਭੱਲਾ ਦਾ ਵਿਸ਼ੇਸ ਤੌਰ 'ਤੇ ਸਨਮਾਨ ਕੀਤਾ। ਇਸ ਮੌਕੇ ਸੁਖਜਿੰਦਰ ਸਿੰਘ ਸਾਬਕਾ ਸਰਪੰਚ ਯੂਐਸਏ, ਹਰਪ੍ਰੀਤ ਸਿੰਘ ਢਿੱਲੋਂ ਪੰਜਾਬੀ ਲੋਕ ਗਾਇਕ, ਲੱਖਾ ਸਿੰਘ ਢਿੱਲੋਂ ਆਪ ਆਗੂ, ਗੋਲਡੀ ਮਲੂਕਾ, ਲਖਵੀਰ ਸਿੰਘ ਭਰੀ, ਇਕਬਾਲ ਸਿੰਘ ਢਿੱਲੋਂ, ਬੂਟਾ ਸਿੰਘ ਢਿੱਲੋਂ, ਮੱਖਣ ਸਿੰਘ, ਜੱਗੀ ਸਿੰਘ ਆਸਟਰੇਲੀਆ, ਭੋਲਾ ਸਿੰਘ ਆਸਟਰੇਲੀਆ, ਕੁਲਵਿੰਦਰ ਸਿੰਘ ਗੁੰਮਟੀ ਤੇ ਅਸਰਫ਼ ਅਲੀ ਹਾਜ਼ਰ ਸਨ।



# ਕੇਂਦਰੀ ਮੰਤਰੀ ਰਵਨੀਤ ਬਿੱਟੂ ਵੱਲੋਂ ਭੁੱਖ ਹੜਤਾਲੀ 'ਰਿਖੀ' ਨਾਲ ਫ਼ੋਨ 'ਤੇ ਰਾਬਤਾ, ਹੜਤਾਲ ਖ਼ਤਮ

ਧੂਰੀ, 28 ਜਨਵਰੀ (ਰਾਜੇਸ਼ਵਰ ਪਿੰਟੂ): ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਭਾਜਪਾ ਆਗੂ ਤੇ ਸਾਬਕਾ ਓ ਐਸ ਡੀ ਓਂਕਾਰ ਸਿੰਘ ਸਿੱਧੂ ਦੇ ਸੁਹਿਰਦ ਯਤਨਾ ਸਦਕਾ ਚਾਰ ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਜਸਵਿੰਦਰ ਰਿਖੀ ਕੱਕੜਵਾਲ ਤੇ ਸਾਥੀਆਂ ਨਾਲ ਵੀਡੀਓ ਕਾਲ ਰਾਹੀਂ ਧੂਰੀ ਓਵਰਬ੍ਰਿਜ ਦੀ ਰੇਲਵੇ ਵਿਭਾਗ ਦੀ ਬਕਾਇਆ ਮਨਜ਼ੂਰੀ ਮਿਲਣ ਦੇ ਦਾਅਵੇ ਮਗਰੋਂ ਇਸ ਵਿਵਾਦ ਮਸਲੇ ਦਾ ਸੁਖਾਂਤਕ ਅੰਤ ਹੋ ਗਿਆ। ਉਕਤ ਫੋਨ ਵਾਰਤਾ ਮਗਰੋਂ ਭਾਜਪਾ ਆਗੂ ਓਂਕਾਰ ਸਿੰਘ ਸਿੱਧੂ ਨੇ ਜੂਸ ਪਿਲਾਕੇ ਭੁੱਖ ਹੜਤਾਲ ਖ਼ਤਮ ਕਰਵਾਈ। ਯਾਦ ਰਹੇ ਭਾਜਪਾ ਆਗੂ ਜਸਵਿੰਦਰ ਰਿਖੀ ਕੱਕੜਵਾਲ ਪੁਲ ਮਾਮਲੇ 'ਤੇ ਹੋ ਰਹੀ ਸਿਆਸਤ ਵਿਰੁੱਧ 25 ਜਨਵਰੀ ਤੋਂ ਧੂਰੀ ਦੇ ਤ੍ਰਿਵੈਣੀ ਚੌਂਕ 'ਚ ਲਗਾਤਾਰ ਭੁੱਖ ਹੜਤਾਲ 'ਤੇ ਬੈਠੇ ਸਨ ਜਦੋਂ ਕਿ ਅੱਜ ਉਨ੍ਹਾਂ ਨਾਲ ਵਿੱਕੀ ਪਰੋਚਾ ਤੇ ਰਾਜਵੀਰ ਖੀਪਲ ਵੀ ਭੁੱਖ ਹੜਤਾਲ 'ਤੇ ਬੈਠ ਗਏ ਸਨ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਭੁੱਖ ਹੜਤਾਲੀਆਂ ਨਾਲ ਕੀਤੀ ਫੋਨ ਵਾਰਤਾ ਦੌਰਾਨ ਸਪਸ਼ਟ ਕੀਤਾ ਕਿ ਇਸ ਭੁੱਖ ਹੜਤਾਲ ਨਾਲ ਦੁਰਾਹੇ ਤੇ ਧੂਰੀ ਦੇ ਪੁਲਾਂ ਦਾ ਮਸਲਾ ਹੱਲ ਹੋ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਰੇਲਵੇ ਵਿਭਾਗ ਵੱਲੋਂ ਇਸ ਪੁਲ ਨੂੰ ਬਕਾਇਦਾ ਮਨਜ਼ੂਰੀ ਦੇ ਦਿੱਤੀ ਹੈ , ਜਿਸ ਮਗਰੋਂ ਹੁਣ 54 ਕਰੋੜ ਰੁਪੈ ਦੀ ਲਾਗਤ ਨਾਲ ਧੂਰੀ ਪੁਲ ਦਾ ਕੰਮ ਸ਼ੁਰੂ ਕਰਨ ਲਈ ਟੈਂਡਰ ਪ੍ਰਕ੍ਰਿਆ ਪੰਜਾਬ ਸਰਕਾਰ ਨੇ ਮੁਕੰਮਲ ਕਰਕੇ ਉਸਾਰੀ ਸ਼ੁਰੂ ਕਰਵਾਉਣੀ ਹੈ। ਇਸੇ ਤਰ੍ਹਾ ਦੋਰਾਹੇ ਵਾਲਾ ਪੁਲ 70 ਕਰੋੜ ਰੁਪੈ ਦੀ ਲਾਗਤ ਨਾਲ ਬਣਨ ਜਾ ਰਹੇ ਪੁਲ ਦਾ ਕੰਮ ਸ਼ੁਰੂ ਕਰਨ ਦਾ ਦਾਅਵਾ ਕੀਤਾ। ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਦਿਨਾਂ ਤੋਂ ਉਹ ਲਗਾਤਾਰ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਰਾਬਤਾ ਬਣਾਇਆ ਹੋਇਆ ਸੀ, ਜਿਸ ਮਗਰੋਂ ਓਵਰ ਬਰਿੱਜ ਦੀ ਐਨ.ਓ.ਸੀ ਦਾ ਮਾਮਲਾ ਤਣ ਪੱਤਣ ਲੱਗਾ ਹੈ। ਇਸ ਮੌਕੇ ਉਨ੍ਹਾਂ ਭੁੱਖ ਹੜਤਾਲੀ ਜਸਵਿੰਦਰ ਰਿਖੀ, ਵਿੱਕੀ ਪਰੋਚਾ ਤੇ ਰਾਜਵੀਰ ਖੀਪਲ ਨੂੰ ਜੂਸ ਪਿਲਾ ਕੇ ਰਸਮੀ ਤੌਰ 'ਤੇ ਭੁੱਖ ਹੜਤਾਲ ਖ਼ਤਮ ਕਰਵਾਈ। ਇਸ ਪੂਰੇ ਮਾਮਲੇ ਵਿੱਚ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਵੱਲੋਂ ਨਿਭਾਏ ਹਾਂ ਪੱਖੀ ਰੋਲ ਦੀ ਚੁਫੇਰੇ ਚਰਚਾ ਹੋ ਰਹੀ ਹੈ। ਉਧਰ ਭੁੱਖ ਹੜਤਾਲੀ ਜਸਵਿੰਦਰ ਰਿਖੀ ਨੇ ਪਾਰਟੀ ਦੇ ਆਗੂ, ਵਰਕਰਾਂ, ਵਪਾਰੀਆਂ ਅਤੇ ਵੱਖ ਵੱਖ ਜਨਤਕ ਜੱਥੇਬੰਦੀਆਂ ਦੇ ਆਗੂਆਂ ਵੱਲੋਂ ਦਿੱਤੇ ਅਥਾਹ ਸਹਿਯੋਗ ਲਈ ਧੰਨਵਾਦ ਕਰਦਿਆਂ ਸਪੱਸ਼ਟ ਕੀਤਾ ਕਿ ਉਨ੍ਹਾਂ ਭੁੱਖ ਹੜਤਾਲ ਮੁਲਤਵੀ ਕੀਤੀ ਹੈ, ਕਿਉਂਕਿ ਜੇਕਰ ਇੱਕ ਮਹੀਨੇ ਦੇ ਵਿੱਚ ਪੰਜਾਬ ਸਰਕਾਰ ਨੇ ਆਪਣੀਆਂ ਬਣਦੀਆਂ ਜਿੰਮੇਵਾਰੀਆਂ ਨਿਭਾ ਕੇ ਕੰਮ ਸ਼ੁਰੂ ਨਾ ਕਰਵਾਇਆ ਤਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਫ਼ਤਰ ਅੱਗੇ ਸੰਘਰਸ਼ ਸ਼ੁਰੂ ਕਰਨਗੇ। ਇਸ ਮੌਕੇ ਭਾਜਪਾ ਦੇ ਜਿਲ੍ਹਾ ਮੀਤ ਪ੍ਰਧਾਨ ਭੂਪੇਸ਼ ਕੁਮਾਰ, ਜਨਰਲ ਸਕੱਤਰ ਪ੍ਰਦੀਪ ਗਰਗ, ਜਗਦੇਵ ਜਿੰਦਲ, ਮੰਡਲ ਪ੍ਰਧਾਨ ਅਰੁਣ ਆਰੀਆ, ਸੀਨੀਅਰ ਸਿਟੀਜਨ ਐਸੋਸੀਏਸ਼ਨ ਦੇ ਪ੍ਰਧਾਨ ਜਗਦੀਸ ਸ਼ਰਮਾ, ਧੂਰੀ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ, ਧੂਰੀ ਵਿਕਾਸ ਮੰਚ ਦੇ ਉੱਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਹੰਸ ਰਾਜ ਬਜਾਜ ਆਦਿ ਵੀ ਹਾਜਰ ਸਨ।




# ਰਹਿਬਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ 'ਚ ਗਣਤੰਤਰ ਦਿਵਸ ਮਨਾਇਆ

ਭਵਾਨੀਗੜ੍ਹ, 28 ਜਨਵਰੀ (ਅਮਨਦੀਪ ਸਿੰਘ ਮਾਝਾ): ਰਹਿਬਰ ਗਰੁੱਪ ਆਫ ਇੰਸਟੀਚੂਸ਼ਨਜ਼, ਭਵਾਨੀਗੜ੍ਹ ਵਿੱਚ 26 ਜਨਵਰੀ ਨੂੰ 76ਵਾਂ ਗਣਤੰਤਰ ਦਿਵਸ ਬੜੇ ਹੀ ਉਤਸ਼ਾਹ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸੰਸਥਾ ਦੇ ਚੇਅਰਮੈਨ ਡਾ. ਐਮ. ਐਸ. ਖਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਅਤੇ ਸਟਾਫ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ਭਗਤੀ ਗੀਤ, ਕਵਿਤਾਵਾਂ ਅਤੇ ਰੰਗਾਰੰਗ ਸੰਸਕ੍ਰਿਤਿਕ ਪ੍ਰੋਗਰਾਮ ਪੇਸ਼ ਕਰਕੇ ਸਾਰਿਆਂ ਨੂੰ ਮੰਤ੍ਰਮੁਗਧ ਕਰ ਦਿੱਤਾ। ਅਧਿਆਪਕਾਂ ਨੇ ਗਣਤੰਤਰ ਦਿਵਸ ਦੀ ਮਹੱਤਤਾ ਅਤੇ ਭਾਰਤੀ ਸੰਵਿਧਾਨ ਦੇ ਮੂਲ ਸਿਧਾਂਤਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਚੇਅਰਮੈਨ ਡਾ. ਐਮ. ਐਸ. ਖਾਨ ਨੇ ਆਪਣੇ ਸੰਦੇਸ਼ ਵਿੱਚ ਕਿਹਾ, 'ਗਣਤੰਤਰ ਦਿਵਸ ਸਾਨੂੰ ਆਪਣੇ ਸੰਵਿਧਾਨ ਵਿੱਚ ਦਰਜ ਅਧਿਕਾਰਾਂ ਅਤੇ ਫ਼ਰਜ਼ਾਂ ਦੀ ਯਾਦ ਦਿਵਾਉਂਦਾ ਹੈ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਤੇ ਇਕ ਮਜ਼ਬੂਤ ਤੇ ਵਿਕਸਿਤ ਭਾਰਤ ਦੀ ਨੀਂਹ ਰੱਖਣ।' ਇਸ ਮੌਕੇ ਸੰਸਥਾ ਦੀ ਚੇਅਰਪਰਸਨ ਡਾ. ਕਾਫ਼ਿਲਾ ਖਾਨ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਸਿੱਖਿਆ ਹੀ ਉਹ ਸ਼ਕਤੀ ਹੈ ਜੋ ਸਮਾਜ ਅਤੇ ਦੇਸ਼ ਨੂੰ ਅੱਗੇ ਵਧਾਉਂਦੀ ਹੈ। ਗਣਤੰਤਰ ਦਿਵਸ ਸਾਨੂੰ ਇਕਤਾ, ਸਮਾਨਤਾ ਤੇ ਭਾਈਚਾਰੇ ਦੀ ਭਾਵਨਾ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਵਿਦਿਆਰਥੀਆਂ ਨੂੰ ਮਿਹਨਤ, ਅਨੁਸ਼ਾਸਨ ਤੇ ਦੇਸ਼ਭਗਤੀ ਨਾਲ ਆਪਣਾ ਭਵਿੱਖ ਸਵਾਰਨਾ ਚਾਹੀਦਾ ਹੈ।'



# ਪਿੰਡ ਸੰਗਤੀਵਾਲਾ ਵਿਖੇ ਬਾਬਾ ਵੱਡਭਾਗ ਸਿੰਘ ਦੀ ਯਾਦ 'ਚ ਧਾਰਮਿਕ ਸਮਾਗਮ ਕਰਵਾਇਆ

ਕੌਹਰੀਆਂ, 28 ਜਨਵਰੀ (ਅਵਤਾਰ ਸਿੰਘ ਜਟਾਣਾ): ਬਾਬਾ ਕਰਮ ਸਿੰਘ ਸੰਗਤੀਵਾਲਾ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਵਿਸ਼ੇਸ਼ ਸਹਿਯੋਗ ਨਾਲ, ਧੰਨ-ਧੰਨ ਬਾਬਾ ਵੱਡਭਾਗ ਸਿੰਘ ਜੀ ਦੀ ਪਵਿੱਤਰ ਯਾਦ ਵਿੱਚ ਇੱਕ ਵਿਸ਼ਾਲ ਖੂਨਦਾਨ ਅਤੇ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਮਿਤੀ 2 ਫਰਵਰੀ 2026, ਦਿਨ ਸੋਮਵਾਰ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਕਰਮ ਸਿੰਘ ਸੰਗਤੀਵਾਲਾ ਤੇ ਬਾਬਾ ਗੁਰਵਿੰਦਰ ਸਿੰਘ (ਕਾਲਾ)ਗੁਰਸੇਵਕ ਸਿੰਘ ਬਿਗੜਵਾਲ ਨੇ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ ਉਨ੍ਹਾਂ ਦੇ ਘਰ ਪਿੰਡ ਸੰਗਤੀਵਾਲਾ ਵਿਖੇ ਪ੍ਰਕਾਸ਼ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸਮੇ ਅਰਦਾਸ ਨਾਲ ਕੀਤੀ ਜਾਵੇਗੀ। ਇਸ ਉਪਰੰਤ, ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਖੂਨਦਾਨ ਕੈਂਪ ਅਤੇ ਅੱਖਾਂ ਤੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਜਾਵੇਗਾ।ਇਸ ਮਾਨਵਤਾ ਭਲਾਈ ਕਾਰਜ ਵਿੱਚ ਨੀਲਕੰਠ ਮਲਟੀਸਪੈਸ਼ਲਿਟੀ ਹਸਪਤਾਲ (ਸੁਨਾਮ) ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਅੱਖਾਂ ਦੀ ਜਾਂਚ ਅਤੇ ਜਨਰਲ ਮੈਡੀਕਲ ਚੈੱਕਅੱਪ ਬਿਲਕੁਲ ਮੁਫ਼ਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਚੈਰੀਟੇਬਲ ਬਲੱਡ ਸੈਂਟਰ, ਸੰਗਰੂਰ ਦੀ ਟੀਮ ਵੱਲੋਂ ਖੂਨਦਾਨ ਇਕੱਤਰ ਕਰਨ ਦੀ ਸੇਵਾ ਨਿਭਾਈ ਜਾਵੇਗੀ। ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਨਿਸ਼ਚਿਤ ਕੀਤਾ ਗਿਆ ਹੈ।ਮੁੱਖ ਸੇਵਾਦਾਰ ਬਾਬਾ ਕਰਮ ਸਿੰਘ ਜੀ ਨੇ ਸਮੂਹ ਨਗਰ ਨਿਵਾਸੀਆਂ ਅਤੇ ਇਲਾਕੇ ਦੀ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਵੱਧ ਤੋਂ ਵੱਧ ਖੂਨਦਾਨ ਕਰਕੇ ਇਸ ਨੇਕ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ।



# ਟ੍ਰੈਫਿਕ ਪੁਲਿਸ ਵੱਲੋਂ ਸੜਕ ਸੁਰੱਖਿਆ 'ਚ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ ਦੇ ਆਗੂਆਂ ਦਾ ਸਨਮਾਨ

ਸੁਨਾਮ ਊਧਮ ਸਿੰਘ ਵਾਲਾ, 28 ਜਨਵਰੀ (ਮੋਹਣ ਸ਼ਰਮਾ/ਰਾਓਵਰਿੰਦਰ ਮਠਾੜੂ): ਟ੍ਰੈਫਿਕ ਪੁਲਿਸ ਸੁਨਾਮ ਵੱਲੋਂ ਰਾਸ਼ਟਰੀ ਸੜਕ ਸੁਰੱਖਿਆ ਹਫ਼ਤੇ ਦੌਰਾਨ ਟ੍ਰੈਫਿਕ ਪੁਲਿਸ ਦਾ ਸਹਿਯੋਗ ਕਰਨ ਵਾਲੀਆਂ ਸੰਸਥਾਵਾਂ ਨੂੰ ਸਨਮਾਨਿਤ ਕਰਨ ਲਈ ਡੀ.ਐੱਸ.ਪੀ. ਦਫ਼ਤਰ ਵਿਖੇ ਸਮਾਗਮ ਕਰਵਾਇਆ। ਇਸ ਮੌਕੇ ਪੰਕਜ ਅਰੋੜਾ ਰੋਡ ਸੇਫਟੀ ਇੰਚਾਰਜ ਪੰਜਾਬ ਤੇ ਟ੍ਰੈਫਿਕ ਪੁਲਿਸ ਦੇ ਇੰਚਾਰਜ ਨਿਰਵੇ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੀ ਕਈ ਸੰਸਥਾਵਾਂ ਜਿਵੇਂ ਰੋਟਰੀ ਕਲੱਬ ਸਿਟੀ ਰੋਟਰੀ ਕਲੱਬ ਗਰੀਨ ਲਾਈਨ ਕਲੱਬ ਪ੍ਰਾਇਮ ਮਿਸ਼ਨ ਸਮਾਇਲ ਕਲੱਬ ਪੁਨੀਤ ਗੋਇਲ ਸੀ ਟੀ ਯੂਨੀਵਰਸਿਟੀ ਲੁਧਿਆਣਾ ਟ੍ਰੈਫਿਕ ਮਾਰਸ਼ਲ ਟੀਮ ਸੁਨਾਮ ਰੋਇਲ ਕਲੱਬ ਤੇ ਹੋਰ ਸੰਸਥਾਵਾਂ ਵੱਲੋਂ ਸਹਿਯੋਗ ਕਰਨ ਲਈ ਵਿਸ਼ੇਸ਼ ਤੌਰ 'ਤੇ ਡੀ.ਐੱਸ.ਪੀ. ਹਰਵਿੰਦਰ ਸਿੰਘ ਖਹਿਰਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪੰਜਕ ਅਰੋੜਾ ਨੇ ਦੱਸਿਆ ਕਿ ਅਸੀਂ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕਰਦੇ ਹਾਂ ਜਿਹਨਾਂ ਨੇ ਸਾਨੂੰ ਸੜਕ ਸੁਰੱਖਿਆ ਹਫ਼ਤੇ ਦੌਰਾਨ ਪੂਰਨ ਸਹਿਯੋਗ ਦਿੱਤਾ ਇਸ ਮੌਕੇ ਵੱਡੀ ਗਿੱਣਤੀ ਵਿੱਚ ਕਈ ਸੰਸਥਾਵਾਂ ਦੇ ਆਗੂ ਹਾਜ਼ਰ ਸਨ।

# ਪੱਤਰਕਾਰ ਗੁਰਮੇਲ ਭੰਮੇ ਨੂੰ ਸਦਮਾ, ਮਾਤਾ ਦਾ ਦੇਹਾਂਤ

ਸਰਦੂਲਗੜ੍ਹ/ਝਨੀਰ, 28 ਜਨਵਰੀ (ਲਛਮਣ ਸਿੱਧੂ): ਝੁਨੀਰ ਤੋਂ ਪੱਤਰਕਾਰ ਗੁਰਮੇਲ ਸਿੰਘ ਭੰਮੇ (ਹਲਕਾ ਮੀਡੀਆ ਇੰਚਾਰਜ ਆਪ) ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਮਾਤਾ ਬੀਬੋ ਕੌਰ (76) ਦੀ ਸੰਖੇਪ ਬਿਮਾਰੀ ਕਾਰਨ ਮੌਤ ਹੋ ਗਈ। ਇਸ ਦੁੱਖ ਦੀ ਘੜੀ 'ਚ ਵੱਖ-ਵੱਖ ਸਮਾਜਿਕ, ਧਾਰਮਿਕ, ਰਾਜਨੀਤਕ' ਸੰਘਰਸ਼ਸ਼ੀਲ ਤੇ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇ ਗੁਰਮੇਲ ਭੰਮਾਂ ਦੇ ਗ੍ਰਹਿ ਵਿਖੇ ਪਹੁੰਚਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਪਰਿਵਾਰ ਨੂੰ ਵਾਹਿਗੁਰੂ ਦਾ ਭਾਣਾ ਮੰਨਣ ਦੀ ਅਪੀਲ ਕੀਤੀ ਹੈ।



# ਸੰਤ ਸ਼੍ਰੋਮਣੀ ਇਛਾਪੂਰਤੀ ਬਾਲਾ ਜੀ ਚੈਰੀਟੇਬਲ ਟਰੱਸਟ ਨੇ ਲਗਾਇਆ ਡਾਕਟਰੀ ਜਾਂਚ ਕੈਂਪ

ਸੁਨਾਮ ਊਧਮ ਸਿੰਘ ਵਾਲਾ, 28 ਜਨਵਰੀ (ਮੋਹਣ ਸ਼ਰਮਾ/ਰਾਓਵਰਿੰਦਰ ਮਠਾੜੂ): ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਤੇ ਸ੍ਰੀ ਸੰਗਮੇਸ਼ਵਰ ਮਹਾਂਦੇਵ ਅਰੁਣਾਏ ਚੈਰੀਟੇਬਲ ਸੋਸਾਇਟੀ ਸੁਨਾਮ ਵੱਲੋਂ ਮੋਬਾਈਲ ਹਸਪਤਾਲ ਵੈਨ ਰਾਹੀਂ ਮੈਡੀਕਲ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਸ੍ਰੀ ਬਾਲਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਗਣਤੰਤਰ ਦਿਵਸ ਦੇ ਸ਼ੁਭ ਮੌਕੇ 'ਤੇ ਮੋਬਾਈਲ ਹਸਪਤਾਲ ਵੈਨ ਰਾਹੀਂ ਲੌਂਗੋਵਾਲ ਵਿਖੇ 107ਵਾਂ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਾਨੂੰ ਸਿਖਾਉਂਦਾ ਹੈ ਕਿ ਲੋਕਤੰਤਰ ਦੀ ਰੱਖਿਆ ਅਤੇ ਸੰਵਿਧਾਨਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਇਹ ਦਿਨ ਸਾਨੂੰ ਆਪਣੇ ਦੇਸ਼ 'ਤੇ ਮਾਣ ਮਹਿਸੂਸ ਕਰਵਾਉਂਦਾ ਹੈ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦਾ ਹੈ। ਗਣਤੰਤਰ ਦਿਵਸ ਸਿਰਫ਼ ਇੱਕ ਉਤਸਵ ਨਹੀਂ, ਸਗੋਂ ਸਾਡੇ ਲੋਕਤੰਤਰ ਦੀ ਰੂਹ ਦਾ ਪ੍ਰਤੀਕ ਹੈ। ਉਹਨਾਂ ਨੇ ਦੱਸਿਆ ਕਿ

ਇਹ ਕੈਂਪ ਸਮਾਜ ਸੇਵਾ ਨੂੰ ਸਮਰਪਿਤ ਡਾਕਟਰ ਪ੍ਰਭਜੋਤ ਸਿੰਘ ਢਿੱਲੋਂ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਡਾ. ਢਿੱਲੋਂ ਨੇ ਦੱਸਿਆ ਕਿ ਬੇਮੌਸਮੀ ਬਾਰਸ਼ ਅਤੇ ਗੜ੍ਹੇਮਾਰੀ ਕਾਰਨ ਬਿਮਾਰੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ।

ਇਸ ਕਾਰਨ ਖੰਘ, ਜ਼ੁਕਾਮ, ਬੁਖਾਰ ਅਤੇ ਸਰੀਰ ਵਿੱਚ ਦਰਦ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ।ਲੋਕਾਂ ਨੂੰ ਗਰਮ ਕੱਪੜੇ ਪਾ ਕੇ ਹੀ ਬਾਹਰ ਨਿਕਲਣਾ ਚਾਹੀਦਾ ਹੈ। ਮੋਟਰਸਾਈਕਲ, ਸਕੂਟਰ ਚਲਾਉਂਦੇ ਸਮੇਂ ਟੋਪੀ ਅਤੇ ਮਾਸਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਜਨਾਲੀਆ ਨੇ ਦੱਸਿਆ ਕਿ ਕੈਂਪ ਦੌਰਾਨ ਸ੍ਰੀ ਬਾਲਾ ਜੀ ਟਰੱਸਟ ਵੱਲੋਂ ਬਲੱਡ ਪ੍ਰੈਸ਼ਰ (B.P.), ਪਲਸ ਅਤੇ ਬੁਖਾਰ ਆਦਿ ਦੀ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਪਿੰਡ-ਪਿੰਡ ਜਾ ਕੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਲੋੜਵੰਦ ਲੋਕਾਂ ਦੀ ਸੇਵਾ ਕੀਤੀ ਜਾ ਸਕੇ। ਉਨ੍ਹਾਂ ਭਰੋਸਾ ਦਿੱਤਾ ਕਿ ਮਾਨਵਤਾ ਦੀ ਸੇਵਾ ਦਾ ਇਹ ਕਾਰਜ ਪੂਰੀ ਲਗਨ ਨਾਲ ਜਾਰੀ ਰਹੇਗਾ। ਇਸ ਮੌਕੇ ਡਾ. ਪ੍ਰਭਜੋਤ ਸਿੰਘ ਢਿੱਲੋਂ, ਆਰੀਅਨ ਗਰਗ, ਚਕਸ਼ੂ ਗੋਇਲ, ਡਾ. ਨਰਿੰਦਰ ਗਰਗ ਆਦਿ ਹਾਜ਼ਰ ਸਨ।



# ਹੈਰੀਟੇਜ ਪਬਲਿਕ ਸਕੂਲ 'ਚ ਗਣਤੰਤਰ ਦਿਵਸ ਉਤਸ਼ਾਹ ਤੇ ਜੋਸ਼ ਨਾਲ ਮਨਾਇਆ

ਭਵਾਨੀਗੜ੍ਹ, 28 ਜਨਵਰੀ (ਅਮਨਦੀਪ ਸਿੰਘ ਮਾਝਾ): ਹੈਰੀਟੇਜ ਪਬਲਿਕ ਸਕੂਲ ਦੇ ਵਿਹੜੇ ਵਿੱਚ ਗਣਤੰਤਰ ਦਿਵਸ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਗਿਆ। ਇਸ ਦਿਹਾੜੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰਾਸ਼ਟਰੀ ਮੁੱਲਾਂ ਪ੍ਰਤੀ ਆਦਰ, ਸੰਵਿਧਾਨ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਤੇ ਦੇਸ਼ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਨ ਦੀ ਪ੍ਰੇਰਨਾ ਦੇਣਾ ਸੀ। ਸਭ ਤੋਂ ਪਹਿਲਾਂ ਸਕੂਲ ਵਿੱਚ ਸਕੂਲ ਪ੍ਰਬੰਧਕ ਅਨਿਲ ਮਿੱਤਲ, ਆਸ਼ਿਮਾ ਮਿੱਤਲ ਤੇ ਸਕੂਲ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਵੱਲੋਂ ਹੈਰੀਟੇਜ ਦੇ ਵਿਹੜੇ ਵਿੱਚ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦੇ ਹੋਏ ਵਿਦਿਆਰਥੀਆਂ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਇਸ ਪ੍ਰੋਗਰਾਮ ਦੀਆਂ ਤਿਆਰੀਆਂ ਵਿਸ਼ੇਸ਼ ਤੌਰ 'ਤੇ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਦੀ ਦੇਖ-ਰੇਖ ਹੇਠ ਕੀਤੀਆਂ ਗਈਆਂ ਤੇ ਸਕੂਲ ਦੇ ਹਰ ਕੋਨੇ ਨੂੰ ਤਿਰੰਗੇ ਨਾਲ ਸਜਾਇਆ ਗਿਆ। ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਤਿਰੰਗਾ ਝੰਡਾ ਆਪਣੇ ਹੱਥਾਂ ਵਿੱਚ ਫੜ ਕੇ ਆਪਣੇ ਦੇਸ਼ ਪ੍ਰਤੀ ਪਿਆਰ ਤੇ ਦੇਸ਼ ਭਗਤੀ ਦਾ ਪ੍ਰਗਟਾਵਾ ਕੀਤਾ ਤੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤਾਂ 'ਤੇ ਡਾਂਸ ਕੀਤਾ ਤੇ ਦੇਸ਼ ਨਾਲ ਸਬੰਧਤ ਕਵਿਤਾਵਾਂ ਤੇ ਗੀਤ ਗਾਏ। ਸਕੂਲ ਵਿੱਚ ਵਿਦਿਆਰਥੀਆਂ ਲਈ ਦੇਸ਼ ਭਗਤੀ ਨਾਲ ਸਬੰਧਤ ਇੱਕ ਪ੍ਰੇਰਣਾਦਾਇਕ ਮੂਵੀ ਦਾ ਆਯੋਜਨ ਕੀਤਾ ਗਿਆ ਤੇ ਵਿਦਿਆਰਥੀਆਂ ਵੱਲੋਂ ਰੰਗ-ਬਿਰੰਗੀਆਂ ਪਤੰਗਾਂ ਚੜ੍ਹਾਈਆਂ ਗਈਆਂ, ਜੋ ਖੁਸ਼ੀ ਤੇ ਆਜ਼ਾਦੀ ਦਾ ਪ੍ਰਤੀਕ ਬਣੀਆਂ ਤੇ ਗਣਤੰਤਰ ਦਿਵਸ ਸਮਾਰੋਹ ਨੂੰ ਯਾਦਗਾਰ ਬਣਾ ਗਈਆਂ। ਇਸ ਮੌਕੇ ਤੇ ਭਵਾਨੀਗੜ੍ਹ ਸਟੇਡੀਅਮ 'ਚ ਵਿਦਿਆਰਥੀਆਂ ਨੇ ਸੱਭਿਆਚਾਰਕ ਗਤੀਵਿਧੀਆਂ ਤੇ ਐਨ.ਸੀ.ਸੀ ਵਿਦਿਆਰਥੀਆਂ ਨੇ ਪਰੇਡ ਵਿਚ ਭਾਗ ਲੈ ਕੇ ਸਰਟੀਫਿਕੇਟ ਪ੍ਰਾਪਤ ਕੀਤੇ । ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ 'ਗਣਤੰਤਰ ਦਿਵਸ ਸਾਨੂੰ ਆਪਣੇ ਸੰਵਿਧਾਨ ਦੀ ਮਹੱਤਤਾ ਤੇ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦਾ ਹੈ। ਸਾਨੂੰ ਸਦਾ ਇਮਾਨਦਾਰੀ, ਅਨੁਸ਼ਾਸਨ ਤੇ ਸੇਵਾ ਦੀ ਭਾਵਨਾ ਨਾਲ ਅੱਗੇ ਵਧਣਾ ਚਾਹੀਦਾ ਹੈ।' ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਪਵਿੱਤਰ ਦਿਹਾੜੇ ਦੀਆਂ ਵਧਾਈਆਂ ਵੀ ਦਿੱਤੀਆਂ।



## ਵਾਈ.ਐਸ. ਕਾਲਜ ਵਿੱਚ ਡਾਵਿੰਚੀ ਰਿਜ਼ਾਲਵ ਸਾਫ਼ਟਵੇਅਰ ਨਾਲ ਵੀਡੀਓ ਐਡੀਟਿੰਗ ਸੈਸ਼ਨ ਕਰਵਾਇਆ



ਬਰਨਾਲਾ, 28 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਵਾਈ.ਐਸ ਕਾਲਜ, ਜਿਸਨੂੰ ਸਾਲ ਦਾ ਸਭ ਤੋਂ ਉਭਰਦਾ ਹੋਇਆ ਉੱਚ ਸਿੱਖਿਆ ਸੰਸਥਾਨ ਘੋਸ਼ਿਤ ਕੀਤਾ ਗਿਆ ਹੈ, ਹੁਨਰ-ਅਧਾਰਤ ਸਿੱਖਿਆ ਵਿੱਚ ਨਵੇਂ ਮਿਆਰ ਸਥਾਪਤ ਕਰ ਰਿਹਾ ਹੈ। ਵਿਦਿਆਰਥੀਆਂ ਨੂੰ ਪ੍ਰਯੋਗਾਤਮਕ ਸਿੱਖਿਆ ਅਤੇ ਉਦਯੋਗਕ ਜਾਣਕਾਰੀ ਦੇਣ ਦੀ ਵਚਨਬੱਧਤਾ ਤਹਿਤ, ਕਾਲਜ ਵੱਲੋਂ ਬੀ.ਕਾਮ ਵਿਦਿਆਰਥੀਆਂ ਲਈ ਵੀਡੀਓ ਐਡਿਟਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜੋ 28 ਜਨਵਰੀ ਨੂੰ ਟ੍ਰੇਨਿੰਗ ਪ੍ਰੋਗਰਾਮ ਦੇ ਪਹਿਲੇ ਦਿਨ ਰੱਖਿਆ ਗਿਆ।

ਇਹ ਸੈਸ਼ਨ ਪੇਸ਼ੇਵਰ ਸਾਫਟਵੇਅਰ ਡਾਵਿੰਚੀ ਰਿਜ਼ਾਲਵ ਰਾਹੀਂ ਕਰਵਾਇਆ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਆਧੁਨਿਕ ਵੀਡੀਓ ਐਡਿਟਿੰਗ ਟੂਲਜ਼ ਅਤੇ ਤਕਨੀਕਾਂ ਦੀ ਪ੍ਰਯੋਗਿਕ ਜਾਣਕਾਰੀ ਮਿਲੀ। ਇਸ ਪਹਲ ਦਾ ਮਕਸਦ ਵਿਦਿਆਰਥੀਆਂ ਦੇ ਡਿਜ਼ੀਟਲ ਹੁਨਰ ਵਿਕਸਿਤ ਕਰਨਾ ਅਤੇ ਮੀਡੀਆ ਪ੍ਰੋਡਕਸ਼ਨ ਦੇ ਰਚਨਾਤਮਕ ਅਤੇ ਤਕਨੀਕੀ ਪੱਖਾਂ ਨਾਲ ਜਾਣੂ ਕਰਵਾਉਣਾ ਸੀ, ਜੋ ਅੱਜ ਦੇ ਰੋਜ਼ਗਾਰ ਬਾਜ਼ਾਰ ਵਿੱਚ ਬਹੁਤ ਮਹੱਤਵਪੂਰਨ ਹਨ। ਇਹ ਸੈਸ਼ਨ ਇੰਟਰਨ ਫੈਕਲਟੀ ਮੋਹਿਤ ਕੁਮਾਰ ਵੱਲੋਂ ਸਫਲਤਾਪੂਰਵਕ ਕਰਵਾਇਆ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵੀਡੀਓ ਐਡਿਟਿੰਗ ਦੀਆਂ ਬੁਨਿਆਦੀ ਜਾਣਕਾਰੀਆਂ, ਸਾਫਟਵੇਅਰ ਇੰਟਰਫੇਸ ਅਤੇ ਇਸ ਦੇ ਵਰਤੋਂਕਾਰੀ ਪੱਖਾਂ ਬਾਰੇ ਦੱਸਿਆ। ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਭਾਗ ਲਿਆ, ਜਿਸ ਨਾਲ ਪਹਿਲਾ ਦਿਨ ਬਹੁਤ ਹੀ ਰੁਚਿਕਰ ਅਤੇ ਸੰਵਾਦਾਤਮਕ ਬਣਿਆ। ਡਾਇਰੈਕਟਰ ਵਰੁਣ ਭਾਰਤੀ ਨੇ ਇਸ ਪਹਲ ਦੀ ਸਰਾਹਨਾ ਕਰਦਿਆਂ ਕਾਮਰਸ ਸਿੱਖਿਆ ਨਾਲ ਤਕਨੀਕੀ ਅਤੇ ਰਚਨਾਤਮਕ ਹੁਨਰਾਂ ਦੇ ਮੇਲ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੇ ਸੈਸ਼ਨ ਵਿਦਿਆਰਥੀਆਂ ਨੂੰ ਉਦਯੋਗ ਲਈ ਤਿਆਰ ਕਰਨ ਅਤੇ ਆਧੁਨਿਕ ਡਿਜ਼ੀਟਲ ਟੂਲਜ਼ ਦੀ ਵਰਤੋਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ।

ਸੈਸ਼ਨ ਵਿੱਚ ਹਾਜ਼ਰ ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਸਿੱਖਣ ਦੇ ਮਾਹੌਲ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ 'ਤੇ ਸੰਤੋਸ਼ ਪ੍ਰਗਟ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਮੌਕਿਆਂ ਦਾ ਪੂਰਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਅਤੇ ਮੌਜੂਦਾ ਉਦਯੋਗਿਕ ਲੋੜਾਂ ਅਨੁਸਾਰ ਹੁਨਰ ਵਿਕਾਸ ਕਾਰਜਕ੍ਰਮ ਆਯੋਜਿਤ ਕਰਨ ਲਈ ਫੈਕਲਟੀ ਦੀ ਪ੍ਰਸ਼ੰਸਾ ਕੀਤੀ।

ਉਪ-ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਡਾਵਿੰਚੀ ਰਿਜ਼ਾਲਵ ਵਰਗੇ ਸਾਫਟਵੇਅਰ ਨਾਲ ਜਾਣ-ਪਛਾਣ ਵਿਦਿਆਰਥੀਆਂ ਦੀ ਸੋਚ ਨੂੰ ਕਿਤਾਬਾਂ ਤੋਂ ਪਰੇ ਵਧਾਉਂਦੀ ਹੈ। ਉਨ੍ਹਾਂ ਅਕਾਦਮਿਕ ਗਿਆਨ ਦੇ ਨਾਲ ਪ੍ਰਯੋਗਿਕ ਹੁਨਰ ਜੋੜਨ ਵਾਲੀ ਸਮੱਗਰੀਕ ਸਿੱਖਿਆ ਪ੍ਰਤੀ ਸੰਸਥਾ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਹ ਸੈਸ਼ਨ ਵਿਦਿਆਰਥੀਆਂ ਵਿੱਚ ਪ੍ਰਤਿਭਾ, ਨਵੀਨਤਾ ਅਤੇ ਸ਼੍ਰੇਸ਼ਠਤਾ ਨੂੰ ਨਿਰੰਤਰ ਸਿੱਖਣ ਦੀਆਂ ਪਹਲਾਂ ਰਾਹੀਂ ਵਿਕਸਤ ਕਰਨ ਦੀ ਵਾਈਐਸ ਕਾਲਜ ਦੀ ਦੂਰਦਰਸ਼ੀ ਸੋਚ ਨੂੰ ਦਰਸਾਉਂਦਾ ਹੈ।

## ਪਿੰਡ ਸ਼ੇਰਗੜ੍ਹ ਵਿਚ ਮਨਾਇਆ ਦੂਜਾ ਸਨਮਾਨ ਸਮਾਰੋਹ

ਖਨੌਰੀ, 28 ਜਨਵਰੀ (ਓਮਪ੍ਰਕਾਸ਼ ਮੁਆਲ, ਕਰਮਵੀਰ ਸਿੰਘ) : 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ ਤੇ ਇਸ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਸਨ ਜਿਨ੍ਹਾਂ ਕਰਕੇ ਦੇਸ਼ ਦੇ ਹਰ ਨਾਗਰਿਕ ਨੂੰ ਤੇ ਮਹਿਲਾਵਾਂ ਨੂੰ ਬਰਾਬਰ ਦੇ ਹੱਕ ਅਧਿਕਾਰ ਮਿਲੇ। ਇਸੇ ਨੂੰ ਮੁੱਖ ਰੱਖਦਿਆਂ ਗਣਤੰਤਰ ਦਿਵਸ ਨੂੰ ਸਮਰਪਿਤ ਇਹ ਦੂਜਾ ਸਨਮਾਨ ਸਮਾਰੋਹ ਨਜ਼ਦੀਕੀ ਪਿੰਡ ਸ਼ੇਰਗੜ੍ਹ ਵਿਚ ਕਰਵਾਇਆ ਗਿਆ। ਇਸ ਵਿਚ ਪਿੰਡ ਸ਼ੇਰਗੜ੍ਹ ਦੇ ਨੌਕਰੀ 'ਤੇ ਲੱਗੇ ਨੌਜਵਾਨਾਂ, ਖੇਡਾਂ ਵਿਚ ਕਾਮਯਾਬੀ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਕੋਰ ਕੋਰੀਓਗਰਾਫੀਆਂ ਕੀਤੀਆਂ ਗਈਆਂ ਜਿਹੜੀਆਂ ਕਿ ਖਿੱਚ ਦੇ ਕੇਂਦਰ ਰਹੀਆਂ ਇਸ ਸਮਰੋਹ ਵਿਚ ਸਕੂਲਾਂ ਦੇ ਵਿਦਿਆਰਥੀਆਂ ਦੇ ਨਾਲ ਨਾਲ ਪਿੰਡ ਵਾਸੀ ਤੇ ਨੇੜੇ ਤੇੜੇ ਦੇ ਪਿੰਡਾਂ ਸ਼ਹਿਰਾਂ ਵਿਚੋਂ ਵੀ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਪਹੁਚੇਂ। ਪਿੰਡ ਸ਼ੇਰਗੜ੍ਹ ਦੇ ਨੌਜਵਾਨਾਂ ਵੱਲੋਂ ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਮੂਹ ਪਿੰਡ ਵਾਸੀਆਂ ਨਾਲ ਬਾਹਰੋਂ ਆਏ ਸਮਾਜ ਸੇਵੀਆਂ ਤੇ ਪਿੰਡ ਵਾਲੀ ਪੰਚਾਇਤ ਤੇ ਖੁਰਦ ਦੀ ਪੰਚਾਇਤ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਸਨਮਾਨਿਤ ਵੀ ਕੀਤਾ ਗਿਆ।

## 10 ਲੱਖ ਤੱਕ ਮੁਫ਼ਤ ਇਲਾਜ ਦੇਣ ਦੀ ਕੀਤੀ ਸ਼ਲਾਘਾ



ਬਰਨਾਲਾ , 28 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ ਅਤੇ ਪੰਜਾਬ ਦੇ ਲੋਕਾਂ ਦੇ ਇਲਾਜ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਕੌਂਸਲਰ ਬਸਾਵਾ ਸਿੰਘ ਭਰੀ ਸੋਸ਼ਲ ਮੀਡੀਆ ਹਲਕਾ ਇੰਚਾਰਜ ਬਰਨਾਲਾ ਨੇ ਕੀਤਾ। ਬੀਤੇ ਦਿਨੀਂ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਮੁਹਾਲੀ ਵਿਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਇਤਿਹਾਸਕ ਉਦਘਾਟਨ ਕੀਤਾ ਗਿਆ। ਬਸਾਵਾ ਸਿੰਘ ਭਰੀ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੋਈ ਆਮਦਨ ਦੀ ਪਾਬੰਦੀ ਜਾਂ ਉਮਰ ਸੀਮਾ ਨਹੀਂ ਹੈ। ਪੰਜਾਬ ਦੇ ਲੋਕਾਂ ਕੋਲ ਆਧਾਰ ਕਾਰਡ ਅਤੇ ਵੋਟਰ ਕਾਰਡ ਹੋਣਾ ਜ਼ਰੂਰੀ ਹੈ ਅਤੇ ਪੂਰਾ ਪਰਿਵਾਰ ਇਸ ਯੋਜਨਾਂ ਦਾ ਲਾਭ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਇਕ ਇਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਸਪਤਾਲ ਜਾਣ ਵੇਲੇ ਸਾਰੇ ਟੈਸਟਾਂ, ਦਵਾਈਆਂ ਅਤੇ ਸਰਜਰੀਆਂ ਦਾ ਸਾਰਾ ਖਰਚਾ ਸ਼ਾਮਿਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਵਿਚ ਦਾਖਲ ਹੁੰਦੇ ਹੀ ਸਕੀਮ ਕਾਰਡ ਚਾਲੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਨਾਗਰਿਕ, ਪੈਨਸ਼ਨਰ, ਸਰਕਾਰੀ ਕਰਮਚਾਰੀ ਸਾਰੇ ਪੰਜਾਬ ਵਾਸੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਇਸ ਸਹੂਲਤ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਦੀ ਬਿਮਾਰੀ ਦਾ ਇਲਾਜਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕੰਪਨੀਆਂ ਪਹਿਲਾਂ ਬੀਮਾ ਲਾਭ ਦਿੰਦੀਆਂ ਸਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਰੀਆਂ ਸ਼ਰਤਾਂ ਖਤਮ ਕਰ ਦਿੱਤੀਆਂ ਹਨ ਅਤੇ ਪੰਜਾਬ ਦੇ ਹਰ ਵਾਸੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਪ੍ਰਦਾਨ ਕਰਨ ਦਾ ਐਲਾਨ ਕੀਤਾ ਹੈ, ਜਿਸਦੀ ਸ਼ੁਰੂਆਤ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰ ਦਿੱਤੀ ਗਈ ਹੈ। ਇਸ ਯੋਜਨਾ ਤਹਿਤ ਪੰਜਾਬ ਦੇ ਲੋਕਾਂ 'ਤੇ ਪੈਣ ਵਾਲਾ ਵੱਡਾ ਬੋਝ ਘਟੇਗਾ। ਆਮ ਆਦਮੀ ਪਾਰਟੀ ਦੇ ਯੂਥ ਵਲੰਟੀਅਰ ਅਤੇ ਸਿਹਤ ਕਰਮਚਾਰੀ ਘਰ ਘਰ ਜਾਣਗੇ ਅਤੇ ਲੋਕਾਂ ਨੂੰ ਇਸ ਯੋਜਨਾ ਵਿਚ ਰਜਿਸਟਰਡ ਕਰਨਗੇ। ਅਖ਼ੀਰ ਵਿਚ ਬਸਾਵਾ ਸਿੰਘ ਭਰੀ ਵੱਲੋ ਮਾਨ ਸਰਕਾਰ ਦਾ ਧੰਨਵਾਦ ਕੀਤਾ, ਉੱਥੇ ਹੀ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਇਲਾਜ ਦੀ ਜ਼ਿੰਮੇਵਾਰੀ ਹੁਣ ਮਾਨ ਸਰਕਾਰ ਦੀ ਹੋਵੇਗੀ।

## ਸਾਬਕਾ ਸੈਨਿਕਾਂ ਨੇ78ਵਾਂ ਆਰਮੀ ਡੇ ਅਤੇ ਰੀਪਬਲਿਕ ਡੇ ਮਨਾਇਆ

### ਬਰਨਾਲਾ ਦੇ ਕਲਾਕਾਰਾਂ ਅਤੇ ਹੋਣਹਾਰ ਬੱਚਿਆਂ ਨੂੰ ਕੀਤਾ ਸਨਮਾਨਿਤ



ਬਰਨਾਲਾ,28 ਜਨਵਰੀ ( ਬਘੇਲ ਸਿੰਘ ਧਾਲੀਵਾਲ) : ਅੱਜ ਸਥਾਨਕ ਬਰਨਾਲਾ ਕਲੱਬ ਵਿਖੇ ਸਾਬਕਾ ਸੈਨਿਕ ਵਿੰਗ ਵੱਲੋ 78ਵਾਂ ਆਰਮੀ ਡੇ ਅਤੇ ਰੀਪਬਲਿਕ ਡੇ ਬੜੀ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਬਹੁਤ ਸਾਰੇ ਸਾਬਕਾ ਸੈਨਿਕਾ ਨੇ ਭਾਗ ਲਿਆ ਸੱਭ ਤੋਂ ਪਹਿਲਾਂ ਦੋ ਮਿੰਟ ਮੌਨ ਖੜ੍ਹੇ ਹੋਕੇ ਕਸ਼ਮੀਰ ਵਿੱਚ ਇੱਕ ਘਟਨਾ ਦੌਰਾਨ ਸ਼ਹੀਦ ਹੋਏ 10 ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ।ਇਹ ਜਾਣਕਾਰੀ ਪ੍ਰੈਸ ਦੇ ਨਾ ਜਾਰੀ ਕਰਦਿਆ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਭੁਪਿੰਦਰ ਸਿੰਘ ਧਨੌਲਾ ਉੱਘੇ ਚਿੱਤਰਕਾਰ ਅਤੇ ਪੈਰਾਗਲਾਈਡਰ ਨੂੰ ਮੀਤ ਮਾਨ ਉੱਘੀ ਪੰਜਾਬੀ ਸਿੰਗਰ ਨੂੰ ਸੁਖਦੀਪ ਕੌਰ ਭੰਗੂ ਨੂੰ ਮਾਸਟਰ ਅਥਲੈਟਿਕਸ ਵਿੱਚ ਗੋਲਡ ਮੈਡਲ ਲਈ ਸੁਮਨਪ੍ਰੀਤ ਕੌਰ ਰਾਈਫ਼ਲ ਸ਼ੂਟਿੰਗ ਲਈ ਫਤਹਿਦੀਪ ਸਿੰਘ ਭੰਗੂ ਰਾਇਫਲ ਸ਼ੂਟਿੰਗ ਵਿੱਚ ਦੋਵਾਂ ਨੂੰ ਗੋਲਡ ਮੈਡਲ ਲਈ ਖੇਡਾਂ ਵਿੱਚ ਮੱਲਾ ਮਾਰਨ ਵਾਲੇ ਅਤੇ ਗੋਲਡ ਮੈਡਲ ਹਾਸਲ ਕਰਨ ਵਾਲੇ ਵਾਈ ਐੱਸ ਗਰੁੱਪ ਆਫ ਕਾਲਜ ਦੇ 7 ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਵਾਈ ਐੱਸ ਗਰੁੱਪ ਦੇ ਹੋਰ 13 ਬੱਚਿਆਂ ਨੂੰ ਜਿੰਨਾ ਨੇ ਛੋਟੀ ਉਮਰੇ ਕਿਤਾਬਾਂ ਲਿਖ ਕੇ ਨਾਮਣਾ ਖੱਟਿਆ ਹੈ ਨੂੰ ਵਿਸੇਸ ਸਨਮਾਨ ਦਿੱਤਾ ਗਿਆ ਸਮੂਹ ਸਨਮਾਨਿਤ ਸਖ਼ਸ਼ੀਅਤਾਂ ਅਤੇ ਬੱਚਿਆਂ ਨੂੰ ਵਧਾਈ ਅਤੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੰਦਿਆਂ ਸਿੱਧੂ ਨੇ ਆਏ ਸਾਰੇ ਸਾਬਕਾ ਸੈਨਿਕਾਂ ਦਾ ਧੰਨਵਾਦ ਕੀਤਾ।ਅਤੇ ਸਾਰੇ ਸਾਬਕਾ ਸੈਨਿਕਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਇਸ ਮੌਕੇ ਕਰਨਲ ਐੱਸ ਐੱਸ ਪੰਨੂ ਕਰਨਲ ਐਚ ਐੱਸ ਸੰਧੂ ਕਰਨਲ ਗਿੱਲ ਕੈਪਟਨ ਬਿੱਕਰ ਸਿੰਘ ਕੈਪਟਨ ਵਿਕਰਮ ਸਿੰਘ ਕੈਪਟਨ ਹਰਜਿੰਦਰ ਸਿੰਘ ਕੈਪਟਨ ਤਾਰਾ ਸਿੰਘ ਸੂਬੇਦਾਰ ਧੰਨਾ ਸਿੰਘ ਸੂਬੇਦਾਰ ਸਵਰਨਜੀਤ ਸਿੰਘ ਭੰਗੂ ਸੂਬੇਦਾਰ ਸੌਦਾਗਰ ਸਿੰਘ ਸੂਬੇਦਾਰ ਇੰਦਰਜੀਤ ਸਿੰਘ ਸੂਬੇਦਾਰ ਕਰਮਜੀਤ ਸ਼ਰਮਾ ਸੂਬੇਦਾਰ ਗੁਰਜੰਟ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਸੂਬੇਦਾਰ ਜਸਵੀਰ ਸਿੰਘ ਵਾਰੰਟ ਅਫ਼ਸਰ ਜਗਦੀਪ ਸਿੰਘ ਸੂਬੇਦਾਰ ਨਾਇਬ ਸਿੰਘ ਹੌਲਦਾਰ ਬਸੰਤ ਸਿੰਘ ਹੌਲਦਾਰ ਰੂਪ ਸਿੰਘ ਹੌਲਦਾਰ ਬਲਦੇਵ ਸਿੰਘ ਹਮੀਦੀ ਹੌਲਦਾਰ ਹੌਲਦਾਰ ਹਰਬੰਸ ਸਿੰਘ ਹੌਲਦਾਰ ਜਗਤਾਰ ਸਿੰਘ ਹੌਲਦਾਰ ਜਸਵਿੰਦਰ ਕੱਟੂ ਹੌਲਦਾਰ ਸੁਖਵਿੰਦਰ ਭੱਠਲ ਹੌਲਦਾਰ ਸਰਾਜ ਬੜਬਰ ਅਤੇ ਸੈਕੜੇ ਸਾਬਕਾ ਫੌਜੀ ਮੌਜੂਦ ਸਨ।

## ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਵਿਖੇ ਸਾਇੰਸ ਅਤੇ ਵਿਰਾਸਤੀ ਮੇਲਾ ਕਰਵਾਇਆ

ਭਦੌੜ 28 ਜਨਵਰੀ (ਸੁਖਵਿੰਦਰ ਪਲਾਹਾ) : ਮਾਤਾ ਗੁਜਰੀ ਪਬਲਿਕ ਹਾਈ ਸਕੂਲ ਭਦੌੜ ਵਿਖੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਅਤੇ ਐਮ.ਡੀ ਐਡਵੋਕੇਟ ਇਕਬਾਲ ਸਿੰਘ ਗਿੱਲ ਦੀ ਅਗਵਾਈ ਹੇਠ ਸ਼ਾਨਦਾਰ ਸਾਇੰਸ ਮੇਲੇ ਦਾ ਆਯੋਜਨ ਕੀਤਾ ਗਿਆ ਅਤੇ ਮਾਪੇ ਅਧਿਆਪਕ ਮਿਲਣੀ ਵੀ ਕਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਸੁਖਵੀਰ ਕੌਰ ਧਾਲੀਵਾਲ ਨੇ ਦੱਸਿਆ ਕਿ ਬੱਚਿਆਂ ਵੱਲੋਂ ਪੁਰਾਤਨ ਵਿਰਸੇ ਨਾਲ ਸਬੰਧਿਤ ਅਲੋਪ ਹੋ ਰਹੀਆਂ ਚੀਜ਼ਾਂ ਨੂੰ ਸੰਭਾਲਣ ਲਈ ਵਿਸ਼ੇਸ਼ ਤੌਰ ਤੇ ਪ੍ਰਦਰਸ਼ਨੀ ਲਗਾਈ ਗਈ ।ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਵਰਕਿੰਗ ਪ੍ਰੋਜੈਕਟ ਜਿਵੇਂ ਰੁੱਖ ਲਗਾਓ ਧਰਤੀ ਬਚਾਓ ,ਵਾਟਰ ਪਿਊਰੀਫਿਕੇਸ਼ਨ, ਬਿਜਲਈ ਸਰਕਟ ,ਪ੍ਰਕਾਸ਼ ਸੰਸਲੇਸ਼ਣ, ਬਿਜਲੀ ਉਤਪਾਦਨ ਆਦਿ ਪ੍ਰੋਜੈਕਟਾਂ ਰਾਹੀ ਮਾਪਿਆਂ ਨੂੰ ਵਿਗਿਆਨਿਕ ਸੋਚ ਪ੍ਰਤੀ ਸੁਚੇਤ ਕੀਤਾ। ਇਸ ਮੌਕੇ ਹਰਮਨਪ੍ਰੀਤ ਸਿੰਘ ਸਿੱਧੂ ,ਝਰਮਲ ਸਿੰਘ ਜੰਗੀਆਣਾ,ਸੰਦੀਪ ਕੁਮਾਰ ਦਈਏ ,ਸਰਬਜੀਤ ਕੌਰ ਅਲਕੜਾ, ਦਲਜੀਤ ਸਿੰਘ,ਪਵਨਪ੍ਰੀਤ ਕੌਰ, ਪ੍ਰਭਜੋਤ ਕੌਰ, ਅਮਨਦੀਪ ਕੌਰ ਨੈਣੇਵਾਲ, ਸਰਬਜੀਤ ਕੌਰ ਸਿਮ, ਗੁਰਪ੍ਰੀਤ ਕੌਰ ਸਮੇਤ ਸਮੁੱਚਾ ਸਕੂਲ ਸਟਾਫ ਹਾਜ਼ਰ ਸੀ।

## ਮੀਰੀ-ਪੀਰੀ ਖ਼ਾਲਸਾ ਕਾਲਜ ਭਦੌੜ ਵਿਖੇ ਸੱਤ ਰੋਜ਼ਾ ਐਨ.ਐਸ.ਐਸ. ਕੈਂਪ ਦਾ 'ਉਦਘਾਟਨੀ ਸਮਾਰੋਹ'



ਭਦੌੜ, 28 ਜਨਵਰੀ (ਸੁਖਵਿੰਦਰ ਪਲਾਹਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਮੀਰੀ ਪੀਰੀ ਖ਼ਾਲਸਾ ਕਾਲਜ ਭਦੌੜ ਵਿਖੇ ਪ੍ਰਿੰਸੀਪਲ ਪ੍ਰੋ. ਮਲਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਨ.ਐੱਸ.ਐੱਸ ਕੁਆਰਡੀਨੇਟਰ ਸ੍ਰ. ਅਨਹਦ ਸਿੰਘ ਗਿੱਲ ਅਤੇ ਸ੍ਰੀ ਅਰੁਣ ਕੁਮਾਰ ( ਐੱਨ.ਐੱਸ.ਐੱਸ ਕੁਆਰਡੀਨੇਟਰ ਸਕੂਲਾਂ) ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੱਤ ਰੋਜ਼ਾ ਐੱਨ.ਐੱਸ.ਐੱਸ ਕੈਂਪ ਦੇ ਦੂਸਰੇ ਦਿਨ ਦਾ ਆਗਾਜ਼ ਯੋਗਾ ਅਤੇ ਸਰੀਰਕ ਕਸਰਤਾਂ ਨਾਲ ਹੋਇਆ। ਇਸ ਉਪਰੰਤ ਵਲੰਟੀਅਰਜ਼ ਵੱਲੋਂ, ਪਿੰਡ ਸੰਧੂ ਕਲਾਂ ਵਿਖੇ ਨਸ਼ਿਆ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ। ਜਿਸ ਵਿੱਚ ਨਸ਼ੇ ਛੱਡੋ, ਕੋਹੜ ਵੱਡੋ, ਆਉ ਰਲ-ਮਿਲ ਅਭਿਆਨ ਚਲਾਈਏ, ਨਸ਼ਾ ਮੁਕਤ ਪੰਜਾਬ ਬਣਾਈਏ ਆਦਿ ਸਲੋਗਨਾਂ ਦੇ ਨਾਲ ਵਲੰਟੀਅਰਜ਼ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਰਪੰਚ, ਸਮੁੱਚੀ ਪੰਚਾਇਤ ਅਤੇ ਪਿੰਡ ਦੇ ਪਤਵੰਤੇ ਸੱਜਣ ਮੌਜੂਦ ਸਨ ਪਿੰਡ ਵਾਸੀਆ ਵਲੋਂ ਇਸ ਰੈਲੀ ਦੌਰਾਨ ਵਲੰਟੀਅਰਾ ਦਾ ਖੂਬ ਸਹਿਯੋਗ ਦਿੱਤਾ ਗਿਆ । ਪ੍ਰਿੰਸੀਪਲ ਪ੍ਰੋ. ਮਲਵਿੰਦਰ ਸਿੰਘ ਦੁਆਰਾ ਨਗਰ ਪੰਚਾਇਤ ਅਤੇ ਪਿੰਡ ਵਾਸੀਆਂ ਦਾ ਇਸ ਉਪਰਾਲੇ ਵਿੱਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਪ੍ਰਿੰਸੀਪਲ ਮਲਵਿੰਦਰ ਸਿੰਘ ਨੇ ਵਿਦਿਆਰਥੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਐੱਨ ਐੱਸ ਐੱਸ ਵਿਦਿਆਰਥੀਆਂ ਵਿੱਚ ਸੇਵਾ ਅਤੇ ਸਹਿਯੋਗ ਨਾਲ ਮਿਲਕੇ ਕੰਮ ਕਰਨ ਦੀ ਭਾਵਨਾ ਪੈਦਾ ਕਰਨ ਦਾ ਇੱਕ ਵਧੀਆ ਜ਼ਰੀਆ ਹੈ। ਇਸ ਨਾਲ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਵਿੱਚ ਵਾਧਾ ਹੁੰਦਾ ਹੈ ਅਤੇ ਇਹ ਵਿਦਿਆਰਥੀਆਂ ਵਿੱਚ ਚੰਗੀ ਚਿਣਗ ਲਗਾਉਣ ਦਾ ਵਧੀਆ ਢੰਗ ਹੈ। ਇਸ ਸਮਾਗਮ ਦੌਰਾਨ ਸਟੇਜ ਸੰਚਾਲਕ ਦੀ ਭੂਮਿਕਾ ਪ੍ਰੋ. ਸੁਖਪਾਲ ਸਿੰਘ ਵੱਲੋਂ ਬਖ਼ੂਬੀ ਨਿਭਾਈ ਗਈ ਇਸ ਦੇ ਨਾਲ ਹੀ ਕੈਂਪ ਦੇ ਦੂਸਰੇ ਦਿਨ ਵਲੰਟੀਅਰਾਂ ਲਈ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਗਰੁੱਪ ਵੱਲੋਂ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਇਸ ਤੋਂ ਨਸ਼ਿਆਂ ਵਿਰੁਧ ਜਾਗਰੂਕਤਾ ਦੇ ਨਾਲ ਨਾਲ ਸੱਭਿਆਚਾਰਕ ਗਤੀਵਿਧੀਆਂ ਚਲਦੀਆਂ ਰਹੀਆਂ ਜਿਹਨਾਂ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਨੇ ਗੀਤ ਅਤੇ ਕਵੀਸ਼ਰੀ ਗਾਕੇ ਖੂਬ ਮਨੋਰੰਜਨ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਸੇਵਾ ਭਾਰਤੀ ਬਰਨਾਲਾ ਵੱਲੋਂ ਚਲਾਏ ਜਾ ਰਹੇ ਸਿਲਾਈ ਸੈਂਟਰ ਦਾ ਉਦਘਾਟਨ



ਬਰਨਾਲਾ, 28 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸੇਵਾ ਭਾਰਤੀ ਕਿਲਾ ਮੁਹੱਲਾ ਵਿਖੇ ਸੇਵਾ ਭਾਰਤੀ ਬਰਨਾਲਾ ਇਕਾਈ ਵੱਲੋਂ ਚਲਾਏ ਜਾ ਰਹੇ ਨੇਤਾ ਜੀ ਸੁਭਾਸ਼ ਚੰਦਰ ਬੋਸ ਸਿਲਾਈ ਸੈਂਟਰ ਦਾ ਉਦਘਾਟਨ ਆਪਣੇ ਬਜ਼ੁਰਗਾਂ ਨੂੰ ਸਮਰਪਿਤ ਬਾਬੂ ਮੋਹਨ ਲਾਲ ਭੁੱਚੋ ਵਾਲੇ ਵੱਲੋਂ ਆਈ.ਟੀ.ਸੀ ਕੰਪਨੀ ਲਿਮਟਿਡ ਦੇ ਡੀਲਰ ਅਮੀ ਚੰਦ ਸ਼ਾਮ ਲਾਲ ਲਾਲ (ਭੁੱਚੋ ਵਾਲੇ) ਦੇ ਨਾਂਅ ਤੇ ਕੀਤਾ ਗਿਆ। ਇਸ ਮੌਕੇ ਸੇਵਾ ਭਾਰਤੀ ਦੇ ਪ੍ਰਧਾਨ ਸੁਭਾਸ਼ ਮੱਕੜਾ, ਮੱਖਣ ਲਾਲ, ਸਿਲਾਈ ਸੈਂਟਰ ਦੀਦੀ ਅਮਨਜੀਤ ਕੌਰ, ਜ਼ਿਲ੍ਹਾ ਸਕੱਤਰ ਮਨੀਸ਼ ਬਾਂਸਲ ਆਦਿ ਹਾਜ਼ਰ ਸਨ।

## ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਵੱਲੋਂ ਕੀਟਨਾਸ਼ਕ ਡੀਲਰਾਂ ਨਾਲ ਮੀਟਿੰਗ



ਬਰਨਾਲਾ, 28 ਜਨਵਰੀ ( ਬਘੇਲ ਸਿੰਘ ਧਾਲੀਵਾਲ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁੱਖ ਖੇਤੀਬਾੜੀ ਅਫ਼ਸਰ , ਬਰਨਾਲਾ ਡਾ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਬਰਨਾਲਾ ਜ਼ਿਲ੍ਹੇ ਦੇ ਕੀਟਨਾਸ਼ਕ , ਖ਼ਾਦ ਅਤੇ ਬੀਜ ਡੀਲਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਖੇਤੀ ਪੈਦਾਵਾਰ ਦੀ ਗੁਣਵਤਾ ਨੂੰ ਯਕੀਨੀ ਬਨਾਉਣਾ ਅਤੇ ਕਿਸਾਨਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨਾ। ਮੀਟਿੰਗ ਦੌਰਾਨ ਮੁੱਖ ਖੇਤੀਬਾੜੀਅਫਸਰ ਨੇ ਡੀਲਰਾਂ ਨੂੰ ਸਖਤ ਸਬਦਾਂ ਵਿੱਚ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਸਿਰਫ ਅਤੇ ਸਿਰਫ ਉੱਚ ਕੁਆਲਿਟੀ ਦੇ ਬੀਜ,ਖਾਦਾਂ ਅਤੇ ਦਵਾਈਆਂ ਹੀ ਮੁਹੱਈਆਂ ਕਰਵਾਈਆਂ ਜਾਣ।ਉਹਨਾਂ ਕਿਹਾ ਕੀ ਖੇਤੀ ਬਾੜੀ ਵਿਭਾਗ ਦੀ ਟੀਮ ਲਗਾਤਾਰ ਚੈਕਿੰਗ ਕਰਕੇ ਇਹ ਯਕੀਨੀ ਬਣਾਏਗੀ ਕਿ ਕਿਸਾਨਾਂ ਨਾਲ ਕਿਸੇ ਕਿਸਮ ਦੀ ਹੇਰਾਫੇਰੀ ਨਹੀਂ ਹੋ ਰਹੀ,ਜੇਕਰ ਕਿਸੇ ਵੀ ਪੱਧਰ 'ਤੇ ਮਿਲਾਵਟਖੋਰੀ ਜਾਂ ਘਟੀਆ ਦਰਜੇ ਦੇ ਉਤਪਾਦ ਪਾਏ ਗਏ ਤਾਂ ਦੋਸ਼ੀ ਵਿਅਕਤੀ ਨੂੰ ਬਖਸ਼ਿਆ ਨਹੀ ਜਾਵੇਗਾ।ਉਹਨਾਂ ਕਿਹਾ ਕਿ ਬਿਨਾ ਬਿਲ ਦੇ ਕੋਈ ਵੀ ਬੀਜ,ਦਵਾਈ ਜਾਂ ਖਾਦ ਆਦਿ ਦੀ ਬਿੱਕਰੀ ਨਾ ਕੀਤੀ ਜਾਵੇ।ਸਾਰੇ ਡੀਲਰ ਮਨਜ਼ੂਰਸ਼ੁਦਾ ਖੇਤੀ ਕੰਫਨੀਆਂ ਤੋਂ ਹੀ ਖੇਤੀ ਪੈਦਾਵਾਰ ਸਬੰਧੀ ਬੀਜ ਦਵਾਈਆਂ ਆਦੀ ਦੀ ਖਰੀਦ ਕਰਨ ਅਤੇ ਇਹ ਯਕੀਨੀ ਬਨਾਉਣ ਕਿ ਹਰ ਵੇਚੇ ਗਏ ਉਤਪਾਦ ਦਾ ਪੱਕਾ ਬਿਲ ਕੱਟਿਆ ਗਿਆ ਹੈ।ਉਹਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖੇਤੀਬਾੜੀ ਸਬੰਧੀ ਕੋਈ ਵੀ ਖਰੀਦ ਬਗੈਰ ਬਿਲ 'ਤੋ ਨਾ ਕਰਨ।ਡਾ ਅੰਮ੍ਰਿਤਪਾਲ ਸਿੰਘ ਨੇ ਡੀਲਰਾਂ ਨੂੰ ਕਿਸੇ ਵੀ ਤਰਾਂ ਦੀ ਆਪੌਨ ਲਾਇਨ ਖਰੀਦਦਾਰੀ ਕਰਨ ਤੋ ਪਰਹੇਜ ਕਰਨ ਲਈ ਕਿਹਾ।ਉਹਨਾਂ ਡੀਲਰਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਡੀਲਰ ਨਿਰਧਾਰਿਤ ਰੇਟਾਂ ਤੋ ਵੱਧ ਵਸੂਲੀ ਕਰਦਾ ਹੈ ਜਾਂ ਖਾਦਾਂ,ਬੀਜਾਂ ਆਦਿ ਦੀ ਜਮਾਖੋਰੀ ਕਰਦਾ ਫੜਿਆ ਗਿਆ ਤਾਂ ਉਸ ਦਾ ਲਾਇਸੰਸ ਰੱਦ ਕਰਨ ਦੇ ਨਾਲ ਨਾਲ ਕਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।ਉਹਨਾਂ ਡੀਲਰਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਗੈਰ ਕਨੂੰਨੀ ਢੰਗ ਨਾਲ ਵਪਾਰ ਦਾ ਮਾਮਲਾ ਸਾਹਮਣੇ ਆਉਦਾ ਹੈ ਤਾਂ ਤੁਰੰਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਏਡੀਓ ਸਤਨਾਮ ਸਿੰਘ ਅਤੇ ਏ ਐਸ ਆਈ ਸੁਨੀਲ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੁਤੰਤਰਤਾ ਸੰਗਰਾਮੀ ਲਾਲਾ ਲਾਜਪਤ ਰਾਏ ਦੇ ਜਨਮ ਦਿਨ ਮੌਕੇ ਕਰਵਾਈ ਵਿਚਾਰ-ਗੋਸ਼ਟੀ



ਬਰਨਾਲਾ, 28 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਮਹਾਨ ਸੁਤੰਤਰਤਾ ਸੰਗਰਾਮੀ ਅਤੇ ਸਵਦੇਸ਼ੀ ਲਹਿਰ ਦੇ ਮੋਹਰੀ ਆਗੂ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਜੀ ਦੇ 161ਵੇਂ ਜਨਮ ਦਿਨ ਮੌਕੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਮੌਕੇ ਬੋਲਦਿਆਂ ਬਸੰਤ ਕੁਮਾਰ ਗੋਇਲ ਚੇਅਰਮੈਨ ਗੀਤਾ ਭਵਨ ਬਰਨਾਲਾ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਦੇਸ਼ ਭਗਤ, ਸੁਤੰਤਰਤਾ ਸੰਗਰਾਮ ਦੇ ਉੱਘੇ ਘੁਲਾਟੀਏ ਅਤੇ ਆਰੀਆ ਸਮਾਜ ਦੇ ਸਰਗਰਮ ਆਗੂ ਸਨ। ਉਨ੍ਹਾਂ ਦਾ ਜਨਮ 28 ਜਨਵਰੀ, 1865 ਈ: ਨੂੰ ਪਿੰਡ ਢੁੱਡੀਕੇ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਜ਼ਿਲ੍ਹਾ ਮੋਗਾ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਸ੍ਰੀ ਰਾਧਾ ਕ੍ਰਿਸ਼ਨਨ ਫ਼ਾਰਸੀ ਦੇ ਅਧਿਆਪਕ ਸਨ। ਉਨ੍ਹਾਂ ਦੀ ਮਾਤਾ ਗੁਲਾਬ ਦੇਵੀ ਧਾਰਮਿਕ ਵਿਚਾਰਾਂ ਵਾਲੀ ਔਰਤ ਸੀ।ਵਿਚਾਰ ਗੋਸ਼ਟੀ ਦੌਰਾਨ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰੋਫ਼ੈਸਰ (ਡਾ:) ਮਨਦੀਪ ਸਿੰਘ ਘਈ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਨੇ ਮੁਢਲੀ ਵਿੱਦਿਆ ਆਪਣੇ ਪਿਤਾ ਜੀ ਤੋਂ ਹੀ ਪ੍ਰਾਪਤ ਕੀਤੀ। 1886 ਵਿਚ ਵਕਾਲਤ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਉਹ ਹਿਸਾਰ ਵਿਚ ਵਕਾਲਤ ਕਰਨ ਲੱਗ ਪਏ। 1907 ਵਿਚ ਪੰਜਾਬ ਚ ਕਿਸਾਨ ਅੰਦੋਲਨ ਦੇ ਸਮੇਂ ਉਨ੍ਹਾਂ ਸਰਕਾਰ ਨਾਲ ਡਟ ਕੇ ਟੱਕਰ ਲਈ। ਸਮਾਜ ਸੇਵੀ ਅਤੇ ਐਮ ਡੀ ਬਰਿੰਦਾ ਇਨਕਲੇਵ ਬਰਨਾਲਾ ਨੇ ਕਿਹਾ ਕਿ ਲਾਲਾ ਜੀ ਨੇ 1920 ਵਿਚ ਦੇਸ਼ ਪਰਤ ਕੇ ਅੰਗਰੇਜ਼ਾਂ ਵਿਰੁੱਧ ਡਟ ਕੇ ਪ੍ਰਚਾਰ ਕੀਤਾ। ਉਨ੍ਹਾਂ 1920 ਵਿਚ ਲਾਹੌਰ ਤੋਂ ਵੰਦੇ ਮਾਤਰਮ ਨਾਂਅ ਦਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ। 3 ਦਸੰਬਰ, 1921 ਨੂੰ ਲਾਲਾ ਲਾਜਪਤ ਰਾਏ ਨੂੰ ਅਸਹਿਯੋਗ ਅੰਦੋਲਨ ਵਿਚ ਭਾਗ ਲੈਣ ਅਤੇ ਪ੍ਰਿੰਸ ਆਫ਼ ਵੇਲਜ਼ ਦੇ ਭਾਰਤ ਦੌਰੇ ਦਾ ਬਾਈਕਾਟ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਸਿਵਲ ਡਿਫੈਂਸ ਬਰਨਾਲਾ ਦੇ ਡਿਪਟੀ ਚੀਫ਼ ਸੰਜੀਵ ਸ਼ਰਮਾ ਨੇ ਆਪਣੀ ਰਾਇ ਪ੍ਰਗਟ ਕਰਦਿਆਂ ਕਿਹਾ ਕਿ ਲਾਲਾ ਜੀ ਨੂੰ 16 ਅਗਸਤ, 1923 ਨੂੰ ਸੈਂਟਰਲ ਜੇਲ੍ਹ ਲਾਹੌਰ ਤੋਂ ਰਿਹਾਅ ਕੀਤਾ ਗਿਆ। 1925 ਵਿਚ ਉਹ ਸਵਰਾਜ ਦਲ ਵੱਲੋਂ ਕੇਂਦਰੀ ਅਸੈਂਬਲੀ ਵਿਚ ਗਏ। 1928 ਵਿਚ ਬ੍ਰਿਟਿਸ਼ ਸਰਕਾਰ ਨੇ ਸਾਈਮਨ ਕਮਿਸ਼ਨ ਦੀ ਸਥਾਪਨਾ ਕੀਤੀ। 30 ਅਕਤੂਬਰ, 1928 ਨੂੰ ਜਦ ਇਹ ਕਮਿਸ਼ਨ ਲਾਹੌਰ ਆਇਆ ਤਾਂ ਜਨਤਾ ਨੇ ਲਾਲਾ ਜੀ ਦੀ ਅਗਵਾਈ ਚ ਸਾਈਮਨ ਕਮਿਸ਼ਨ ਦਾ ਸਵਾਗਤ ਕਾਲੀਆ ਝੰਡੀਆਂ ਅਤੇ ਸਾਈਮਨ ਕਮਿਸ਼ਨ ਵਾਪਸ ਜਾਓ ਦੇ ਨਾਅਰਿਆਂ ਨਾਲ ਕੀਤਾ।ਗਊ ਭਗਤ ਡਾਕਟਰ ਸਤੀਸ਼ ਕੁਮਾਰ ਨੇ ਕਿਹਾ ਕਿ ਲਾਲਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਉੱਪਰ ਪੁਲਿਸ ਵੱਲੋਂ ਅੰਨ੍ਹੇਵਾਹ ਲਾਠੀ ਚਾਰਜ ਕੀਤਾ ਗਿਆ। ਲਾਲਾ ਜੀ ਨੇ ਉਸੇ ਸ਼ਾਮ ਨੂੰ ਲਾਹੌਰ ਦੇ ਬਰੈਡਲਾ ਹਾਲ ਵਿਚ ਹੋਈ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਮੇਰੇ ਸਰੀਰ ਤੇ ਪਈ ਇਕ-ਇਕ ਲਾਠੀ ਬ੍ਰਿਟਿਸ਼ ਸਰਕਾਰ ਦੇ ਕਫ਼ਨ ਚ ਕਿੱਲ ਸਾਬਤ ਹੋਵੇਗੀ। ਲਾਲਾ ਜੀ ਲਾਠੀਆਂ ਦੀ ਤਾਬ ਨਾ ਸਹਾਰਦੇ ਹੋਏ ਅੰਤ 17 ਨਵੰਬਰ, 1928 ਨੂੰ ਅਕਾਲ ਚਲਾਣਾ ਕਰ ਗਏ। ਇਸ ਮੌਕੇ ਬੋਲਦਿਆਂ ਸੀਨੀਅਰ ਜਰਨਲਿਸਟ ਬਲਵਿੰਦਰ ਸ਼ਰਮਾ ਨੇ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਲਾਲਾ ਜੀ ਦੀ ਮੌਤ ਨੂੰ ਰਾਸ਼ਟਰੀ ਅਪਮਾਨ ਸਮਝਿਆ। ਉਨ੍ਹਾਂ ਨੇ ਸਹਾਇਕ ਸੁਪਰਡੈਂਟ ਪੁਲਿਸ ਸਾਂਡਰਸ ਨੂੰ 17 ਦਸੰਬਰ, 1928 ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ। ਲਾਲਾ ਲਾਜਪਤ ਰਾਏ ਜੀ ਦੀ ਕੁਰਬਾਨੀ ਸਾਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਭਲਕੇ

PLACEMENT CAMP

ਬਰਨਾਲਾ, 28 ਜਨਵਰੀ ( ਬਘੇਲ ਸਿੰਘ ਧਾਲੀਵਾਲ) : ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਬੇਰੋਜ਼ਗਾਰ ਪ੍ਰਾਰਥੀਆਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਐਕਸਿਸ ਬੈਂਕ (ਐਨ.ਆਈ.ਆਈ.ਟੀ) ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 30 ਜਨਵਰੀ 2026 (ਦਿਨ ਸ਼ੁਕਰਵਾਰ) ਨੂੰ ਸਵੇਰੇ 10:00 ਤੋਂ ਦੁਪਹਿਰ 1.00 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ, ਦੂਜੀ ਮੰਜ਼ਲ, ਡੀ.ਸੀ.ਕੰਪਲੈਕਸ, ਬਰਨਾਲਾ ਵਿਖੇ ਇਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਦਫ਼ਤਰ 'ਚ ਤੈਨਾਤ ਕਰਿਅਰ ਕਾਊਂਸਲਰ ਸੁਮਿੰਦਰ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਕਤ ਕੰਪਨੀ ਵੱਲੋਂ ਅਸਿਸਟੈਂਟ ਮੈਨੇਜਰ ਦੀਆਂ ਅਸਾਮੀਆਂ (ਲੜਕੇ ਅਤੇ ਲੜਕੀਆਂ ਦੋਵੇਂ) ਲਈ ਭਰਤੀ ਕੀਤੀ ਜਾਣੀ ਹੈ। ਜਿਸ ਲਈ ਵਿੱਦਿਅਕ ਯੋਗਤਾ ਗਰੈਜ਼ੂਏਸ਼ਨ (50 ਪ੍ਰਤੀਸ਼ਤ ਨਾਲ) ਹੈ, ਉਪਰੋਕਤ ਅਸਾਮੀਆਂ ਲਈ ਉਮਰ ਹੱਦ 21 ਤੋਂ 30 ਸਾਲ ਤੱਕ ਹੈ। ਉਹਨਾਂ ਦੱਸਿਆ ਕਿ ਉਕਤ ਅਸਾਮੀਆਂ ਲਈ ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜ਼ਊਮ, ਅਧਾਰ ਕਾਰਡ ਅਤੇ ਯੋਗਤਾ ਦੇ ਸਰਟੀਫ਼ਕੇਟ ਹੋਣਾ ਲਾਜ਼ਮੀ ਹੈ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਦੇ ਹੈਲਪਲਾਈਨ ਨੰਬਰ 94170-39072 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿਖੇ ਜੂਨੀਅਰ ਵਿੰਗ ਦੀ ਸਾਲਾਨਾ ਸਪੋਰਟਸ ਮੀਟ



ਬਰਨਾਲਾ, 28 ਜਨਵਰੀ (ਇਸ਼ੇਨ ਕੰਗ) : ਸੰਸਥਾ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿਖੇ ਜੂਨੀਅਰ ਵਿੰਗ ਦੀ ਸਾਲਾਨਾ ਸਪੋਰਟਸ ਮੀਟ ਕਰਵਾਈ ਗਈ ਇਸ ਵਿੱਚ ਵਿਦਿਆਰਥੀਆਂ ਨੇ ਵੱਖ ਵੱਖ ਈਵੈਂਟਾ ਵਿੱਚ ਹਿੱਸਾ ਲਿਆ। ਨਰਸਰੀ ਕਲਾਸ ਦੇ ਵਿਦਿਆਰਥੀਆਂ ਨੇ ਮਿਊਜ਼ਿਕ ਚੇਅਰ ਸਿੰਪਲ ਰੇਸ ਪਿੰਕ ਐਂਡ ਰਿਟਰਨ ਵਿੱਚ ਹਿੱਸਾ ਲਿਆ ਇਸ ਵਿੱਚ ਹਰਜੋਤ ਸਿੰਘ ਨੇ ਪਹਿਲਾਂ ਸਥਾਨ ਕਰਨਵੀਰ ਰਾਜਵਿੰਦਰ ਤੇ ਹਰਗੁਣ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਯੂ ਕੇ ਜੀ ਦੇ ਵਿਦਿਆਰਥੀਆਂ ਰਿੰਗ ਰੇਸ, ਵਾਲ ਰੇਸ, ਬੇਲੰਸ, ਰੇਸ ਵਿੱਚ ਹਿੱਸਾ ਲਿਆ ਇਸ ਵਿੱਚ ਗੁਰਅਸੀਸ ਨੇ ਪਹਿਲਾਂ ਸਥਾਨ, ਸਰਗੁਣ, ਖੁਸਵੀਰ, ਰਹਿਮਤ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਸੁਮਨ ਸ਼ਰਮਾ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕੋਆਰਡੀਨੇਟਰ ਨਰਿੰਦਰ ਕੌਰ ਨੇ ਕਿਹਾ ਕਿ ਖੇਡਾਂ ਸਰੀਰਕ ਵਿਕਾਸ ਦੇ ਨਾਲ ਨਾਲ ਮਾਨਸਿਕ ਵਿਕਾਸ ਵੀ ਕਰਦੀਆਂ ਹਨ।

## ਕਾਰ ਦੀ ਟੱਕਰ ਕਾਰਨ ਸਾਈਕਲ ਸਵਾਰ ਬਜ਼ੁਰਗ ਦੀ ਮੌਤ

ਬਰਨਾਲਾ, 28 ਜਨਵਰੀ (ਚਮਕੌਰ ਸਿੰਘ ਗੱਗੀ) : ਬੀਤੀ ਸ਼ਾਮ ਕਸਬਾ ਹੰਡਿਆਇਆ ਵਿਖੇ ਸੜਕ ਹਾਦਸੇ 'ਚ ਇੱਕ ਬਜ਼ੁਰਗ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਮੌਕੇ ਚੌਕੀ ਇੰਚਾਰਜ ਹੰਡਿਆਇਆ ਤਰਸੇਮ ਸਿੰਘ ਨੇ ਜਾਣਕਾਰੀ ਅਨੁਸਾਰ ਦੱਸਿਆ ਮਲਕੀਤ ਸਿੰਘ(72) ਪੁੱਤਰ ਅਰਜਨ ਸਿੰਘ ਵਾਸੀ ਇੰਦਰਾ ਕਲੋਨੀ, ਹੰਡਿਆਇਆ ਅਕਸਰ ਸਾਈਕਲ ਤੇ ਗੁਰਦੁਆਰਾ ਅੜੀਸਰ ਸਾਹਿਬ ਜਾਇਆ ਕਰਦਾ ਸੀ। ਕੱਲ ਸ਼ਾਮ ਜਦੋਂ ਮਲਕੀਤ ਸਿੰਘ ਗੁਰਦੁਆਰਾ ਅੜੀਸਰ ਸਾਹਿਬ ਤੋਂ ਸਾਈਕਲ ਤੇ ਘਰ ਵਾਪਸ ਆ ਰਿਹਾ ਸੀ ਤਾਂ ਪਿੱਛੋਂ ਆ ਰਹੀ ਗੱਡੀ ਕੀਆ ਸੋਨੇਟ ਬਲੈਕ ਕਲਰ ਨੇ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਨਾਲ ਮਲਕੀਤ ਸਿੰਘ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ। ਰਾਹਗੀਰਾਂ ਦੀ ਮੱਦਦ ਨਾਲ ਉਸ ਨੂੰ ਸਰਕਾਰੀ ਹਸਪਤਾਲ ਬਰਨਾਲਾ ਵਿਖੇ ਦਾਖਲ ਕਰਵਾ ਦਿੱਤਾ ਗਿਆ ਪਰੰਤੂ ਮਲਕੀਤ ਸਿੰਘ ਜਖਮਾਂ ਦੀ ਤਾਬ ਨਾ ਸਹਿੰਦੇ ਹੋਇਆ ਦਮ ਤੋੜ ਗਿਆ। ਪੁਲਿਸ ਚੌਕੀ ਹੰਡਿਆਇਆ ਇੰਚਾਰਜ ਤਰਸੇਮ ਸਿੰਘ ਨੇ ਮ੍ਰਿਤਕ ਮਲਕੀਤ ਸਿੰਘ ਦੇ ਪੁੱਤਰ ਬਲਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ ਤੇ ਕਾਰ ਮਾਲਕਾਂ ਦੇ ਉੱਪਰ ਸ਼ਿਕਾਇਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਡਾ. ਬੇਦੀ ਦੀ ਪੁਸਤਕ ਨਾਵਲ, 'ਮੇਰੀ ਨਜ਼ਰ ਵਿਚ' 'ਤੇ ਗੋਸ਼ਟੀ



ਬਰਨਾਲਾ 28 ਜਨਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੈਕੰਡਰੀ ਸਕੂਲ ਆਫ਼ ਐਮੀਨੈਂਸ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ, ਜੋ ਸਭਾ ਦੇ ਫਾਉਂਡਰ ਮੈਂਬਰਾਂ ਵਿੱਚੋਂ ਰਹੇ ਪ੍ਰਧਾਨ ਸਵ. ਡਾ. ਐਸ. ਐਸ. ਪਦਮ ਨੂੰ ਸਮਰਪਿਤ ਕੀਤਾ ਗਿਆ, ਜਿਸ ਬਾਰੇ ਜਾਣਕਾਰੀ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਦਿੱਤੀ ਅਤੇ ਡਾ.ਪਦਮ ਦੇ ਸਪੁੱਤਰ ਡਾ.ਜਸਵੀਰ ਸਿੰਘ ਪਦਮ ਨੇ ਆਪਣੇ ਵਿਚਾਰ ਪੇਸ਼ ਕੀਤੇ। ਡਾ. ਸਤਨਾਮ ਸਿੰਘ ਜੱਸਲ ਸਾਬਕਾ ਡੀਨ ਰਿਸਰਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਪੰਜਾਬੀ ਪਾਠਕ ਚਰਨ ਸਿੰਘ ਭੋਲਾ ਜਾਗਲ ਨੇ ਪ੍ਰਧਾਨਗੀ ਕੀਤੀ। ਡਾ.ਭੁਪਿੰਦਰ ਸਿੰਘ ਬੇਦੀ ਦੀ ਪੁਸਤਕ ਨਾਵਲ, 'ਮੇਰੀ ਨਜ਼ਰ ਵਿਚ' 'ਤੇ ਪੇਪਰ ਪੜ੍ਹਦਿਆਂ ਡਾ. ਰਾਮਪਾਲ ਸ਼ਾਹਪੁਰੀ ਨੇ ਨਾਰਥਰਪ ਫਰਾਈ ਦੇ ਹਵਾਲੇ ਨਾਲ ਕਿਹਾ ਕਿ ਉਹ ਅਕਾਦਮਿਕ ਆਲੋਚਨਾ ਨੂੰ ਪ੍ਰਮਾਣਿਕ ਆਲੋਚਨਾ ਮੰਨਦਿਆਂ ਡਾ.ਬੇਦੀ ਦੀ ਪੁਸਤਕ ਨੂੰ ਖੋਜਾਰਥੀਆਂ ਲਈ ਲਾਹੇਵੰਦ ਦੱਸਿਆ। ਪੰਦਰਾਂ ਨਾਵਲਾਂ ਦੇ ਹਰੇਕ ਪਰਚੇ ਉਪਰ ਟਿੱਪਣੀ ਵੀ ਦਿੱਤੀ।

ਬਹਿਸ ਦਾ ਆਗਾਜ਼ ਡਾ.ਹਰੀਸ਼ ਨੇ ਕਰਦਿਆਂ ਕਿਹਾ ਕਿ ਪੁਸਤਕ ਵਿਚਲੇ ਪੇਪਰਾਂ ਨੂੰ ਪੜ੍ਹ ਕੇ ਨਾਵਲ ਪੜ੍ਹਨ ਦੀ ਜਗਿਆਸਾ ਪੈਦਾ ਹੁੰਦੀ ਹੈ। ਇਸ ਤਰਾਂ ਦੇ ਵਿਚਾਰ ਤੇਜਾ ਸਿੰਘ ਤਿਲਕ ਦੇ ਸਨ। ਬਹਿਸ ਨੂੰ ਅੱਗੇ ਵਧਾਉਂਦਿਆਂ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ ਡਾ.ਬੇਦੀ ਦੇ ਸਿਰੜੀ ਸੁਭਾਅ ਦੀ ਸ਼ਲਾਘਾ ਕੀਤੀ ਕਿ ਬਰਨਾਲੇ ਵਿਚ ਡਾ ਰਾਮ ਪਾਲ ਅਤੇ ਬੇਦੀ ਪਰਚਾ ਲਿਖਣ ਲਈ ਜਵਾਬ ਨਹੀਂ ਦਿੰਦੇ। ਡਾ. ਸੰਪੂਰਨ ਸਿੰਘ ਟੱਲਵਾਲੀਆ, ਪ੍ਰਿੰ. ਹਰੀਸ਼ ਬਾਂਸਲ, ਲੇਖਕ ਪਾਠਕ ਸਾਹਿਤ ਸਭਾ ਦੇ ਪ੍ਰਧਾਨ ਤੇਜਿੰਦਰ ਚੰਡਿਹੋਕ, ਪ੍ਰੋ. ਹਰਪ੍ਰੀਤ ਕੌਰ, ਦਰਸ਼ਨ ਸਿੰਘ ਗੁਰੂ, ਪ੍ਰੋ ਸਵਰਨਜੀਤ ਕੌਰ ਅਤੇ ਪ੍ਰਿੰ.ਕਸ਼ਮੀਰ ਸਿੰਘ ਨੇ ਹਿੱਸਾ ਲਿਆ। ਬਾਅਦ ਵਿੱਚ ਡਾਕਟਰ ਬੇਦੀ ਨੇ ਵੀ ਆਪਣਾ ਪੱਖ ਪੇਸ਼ ਕੀਤਾ। ਸਮੁੱਚੀ ਬਹਿਸ ਨੂੰ ਸਮੇਟਦਿਆਂ ਡਾ.ਸਤਨਾਮ ਸਿੰਘ ਜੱਸਲ ਨੇ ਪੇਪਰ ਅਤੇ ਪੁਸਤਕ ਦੇ ਸਮੁੱਚੇ ਪ੍ਰਭਾਵ ਬਾਰੇ ਦੱਸਿਆ ਕਿ ਡਾ. ਬੇਦੀ ਨੇ ਨਾਵਲਾਂ ਦੇ ਗਹਿਣ ਅਧਿਐਨ ਕਰਨ ਤੋਂ ਬਾਦ ਜੋ ਧਾਰਨਾਵਾਂ ਦਿੱਤੀਆਂ ਹਨ ਉਹ ਸਾਰਥਿਕ ਹਨ। ਇਸ ਵਿਚ ਆਲੋਚਨਾ ਦੇ ਅੰਸ਼ ਵੀ ਮੌਜੂਦ ਹਨ।ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਨੇ ਬਾਖ਼ੂਬੀ ਕੀਤਾ। ਸਮਾਗਮ ਦੌਰਾਨ ਜਸਵੀਰ ਕੌਰ ਬੇਦੀ, ਪਾਲ ਸਿੰਘ ਲਹਿਰੀ, ਰਾਮ ਸਰੂਪ ਸ਼ਰਮਾ, ਸਾਗਰ ਸਿੰਘ ਸਾਗਰ, ਜੰਗੀਰ ਸਿੰਘ ਦਿਲਬਰ, ਇਕਬਾਲ ਕੌਰ ਉਦਾਸੀ, ਰਾਮ ਸਿੰਘ ਬੀਹਲਾ, ਜਗਜੀਤ ਸਿੰਘ ਗੁਰਮ ਨੇ ਡਾ.ਬੇਦੀ ਦਾ ਕਾਵਿ ਚਿਤਰ ਪੇਸ਼ ਕੀਤਾ। ਮਨਦੀਪ ਕੌਰ ਭਦੌੜ ਅਤੇ ਗੁਰਪਾਲ ਸਿੰਘ ਬਿਲਾਵਲ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬਠਿੰਡਾਂ ਤੋਂ ਬੀਰਾਂ ਪੁਰਬਾ, ਅੰਜਨਾ ਮੈਨਨ, ਹਾਕਮ ਸਿੰਘ ਰੂੜੇਕੇ, ਮਹਿੰਦਰ ਸਿੰਘ ਰਾਹੀ, ਐਸ.ਐਸ.ਗਿੱਲ, ਸਰਵਣ ਸਿੰਘ, ਮੇਜਰ ਸਿੰਘ ਗਿੱਲ, ਅੰਜਨਾ ਮੈਨਨ, ਪ੍ਰਿੰ ਕਸ਼ਮੀਰ ਸਿੰਘ, ਗੁਰਚਰਨ ਸਿੰਘ ਗਿੱਲ, ਰਘਬੀਰ ਸਿੰਘ ਗਿੱਲ ਕੱਟੂ,ਲੈਕ. ਹਰਦੀਪ ਸਿੰਘ ਅਤੇ ਚਰਨ ਸਿੰਘ ਆਦਿ ਹਾਜ਼ਰ ਸਨ।

## ਐਮ.ਟੀ.ਐਸ. ਬਰਨਾਲਾ ਵਿੱਚ 'ਸੈਂਸ ਸਕਵਾਡ ਐਡਵੈਂਚਰ' ਨਾਲ ਰੁਚਿਕਰ ਸਿੱਖਿਆ



ਬਰਨਾਲਾ, 28 ਜਨਵਰੀ (ਇਸ਼ੇਨ ਕੰਗ) : ਮਦਰ ਟੀਚਰ ਕਰੈਚ ਅਤੇ ਪ੍ਰੀ ਸਕੂਲ ਨੇ ਗਿਆਨ ਇੰਦਰੀਆਂ ਦੀ ਇੱਕ ਗਤੀਵਿਧੀ ਦਾ ਆਯੋਜਨ ਕੀਤਾ। ਸਾਰੇ ਬੱਚਿਆਂ ਨੇ ਇੱਕ ਮਜ਼ੇਦਾਰ ਗਿਆਨ ਇੰਦਰੀਆਂ ਦੀ ਗਤੀਵਿਧੀ ਦਾ ਆਨੰਦ ਮਾਣਿਆ, ਜਿੱਥੇ ਸਿੱਖਣ ਨੂੰ ਦੇਖਣ, ਸੁਣਨ, ਸੁੰਘਣ, ਚੱਖਣ ਅਤੇ ਛੂਹਣ ਦੁਆਰਾ ਜੀਵਤ ਕੀਤਾ ਗਿਆ। ਬੱਚਿਆਂ ਨੇ ਵੱਖ-ਵੱਖ ਵਸਤੂਆਂ ਅਤੇ ਗਤੀਵਿਧੀਆਂ ਦੀ ਪੜਚੋਲ ਕੀਤੀ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਸਾਡੇ ਪੰਜ ਗਿਆਨ ਇੰਦਰੀਆਂ ਸਾਨੂੰ ਸਾਡੇ ਆਲੇ ਦੁਆਲੇ ਦੀ ਦੁਨੀਆ ਨੂੰ ਜਾਣਨ ਵਿੱਚ ਕਿਵੇਂ ਮਦਦ ਕਰਦੀਆਂ ਹਨ। ਉਨ੍ਹਾਂ ਨੇ ਰੰਗੀਨ ਤਸਵੀਰਾਂ ਵੇਖੀਆਂ, ਸੁਹਾਵਣੀਆਂ ਆਵਾਜ਼ਾਂ ਸੁਣੀਆਂ, ਵੱਖ-ਵੱਖ ਬਣਤਰਾਂ ਨੂੰ ਛੂਹਿਆ, ਵੱਖ-ਵੱਖ ਖੁਸ਼ਬੂਆਂ ਨੂੰ ਸੁੰਘਿਆ, ਅਤੇ ਅਗਵਾਈ ਹੇਠ ਸੁਆਦੀ ਪਕਵਾਨਾਂ ਦਾ ਸੁਆਦ ਲਿਆ। ਇਸ ਅਨੰਦਮਈ ਗਤੀਵਿਧੀ ਨੇ ਉਤਸੁਕਤਾ, ਨਿਰੀਖਣ ਹੁਨਰ ਅਤੇ ਜਾਗਰੂਕਤਾ ਨੂੰ ਇੱਕ ਖੇਡ ਅਤੇ ਦਿਲਚਸਪ ਤਰੀਕੇ ਨਾਲ ਵਿਕਸਤ ਕਰਨ ਵਿੱਚ ਮਦਦ ਕੀਤੀ। ਛੋਟੇ ਬੱਚਿਆਂ ਨੇ ਬਹੁਤ ਉਤਸ਼ਾਹ ਅਤੇ ਮੁਸਕਰਾਹਟ ਨਾਲ ਹਿੱਸਾ ਲਿਆ, ਜਿਸ ਨਾਲ ਸਿੱਖਣ ਨੂੰ ਇੱਕ ਸੱਚਮੁੱਚ ਖੁਸ਼ਹਾਲ ਅਨੁਭਵ ਬਣਾਇਆ ਗਿਆ।



# ਪਟਿਆਲਾ-ਆਸ/ਪਾਸ



## ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਸਰਕਾਰੀ ਰਿਹਾਇਸ਼ ਪ੍ਰਸ਼ਾਸਨ ਨੇ ਖਾਲੀ ਕਾਰਵਾਈ

ਸਨੌਰ, 28 ਜਨਵਰੀ (ਪ੍ਰਥਮ ਕੁਮਾਰ) : ਪਿਛਲੇ ਲੰਬੇ ਸਮੇਂ ਤੋਂ ਸਰਕਾਰ ਤੋਂ ਬਾਗੀ ਹੋਏ ਐਮ.ਐਲ.ਏ. ਸਨੌਰ ਹਰਮੀਤ ਸਿੰਘ ਪਠਾਣਮਾਜਰਾ ਦੀ ਕੋਠੀ ਖਾਲੀ ਕਰਵਾਉਣ ਲਈ ਸਵੇਰ ਤੋਂ ਹੀ ਭਾਰੀ ਪੁਲਿਸ ਫ਼ੋਰਸ ਪਠਾਣਮਾਜਰਾ ਦੀ ਸਰਕਾਰੀ ਰਿਹਾਇਸ਼ 9-ਸੀ ਪੁੱਜੀ ਹੈ। ਉਨ੍ਹਾਂ ਦੇ ਜਾਣਕਾਰ ਲੋਕਾਂ ਨੇ ਦੱਸਿਆ ਕਿ ਪਰਿਵਾਰ ਦੇ ਵਿਚ ਉਨ੍ਹਾਂ ਦੀ ਧਰਮ ਪਤਨੀ ਕੋਠੀ ਦੇ ਅੰਦਰ ਮੌਜੂਦ ਹਨ, ਜਿਨ੍ਹਾਂ ਦੀ ਸਿਹਤ ਠੀਕ ਨਹੀਂ ਹੈ।ਇਸ ਨੂੰ ਦੇਖਦੇ ਹੋਏ ਪ੍ਰਸ਼ਾਸਨ ਵਲੋਂ ਮੌਕੇ 'ਤੇ ਐਂਬੂਲੈਂਸ ਬੁਲਾਈ ਗਈ ਹੈ ਤੇ ਸਾਮਾਨ ਲੈ ਕੇ ਜਾਣ ਲਈ ਇਕ ਟਰੱਕ ਵੀ ਲਿਆਂਦਾ ਗਿਆ ਹੈ। ਬਾਹਰ ਖੜੇ ਸਮਰਥਕਾਂ ਦਾ ਕਹਿਣਾ ਹੈ ਕਿ ਪਰਿਵਾਰ ਦੇ ਮੈਂਬਰਾਂ ਦੀ ਸਿਹਤ ਠੀਕ ਨਾ ਹੋਣ ਕਰਕੇ ਪ੍ਰਸ਼ਾਸਨ ਨੂੰ ਹਾਲੇ ਰੁਕਣਾ ਚਾਹੀਦਾ ਸੀ ਪਰ ਇਹ ਕੋਠੀ ਖਾਲੀ ਕਰਾਉਣਾ ਸਰਕਾਰ ਵਲੋਂ ਧੱਕਾ ਹੈ।ਇਸ ਸਬੰਧ ਵਿੱਚ ਪਠਾਣਮਾਜਰਾ ਨੇ ਆਪਣੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਮੈਨੂੰ ਹਲਕੇ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ ਅਤੇ ਮੈ ਮੌਜੂਦਾ ਵਿਧਾਇਕ ਹਾਂ ਸਰਕਾਰੀ ਕੋਠੀ ਖਾਲੀ ਕਰਵਾਉਣ ਦਾ ਅਧਿਕਾਰ ਕਿਸੇ ਕੋਲ ਨਹੀਂ। ਓਹਨਾਂ ਕਿਹਾ ਅਗਰ ਮੈ ਇਸ ਕੋਠੀ ਵਿੱਚ ਨਹੀਂ ਰਹਿ ਸਕਦਾ ਫੇਰ ਮੁੱਖ ਮੰਤਰੀ ਸਾਹਿਬ ਨੂੰ ਵੀ ਸਰਕਾਰੀ ਕੋਠੀ ਖਾਲੀ ਕਰਨੀ ਚਾਹੀਦੀ ਹੈ। ਅੱਗੇ ਓਹਨਾਂ ਕਿਹਾ ਕਿ ਰਣਜੋਧ ਸਿੰਘ ਹਡਾਣ ਦੀ 5 ਕਿੱਲੇ ਦੀ ਕੋਠੀ ਹੁਣ ਤੱਕ ਖਾਲੀ ਕਿਉਂ ਨਹੀਂ ਕਰਵਾਈ ਗਈ। ਪੀਆਰਟੀਸੀ ਦੀ ਚੇਅਰਮੈਨੀ ਤੋਂ ਲਾਹੇ ਜਾਣ ਤੋਂ ਬਾਅਦ ਉਸ ਕੋਲ ਕਿਹੜਾ ਸੰਵਿਧਾਨਿਕ ਅਹੁਦਾ ਹੈ, ਜਿਸਦੇ ਤਹਿਤ ਉਹ ਕੋਠੀ ਅੰਦਰ ਸਿਆਸੀ ਗਤੀਵਿਧੀਆਂ ਕਰ ਰਿਹਾ ਹੈ। ਇਸ ਮੌਕੇ ਵਿਧਾਇਕ ਪਠਾਣਮਾਜਰਾ ਦੀ ਧਰਮ ਪਤਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਲੋਬੀ ਦੇ ਪਿੱਛੇ ਲੱਗ ਕੇ ਪਿਛਲੇ ਕਾਫੀ ਸਮੇਂ ਤੋਂ ਸਾਡੇ ਨਾਲ ਧੱਕਾ ਕਰ ਰਹੀ ਹੈ। ਮੇਰੀ ਸਿਹਤ ਠੀਕ ਨਾ ਹੋਣ ਦੇ ਬਾਅਦ ਵੀ ਪ੍ਰਸ਼ਾਸਨ ਨੇ ਜ਼ਬਰਦਸਤੀ ਕੋਠੀ ਖਾਲੀ ਕਰਨੀ ਸ਼ੁਰੂ ਕਰ ਦਿੱਤੀ। ਓਹਨਾਂ ਅੱਗੇ ਕਿਹਾ ਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਹਲਕੇ ਦੇ ਲੋਕਾਂ ਦੇ ਹੱਕ ਦੀ ਅਵਾਜ਼ ਬੁਲੰਦ ਕਰਨ ਦੀ ਸਜਾ ਮਾਨ ਸਰਕਾਰ ਵੱਲੋਂ ਦਿੱਲੀ ਲੀਡਰਸ਼ਿਪ ਦੇ ਕਹਿਣ 'ਤੇ ਦਿੱਤੀ ਜਾ ਰਹੀ ਹੈ। ਓਹਨਾਂ ਕਿਹਾ ਕਿ ਅਸੀਂ ਹਲਕੇ ਦੇ ਲੋਕਾਂ ਲਈ ਸਰਕਾਰ ਦਾ ਹਰ ਇਕ ਜ਼ੁਲਮ ਸਹਿਣ ਨੂੰ ਤਿਆਰ ਹਾਂ। ਚੰਗੇ ਅਤੇ ਮਾੜੇ ਦਿਨ ਆਉਂਦੇ ਜਾਂਦੇ ਰਹਿੰਦੇ ਹਨ। ਓਹਨਾਂ ਇਸ ਔਖੀ ਘੜੀ ਵਿੱਚ ਪਰਿਵਾਰ ਦੇ ਨਾਲ ਖੜ੍ਹਨ ਵਾਲਿਆਂ ਦਾ ਦਿਲੋਂ ਧੰਨਵਾਦ ਕੀਤਾ।



## ਪਿੰਡ ਬੋਲੜ 'ਚ 30 ਤੋਂ ਵੱਧ ਪਰਿਵਾਰਾਂ ਨੇ ਅਕਾਲੀ ਦਲ ਤੇ ਕਾਂਗਰਸ ਛੱਡ ਕੇ 'ਆਪ' ਦਾ ਪੱਲਾ ਫੜਿਆ

### ➤ ਰੰਗਲਾ ਪੰਜਾਬ ਸਿਰਫ਼ ਨਾਅਰਾ ਨਹੀਂ, ਬਲਕਿ ਮੁੱਖ ਮੰਤਰੀ ਮਾਨ ਦੀ ਦੂਰਦਰਸ਼ੀ ਸੋਚ : ਹਡਾਣਾ



ਭੁਨਰਹੇੜੀ, 28 ਜਨਵਰੀ (ਗੁਰਜੀਤ ਸਿੰਘ ਢੋਟ) : ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਲੋਕ ਪੱਖੀ ਵਿਕਾਸ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਸੋਚ ਨਾਲ ਦਿਨ ਬ ਦਿਨ ਪੰਜਾਬ ਵਿੱਚ ਆਪ ਪ੍ਰਤੀ ਲੋਕਾਂ ਦਾ ਰੁਝਾਣ ਦੁੱਗਣਾ ਹੋ ਰਿਹਾ ਹੈ। ਇਸੇ ਤਹਿਤ ਹਲਕੇ ਸਨੌਰ ਦੇ ਪਿੰਡ ਬੋਲੜ ਵਿਖੇ ਤੀਹ ਦੇ ਕਰੀਬ ਪਰਿਵਾਰਾਂ ਨੇ ਅਕਾਲੀ ਤੇ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਇਸ ਦੀ ਜਾਣਕਾਰੀ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਵਲੋ ਇੱਕ ਪ੍ਰੋਗਰਾਮ ਦੌਰਾਨ ਦਿੱਤੀ ਗਈ । ਹਲਕਾ ਇੰਚਾਰਜ ਹਡਾਣਾ ਨੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਹ ਸਰਕਾਰ ਲੋਕਾਂ ਦੇ ਦੁੱਖ-ਸੁੱਖ ਵਿੱਚ ਸਦਾ ਨਾਲ ਖੜੀ ਹੈ। ਹਡਾਣਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਸਿਰਫ਼ ਲੁੱਟਿਆ ਅਤੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ, ਪਰ ਆਮ ਆਦਮੀ ਪਾਰਟੀ ਨੇ ਸੱਤਾ ਸੰਭਾਲਣ ਤੋਂ ਬਾਅਦ ਪੰਜਾਬ ਨੂੰ ਵਿਕਾਸ ਦੀ ਰਾਹ 'ਤੇ ਲਿਆਉਣ ਲਈ ਇਮਾਨਦਾਰ ਅਤੇ ਪਾਰਦਰਸ਼ੀ ਸ਼ਾਸਨ ਦਿੱਤਾ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਰੰਗਲਾ ਪੰਜਾਬ ਸਿਰਫ਼ ਨਾਅਰਾ ਨਹੀਂ, ਸਗੋਂ ਇਹ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਦਰਸ਼ੀ ਸੋਚ ਹੈ, ਜੋ ਅੱਜ ਜਮੀਨੀ ਪੱਧਰ 'ਤੇ ਨਜ਼ਰ ਆ ਰਹੀ ਹੈ। ਪਿੰਡ ਬੋਲੜ ਵਿੱਚ ਹੋਈ ਇਹ ਵੱਡੀ ਜੁਆਇਨਿੰਗ ਇਸ ਗੱਲ ਦਾ ਸਬੂਤ ਹੈ ਕਿ ਲੋਕ ਹੁਣ ਪੁਰਾਣੀ ਰਾਜਨੀਤੀ ਨੂੰ ਨਕਾਰ ਰਹੇ ਹਨ ਅਤੇ ਸਾਫ਼-ਸੁਥਰੀ, ਇਮਾਨਦਾਰ ਰਾਜਨੀਤੀ ਨੂੰ ਅਪਨਾ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਪਰਿਵਾਰਾਂ ਵਿੱਚ ਪਰਮਜੀਤ ਸਿੰਘ, ਸਾਧੂ ਸਿੰਘ, ਹਰਪਾਲ ਸਿੰਘ, ਸਾਹਿਬ ਸਿੰਘ, ਮਨਪ੍ਰੀਤ ਸਿੰਘ, ਜੋਗਿੰਦਰ ਸਿੰਘ, ਗੁਰਨਾਮ ਸਿੰਘ, ਬਲਿਹਾਰ ਸਿੰਘ, ਸੇਵਾ ਸਿੰਘ, ਦਿਲਾਵਰ ਸਿੰਘ, ਜਗਤਾਰ ਸਿੰਘ, ਮੁਖਤਿਆਰ ਸਿੰਘ, ਸਤਨਾਮ ਸਿੰਘ, ਬਚਿੱਤਰ ਸਿੰਘ, ਪੂਰਨ ਸਿੰਘ ਖਹਿਰਾ, ਗਗਨਦੀਪ ਸਿੰਘ, ਪ੍ਰਭਜੋਤ ਸਿੰਘ, ਸੁਖਜਿੰਦਰ ਸਿੰਘ, ਨਰਿੰਦਰ ਸਿੰਘ ਖਰੌੜ, ਗੁਰਪ੍ਰੀਤ ਸਿੰਘ ਅਤੇ ਸੁਖਵੀਰ ਸਿੰਘ ਸਮੇਤ ਹੋਰ ਕਈ ਨਾਮ ਸ਼ਾਮਲ ਹਨ।

## ਸ਼ਰਧਾ ਭਾਵਨਾ ਨਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ



ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਗੁਰਦੁਆਰਾ ਥੜ੍ਹਾ ਸਾਹਿਬ ਪਾਤਸ਼ਾਹੀ ਨੌਵੀਂ ਛਾਉਣੀ ਬੁੱਢਾ ਦਲ ਨਿਹੰਗ ਸਿੰਘ ਸਮਾਣਾ ਵਿਖੇ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁੱਖੀ ਬੁੱਢਾ ਦਲ ਅਤੇ ਗੁਰਦੁਆਰਾ ਥੜ੍ਹਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਵਿਸ਼ਵਪ੍ਰਤਾਪ ਸਿੰਘ ਦੇ ਉਪਰਾਲੇ ਸਦਕਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਖੁੱਲੇ ਪੰਡਾਲ 'ਚ ਸਜਾਇਆ ਗਿਆ। ਜਿਸ ਵਿਚ ਭਾਈ ਸੁਰਜੀਤ ਸਿੰਘ ਪਟਿਆਲਾ ਅਤੇ ਭਾਈ ਗੁਰਜੋਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਥੜ੍ਹਾ ਸਾਹਿਬ ਨੇ ਮਨੋਹਰ ਕੀਰਤਨ ਕੀਤਾ ਅਤੇ ਭਾਈ ਤਰਸੇਮ ਸਿੰਘ ਦੇ ਢਾਡੀ ਜਥੇ ਨੇ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੀਨੀ: ਅਕਾਲੀ ਆਗੂ ਅਮਰਜੀਤ ਸਿੰਘ ਪੰਜਰਥ, ਐਡਵੋਕੇਟ ਰਵਿੰਦਰ ਸਿੰਘ ਰਵੀ, ਕੁਲਵਿੰਦਰ ਸਿੰਘ ਸਿੱਧੂ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮੂਲੀਅਤ ਕੀਤੀ। ਸਮਾਗਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਗਣਤੰਤਰਤਾ ਦਿਵਸ 'ਤੇ ਮਨੋਹਰ ਲਾਲ ਪਵਾਰ ਲੇਖਕ-ਪੱਤਰਕਾਰ ਦਾ ਪੰਜਾਬ ਸਰਕਾਰ ਵੱਲੋਂ ਸਨਮਾਨ



ਪਟਿਆਲਾ, 28 ਜਨਵਰੀ (ਚ.ਨ.ਸ.) : ਗਣਤੰਤਰਤਾ ਦਿਵਸ ਦੇ ਮੌਕੇ 'ਤੇ ਪੋਲੋ ਗਰਾਊਂਡ ਪਟਿਆਲਾ ਵਿਖੇ ਲੇਖਕ-ਪੱਤਰਕਾਰ ਸ਼੍ਰੀ ਮਨੋਹਰ ਲਾਲ ਪਵਾਰ ਨੂੰ ਉਨ੍ਹਾਂ ਦੀ ਲੇਖਨ-ਪੱਤਰਕਾਰਤਾ ਦੇ ਮੱਦੇਨਜ਼ਰ ਪ੍ਰਾਪਤੀਆਂ ਨੂੰ ਵੇਖਦੇ ਹੋਏ, ਸ਼੍ਰੀ ਹਰਜੋਤ ਸਿੰਘ ਬੈਂਸ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਤੇ ਭਾਸ਼ਾ, ਸਕੂਲ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ, ਪੰਜਾਬ ਵੱਲੋਂ ਪ੍ਰਮਾਣ ਪੱਤਰ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਮਨੋਹਰ ਲਾਲ ਪਵਾਰ ਨੇ ਮੰਤਰੀ ਨੂੰ ਦੱਸਿਆ ਕਿ ਉਹ ਲਗਭਗ ਪੰਜਾਹ ਸਾਲ ਤੋਂ ਲੇਖਨ- ਪੱਤਰਕਾਰਤਾ ਦੇ ਖੇਤਰ ਵਿੱਚ ਲੱਗੇ ਹੋਏ ਹਨ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਤੋਂ 2012 ਨੂੰ ਬਤੌਰ ਸੁਪਰਡੰਟ ਗ੍ਰੇਡ-1 ਰਿਟਾਇਰਡ ਹੋਏ ਸੀ। ਮੰਤਰੀ ਨੇ ਪਵਾਰ ਨੂੰ ਕਿਹਾ ਕਿ ਸਾਨੂੰ ਤੁਹਾਡੇ 'ਤੇ ਬਹੁਤ ਖੁਸ਼ੀ ਅਤੇ ਫ਼ਖਰ ਹੈ। ਮਨੋਹਰ ਲਾਲ ਪਵਾਰ ਨੇ ਮੰਤਰੀ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਜਿਕਰਯੋਗ ਹੈ ਕਿ ਸ਼੍ਰੀ ਮਨੋਹਰ ਲਾਲ ਪਵਾਰ ਵੱਖ ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਵੀ ਲਗਭਗ ਪੰਜਾਹ ਸਾਲ ਤੋਂ ਲਿਖਦੇ ਆ ਰਹੇ ਹਨ ਅਤੇ ਨਾਲ ਹੀ ਪ੍ਰੈਸ ਰਿਪੋਰਟਿੰਗ ਵੀ ਕਰਦੇ ਆ ਰਹੇ ਹਨ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵੱਲੋਂ ਵੀ ਇਨ੍ਹਾਂ ਵੱਲੋਂ ਲਿਖੀ ਕਿਤਾਬ ਅਮਰਦੀਪ (ਕਾਵਿ ਸੰਗ੍ਰਹਿ) ਅਤੇ ਕਿਤਾਬ ਵਿਡੰਬਣਾ ਲਈ ਵੀ ਕੈਸ਼ ਐਵਾਰਡ ਪ੍ਰਦਾਨ ਕੀਤੇ ਗਏ ਸਨ ਅਤੇ ਭਾਰਤੀ ਦਲਿੱਤ ਸਾਹਿੱਤ ਅਕਾਦਮੀ ਅਤੇ ਭਾਰਤੀ ਦਲਿਤ (ਯੂ.ਪੀ. ਸਟੇਟ) ਸਾਹਿਤ ਅੱਕਾਦਮੀ ਫ਼ਰੁਖਾਬਾਦ ਵਿਖੇ ਸਨਮਾਨਿਤ ਕੀਤਾ ਗਿਆ ਸੀ। ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਵੱਲੋਂ ਵੀ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।

## ਸਮਾਜ ਦੇ ਹਰ ਵਰਗ ਨੂੰ ਬਣਦੇ ਹੱਕ ਦੇਣ ਦੀ ਲੋੜ : ਗੁਰਦੀਪ ਸਿੰਘ ਨੰਬਰਦਾਰ



ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਪਿੰਡ ਫਤਿਹਗੜ੍ਹ ਛੰਨਾ ਵਿਖੇ ਗਣਤੰਤਰ ਦਿਵਸ ਮੌਕੇ ਬੇਗਮਪੁਰਾ ਫ਼ਰੰਟ ਦੇ ਪ੍ਰਧਾਨ ਗੁਰਦੀਪ ਸਿੰਘ ਨੰਬਰਦਾਰ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਬੁੱਤ ਤੇ ਫੁੱਲਮਾਲਾ ਅਰਪਤ ਕਰ ਕੇ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸਾਡੇ ਸਮਾਜ ਲਈ ਬਹੁਤ ਅਹਿਮ ਹੈ, ਇਸ ਦਿਨ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋਇਆ ਸੀ। ਜਿਸ ਵਿਚ ਸਾਰੇ ਭਾਰਤ ਵਾਸੀਆਂ ਨੂੰ ਬਰਾਬਰ ਦੇ ਹੱਕ ਮਿਲੇ ਸਨ, ਪਰ ਸਰਕਾਰਾਂ ਦੀ ਨਾਕਾਮੀ ਕਾਰਨ ਅੱਜ ਵੀ ਸਮਾਜ ਨੂੰ ਆਪਣੇ ਹੱਕਾਂ ਤੋਂ ਵਾਂਝਿਆਂ ਕਰ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਹੱਕ ਲੈਣ ਲਈ ਜਾਗਰੂਕ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਹੈ। ਸਰਕਾਰਾ ਨੂੰ ਵੀ ਆਪਣੀ ਸਹੀ ਜ਼ਿੰਮੇਵਾਰੀ ਸਮਝਦੇ ਹੋਏ ਸਮਾਜ ਦੇ ਹਰ ਵਰਗ ਨੂੰ ਬਣਦੇ ਹੱਕ ਦੇਣ ਦੀ ਲੋੜ ਹੈ। ਇਸ ਤੋਂ ਇਲਾਵਾ ਗੁਰਜੰਟ ਸਿੰਘ, ਸੋਹਣ ਸਿੰਘ, ਸੋਨੀ, ਜਗਦੀਸ਼ ਸਿੰਘ, ਬੁੱਧ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਗਣਤੰਤਰ ਦਿਵਸ ਮਨਾਇਆ



ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਸ੍ਰੀ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਮਦਨ ਮਿੱਤਲ ਅਤੇ ਸਮੂਹ ਮੈਂਬਰਾਂ ਦੀ ਅਗਵਾਈ 'ਚ ਪਬਲਿਕ ਸੀਨੀ: ਸੈਕੰਡਰੀ ਸਕੂਲ 'ਚ 77ਵੇਂ ਗਣਤੰਤਰ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਜਿਸ ਵਿਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਲਕਾ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਸ਼ਰਨਜੀਤ ਕੌਰ, ਪੁੱਤਰ ਐਨ.ਆਰ. ਆਈ. ਗੁਰਵਿੰਦਰ ਸਿੰਘ, ਨੂੰਹ ਸੰਦੀਪ ਕੌਰ ਵੀ ਮੌਜੂਦ ਸਨ। ਇਸ ਮੌਕੇ, ਪ੍ਰਿੰਸੀਪਲ ਅਨਰੁਧ ਗਰਗ, ਪ੍ਰਿੰਸੀਪਲ ਸੁਨੀਤਾ ਗਰਗ, ਸੁਰਿੰਦਰ ਮੈਨੇਜਰ, ਸ਼ਸ਼ੀ ਭੂਸ਼ਣ ਸਿੰਗਲਾ, ਰਾਮ ਬਾਂਸਲ, ਸੁਰਿੰਦਰ ਬਾਂਸਲ, ਪ੍ਰਵੀਨ ਬਾਂਸਲ ਆਦਿ ਵੀ ਮੌਜੂਦ ਸਨ।

## ਮਨਰੇਗਾ ਵਰਕਰਾਂ ਦੇ ਹੱਕਾਂ ਦੀ ਲੜਾਈ ਲੜਨ ਲਈ ਕਾਂਗਰਸ ਪਾਰਟੀ ਵਚਨਬੱਧ : ਅਰਾਈਮਾਜਰਾ



ਸਮਾਣਾ, 28 ਜਨਵਰੀ (ਸੁਖਜਿੰਦਰ ਸਿੰਘ ਕੁਲਾਰਾਂ) : ਰਾਹੁਲ ਗਾਂਧੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕੈਪਟਨ ਸੰਦੀਪ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਤੇ ਨਛੱਤਰ ਸਿੰਘ ਅਰਾਈਮਾਜਰਾ ਦੀ ਅਗਵਾਈ ਹੇਠ ਮਨਰੇਗਾ ਵਰਕਰਾਂ ਅਤੇ ਮਿਹਨਤਕਸ਼ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਹਲਕੇ ਸ਼ਤਰਾਣੇ ਦੇ ਪਿੰਡ ਬੁਜਰਕ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਕਾਂਗਰਸ ਬਲਾਕ ਪ੍ਰਧਾਨ ਘੱਗਾ ਹਰਦੀਪ ਸਿੰਘ ਕੁਲਾਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਬਜਟ ਵਿੱਚ ਕੀਤੀ ਕਟੌਤੀ ਅਤੇ ਨਵੇਂ ਅੜਿੱਕਿਆਂ ਰਾਹੀਂ ਗਰੀਬਾਂ ਦਾ ਚੁੱਲ੍ਹਾ ਠੰਢਾ ਕਰਨ ਦੀਆਂ ਕੋਸ਼ਿਸ਼ਾਂ ਵਿਰੁੱਧ ਅੱਜ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਨਛੱਤਰ ਸਿੰਘ ਅਰਾਈ ਮਾਜਰਾ ਨੇ ਆਖਿਆ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਗਰੀਬ ਲੋਕਾਂ ਦੇ ਹੱਕਾਂ ਵਿੱਚ ਖੜਦੀ ਰਹੀ ਹੈ ਅਤੇ ਖੜਦੀ ਰਹੇਗੀ ਅਤੇ ਉਨ੍ਹਾਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਹੱਕਾਂ ਦੀ ਲੜਾਈ ਲੜਨ ਲਈ ਕਾਂਗਰਸ ਪਾਰਟੀ ਵਚਨਬੱਧ ਹੈ। ਇਸ ਮੌਕੇ ਪ੍ਰਿਤਪਾਲ ਸਿੰਘ ਬਿੱਟੂ , ਚੇਅਰਮੈਨ ਕੁਲਦੀਪ ਰਿੰਕੂ ਸ਼ਰਮਾ , ਧਰਮਿੰਦਰ ਸਿੰਘ ਨਨਹੇੜਾ , ਗੁਰਪ੍ਰੀਤ ਮਵੀ, ਗੁਰਜੀਤ ਬੁਜਰਕ, ਗੁਰਸੇਵਕ ਬੂਜਰਕ,ਹੈਪੀ ਮਵੀ,ਰਾਜੂ ਖਟੜਾ ਕਕਰਾਲਾ,ਡਿੰਪਲ ਦੇਧਣਾ ਆਦਿ ਕਾਂਗਰਸ ਪਾਰਟੀ ਦੇ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਸਕੂਲ 'ਚ 'ਵੇਸਟ ਟੂ ਵੈਲਥ' ਵਰਕਸ਼ਾਪ ਕਰਵਾਈ



ਪਟਿਆਲਾ, 28 ਜਨਵਰੀ (ਚ.ਨ.ਸ.) : ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਵਿਖੇ 23/1/26 ਅਤੇ 24/1/26 ਨੂੰ ਪੰਜਾਬ ਸਟੇਟ ਕਾਸਿਲ ਫੌਰ ਸਾਇੰਸ ਐਂਡ ਟੈਕਨੋਲੋਜੀ ਦੁਆਰਾ ਚਲਾਇਆ ਜਾ ਰਹੇ ਵਾਤਾਵਰਨ ਸਿੱਖਿਆ ਪ੍ਰੋਗਰਾਮ ਤਹਿਤ 'ਵੇਸਟ ਟੂ ਵੈਲਥ' ਵਰਕਸ਼ਾਪ ਸਕੂਲ ਇੰਚਾਰਜ ਭਗਵੰਤ ਸਿੰਘ, ਸਕੂਲ ਈਕੋ ਕਲੱਬ ਕੋਆਰਡੀਨੇਟਰ ਸੋਨੀਆ ਚਾਵਲਾ ਅਤੇ ਹੋਰ ਸਾਇੰਸ ਅਧਿਆਪਕਾਂ ਨੇ ਕਰਵਾਈ। ਜਿਸ ਵਿੱਚ ਕਾਗਜ਼ ਦੀ ਦੁਰਵਰਤੋ ਨੂੰ ਰੋਕਣ ਲਈ ਅਤੇ ਕਾਗਜ਼ ਦੀ ਮੁੜ ਵਰਤੋਂ ਬਾਰੇ ਐਕਟੀਵਿਟੀ ਰਿਸੋਰਸ ਪਰਸਨ ਮੈਮ ਗੁਰਲੀਨ ਕੌਰ (ਅਸਿਸਟੈਂਟ ਪ੍ਰੋਫੈਸਰ ਥਾਪਰ ਇੰਸਟੀਟਿਊਟ ਆਫ ਇੰਜੀਨੀਅਰਿੰਗ ਅਤੇ ਟੈਕਨੋਲੋਜੀ) ਦੁਬਾਰਾ ਕਰਵਾਈ। ਵਿਦਿਆਰਥੀਆਂ ਨੇ ਸਕੂਲ ਵਿੱਚ ਜੈਵਵਿਘਟਨਸ਼ੀਲ ਕੂੜੇ ਨੂੰ ਕੰਪੋਸਟ ਅਤੇ ਵਰਮੀਕੰਪੋਸਟ ਵਿੱਚ ਬਦਲਣਾ ਸਿੱਖਿਆ । ਵਿਦਿਆਰਥੀਆਂ ਨੇ ਪੁਰਾਣੀਆਂ ਕੱਪੜਿਆਂ ਤੋਂ ਨਵੇ ਕੱਪੜੇ ਦੇ ਬੈਗ ਬਨਾਉਣੇ ਸਿੱਖੇ ਅਤੇ ਤਿਆਰ ਕੀਤੇ। ਵਿਦਿਆਰਥੀਆਂ ਨੇ ਵਰਤੋਂ ਵਿੱਚ ਆਏ ਕਾਗਜ਼ਾਂ ਤੋਂ ਨਵੇਂ ਕਾਗਜ਼ ਅਤੇ ਹੋਰ ਉਪਯੋਗੀ ਵਸਤੂਆਂ ਤਿਆਰ ਕੀਤੀਆਂ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਲਈ ਬਹੁਤ ਹੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

## ਰਣਜੋਧ ਸਿੰਘ ਹਡਾਣਾ ਨੇ ਉਮੰਗ ਸੰਸਥਾ ਦੇ ਮੈਂਬਰਾਂ ਨੂੰ ਜ਼ਿਲ੍ਹਾ ਪੱਧਰੀ ਐਵਾਰਡ ਮਿਲਣ 'ਤੇ ਦਿੱਤੀ ਵਧਾਈ



ਦੇਵੀਗੜ੍ਹ, 28 ਜਨਵਰੀ (ਗੁਰਜੀਤ ਸਿੰਘ ਢੋਟ) : ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਨੇ ਸਮਾਜਿਕ ਸੇਵਾ ਦੇ ਖੇਤਰ ਵਿੱਚ ਸਰਗਰਮ ਸੰਸਥਾ ਉਮੰਗ ਵੈਲਫੇਅਰ ਫਾਊਂਡੇਸ਼ਨ ਰਜਿ. ਦੇ ਮੈਂਬਰਾਂ ਨੂੰ ਗਣਤੰਤਰ ਦਿਵਸ ਮੌਕੇ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਵਲੋਂ ਜ਼ਿਲ੍ਹਾ ਪੱਧਰੀ ਅਵਾਰਡ ਮਿਲਣ 'ਤੇ ਆਪਣੇ ਗ੍ਰਹਿ ਵਿਖੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਨਮਾਨ ਸਿਰਫ਼ ਵਿਅਕਤੀਆਂ ਲਈ ਨਹੀਂ, ਸਗੋਂ ਸਮਾਜ ਸੇਵਾ ਨਾਲ ਜੁੜੀ ਹਰ ਉਸ ਸੋਚ ਲਈ ਹੈ ਜੋ ਨਿਸ਼ਕਾਮ ਭਾਵਨਾ ਨਾਲ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਜਸਬੀਰ ਸਿੰਘ ਕੁਦਨੀ, ਅਵਤਾਰ ਸਿੰਘ ਚੰਦੀ ਯੂਐਸਏ, ਹਰਪ੍ਰੀਤ ਸਿੰਘ ਘੁੰਮਣ ਬਲਾਕ ਪ੍ਰਧਾਨ ਅਤੇ ਹੋਰ ਪਤਵੰਤੇ ਲੋਕ ਮੌਕੇ ਤੇ ਮੌਜੂਦ ਰਹੇ। ਦੱਸਣਯੋਗ ਹੈ ਕਿ ਬੀਤੇ ਦਿਨ ਗਣਤੰਤਰ ਦਿਵਸ ਦੇ ਸਮਾਗਮ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਉਮੰਗ ਦੇ ਸੀਨੀਅਰ ਮੀਤ ਪ੍ਰਧਾਨ ਅਨੁਰਾਗ ਅਚਾਰਿਆ ਅਤੇ ਸੰਸਥਾ ਦੇ ਲੀਗਲ ਐਡਵਾਈਜ਼ਰ ਅਤੇ ਖ਼ਜ਼ਾਨਚੀ ਯੋਗੇਸ਼ ਪਾਠਕ ਨੂੰ ਸਮਾਜ ਸੇਵਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਜ਼ਿਲ੍ਹਾ ਪੱਧਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਮਿਲਣ ਨਾਲ ਸੰਸਥਾ ਦੇ ਹੋਰ ਮੈਂਬਰਾਂ ਵਿੱਚ ਵੀ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਹੋਇਆ ਹੈ। ਰਣਜੋਤ ਸਿੰਘ ਹਡਾਣਾ ਨੇ ਕਿਹਾ ਕਿ ਉਮੰਗ ਸੰਸਥਾ ਦੀ ਟੀਮ ਪਿਛਲੇ ਲੰਮੇ ਸਮੇਂ ਤੋਂ ਪ੍ਰਧਾਨ ਅਰਵਿੰਦਰ ਸਿੰਘ ਦੀ ਅਗਵਾਈ ਵਿੱਚ ਸਿੱਖਿਆ, ਸਿਹਤ, ਕਾਨੂੰਨੀ ਜਾਗਰੂਕਤਾ ਅਤੇ ਸਮਾਜਿਕ ਭਲਾਈ ਦੇ ਖੇਤਰ ਵਿੱਚ ਬੇਹਤਰੀਨ ਕੰਮ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਟੀਮ ਮੈਂਬਰ ਅਨੁਰਾਗ ਆਚਾਰਿਆ ਅਤੇ ਯੋਗੇਸ਼ ਪਾਠਕ ਵਰਗੇ ਸਮਰਪਿਤ ਸੇਵਕ ਸਮਾਜ ਲਈ ਪ੍ਰੇਰਣਾ ਸਰੋਤ ਹਨ, ਜੋ ਬਿਨਾਂ ਕਿਸੇ ਲਾਲਚ ਦੇ ਲੋਕਾਂ ਦੀ ਮਦਦ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ।

## ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਨੇ ਗਣਤੰਤਰ ਦਿਵਸ ਮਨਾਇਆ



ਪਟਿਆਲਾ, 28 ਜਨਵਰੀ (ਰੁਪਾਣਾ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ 77ਵਾਂ ਗਣਤੰਤਰ ਦਿਵਸ ਕਿਲਾ ਚੌਕ ਪਟਿਆਲਾ ਵਿਖੇ ਮਨਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਆਗੂ ਸਾਹਿਬਾਨ, ਜਿਲਾ ਕਾਂਗਰਸ ਕਮੇਟੀ, ਬਲਾਕ ਕਾਂਗਰਸ ਕਮੇਟੀਆਂ, ਮਹਿਲਾ ਕਾਂਗਰਸ, ਯੂਥ ਕਾਂਗਰਸ, ਮੰਡਲ ਕਮੇਟੀਆਂ, ਬੂਥ ਕਮੇਟੀਆਂ, ਸੇਵਾ ਦਲ, ਐਸਸੀ ਬੀਸੀ ਸੈਲ , ਸਾਬਕਾ ਤੇ ਮੌਜੂਦਾ ਕੌਂਸਲਰ ਸਾਹਿਬਾਨ, ਜਿਲਾ ਪਰਿਸ਼ਦ ਅਤੇ ਬਲਾਕ ਸੰਮਤੀਆਂ ਦੇ ਮੌਜੂਦਾ ਤੇ ਸਾਬਕਾ ਚੇਅਰਮੈਨ ਮੈਂਬਰ ਸਾਹਿਬਾਨ ਸਰਪੰਚ ਪੰਚ ਸਾਹਿਬਾਨ ਅਤੇ ਵੱਡੀ ਗਿਣਤੀ ਵਿੱਚ ਵਰਕਰ ਸਾਹਿਬਾਨ ਨੇ ਹਿੱਸਾ ਲਿਆ ਇਸ ਮੌਕੇ ਹਰਵੀਰ ਸਿੰਘ ਢੀਡਸਾ ਰਜੇਸ਼ ਮੰਡੋਰਾ, ਰਕੇਸ਼ ਸ਼ਰਮਾ ਕੇਸੀ ਪੰਡਿਤ, ਵਿਨੋਦ ਭਟਨਾਗਰ, ਅਸਲਮ ਸੈਫੀ ਰਜੇਸ਼ ਬੱਗਣ, ਕੇਕੇ ਸਹਿਗਲ, ਰੇਖਾ ਅਗਰਵਾਲ, ਗੋਪਾਲ ਸਿੰਗਲਾ, ਗੁਰਵਿੰਦਰ ਸਿੰਘ ਢਿੱਲੋ, ਹਰਵਿੰਦਰ ਸਿੰਘ ਨਿੱਪੀ ਨੇ ਭਾਰੀ ਇਕੱਠ ਨੂੰ ਸੰਬੋਧਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਨਰੇਸ਼ ਕੁਮਾਰ ਦੁੱਗਲ ਅਤੇ ਡਾਕਟਰ ਧਰਮਵੀਰ ਗਾਂਧੀ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਆਜ਼ਾਦੀ ਦੀ ਲੜਾਈ ਲੜ ਕੇ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਨੇ ਆਪਣੀਆਂ ਜਾਨਾਂ ਵਾਰ ਕੇ ਦੇਸ਼ ਨੂੰ ਆਜ਼ਾਦ ਕਰਵਾਇਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ਸਾਬਕਾ ਚੇਅਰਮੈਨ, ਨਿਰਮਲ ਸਿੰਘ ਭੱਟੀਆ ਸਾਬਕਾ ਚੇਅਰਮੈਨ,,ਮਾਸਟਰ ਨਿਰੰਜਨ ਦਾਸ ,ਸ਼ਿਵ ਖ਼ੰਨਾ,ਸੁਖਦੇਵ ਮਹਿਤਾ,ਰਾਜੇਸ਼ ਕੁਮਾਰ ਰਾਜੂ, ਹਰਵੀਰ ਸਿੰਘ ਢੀਂਡਸਾ, ਕੁਲਵੰਤ ਸਿੰਘ ਨਾਰੀਕੇ,ਅਰਜਿੰਦਰ ਸਿੰਘ ਉੱਚੀ, ਜਿੰਮੀ ਗੁਪਤਾ ਜਿੰਮੀ ਗੁਪਤਾ ਮਦਨ ਲਾਲ ਭਾਂਬਰੀ, ਪਰਦੀਪ ਮਾਨ, ਪਰਵੀਨ ਰਾਣਾ ਐਮ ਸੀ ਰਵਿੰਦਰ ਟੋਨੀ, ਸੰਜਯ ਸ਼ਰਮਾ , ਗੋਪੀ ਰੰਗੀਲਾ, ਰੇਖਾ ਅਗਰਵਾਲ, ਕਿਰਪਾਲ ਕੌਰ ਪ੍ਰਧਾਨ, ਡਿੰਪਲ ਗਿੱਲ, ਰੇਨੂੰ ਯਾਦਵ ,ਬਿਮਲਾ ਸਕਸੈਨਾ,ਪੁਸ਼ਪਾਵਤੀ ਗਿੱਲ, ਰਵਨੀਸ਼ ਪਾਂਧੀ, ਰਮਨ ਸ਼ਰਮਾ , ਵਿਨੋਦ ਭਟਨਾਗਰ, ਰਾਜੇਸ਼ ਬੱਗਨ, ਰਾਕੇਸ਼ ਕੁਮਾਰ ਕੇਸ਼ੀ ਪੰਡਿਤ, ਐਡਵੋਕੇਟ ਵਰਿੰਦਰ ਦੀਵਾਨ, ਨਰਿੰਦਰ ਕਪੂਰ, ਰਾਹੁਲ ਗੌਤਮ, ਕਿਸ਼ਨ ਸਿੰਗਲਾ , ਅਸਲਮ ਸੈਫ਼ੀ, ਵਿਨੋਦ ਮਲਹੋਤਰਾ , ਮਲਕੀਤ ਸਿੰਘ ਜਸੋਵਾਲ , ਸਿਤਾਰ ਮੋਹੰਮਦ ਰੋਂਗਲਾ, ਹਰਜਸ ਪਾਲ ਸਿੰਘ ,ਅਸ਼ੋਕ ਸ਼ਰਮਾ, ਸੁਭਾਸ਼ ਚੰਦ, ਮਹਿੰਦਰ ਕੁਮਾਰ ਖੱਤ੍ਰੀ , ਮੋਹਿੰਦਰ ਸਿੰਘ ਬਡੂੰਗਰ, ਬਲਵਿੰਦਰ ਗਰੇਵਾਲ, ਅਜੇ ਹੰਸ, ਰਾਮ ਦਿਆਲ, ਦੀਪਕ ਟਿਵਾਣਾ , ਗੌਰਵ ਗੋਇਲ, , ਪਰਮਵੀਰ ਸ਼ਰਮਾ, ਕੁਲਦੀਪ ਸ਼ਰਮਾ, ਸੰਜੀਵ ਸ਼ਰਮਾ ਰਾਏਪੁਰ, ਸੁਮੀਤ ਠਾਕੁਰ, ਭੂਸ਼ਣ ਸ਼ਰਮਾ, ਵਿਜੈ ਮੋਹਨ ਵਰਮਾ , ਰਾਜਿੰਦਰ ਖੋਪਾ, ਰਣਵੀਰ ਸਿੰਘ, ਵਿਕਾਸ ਗਿੱਲ, ਅਮਰਜੀਤ ਸਹੋਤਾ, ਕਰਮ ਸਿੰਘ, ਮਾਸਟਰ ਜੋਗਿੰਦਰ ਸਿੰਘ , ਯਾਦਵਿੰਦਰ ਸਿੰਘ ਯਾਦੀ, ਦੀਪ ਟੰਡਨ, ਵਿਜੈ ਗੁਪਤਾ, ਲਕਸ਼ੇ ਸਿੰਗਲਾ, ਅਜੇ ਸਿੰਗਲਾ, ਬਬਲੀ, ਤਰਸੇਮ ਕਲਸੀ, ਮੋਹਨਦੀਪ ਗੋਲਡੀ ਭਲਿੰਦਰ ਸਿੰਘ, ਰਘਬੀਰ ਸਿੰਘ, ਰਾਣਾ ਰਣਦੀਪ ਸਿੰਘ, ਸੰਜੂ ਕੈਸ਼ਅਪ, ਨਿਸ਼ਾ, ਰਾਜਿੰਦਰ ਸਹੋਤਾ , ਸੁਖਵਿੰਦਰ ਸਿੰਘ ਗਿੱਲ, ਅਸਵਨੀ ਰੋਕ, ਕਰਮ ਸਿੰਘ, ਗਿਆਨਵਤੀ , ਬਲਵਿੰਦਰ ਕੌਰ ਬੱਬੂ, ਅਵਤਾਰ ਸਿੰਘ, ਸ਼ਿੰਦਰ ਕੌਰ, ਰਾਕੇਸ਼ ਕੁਮਾਰ ਮਨਚੰਦਾ, ਕੁਨਾਲ ਮਨਚੰਦਾ, ਬਲਵਿੰਦਰ ਕੌਰ ਮਨਚੰਦਾ, ਮੋਨਾ ਸਿੰਘ, ਸ਼ਵਿੰਦਰ ਕੌਰ, ਸਨੀ ਸਿੱਧੂ, ਮਾਸਟਰ ਜੀ ਬਡੂੰਗਰ, ਸੁਰਜੀਤ ਸਿੰਘ ਸਿਗਲੀਗਰ ਵਸਤੀ, ਦਲਜੀਤ ਸਿੰਘ ਇਨ੍ਹਾਂ ਤੋਂ ਇਲਾਵਾ ਰਸਤਾ ਦੀ ਰਸਤਾ ਵੱਡੀ ਗਿਣਤੀ ਵਿੱਚ ਵਰਕਰ ਅਤੇ ਆਗੂ ਸਹਿਬਾਨਾਂ ਨੇ ਸ਼ਮੂਲੀਅਤ ਕੀਤੀ।

## ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਸਿਟੀ ਪੁਲਸ ਨੇ ਲਾਈਟਰ, ਫੋਇਲ ਪੇਪਰ ਅਤੇ ਫੋਇਲ ਪਾਈਪ ਸਮੇਤ ਇੱਕ ਨੌਜਵਾਨ ਨੂੰ ਹੈਰੋਇਨ ਦਾ ਨਸ਼ਾ ਕਰਦਿਆਂ ਕਾਬੂ ਕਰਕੇ ਉਸ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਲਵਪ੍ਰੀਤ ਸਿੰਘ ਵਾਸੀ ਤੇਜ ਕਾਲੋਨੀ, ਸਮਾਣਾ ਵਜੋਂ ਹੋਈ ਹੈ। ਸਿਟੀ ਪੁਲਸ ਇੰਚਾਰਜ ਬਲਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਸਿੰਦਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪੁਰਾਣਾ ਬੱਸ ਸਟੈਂਡ ਵਿਖੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨੌਜਵਾਨ ਅਗਰਸੈਨ ਚੌਕ ਵਿੱਚ ਬੈਠ ਕੇ ਹੈਰੋਇਨ ਦਾ ਨਸ਼ਾ ਕਰ ਰਿਹਾ ਹੈ। ਪੁਲਸ ਪਾਰਟੀ ਸਮੇਤ ਛਾਪੇਮਾਰੀ ਦੌਰਾਨ ਇੱਕ ਲਾਈਟਰ, ਇੱਕ ਫੋਇਲ ਪੇਪਰ ਅਤੇ ਇੱਕ ਫੋਇਲ ਪਾਈਪ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਨੌਜਵਾਨ ਨੂੰ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਹੈ।

**ਜਨਮ ਦਿਨ ਮੁਬਾਰਕ**



ਜੱਪ ਪ੍ਰਤਾਪ ਸਿੰਘ ਢੋਟ
ਪਿੰਡ ਉਲਟਪੁਰ, ਪਟਿਆਲਾ

## ਐੱਸ.ਆਰ.ਐੱਸ. ਵਿੱਦਿਆਪੀਠ ਨੇ ਗਣਤੰਤਰ ਦਿਵਸ ਮਨਾਇਆ



ਸਮਾਣਾ, 28 ਜਨਵਰੀ (ਜਵੰਦਾ) : ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਵਿਦਿਆਰਥੀਆਂ ਨੇ 26 ਜਨਵਰੀ ਗਣਤੰਤਰ ਦਿਵਸ ਦੇ ਸ਼ੁਭ ਅਵਸਰ 'ਤੇ ਪਬਲਿਕ ਕਾਲਜ ਸਮਾਣਾ ਵਿੱਚ ਕਰਵਾਏ ਗਏ ਸਮਾਰੋਹ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ਭਗਤੀ ਨਾਲ ਭਰਪੂਰ ਪ੍ਰੋਗਰਾਮ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ, ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਰੋਹਾਂ ਨਾਲ ਵਿਦਿਆਰਥੀਆਂ ਵਿੱਚ ਦੇਸ਼ਭਗਤੀ ਦੀ ਭਾਵਨਾ ਮਜ਼ਬੂਤ ਹੁੰਦੀ ਹੈ ।

## ਅਪਣੱਤ ਸੋਸ਼ਲ ਸੁਸਾਇਟੀ ਨੇ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ



ਪਟਿਆਲਾ, 28 ਜਨਵਰੀ (ਚ.ਨ.ਸ.) :ਅਪਣੱਤ ਸੋਸ਼ਲ ਸੁਸਾਇਟੀ ਪਟਿਆਲਾ ਅਤੇ ਗੁਰਪ੍ਰੀਤ ਹਸਪਤਾਲ ਚੌਂਦਾ ਵੱਲੋਂ ਮਿਲਕੇ ਪਿੰਡ ਚੌਂਦਾ ਵਿਖ਼ੇ ਅੱਖਾਂ ਦਾ ਚੈਕਅੱਪ ਕੈਂਪ ਲਗਾਇਆ ਗਿਆ।ਇਸ ਕੈਂਪ ਚ ਡਾ. ਮਨਪ੍ਰੀਤ ਸਿੰਘ ਗਲੋਬਲ ਆਈ ਹਸਪਤਾਲ ਪਟਿਆਲਾ ਅਤੇ ਡਾਕਟਰ ਹਰਦੀਪ ਸਿੰਘ ਰੰਧਾਵਾ ਵੱਲੋਂ 150 ਮਰੀਜਾਂ ਦੀ ਚੈੱਕ ਅਪ ਉਪਰੰਤ ਦਵਾਈਆਂ, ਐਨਕ ਅਤੇ 25 ਮਰੀਜਾਂ ਦੀ ਲੈਨਜ਼ ਵਾਸਤੇ ਚੋਣ ਕੀਤੀ ਗਈ। ਇਸ ਮੌਕੇ ਅਪਣੱਤ ਸੋਸ਼ਲ ਸੋਸਾਇਟੀ ਦੇ ਫਾਊਂਡਰ ਪ੍ਰਧਾਨ ਸੁਖਜੀਤ ਸਿੰਘ ਨਿਰਮਾਣ, ਪ੍ਰਧਾਨ ਲਾਲ ਚੰਦ ਸਿਰਸੀਵਾਲਾ, ਸੀਨੀਅਰ ਮੀਤ ਪ੍ਰਧਾਨ ਸੰਦੀਪ ਚੌਧਰੀ, ਜਨਰਲ ਸਕੱਤਰ ਰਾਜੀਵ ਮਲਹੋਤਰਾ ਅਤੇ ਸਮਾਜ ਸੇਵੀ ਮੁਨੀਸ਼ ਗੋਗੀਆ, ਪਟਿਆਲਾ ਹਾਜ਼ਰ ਸਨ। ਮੀਡੀਆ ਸਲਾਹਕਾਰ ਜਗਤਾਰ ਸਿੰਘ ਜੱਗੀ ਨੇ ਦਸਿਆ ਕੇ ਚੌਂਦਾ ਵਿਖ਼ੇ ਪੰਜਵਾਂ ਕੈਂਪ ਸੀ ਤੇ ਇਸ ਲਗਾਤਾਰ ਉਪਰਾਲੇ ਵਾਸਤੇ, ਡਾਕਟਰ ਗੁਰਪ੍ਰੀਤ ਕੌਰ ਢੀਂਡਸਾ, ਰੌਕੀ ਢੀਂਡਸਾ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ।। ਕੈਂਪ ਨੂੰ ਸਫਲ ਬਣਾਉਣ ਵਾਸਤੇ, ਸ੍ਰੀ ਵਿਪਨ ਮਿੱਤਲ ਨਾਭਾ, ਪੁਲਿਸ ਮੁਲਾਜਮ ਰਣਬੀਰ ਸਿੰਘ ਦੰਦਰਾਲਾ ਢੀਂਡਸਾ, ਸੀਨੀਅਰ ਵੈਟਨਰੀ ਇੰਸਪੈਕਟਰ ਅਮਰਦੀਪ ਸਿੰਘ ਸੋਹੀ,, ਇੰਸਪੈਕਟਰ ਹਰਸਿਮਰਨ ਸਿੰਘ ਲਾਡੋਵਾਲ, ਮੁੱਖ ਸਲਾਹਕਾਰ ਭਾਲਿੰਦਰ ਸਿੰਘ ਸੋਹੀ, ਇੰਸਪੈਕਟਰ ਗੁਰਪ੍ਰੀਤ ਸਿੰਘ ਨਾਭਾ, ਕੈਸ਼ੀਅਰ ਲਵਲੀ ਅਲਹੋਰਾਂ, ਗੁਰਜੰਟ ਸਿੰਘ ਨੌਹਰਾ ਡਾਕਟਰ ਖੁਸ਼ਵਿੰਦਰ ਹੋਰਾਂ ਦਾ ਵਿਸ਼ੇਸ ਯੋਗਦਾਨ ਰਿਹਾ।

## ਪਬਲਿਕ ਕਾਲਜ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ




ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਪਬਲਿਕ ਕਾਲਜ ਦੇ ਰਾਜਨੀਤੀ ਸ਼ਾਸਤਰ, ਲੋਕ ਪ੍ਰਸ਼ਾਸ਼ਨ, ਯੁਵਕ ਭਲਾਈ, ਐਨ.ਐਸ.ਐਸ., ਮਨੋਵਿਗਿਆਨਕ ਵਿਭਾਗ, ਐਨ.ਸੀ.ਸੀ. ਯੂਨਿਟ, ਸਵੀਪ ਅਤੇ ਰੈੱਡ ਰਿਬਨ ਕਲੱਬ ਵਲੋਂ ਪ੍ਰਿੰਸੀਪਲ ਡਾ.ਹਰਕੀਰਤ ਸਿੰਘ ਸਿੱਧੂ ਦੀ ਅਗਵਾਈ ਹੇਠ ਕਾਲਜ ਕੈਂਪਸ ਵਿੱਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਇਸ ਮੌਕੇ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰਵਾਇਆ ਗਿਆ। ਸਭ ਤੋਂ ਪਹਿਲਾਂ ਕਾਲਜ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁੱਖੀ ਪ੍ਰੋ. ਹਰਪ੍ਰੀਤ ਕੌਰ ਨੇ ਰਾਸ਼ਟਰੀ ਵੋਟਰ ਦਿਵਸ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਵੋਟ ਦਾ ਮੁੱਲ ਪਹਿਚਾਣ ਕੇ ਇੱਕ ਚੰਗੇ ਨਾਗਰਿਕ ਬਣਨ ਦੇ ਲਈ ਆਪਣੀ ਜਿੰਮੇਵਾਰੀ ਪ੍ਰਤੀ ਸੁਚੇਤ ਰਹਿਣ ਦੀ ਗੱਲ ਰੱਖੀ। ਇਸ ਮੌਕੇ ਰਾਸ਼ਟਰੀ ਵੋਟਰ ਦਿਵਸ ਨਾਲ ਸੰਬੰਧਿਤ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਮਨਵੀਰ ਕੌਰ ਨੇ ਪਹਿਲਾ, ਪਿੰਕੀ ਰਾਣੀ ਨੇ ਦੂਜਾ, ਅਜੰਲੀ ਅਤੇ ਪ੍ਰੀਸਾ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਵਿੱਚ ਵਿਦਿਆਰਥਣ ਮਨਵੀਰ ਕੌਰ ਨੇ ਪਹਿਲਾ, ਹਰਕੀਰਤ ਕੌਰ ਨੇ ਦੂਜਾ ਅਤੇ ਪ੍ਰਭਜੋਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਐਨ.ਐਸ.ਐਸ. ਵਲੰਟੀਅਰ ਕੁਲਦੀਪ ਕੌਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੋਟ ਦੀ ਉਚਿਤ ਵਰਤੋਂ ਕਰਨ ਦੀ ਸਹੁੰ ਚੁਕਾਈ। ਇਸ ਉਪਰੰਤ ਮਨੋਵਿਗਿਆਨ ਵਿਭਾਗ ਦੇ ਮੁੱਖੀ ਡਾ. ਸੁਮਨ ਰਾਹੀਂ ਨੇ ਰਾਸ਼ਟਰੀ ਬਾਲੜੀ ਦਿਵਸ ਤੇ ਲਿੰਗ ਵਿਤਕਰੇ ਨੂੰ ਦੂਰ ਕਰਨ ਬਾਰੇ ਆਪਣੇ ਵਿਚਾਰ ਰੱਖੇ। ਸਮਾਗਮ ਦੇ ਅਖੀਰ ਵਿੱਚ ਵਿਦਿਆਰਥੀਆਂ ਅਤੇ ਪ੍ਰਿੰਸੀਪਲ ਸਾਹਿਬ ਦੇ ਆਪਸੀ ਸੰਵਾਦ ਦੇ ਤਹਿਤ ਕਾਲਜ ਦੇ ਸੁਧਾਰ ਦੇ ਲਈ ਵੱਖੋ-ਵੱਖਰੇ ਪਹਿਲੂਆਂ ਤੇ ਗੱਲ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਐਨ.ਐਸ.ਐਸ. ਵਿਭਾਗ ਵੱਲੋਂ ਪ੍ਰੋ. ਸੋਨੂ ਜੈਨ, ਪ੍ਰੋ. ਅਰਵਿੰਦਰ ਕੌਰ, ਪ੍ਰੋ.ਹਮਿਤ ਕੁਮਾਰ, ਪ੍ਰੋ. ਸ਼ੇਰ ਸਿੰਘ, ਪ੍ਰੋ. ਸੈਂਟੀ ਕੁਮਾਰ, ਸਵੀਪ ਨੋਡਲ ਅਫ਼ਸਰ ਪ੍ਰੋਫੈਸਰ ਨਛੱਤਰ ਸਿੰਘ, ਪ੍ਰੋ ਹਰਪ੍ਰੀਤ ਕੌਰ ਬੀ.ਐਡ ਕਾਲਜ, ਪ੍ਰੋ. ਮਨਿੰਦਰ ਕੌਰ, ਪ੍ਰੋ. ਨਰਿੰਦਰ ਪਾਲ ਕੌਰ, ਪ੍ਰੋ. ਰਮਨਦੀਪ ਕੌਰ ਆਦਿ ਅਧਿਆਪਕ ਵੀ ਸ਼ਾਮਿਲ ਹੋਏ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।



# ਪਟਿਆਲਾ-ਆਸ/ਪਾਸ



## ਗੈਰ ਕਾਨੂੰਨੀ ਕੁਨੈਕਸ਼ਨਾਂ ਕਾਰਨ ਨਗਰ ਨਿਗਮ ਨੂੰ ਹੋ ਰਿਹੈ ਵੱਡਾ ਵਿੱਤੀ ਨੁਕਸਾਨ

**➢ਸਰਕਾਰੀ ਅਤੇ ਗੈਰ-ਸਰਕਾਰੀ ਕਲੋਨੀਆਂ/ਫਲੈਟਸ ਤੋਂ ਵਾਟਰ ਸਪਲਾਈ ਤੇ ਸੀਵਰੇਜ ਕੁਨੈਕਟੀਵਿਟੀ ਚਾਰਜਿਜ਼ ਉਗਰਾਹੁਣ ਲਈ ਸਰਵੇ ਕਰਵਾਉਣ ਦੇ ਹੁਕਮ : ਮੇਅਰ**



ਪਟਿਆਲਾ, 28 ਜਨਵਰੀ (ਰੁਪਾਣਾ) : ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿੱਚ ਵਿਕਸਿਤ ਹੋ ਰਹੀਆਂ ਸਰਕਾਰੀ ਅਤੇ ਗੈਰ ਸਰਕਾਰੀ ਕਲੋਨੀਆਂ ਅਤੇ ਫਲੈਟਸ ਤੋਂ ਵਾਟਰ ਸਪਲਾਈ ਅਤੇ ਸੀਵਰੇਜ਼ ਕੁਨੈਕਟੀਵਿਟੀ ਚਾਰਜਿਜ਼ ਨਾ ਜਮ੍ਹਾਂ ਹੋਣ ਕਾਰਨ ਨਿਗਮ ਨੂੰ ਹੋ ਰਹੇ ਵੱਡੇ ਵਿੱਤੀ ਨੁਕਸਾਨ 'ਤੇ ਵਿਚਾਰ ਸਬੰਧੀ ਮੇਅਰ ਕੁੰਦਨ ਗੋਗੀਆ ਵੱਲੋ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਸਬੰਧੀ ਵੱਖ-ਵੱਖ ਸ਼ਾਖਾਵਾਂ ਨਾਲ ਹੋਈਆਂ ਮੀਟਿੰਗਾਂ ਦੌਰਾਨ ਇਹ ਮਾਮਲਾ ਸਾਹਮਣੇ ਆਇਆ ਕਿ ਕਈ ਕੋਲੋਨਾਈਜ਼ਰ ਅਤੇ ਸਰਕਾਰੀ ਵਿਭਾਗ ਨਗਰ ਨਿਗਮ ਦੀਆਂ ਵਾਟਰ ਸਪਲਾਈ ਅਤੇ ਸੀਵਰੇਜ਼ ਲਾਈਨਾਂ ਨਾਲ ਆਪਣੇ ਕੁਨੈਕਸ਼ਨ ਜੋੜ ਤਾਂ ਲੈਂਦੇ ਹਨ ਪਰ ਇਸ ਦੇ ਬਦਲੇ ਲਾਗੂ ਕੁਨੈਕਟੀਵਿਟੀ ਚਾਰਜਿਜ਼ ਜਮ੍ਹਾਂ ਨਹੀਂ ਕਰਵਾਏ ਜਾਂਦੇ। ਦੱਸਣ ਯੋਗ ਹੈ ਕਿ ਸ਼ਹਿਰ ਦੀਆਂ ਕਈ ਪ੍ਰਮੁੱਖ ਕਲੋਨੀਆਂ ਅਤੇ ਫਲੈਟ ਪ੍ਰੋਜੈਕਟ ਜਿਵੇਂ ਕਿ ਗੋਕੂਲ ਟਾਵਰ, ਸਨੀ ਇਨਕਲੇਵ (ਦੇਵੀਗੜ੍ਹ ਰੋਡ), ਸਨੀ ਇਨਕਲੇਵ (ਡੀ.ਸੀ.ਡਬਲਿਊ.), ਸਿਟੀ ਸੈਂਟਰ, ਸੱਤਿਆ ਇਨਕਲੇਵ ਅਤੇ ਪ੍ਰੁੱਡਾ ਇਨਕਲੇਵ (ਮਿੰਨੀ ਸਕੱਤਰੇਤ ਰੋਡ ਅਤੇ ਰਾਜਪੁਰਾ ਰੋਡ) ਆਦਿ ਵਿੱਚ ਇਹ ਹਾਲਤ ਸਾਹਮਣੇ ਆਈ ਹੈ ਕਿ ਨਗਰ ਨਿਗਮ ਦੀ ਸਹੂਲਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ ਪਰ ਨਿਯਮਾਂ ਅਨੁਸਾਰ ਬਣਦੇ ਚਾਰਜਿਜ਼ ਅਦਾ ਨਹੀਂ ਕੀਤੇ ਗਏ। ਮੇਅਰ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਲਾਪਰਵਾਹੀ ਕਾਰਨ ਨਗਰ ਨਿਗਮ ਪਟਿਆਲਾ ਨੂੰ ਲੱਖਾਂ ਰੁਪਏ ਦਾ ਵਿੱਤੀ ਨੁਕਸਾਨ ਹੋ ਰਿਹਾ ਹੈ, ਜੋ ਸ਼ਹਿਰ ਦੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦਾ ਹੈ। ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨਗਰ ਨਿਗਮ ਮੇਅਰ ਵੱਲੋਂ ਸਬੰਧਤ ਸ਼ਾਖਾ ਨੂੰ ਹੁਕਮ ਦਿੱਤੇ ਗਏ ਹਨ ਕਿ ਸ਼ਹਿਰ ਵਿੱਚ ਕੋਲੋਨਾਈਜ਼ਰਾਂ ਵੱਲੋਂ ਕੱਟੀਆਂ ਗਈਆਂ ਸਰਕਾਰੀ ਅਤੇ ਗੈਰ ਸਰਕਾਰੀ ਕਲੋਨੀਆਂ ਅਤੇ ਫਲੈਟਸ ਦਾ ਵਿਸਥਾਰਪੂਰਵਕ ਸਰਵੇ ਕਰਵਾਇਆ ਜਾਵੇ। ਸਰਵੇ ਦੇ ਆਧਾਰ 'ਤੇ ਜਿੱਥੇ-ਜਿੱਥੇ ਵਾਟਰ ਸਪਲਾਈ ਅਤੇ ਸੀਵਰੇਜ਼ ਕੁਨੈਕਸ਼ਨ ਬਿਨਾਂ ਚਾਰਜਿਜ਼ ਜਮ੍ਹਾਂ ਕਰਵਾਏ ਗਏ ਹਨ, ਉੱਥੇ ਨਿਯਮਾਂ ਅਨੁਸਾਰ ਬਣਦੇ ਕੁਨੈਕਟੀਵਿਟੀ ਚਾਰਜਿਜ਼ ਦੀ ਉਗਰਾਹੀ ਲਈ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਨਗਰ ਨਿਗਮ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਨਿਗਮ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਸ਼ਹਿਰ ਨੂੰ ਬਿਹਤਰ ਨਗਰ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਮਦਦ ਮਿਲੇਗੀ।

### ਪੰਜਾਬੀ ਯੂਨੀਵਰਸਿਟੀ ਵਿਖੇ 37ਵੀਂ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਆਰੰਭ

## ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ਼ ਜੁੜੇ ਰਹਿਣਾ ਬਹੁਤ ਜ਼ਰੂਰੀ: ਡਾ. ਬਲਬੀਰ ਸਿੰਘ

**ਤਕਨਾਲੋਜੀ ਦੇ ਯੁੱਗ ਵਿੱਚ ਆਪਣੇ ਵਿਰਸੇ ਨੂੰ ਸਹੀ ਤਰੀਕੇ ਨਾਲ਼ ਸੰਭਾਲ਼ ਕੇ ਰੱਖਣਾ ਵੀ ਹੈ ਚੁਣੌਤੀ: ਡਾ. ਜਗਦੀਪ ਸਿੰਘ**



ਪਟਿਆਲਾ, 28 ਜਨਵਰੀ (ਚ.ਨ.ਸ.) : ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ਼ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਜੇ ਪੰਜਾਬੀ ਹੈ, ਤਾਂ ਹੀ ਪੰਜਾਬ ਹੈ ਅਤੇ ਜੇ ਪੰਜਾਬ ਹੈ, ਤਾਂ ਹੀ ਅਸੀਂ ਸਾਰੇ ਹਾਂ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਇਹ ਵਿਚਾਰ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਕਰਵਾਈ ਜਾ ਰਹੀ 37ਵੀਂ ਪੰਜਾਬੀ ਭਾਸ਼ਾ ਵਿਕਾਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਸ਼ਿਰਕਤ ਕਰਦਿਆਂ ਪ੍ਰਗਟਾਏ। 'ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਮਾਧਿਅਮ ਵਜੋਂ ਵਰਤੋਂ: ਸਮੱਸਿਆਵਾਂ ਅਤੇ ਸਮਾਧਾਨ' ਵਿਸ਼ੇ ਉੱਤੇ ਕਰਵਾਈ ਜਾ ਰਹੀ ਇਸ ਕਾਨਫ਼ਰੰਸ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬੀਅਤ ਦੀ ਵਿਲੱਖਣ ਪਛਾਣ ਨੂੰ ਅਸੀਂ ਕਾਇਮ ਰੱਖਣਾ ਹੈ। ਇੱਕ ਹੋਰ ਅਹਿਮ ਬਿਆਨ ਵਿੱਚ ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਅਸੀਂ ਬੌਧਿਕ ਵਿਕਾਸ ਨਹੀਂ ਰੁਕਣ ਦੇਣਾ। ਇਸ ਮਕਸਦ ਲਈ ਪੁਸਤਕਾਂ ਦੀ ਭੂਮਿਕਾ ਅਹਿਮ ਹੈ। ਉਨ੍ਹਾਂ ਇਸ ਮੌਕੇ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਬਾਰੇ ਵੀ ਗੱਲ ਕੀਤੀ ਅਤੇ ਨਾਲ਼ ਹੀ ਕਿਹਾ ਕਿ ਸਮਾਜ ਦੇ ਵੱਖ-ਵੱਖ ਵਰਗਾਂ ਦੀ ਬਿਹਤਰੀ ਲਈ ਸਰਕਾਰ ਵੱਲੋਂ ਉਠਾਏ ਜਾ ਰਹੇ ਕਦਮਾਂ ਦੀ ਸਫਲਤਾ ਸਭ ਦੇ ਸਹਿਯੋਗ ਨਾਲ਼ ਹੀ ਸੰਭਵ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਤਕਨਾਲੋਜੀ ਦੇ ਯੁੱਗ ਵਿੱਚ ਆਪਣੇ ਵਿਰਸੇ ਨੂੰ ਸਹੀ ਤਰੀਕੇ ਨਾਲ਼ ਸੰਭਾਲ਼ ਕੇ ਰੱਖਣਾ ਵੀ ਇੱਕ ਚੁਣੌਤੀ ਵਾਂਗ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਵੱਖ-ਵੱਖ ਤਰ੍ਹਾਂ ਦਾ ਡੈਟਾ ਬਹੁਤ ਅਹਿਮੀਅਤ ਰਖਦਾ ਹੈ, ਤਾਂ ਇਹ ਸਾਡਾ ਫਰਜ਼ ਹੈ ਕਿ ਅਸੀਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ਼ ਸਬੰਧਤ ਪ੍ਰਮਾਣਿਤ ਡੈਟਾ ਇੰਟਰਨੈੱਟ ਦੇ ਸਬੰਧਤ ਸਰੋਤਾਂ ਤੱਕ ਉਪਲੱਬਧ ਕਰਵਾਈਏ। ਉਨ੍ਹਾਂ ਕਿਹਾ ਕਿ ਸਾਨੂੰ ਨਵੇਂ ਯੁੱਗ ਦੀਆਂ ਇਨ੍ਹਾਂ ਨਵੀਆਂ ਚੁਣੌਤੀਆਂ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਗਿਆਨ-ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੇ ਕਾਰਜਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਹੁਣ ਜਦੋਂ ਕੌਮੀ ਸਿੱਖਿਆ ਨੀਤੀ ਵਿੱਚ ਵੀ ਇਸ ਗੱਲ ਨੂੰ ਵਿਸ਼ੇਸ਼ ਤੌਰ ਉੱਤੇ ਉਭਾਰਿਆ ਗਿਆ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਸਿੱਖਿਆ ਦਾ ਮਾਧਿਅਮ ਬਣਾਇਆ ਜਾਣਾ ਚਾਹੀਦਾ ਹੈ ਤਾਂ ਯੂਨੀਵਰਸਿਟੀ ਦੇ ਇਸ ਵਿਭਾਗ ਦੀ ਜ਼ਿੰਮੇਵਾਰੀ ਹੋਰ ਵਧ ਗਈ ਹੈ। ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਡਾ. ਜਸਬੀਰ ਸਿੰਘ ਗਿੱਲ, ਯੂ.ਐੱਸ.ਏ. ਨੇ ਪੰਜਾਬੀ ਭਾਸ਼ਾ ਦੇ ਹਵਾਲੇ ਨਾਲ਼ ਸਾਈਬਰ-ਸੁਰੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦਾ ਜ਼ਿਕਰ ਕਰਦਿਆਂ ਪੰਜਾਬੀ ਭਾਸ਼ਾ ਦੀ ਖ਼ੂਬਸੂਰਤੀ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਦਾ ਧੁਰਾ ਬਣਾਏ ਜਾਣ ਦੀ ਲੋੜ ਹੈ। ਡਾ. ਮਲਕੀਤ ਸਿੰਘ ਸੈਣੀ ਨੇ ਕਾਨਫ਼ਰੰਸ ਦੇ ਮੁੱਖ-ਸੁਰ ਭਾਸ਼ਣ ਦੌਰਾਨ ਵਿਗਿਆਨ ਦੀ ਪੜ੍ਹਾਈ ਪੰਜਾਬੀ ਭਾਸ਼ਾ ਵਿੱਚ ਕਰਵਾਏ ਜਾਣ ਸਬੰਧੀ ਅੰਕੜਾਂ, ਚੁਣੌਤੀਆਂ ਅਤੇ ਹੱਲ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਵਿਗਿਆਨਕ ਸੰਕਲਪਾਂ ਲਈ ਢੁਕਵੀਂ ਸ਼ਬਦਾਵਲੀ ਦੀ ਘਾਟ ਹੋਣ ਦੇ ਬਾਵਜੂਦ ਵਿਗਿਆਨ ਨੂੰ ਪੰਜਾਬੀ ਭਾਸ਼ਾ ਵਿੱਚ ਪੜ੍ਹਨਾ-ਲਿਖਣਾ ਅਸੰਭਵ ਨਹੀਂ ਹੈ। ਉਨ੍ਹਾਂ ਅੰਗਰੇਜ਼ੀ ਅਤੇ ਰਸ਼ੀਅਨ ਭਾਸ਼ਾਵਾਂ ਦੀ ਮਿਸਾਲ ਦੇ ਕੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਲਾਤੀਨੀ ਅਤੇ ਗਰੀਕ ਭਾਸ਼ਾ ਤੋਂ ਸ਼ਬਦਾਵਲੀ ਉਧਾਰ ਲੈ ਕੇ ਗਿਆਨ ਦਾ ਪ੍ਰਸਾਰ ਕੀਤਾ ਹੈ। ਉਨ੍ਹਾਂ ਵੱਖ-ਵੱਖ ਅਦਾਰਿਆਂ ਨੂੰ ਇਸ ਦਿਸ਼ਾ ਵਿੱਚ ਅੱਗੇ ਆਉਣ ਲਈ ਪ੍ਰੇਰਿਆ। ਧੰਨਵਾਦੀ ਭਾਸ਼ਣ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਬਰਾੜ ਵੱਲੋਂ ਦਿੱਤਾ ਗਿਆ। ਉਦਘਾਟਨੀ ਸੈਸ਼ਨ ਦਾ ਸੰਚਾਲਨ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਗੁਰਸੇਵਕ ਲੰਬੀ ਨੇ ਕੀਤਾ। ਇਸ ਮੌਕੇ ਵਿਭਾਗ ਵੱਲੋਂ ਪ੍ਰਕਾਸ਼ਿਤ ਦੋ ਰਸਾਲੇ ਅਤੇ ਕੁੱਝ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ।

## ਡੀ.ਸੀ. ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਨਵ-ਨਿਰਮਾਣ ਕਾਰਜਾਂ ਦਾ ਜਾਇਜ਼ਾ

**➢ਵਿਕਾਸ ਕੰਮਾਂ ਸਬੰਧੀ ਐਡਵਾਇਜ਼ਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਨਾਲ ਪਲੇਠੀ ਬੈਠਕ**



ਪਟਿਆਲਾ, 28 ਜਨਵਰੀ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਅੱਜ ਇੱਥੇ ਇਤਿਹਾਸਕ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਨਵੀਨੀਕਰਨ ਪ੍ਰਾਜੈਕਟਾਂ ਦਾ ਜਾਇਜ਼ਾ ਲੈਣ ਲਈ ਮੰਦਰ ਦੀ ਐਡਵਾਇਜ਼ਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਸੀ.ਏ. ਅਜੇ ਅਲੀਪੁਰੀਆ ਤੇ ਸੰਜੇ ਸਿੰਗਲਾ ਨਾਲ ਆਪਣੀ ਪਲੇਠੀ ਬੈਠਕ ਕੀਤੀ। ਇਸ ਮੌਕੇ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਿੱਥੇ ਖ਼ੁਦ ਮੰਦਰ ਦੇ ਨਵ ਨਿਰਮਾਣ ਕਾਰਜਾਂ ਦੀ ਲਗਾਤਾਰ ਨਿਗਰਾਨੀ ਕਰ ਰਹੇ ਹਨ, ਉਥੇ ਹੀ ਉਹ ਖ਼ੁਦ ਵੀ ਸਾਰੇ ਵਿਭਾਗਾਂ ਨੂੰ ਨਾਲ ਲੈਕੇ ਜਲਦੀ ਹੀ ਮੰਦਰ ਦਾ ਦੌਰਾ ਕਰਕੇ ਐਡਵਾਇਜਰੀ ਮੈਨੇਜਿੰਗ ਕਮੇਟੀ ਦੇ ਮੈਂਬਰਾਂ ਨਾਲ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲੈਣਗੇ।ਕਮੇਟੀ ਮੈਂਬਰਾਂ ਸੀ.ਏ. ਅਜੇ ਅਲੀਪੁਰੀਆ ਅਤੇ ਸੰਜੇ ਸਿੰਗਲਾ ਨੇ ਦੱਸਿਆ ਕਿ ਮੰਦਰ ਦੇ ਨਿਰਮਾਣ ਕਾਰਜਾਂ ਨੂੰ ਮੁਕੰਮਲ ਕਰਨ ਲਈ ਇੱਕ ਸਾਲ ਦਾ ਸਮਾਂ ਮਿਥਿਆ ਗਿਆ ਹੈ ,ਤਾਂ ਕਿ ਇਸ ਇਤਿਹਾਸਕ ਮੰਦਰ ਵਿਖੇ ਆਉਣ ਵਾਲੇ ਸ਼ਰਧਾਲੂਆਂ ਨੂੰ ਸ਼ਾਨਦਾਰ ਮੰਦਿਰ ਦੇ ਦਰਸ਼ਨ ਹੋ ਸਕਣ।ਜਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਇਤਿਹਾਸਕ ਸ੍ਰੀ ਕਾਲੀ ਮਾਤਾ ਮੰਦਰ ਦੇ ਨਵੀਨੀਕਰਨ ਲਈ ਕਰੀਬ 75 ਕਰੋੜ ਰੁਪਏ ਦੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ ਸੀ। ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਦੱਸਿਆ ਕਿ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਨੂੰ ਨਵਾਂ ਰੂਪ ਦੇਣ ਲਈ ਇਨ੍ਹਾਂ ਪ੍ਰਾਜੈਕਟਾਂ ਵਿੱਚ ਮੰਦਰ ਦੇ ਸਰੋਵਰ ਸਾਫ਼ ਨਹਿਰੀ ਪਾਣੀ ਦੀ ਸਪਲਾਈ ਦੇਣ ਲਈ ਪਾਈਪਲਾਈਨ ਪਾਉਣ ਦਾ ਕੰਮ ਮੁਕੰਮਲ ਹੋ ਗਿਆ ਹੈ। ਮੰਦਰ ਦੇ ਮੌਜੂਦਾ ਸੀਵਰੇਜ ਤੇ ਡਰੇਨੇਜ ਢਾਂਚੇ ਨੂੰ ਅਪਗ੍ਰੇਡ ਕਰਨ ਸਮੇਤ ਹੋਰ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਤੇ ਨੇੜਲੇ ਇਲਾਕਿਆਂ ਦੇ ਵਸਨੀਕਾਂ ਦੀ ਸਹੂਲਤ ਲਈ ਮੰਦਰ ਕੰਪਲੈਕਸ ਦੇ ਅੰਦਰ ਸ਼ੁਰੂ ਹੋਇਆ ਆਮ ਆਦਮੀ ਕਲੀਨਿਕ ਬਿਹਤਰ ਢੰਗ ਨਾਲ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ।

## ਵਾਰਡ ਨੰਬਰ 38 'ਚ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ

**27.25 ਲੱਖ ਦੀ ਲਾਗਤ ਨਾਲ ਇੰਟਰਲਾਕ ਸੜਕ ਦਾ ਕੰਮ ਜਾਰੀ : ਮੇਅਰ**



ਪਟਿਆਲਾ, 28 ਜਨਵਰੀ (ਰੁਪਾਣਾ) : ਅੱਜ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਵੱਲੋ ਸ਼ਹਿਰ ਦੇ ਰੋਜ਼ ਅਵੈਨਿਊ, ਵਾਰਡ ਨੰਬਰ 38 ਵਿੱਚ ਅਚਨਚੇਤ ਚੈਕਿੰਗ ਕੀਤੀ ਗਈ । ਉਨ੍ਹਾਂ ਨੇ ਦੱਸਿਆ ਕਿ ਲੋਕ-ਹਿਤ ਨੂੰ ਧਿਆਨ ਵਿੱਚ ਰੱਖਦਿਆਂ ਸੜਕ 'ਤੇ 27.25 ਲੱਖ ਰੁਪਏ ਦੀ ਲਾਗਤ ਦੇ ਨਾਲ ਇੰਟਰਲੌਕ ਟਾਈਲਾਂ ਲਗਾਉਣ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ, ਜਿਸ ਨਾਲ ਇਲਾਕਾ ਵਾਸੀਆਂ ਨੂੰ ਵਧੀਆ ਸਹੂਲਤਾਂ ਮਿਲਣਗੀਆਂ ਅਤੇ ਆਵਾਜਾਈ ਵਿੱਚ ਸੁਧਾਰ ਆਵੇਗਾ। ਮੇਅਰ ਨੇ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਬਰਾਬਰੀ ਦੇ ਅਧਾਰ 'ਤੇ ਵਿਕਾਸ ਕਰਵਾਉਣਾ ਨਗਰ ਨਿਗਮ ਦੀ ਮੁਢਲੀ ਜਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 38 ਵਿੱਚ ਲੰਮੇ ਸਮੇਂ ਤੋਂ ਸੜਕ ਦੀ ਮੰਗ ਚੱਲ ਰਹੀ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ। ਉਨ੍ਹਾਂ ਸਪਸ਼ਟ ਕੀਤਾ ਕਿ ਸਰਕਾਰੀ ਪੈਸੇ ਨਾਲ ਹੋਣ ਵਾਲੇ ਹਰ ਕੰਮ ਵਿੱਚ ਪਾਰਦਰਸ਼ਤਾ ਅਤੇ ਗੁਣਵੱਤਾ ਯਕੀਨੀ ਬਣਾਈ ਜਾ ਰਹੀ ਹੈ। ਮੇਅਰ ਨੇ ਦੱਸਿਆ ਕਿ ਇੰਟਰਲੌਕ ਸੜਕ ਦੇ ਕੰਮ ਦੀ ਮੌਕੇ 'ਤੇ ਅਧਿਕਾਰੀਆਂ ਵੱਲੋਂ ਜਾਂਚ ਵੀ ਕੀਤੀ ਗਈ। ਇਸ ਦੌਰਾਨ ਐਸੀ ਰਜਿੰਦਰ ਚੋਪੜਾ ਅਤੇ ਜੇਈ ਜਗਜੀਤ ਸਿੰਘ ਵੱਲੋਂ ਤਕਨੀਕੀ ਪੱਧਰ 'ਤੇ ਕੰਮ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ। ਜਾਂਚ ਦੌਰਾਨ ਕੰਮ ਨੂੰ ਪੂਰੀ ਤਰ੍ਹਾਂ ਠੀਕ ਪਾਇਆ ਗਿਆ ਅਤੇ ਕਿਸੇ ਵੀ ਕਿਸਮ ਦੀ ਕੋਈ ਤਰੁੱਟੀ ਸਾਹਮਣੇ ਨਹੀਂ ਆਈ। ਮੇਅਰ ਨੇ ਦੋਹਰਾਇਆ ਕਿ ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਵਿੱਚ ਕੁਆਲਿਟੀ ਨਾਲ ਕਿਸੇ ਵੀ ਤਰ੍ਹਾਂ ਦਾ ਕੰਪਰੋਮਾਈਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਠੇਕੇਦਾਰਾਂ ਅਤੇ ਅਧਿਕਾਰੀਆਂ ਨੂੰ ਸਾਫ਼ ਨਿਰਦੇਸ਼ ਹਨ ਕਿ ਕੰਮ ਨਿਰਧਾਰਤ ਮਿਆਰਾਂ ਅਨੁਸਾਰ ਹੀ ਕੀਤਾ ਜਾਵੇ, ਨਹੀਂ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅੰਤ ਵਿੱਚ ਮੇਅਰ ਨੇ ਕਿਹਾ ਕਿ ਪਟਿਆਲਾ ਸ਼ਹਿਰ ਨੂੰ ਸੁੰਦਰ, ਸਾਫ਼ ਅਤੇ ਆਧੁਨਿਕ ਬਣਾਉਣ ਲਈ ਨਗਰ ਨਿਗਮ ਵੱਲੋਂ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਕਈ ਲੋਕ-ਹਿਤੀ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

## ਤੇਜ਼ਧਾਰ ਹਥਿਆਰਾਂ ਨਾਲ ਸੱਟਾਂ ਮਾਰਨ ਉਪਰੰਤ ਮੋਟਰਸਾਈਕਲ ਖ਼ੋਹ ਕੇ ਫ਼ਰਾਰ

**➢ਤਿੰਨ ਅਣਪਛਾਤਿਆਂ ਖ਼ਿਲਾਫ਼ ਮਾਮਲਾ ਦਰਜ**

ਸਮਾਣਾ, 28 ਜਨਵਰੀ (ਵਿਜੇ ਕੁਮਾਰ) : ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਰਸਤੇ ਵਿੱਚ ਖੜ੍ਹੇ ਨੌਜਵਾਨਾਂ ਵੱਲੋਂ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਸੱਟਾਂ ਮਾਰਨ ਅਤੇ ਸਾਥੀਆਂ ਵੱਲੋਂ ਮੁਲਜ਼ਮਾਂ ਦਾ ਪਿੱਛਾ ਕਰਨ 'ਤੇ ਉਨ੍ਹਾਂ 'ਤੇ ਵੀ ਹਮਲਾ ਕਰਕੇ ਮੋਟਰਸਾਈਕਲ ਖੋਹ ਕੇ ਫ਼ਰਾਰ ਹੋਣ ਦੇ ਮਾਮਲੇ ਵਿੱਚ ਸਿਟੀ ਪੁਲਿਸ ਨੇ ਤਿੰਨ ਅਣਪਛਾਤੇ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐੱਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ ਨਿਵਾਸੀ ਪਿੰਡ ਖੁਦਾਦਪੁਰਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਆਪਣੇ ਚਚੇਰੇ ਭਰਾ ਹਰਮਨ ਸਿੰਘ ਅਤੇ ਉਸ ਦੇ ਦੋਸਤ ਕੇਵਲ ਸਿੰਘ ਤੇ ਰਣਜੀਤ ਸਿੰਘ ਦੇ ਨਾਲ ਵੱਖ-ਵੱਖ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਵੜੈਚਾਂ ਪੱਤੀ, ਸਮਾਣਾ ਕੋਲ ਜਾ ਰਹੇ ਸਨ। ਰਸਤੇ ਦੇ ਵਿਚਕਾਰ ਮੋਟਰਸਾਈਕਲ ਲੈ ਕੇ ਖੜ੍ਹੇ ਤਿੰਨ ਅਣਪਛਾਤੇ ਨੌਜਵਾਨਾਂ ਨੇ ਕੇਵਲ ਸਿੰਘ ਅਤੇ ਰਣਜੀਤ ਸਿੰਘ ਨੂੰ ਘੇਰ ਕੇ ਤੇਜ਼ਧਾਰ ਹਥਿਆਰਾਂ ਨਾਲ ਸੱਟਾਂ ਮਾਰੀਆਂ,ਜਦੋਂ ਉਹ ਆਪਣੇ ਸਾਥੀਆਂ ਸਮੇਤ ਅਣਪਛਾਤੇ ਹਮਲਾਵਰਾਂ ਦਾ ਪਿੱਛਾ ਕਰਦੇ ਹੋਏ ਬੜੈਚਾਂ ਪੱਤੀ ਸਥਿਤ ਇੱਕ ਕਾਲਜ ਕੋਲ ਪਹੁੰਚੇ ਤਾਂ ਉਨ੍ਹਾਂ ਨੌਜਵਾਨਾਂ ਨੇ ਉਨ੍ਹਾਂ 'ਤੇ ਵੀ ਹਮਲਾ ਕਰਕੇ ਜ਼ਖ਼ਮੀ ਕਰ ਦਿੱਤਾ ਅਤੇ ਉਨ੍ਹਾਂ ਦਾ ਮੋਟਰਸਾਈਕਲ ਖੋਹ ਕੇ ਫ਼ਰਾਰ ਹੋ ਗਏ। ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ ਨਾਭਾ ਦੀ ਮੀਟਿੰਗ



ਨਾਭਾ, 28 ਜਨਵਰੀ (ਬਲਜਿੰਦਰ ਮਾਨ) : ਰਿਆਸਤੀ ਸ਼ਹਿਰ ਨਾਭਾ ਦੇ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਹੋਈ ਕੋਈ ਅਹ ਮੀਟਿੰਗ ਜਿਸ ਵਿੱਚ ਪਿਛਲੇ ਕਰਵਾਏ ਗਏ ਕਬੱਡੀ ਕੱਪ 2025 ਦਾ ਤੇ ਪ੍ਰੋਗਰਾਮਾਂ ਦਾ ਲੇਖਾ ਜੋਖਾ ਪ੍ਰਧਾਨ ਪਰਮਜੀਤ ਸਿੰਘ ਥੂਹੀ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਤੇ ਕਲੱਬ ਮੈਂਬਰ,ਸਰਪੰਚ ਗੁਰਧਿਆਨ ਸਿੰਘ ਰੋਹਟੀ ਬਸਤਾ,ਆਸ਼ੂ ਜ਼ਖ਼ਮੀ ਨਾਭਾ, ਗੋਬਿੰਦਰ ਸਿੰਘ ਭਿੰਦੀ ਟਰਾਂਸਪੋਰਟਰ ਨਾਭਾ , ਸੁਖਵਿੰਦਰ ਸਿੰਘ ਛੀਂਟਾਂਵਾਲਾ, ਮਨਜੀਤ ਸਿੰਘ ਰੋਹਟੀ ਬਸਤਾ, ਜਸਪਾਲ ਸਿੰਘ ਦੁੱਲਦੀ , ਹਰਵਿੰਦਰ ਸਿੰਘ ਚੌਧਰੀਮਾਜਰਾ, ਹਰਦੀਪ ਸਿੰਘ ਬਿਰੜਵਾਲ ,ਸੁਖਦੀਪ ਸਿੰਘ ਚੌਧਰੀਮਾਜਰਾ,ਚੰਦਨ ਸੇਠ ਨਾਭਾ, ਬਲਜੀਤ ਸਿੰਘ ਦੁੱਲਦੀ, ਮਲੋਕ ਸਿੰਘ ਮੈਹਸ ,ਕੁਲਵੰਤ ਸਿੰਘ ਹਰਿਆਣਾ ਖੁਰਦ ,ਸੁਦਾਗਰ ਸਿੰਘ ਧਾਰੋਕੀ ,ਸਤਨਮ ਸਿੰਘ ਅਗੇਤਾ, ਅਰੁਣ ਕੁਮਾਰ ਨਾਭਾ ,ਪਾਵਨ ਕੁਮਾਰ ਨਾਭਾ ਅਕਾਸ਼ਦੀਪ ਸਿੰਘ ਨਾਭਾ ਹਾਜ਼ਰ ਸਨ।

## ਪੁਲਿਸ ਨੇ ਪਰਮਜੀਤ ਸਿੰਘ ਸਹੌਲੀ ਨੂੰ ਕੀਤਾ ਰੈਸਟ ਹਾਊਸ 'ਚ ਨਜ਼ਰਬੰਦ



ਨਾਭਾ, 28 ਜਨਵਰੀ (ਬਲਜਿੰਦਰ ਮਾਨ) : ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਮਾਮਲੇ ਵਿੱਚ ਇਨਸਾਫ ਨਾ ਮਿਲਣ ਨੂੰ ਲੈ ਕੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਸਬੰਧੀ ਗਣਤੰਤਰ ਦਿਵਸ ਮੌਕੇ ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਦੇ ਬਾਵਜੂਦ ਪੁਲਿਸ ਵੱਲੋਂ ਜਥੇਦਾਰ ਪਰਮਜੀਤ ਸਿੰਘ ਸਹੌਲੀ ਨੂੰ ਹੁਸ਼ਿਆਰਪੁਰ ਜਾਣ ਤੋਂ ਪਹਿਲਾਂ ਹੀ ਨਾਭਾ ਦੇ ਪੀਡਬਲਿਊਡੀ ਰੈਸਟ ਹਾਊਸ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਹੈ।

## ਜੁਨੇਜਾ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਕਾਰਨ ਮਿਲੀ ਜ਼ਿੰਮੇਵਾਰੀ : ਬਲਤੇਜ ਪੰਨੂ

ਪਟਿਆਲਾ, 28 ਜਨਵਰੀ (ਚ.ਨ.ਸ.) : ਆਮ ਆਦਮੀ ਪਾਰਟੀ ਦੇ ਜਰਨਲ ਸਕੱਤਰ ਅਤੇ ਮੁਖ ਬੁਲਾਰੇ ਸ਼੍ਰੀ ਬਲਤੇਜ ਪੰਨੂ ਦੇ ਗ੍ਰਹਿ ਵਿਖੇ ਜਾ ਕੇ ਨਵ-ਨਿਯੁਕਤ ਪੀ ਆਰ ਟੀ ਸੀ ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਅਸ਼ੀਰਵਾਦ ਪ੍ਰਾਪਤ ਕੀਤਾ । ਇਸ ਦੌਰਾਨ ਬਲਤੇਜ ਪੰਨੂ ਨੇ ਕਿਹਾ ਕਿ ਇਹ ਹਰਪਾਲ ਜੁਨੇਜਾ ਦੀ ਪਾਰਟੀ ਪ੍ਰਤੀ ਕੰਮ ਕਰਨ ਦੀ ਲਗਨ ਦਾ ਹੀ ਨਤੀਜਾ ਹੈ । ਇਸ ਮੌਕੇ ਚੇਅਰਮੈਨ ਜੱਸੀ ਸੋਹੀਆ ਨੇ ਵੀ ਮੂੰਹ ਮੀਠਾ ਕਰਵਾਕੇ ਸਨਮਾਨ ਕੀਤਾ । ਇਸ ਮੌਕੇ ਰਵਿੰਦਰ ਪਾਲ ਸਿੰਘ ਪ੍ਰਿੰਸ ਲਾਂਬਾ ਜ਼ਿਲ੍ਹਾ ਮੀਡੀਆ ਇੰਚਾਰਜ , ਸੰਦੀਪ ਬੰਧੂ ਮੀਡਿਆ ਹਲਕਾ ਇੰਚਾਰਜ , ਜਸਵਿੰਦਰ ਰਿਮਪਾ ਸਹਿ ਮੀਡੀਆ ਇੰਚਾਰਜ , ਰਾਹੁਲ ਮਹਿਤਾ ਲਾਲੀ ਫਤਹਿਪੁਰ , ਲਾਲ ਸਿੰਘ , ਸਿਮਰਨ ਗਰੇਵਾਲ , ਰਾਜਵੀਰ ਚਾਹਲ ਮੌਂਟੀ ਗਰੋਵਰ , ਨਵਨੀਤ ਵਾਲੀਆਂ , ਰਾਜੀਵ ਗੁਪਤਾ, ਤਰਵਿੰਦਰ ਸਿੰਘ ਬੇਦੀ , ਕਪਿਲ ਬਾਂਸਲ , ਬਿੰਦਰ ਨਿੱਕੂ , ਰਾਜੂ ਯਾਦਵ , ਹਰਸ਼ ਮੈਦਾਨ ਹਾਜ਼ਰ ਸਨ।

## ਚਿਲਡਰਨ ਮੈਮੋਰੀਅਲ ਸਕੂਲ 'ਚ ਗਣਤੰਤਰ ਦਿਵਸ ਮਨਾਇਆ



ਪਟਿਆਲਾ, 28 ਜਨਵਰੀ (ਚ.ਨ.ਸ.): ਚਿਲਡਰਨ ਮੈਮੋਰੀਅਲ ਸਕੂਲ ਵਿੱਚ ਗਣਤੰਤਰ ਦਿਵਸ ਮਨਾਇਆ ਗਿਆ ਮੁੱਖ ਮਹਿਮਾਨ ਵਜੋਂ ਜਸ ਧੰਨੋਆ (ਨਿਰਮਾਤਾ, ਜਸ਼ਨ ਇੰਟਰਟੇਨਮੈਂਟ ਚੈਨਲ) ਨੇ ਸ਼ਿਰਕਤ ਕੀਤੀ। ਉਹਨਾਂ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਸਮੇਂ ਸਮੇਂ ਸ਼ਹਿਰ ਦੀਆਂ ਉੱਘੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।ਬੱਚਿਆਂ ਨੇ ਦੇਸ਼ ਭਗਤੀ ਨਾਲ ਸਬੰਧਤ ਪ੍ਰੋਗਰਾਮ ਪੇਸ਼ ਕੀਤਾ।ਸਕੂਲ ਦੇ ਚੇਅਰਮੈਨ ਅਤੁਲ ਮਲਹੋਤਰਾ ਫਾਇਨਾਂਸ ਸੈਕਟਰੀ ਸਿਮਲਾ ਸਿੰਗਲਾ ਸੈਕਟਰੀ ਸੀ. ਐੱਸ. ਵਿਰਮਾਨੀ ਨੇ ਵੀ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸਕੂਲ ਦੇ ਟਰੱਸਟੀ ਕਾਂਤਾ ਗੋਇਲ ਨੇ ਵੀ ਸ਼ਿਰਕਤ ਕੀਤੀ। ਇਸ ਸਮੇਂ ਬੱਚਿਆਂ ਨੂੰ ਲੱਡੂ ਵੰਡੇ ਗਏ। ਮਿਸਜ ਜਸ ਧੰਨੋਆ ਨੇ ਬੱਚਿਆਂ ਨੂੰ ਸਨਮਾਨਿਤ ਕੀਤਾ।ਸਕੂਲ ਦੇ ਪ੍ਰਿੰਸੀਪਲ ਹਰਮਿੰਦਰ ਕੌਰ ਨੇ ਬੱਚਿਆਂ ਨਾਲ ਗੱਲਬਾਤ ਕਰਦਿਆਂ ਗਣਤੰਤਰ ਦਿਵਸ ਦੀ ਮਹੱਤਤਾ ਬਾਰੇ ਦੱਸਿਆ।

## ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਸ਼ਲਾਘਾਯੋਗ : ਵਰਜੀਤ ਵਾਲੀਆ



ਪਟਿਆਲਾ, 28 ਜਨਵਰੀ (ਚ.ਨ.ਸ.) : ਪੰਜਾਬ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਪਿਛਲੇ ਪੰਦਰਾਂ ਸਾਲਾਂ ਤੋਂ ਪੰਜਾਬ ਦੇ ਵੱਖ -ਵੱਖ ਜ਼ਿਲ੍ਹਿਆਂ ਵਿੱਚ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੀ ਟੀਮ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਸਿੰਘ ਵਾਲੀਆ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਮੁਲਾਕਾਤ ਕੀਤੀ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾ ਵੀ ਦਿੱਤੀਆਂ ਗਈਆਂ ਅਤੇ ਉਹਨਾਂ ਨੇ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਦੋ ਸਾਲਾਂ ਵਿਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਤਕਰੀਬਨ 600 ਤੋਂ ਉਪਰ ਸੈਮੀਨਾਰ, ਰੈਲੀਆਂ, ਨੁੱਕੜ ਨਾਟਕਾਂ ਦਾ ਆਯੋਜਨ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰ ਚੁੱਕਿਆ ਹਨ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਦੱਸਿਆ ਕਿ ਉਹਨਾਂ ਦੀ ਟੀਮ ਪਿਛਲੇ 15 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 4000 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਚੁੱਕੀ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਵਾਲੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਬਲਿਕ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਵਿਚ ਸਫ਼ਲ ਹੋ ਸਕਾਂਗੇ। ਉਹਨਾਂ ਕਿਹਾ ਕਿ ਨੌਜਵਾਨਾਂ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ ਤੇ ਜਾਗਰੂਕ ਕੀਤਾ ਜਾਵੇਗਾ। ਉਹਨਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸੰਸਾ ਕੀਤੀ ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਡਿਪਟੀ ਕਮਿਸ਼ਨਰ ਪਟਿਆਲਾ ਵਰਜੀਤ ਸਿੰਘ ਵਾਲੀਆ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਦੀ ਟੀਮ ਹਮੇਸ਼ਾ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਪੁਲਿਸ ਨਾਲ ਮਿਲਕੇ ਪ੍ਰੋਗਰਾਮਾਂ ਦਾ ਆਯੋਜਨ ਕਰ ਰਹੀਆਂ ਹਨ ਅਤੇ ਨੌਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਮੁਫ਼ਤ ਕਿਤਾਬਾਂ ਵੀ ਵੰਡੀਆਂ ਜਾ ਰਹੀਆਂ ਅਤੇ ਅਤੇ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

### ਬਲਾਤਕਾਰ ਦੇ ਮਾਮਲੇ 'ਚ ਜ਼ਮਾਨਤ ਅਰਜ਼ੀ ਮਨਜ਼ੂਰ

ਬਾਦਸ਼ਾਹਪੁਰ, 28 ਜਨਵਰੀ (ਰਿਸ਼ੀਪਾਲ ਗੁਪਤਾ) : ਮਾਣਯੋਗ ਅਦਾਲਤ ਨਵਦੀਪ ਕੌਰ ਗਿੱਲ, ਵਧੀਕ ਸ਼ੈਸ਼ਨ ਜੱਜ, ਸਪੈਸ਼ਲ ਕੋਰਟ ਪਟਿਆਲਾ ਨੇ ਦੋਸ਼ੀ ਪਰਮਜੀਤ ਸਿੰਘ ਉਰਫ ਸੋਨੂ ਜੋ ਕਿ ਪਿਛਲੇ ਡੇਢ ਸਾਲ ਤੋਂ ਪਟਿਆਲਾ ਜੇਲ 'ਚ ਬੰਦ ਹੈ ਦੀ ਜ਼ਮਾਨਤ ਅਰਜ਼ੀ ਨੂੰ ਮਨਜ਼ੂਰ ਕਰ ਦਿੱਤਾ ਹੈ। ਕੇਸ ਦੀ ਅਤੇ ਜ਼ਮਾਨਤ ਅਰਜ਼ੀ ਦੀ ਪੈਰਵੀ ਕਰਦੇ ਹੋਏ ਵਕੀਲ ਪਰਮਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਪਰਚਾ ਬਲਾਤਕਾਰ ਤੇ ਪੋਕਸੋ ਐਕਟ ਦੀਆਂ ਧਾਰਾਂ 'ਚ ਦਰਜ ਕੀਤਾ ਗਿਆ ਸੀ, ਜੋ ਕਿ ਸਰਾ ਸਰ ਝੂਠ ਦੀ ਬੁਨਿਆਦ 'ਤੇ ਅਧਾਰਿਤ ਸੀ। ਉਨ੍ਹਾਂ ਕਿਹਾ ਕਿ ਕਥਿਤ ਦੋਸ਼ੀ ਲਗਭਗ ਡੇਢ ਸਾਲ ਤੋਂ ਜੇਲ 'ਚ ਬੰਦ ਹੈ ਅਤੇ ਇਹ ਪਰਚਾ ਗਵਾਹਾਂ ਦੀ ਕਸੌਟੀ 'ਤੇ ਝੂਠਾ ਸਾਬਿਤ ਹੋਵੇਗਾ ਤੇ ਕਥਿਤ ਦੋਸ਼ੀ ਨੂੰ ਇੱਕ ਲੱਖ ਦੇ ਮੁਚਲਕੇ 'ਤੇ ਜ਼ਮਾਨਤ ਦੇ ਦਿੱਤੀ ਗਈ।

## ਮਿਲੇਨੀਅਮ ਵਰਲਡ ਸਕੂਲ 'ਚ ਵਿਦਿਆਰਥੀਆਂ ਲਈ ਜਾਦੂ ਸ਼ੋਅ ਕਰਵਾਇਆ



ਸਮਾਣਾ, 28 ਜਨਵਰੀ (ਵਿਜੇ ਕੁਮਾਰ/ਜਵੰਦਾ): ਮਿਲੇਨੀਅਮ ਵਰਲਡ ਸਕੂਲ ਸਮਾਣਾ ਵਿੱਚ ਵਿਦਿਆਰਥੀਆਂ ਲਈ ਇੱਕ ਜਾਦੂ ਸ਼ੋਅ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਾਦੂਗਰ ਨੇ ਵੱਖ-ਵੱਖ ਤਰ੍ਹਾਂ ਦੇ ਜਾਦੂ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ।ਸ਼ੋਅ ਦੌਰਾਨ ਜਾਦੂਗਰ ਵੱਲੋਂ ਦਿਖਾਏ ਗਏ ਜਾਦੂ ਦੇ ਕਰਤਬਾਂ ਨੇ ਵਿਦਿਆਰਥੀਆਂ ਨੂੰ ਬਹੁਤ ਖੁਸ਼ ਕੀਤਾ। ਬੱਚਿਆਂ ਨੇ ਪੂਰੇ ਜੋਸ਼ ਨਾਲ ਸ਼ੋਅ ਦਾ ਆਨੰਦ ਲਿਆ ਅਤੇ ਤਾਲੀਆਂ ਤੇ ਹੱਸੀਆਂ ਨਾਲ ਆਪਣੀ ਖੁਸ਼ੀ ਜ਼ਾਹਰ ਕੀਤੀ।ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਡਾ. ਕੇ. ਕੇ. ਜੌਹਰੀ ਨੇ ਕਿਹਾ ਕਿ ਅਜਿਹੀਆਂ ਰਚਨਾਤਮਕ ਅਤੇ ਮਨੋਰੰਜਕ ਗਤੀਵਿਧੀਆਂ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਬਹੁਤ ਜ਼ਰੂਰੀ ਹਨ।ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ਾਲਿਨੀ ਕਾਜਲਾ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਸਹ-ਪਾਠਕ੍ਰਮ ਗਤੀਵਿਧੀਆਂ ਵੀ ਬੱਚਿਆਂ ਦੀ ਮਾਨਸਿਕ ਅਤੇ ਭਾਵਨਾਤਮਕ ਵਿਕਾਸ ਲਈ ਮਹੱਤਵਪੂਰਨ ਹਨ।

## ਸ਼ਹਿਰੀ ਆਵਾਸ ਯੋਜਨਾ ਤਹਿਤ 24 ਲਾਭਪਾਤਰੀਆਂ ਨੂੰ ਪੱਤਰ ਕੀਤੇ ਜਾਰੀ



ਘਨੌਰ, 28 ਜਨਵਰੀ (ਮਦਨ ਲਾਲ) : ਦਫਤਰ ਨਗਰ ਪੰਚਾਇਤ ਘਨੌਰ ਵਿਖੇ ਹਲਕਾ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਆਵਾਸ ਯੋਜਨਾ ਸ਼ਹਿਰੀ ਤਹਿਤ ਯੋਗ 24 ਲਾਭਪਾਤਰੀਆਂ ਨੂੰ ਪੱਤਰ ਜਾਰੀ ਕੀਤੇ। ਇਸ ਮੌਕੇ ਉਹਨਾਂ ਕਿਹਾ ਕਿ ਯੋਗ ਲਾਭਪਾਤਰੀਆਂ ਨੂੰ ਸਰਕਾਰ ਵੱਲੋਂ ਢਾਈ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਨਾਲ ਗਰੀਬ ਵਰਗ ਜੋ ਕਿ ਮਕਾਨ ਬਣਾਉਣ ਵਿੱਚ ਅਸਮਰਥ ਹੈ। ਉਸ ਨੂੰ ਰਹਿਣ ਲਈ ਆਪਣੀ ਛੱਤ ਮਿਲ ਜਾਵੇਗੀ ਅਤੇ ਲਾਭਪਾਤਰੀਆਂ ਵੱਲੋਂ ਪੰਜਾਬ ਸਰਕਾਰ ਅਤੇ ਐਮ ਐਲ ਏ ਗੁਰਲਾਲ ਘਨੌਰ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਨਗਰ ਪੰਚਾਇਤ ਘਨੌਰ ਦੇ ਪ੍ਰਧਾਨ ਮਨਦੀਪ ਕੌਰ ਕਾਰਜ ਸਾਧਕ ਅਫਸਰ ਮੁਕੇਸ਼ ਸਿੰਗਲਾ ਅਤੇ ਸਮੂਹ ਐਮਸੀ ਸਾਹਿਬਾਨ ਅਤੇ ਦਫਤਰ ਨਗਰ ਪੰਚਾਇਤ ਘਨੌਰ ਦਾ ਸਮੂਹ ਸਟਾਫ ਹਾਜ਼ਰ ਸਨ।

## ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਹਰ ਨਾਗਰਿਕ ਦੀ ਜ਼ਿੰਮੇਵਾਰੀ : ਆਰ.ਟੀ.ਓ. ਬਬਨਦੀਪ ਸਿੰਘ ਵਾਲੀਆ

**ਕੌਮੀ ਸੜਕ ਸੁਰੱਖਿਆ ਮਹੀਨੇ ਦੌਰਾਨ ਵਪਾਰ ਮੰਡਲ ਨਾਲ ਜਾਗਰੂਕਤਾ ਮੁਹਿੰਮ**



ਪਟਿਆਲਾ, 28 ਜਨਵਰੀ (ਰੁਪਾਣਾ) : ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤਰੀ ਟਰਾਂਸਪੋਰਟ ਦਫ਼ਤਰ ਵੱਲੋਂ ਕੌਮੀ ਸੜਕ ਸੁਰੱਖਿਆ ਮਹੀਨੇ ਦੌਰਾਨ ਅੱਜ ਇਕ ਵਿਸ਼ੇਸ਼ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਰ ਟੀ ਓ ਸ਼੍ਰੀ ਬਬਨਦੀਪ ਸਿੰਘ ਵਾਲੀਆ ਦੀ ਅਗਵਾਈ ਹੇਠ ਟਰਾਂਸਪੋਰਟ ਵਿਭਾਗ ਵੱਲੋਂ ਵਪਾਰ ਮੰਡਲ ਦੇ ਨੁਮਾਇੰਦਿਆਂ ਨਾਲ ਮਿਲ ਕੇ ਸੜਕ ਸੁਰੱਖਿਆ ਸੰਬੰਧੀ ਜਾਗਰੂਕਤਾ ਮੁਹਿੰਮ ਚਲਾਈ ਗਈ। ਸ਼੍ਰੀ ਬਬਨਦੀਪ ਸਿੰਘ ਵਾਲੀਆ ਨੇ ਵਪਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਹੈਲਮੈਟ ਪਹਿਨਣ, ਸੀਟ ਬੈਲਟ ਦੀ ਵਰਤੋਂ, ਨਸ਼ੇ ਦੀ ਹਾਲਤ ਵਿੱਚ ਵਾਹਨ ਨਾ ਚਲਾਉਣ ਅਤੇ ਨਿਰਧਾਰਤ ਗਤੀ ਸੀਮਾ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਵੱਲੋਂ ਸੜਕ ਹਾਦਸਿਆਂ ਤੋਂ ਬਚਾਅ ਲਈ ਜ਼ਰੂਰੀ ਜਾਣਕਾਰੀ ਵੀ ਸਾਂਝੀ ਕੀਤੀ ਗਈ। ਵਪਾਰ ਮੰਡਲ ਦੇ ਮੈਂਬਰਾਂ ਨੇ ਇਸ ਮੁਹਿੰਮ ਦੀ ਸ਼ਲਾਘਾ ਕਰਦਿਆਂ ਸੜਕ ਸੁਰੱਖਿਆ ਲਈ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਆਰ.ਟੀ.ਓ ਸ਼੍ਰੀ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਕਿ ਕੌਮੀ ਸੜਕ ਸੁਰੱਖਿਆ ਮਹੀਨੇ ਦੌਰਾਨ ਜ਼ਿਲ੍ਹੇ ਭਰ ਵਿੱਚ ਇਸ ਤਰ੍ਹਾਂ ਦੀਆਂ ਹੋਰ ਜਾਗਰੂਕਤਾ ਗਤੀਵਿਧੀਆਂ ਵੀ ਆਯੋਜਿਤ ਕੀਤੀਆਂ ਜਾਣਗੀਆਂ।

## ਮਨਰੇਗਾ 'ਚ ਬਦਲਾਅ ਵਿਰੁੱਧ ਕਾਂਗਰਸ ਵੱਲੋਂ ਮਰੋੜੀ, ਅਰਾਈਂ ਮਾਜਰਾ, ਅਰਨੇਟੂ, ਬੁਜਰਕ 'ਚ ਜਨ ਸਭਾਵਾਂ



ਪਾਤੜਾਂ, 28 ਜਨਵਰੀ (ਹਰਮਿੰਦਰ ਕਰਤਾਰਪੁਰ): ਕੇਂਦਰ ਸਰਕਾਰ ਵਲੋਂ ਮਨਰੇਗਾ 'ਚ ਕੀਤੇ ਗਏ ਬਦਲਾਅ ਵਿਰੁੱਧ ਕਾਂਗਰਸ ਵਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ 'ਚ ਮੋਰਚਾ ਖੋਲ੍ਹਦਿਆਂ ਅੱਜ ਚਾਰ ਪਿੰਡਾਂ ਵਿੱਚ ਜਨ ਸਭਾਵਾਂ ਕੀਤੀਆਂ ਗਈਆਂ। ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਦੇ ਓਐਸਡੀ ਨਰਿੰਦਰ ਸਿੰਘ ਸੰਧੂ, ਕਾਂਗਰਸ ਐਸ.ਸੀ ਵਿੰਗ ਪੰਜਾਬ ਦੇ ਚੇਅਰਮੈਨ ਨਛੱਤਰ ਸਿੰਘ ਅਰਾਈ ਮਾਜਰਾ ਵਲੋਂ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵਲੋਂ ਮਨਰੇਗਾ ਦਾ ਨਾਮ ਬਦਲ ਕੇ 'ਵਿਕਸਤ 'ਭਾਰਤ ਜੀ ਰਾਮ ਜੀ' ਕਰਨ ਦੇ ਨਾਲ ਇਸ ਨੂੰ ਬੰਦ ਕਰਨ ਦੀ ਖੇਡੀ ਗਈ ਕੋਝੀ ਚਾਲ ਤੋਂ ਮਜ਼ਦੂਰ ਵਰਗ ਨੂੰ ਜਲਦ ਤੋਂ ਜਲਦ ਜਾਗਰੂਕ ਹੋ ਜਾਣਾ ਚਾਹੀਦਾ ਹੈ, ਕਿਉਂਕਿ ਕੇਂਦਰ ਸਰਕਾਰ ਵਲੋਂ ਇਸ ਸਕੀਮ ਨੂੰ ਚਲਾਉਣ ਲਈ ਦੇਸ਼ ਦੇ ਵੱਖ-ਵੱਖ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੂੰ ਚਾਲੀ ਫੀਸਦੀ ਹਿੱਸਾ ਪਾਉਣ ਲਈ ਕਿਹਾ ਗਿਆ ਹੈ ਜੋਂ ਕੇ ਸੰਭਵ ਹੀ ਨਹੀਂ ਹੈ। ਪ੍ਰਿਤਪਾਲ ਸਿੰਘ ਬਿੱਟੂ ਸ਼ਾਹਪੁਰ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਸਾਬਕਾ ਚੇਅਰਮੈਨ ਹਰਦੀਪ ਸਿੰਘ ਕੁਲਾਰਾਂ, ਗੁਰਸੇਵਕ ਸਿੰਘ ਭੰਗੂ ਅਤੇ ਸਾਬਕਾ ਚੇਅਰਮੈਨ ਕੁਲਦੀਪ ਕੁਮਾਰ ਰਿੰਕੂ ਬ੍ਰਾਹਮਣ ਮਾਜਰਾ ਵੱਲੋਂ ਸੰਬੋਧਨ ਦੌਰਾਨ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਮਜ਼ਦੂਰਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਕਾਲਾ ਮਰੋੜੀ, ਗੁਰਜੀਤ ਬੁਜਰਕ,ਰਾਜੂ ਖੱਟੜਾ, ਗੁਰਪ੍ਰੀਤ ਮਵੀ, ਬਲਦੇਵ ਸਿੰਘ ਬੋਹੜੀਵਾਲਾ, ਕੀਮਤ ਸਿੰਘ ਹਰਚੰਦਪੁਰਾ, ਅੰਮ੍ਰਿਤਪਾਲ ਅਰਨੇਟੂ,ਮੁਰਲੀ ਰਾਮ ਅਰਨੇਟੂ, ਗੁਰਨਾਮ ਸਿੰਘ ਸਾਬਕਾ ਸਰਪੰਚ, ਸੰਦੀਪ ਸਿੰਘ ਮਰੋੜੀ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।